
Worldwide Travel, Inc.
Special Sale
$975*
ਟੈਕਸ ਸਮੇਤ
ਅੰਮ੍ਰਿਤਸਰ, ਦਿੱਲੀ, ਬੰਬੇ
734-525-7304 ਜਾਂ 800-504-3044
ਵਾਜਬ ਰੇਟ, ਵਧੀਆ ਸਰਵਿਸ



APPROVED MORTGAGE
THE LENDER YOU CAN TRUST
C.S. Ahluwalia
Mortgage Consultant
916.747.5801 cell
317.423.7000 fax
317.634.4391 office
cgate007@yahoo.com
1740 Lafayette Rd Indianapolis, IN 46222
Headquarters: 107 N. State Rd 135 Ste. 301 Greenwood, IN 46142
www.approvedonline.com


APNACOM
CONNECT GLOBALLY
(A joint venture with Apna Punjab)
CALL INDIA
100USD ਡਾਲਰ 'ਚ 111 ਘੰਟੇ
(6660 ਮਿੰਟ) (LANDLINE & CELL)
ਅਮਰੀਕਾ/ਕੈਨੇਡਾ 1/2 ਸੈਂਟ ਪਰ ਮਿਨਟ
No Expiration! No Hidden Charges !
No Connection Fees! No Monthly fee!
Call:718 926 6177, 646 443 7979
(DEALERS WANTED)
Email: apnacomdial@gmail.com
112-22 Suite # 3rd Floor, 101 Ave. S.Richmond Hill, New York-11419

Eleventh Year in Publication ਮਿਡਵੈਸਟ ਐਡੀਸ਼ਨ Price 50¢
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 5, January 30, 2010 20451 N Plum Grove Rd. Palatine, IL 60074 Ph:847-359-0746, Fax:847-705-9388

## ਕੈਟਕੀ ਸਟੀਫਨ ਨੇ ਸਹਾਇਕ ਜੱਜ ਵਜੋਂ ਸਹੁੰ ਚੁੱਕੀ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਉਘੀ ਭਾਰਤੀ ਅਮੈਰਿਕਨ ਸ੍ਰੀਮਤੀ ਕੈਟਕੀ ਸ਼ਰਾਫ ਸਟੀਫਨ ਨੇ ਸੋਮਵਾਰ ਨੂੰ ਐਸੋਸੀਏਟ ਜੱਜ ਵਜੋਂ ਸਹੁੰ ਚੁੱਕੀ। ਉਨ੍ਹਾਂ ਨੂੰ ਸਹੁੰ ਇਲੀਨਾਏ ਸੁਪੀਰੀਅਰ ਕੋਰਟ ਦੇ ਚੀਫ



*ਸ੍ਰੀਮਤੀ ਕੈਟਕੀ ਸ਼ਰਾਫ ਸਟੀਫਨ*

ਜਸਟਿਸ ਮਾਣਯੋਗ ਥਾਮਸ ਫਿਟਜ਼ਗਰਾਲਡ ਅਤੇ ਜਸਟਿਸ ਐਨੀ ਐਸ ਬਰਕੇ ਨੇ ਇਥੇ ਡਾਊਨ ਟਾਊਨ ਸ਼ਿਕਾਗੋ ਵਿਚ ਇਲੀਨਾਏ ਕੋਰਟ ਚੈਂਬਰਜ਼ ਵਿਚ ਚੁਕਾਈ। ਉਨ੍ਹਾਂ ਸੱਜਾ ਹੱਥ ਖੜ੍ਹਾ ਕਰਕੇ ਸੰਵਿਧਾਨ ਪ੍ਰਤੀ ਵਫਾਦਾਰੀ ਦਾ ਹਲਫ ਚਾਈਂ ਚਾਈਂ ਲਿਆ। ਇਸ ਮੌਕੇ ਸ੍ਰੀਮਤੀ ਕੈਟਕੀ ਸਟੀਫਨ ਦੇ ਪਤੀ ਅਤੇ ਦੋ ਬੱਚੇ ਵੀ ਮੌਜੂਦ ਸਨ।

ਅਹੁਦੇ ਦਾ ਹਲਫ ਲੈਣ ਦੀ ਰਸਮ ਪੂਰੀ ਹੋਣ ਉਪਰੰਤ ਸ੍ਰੀਮਤੀ ਕੈਟਕੀ ਸਟੀਫਨ ਅਮਰੀਕਾ ਦੀ ਸਭ ਤੋਂ ਵੱਡੀ ਕੁਕ ਕਾਊਂਟੀ ਸਰਕਟ ਕੋਰਟ ਵਿਚ ਐਸੋਸੀਏਟ ਜੱਜ ਵਜੋਂ

*(ਬਾਕੀ ਸਫਾ 2 'ਤੇ)*



*ਮੁਕਤਸਰ ਵਿਚ ਗਣਤੰਤਰ ਦਿਵਸ ਪ੍ਰੇਡ ਮੌਕੇ ਗਿੱਧਾ ਪੇਸ਼ ਕਰ ਰਹੀਆਂ ਮੁਟਿਆਰਾਂ (ਫੋਟੋ: ਸੁਨੀਲ ਬਾਂਸਲ)*

## ਸਿਆਸਤ ਵਿਚ ਸਿਆਣੇ ਅਤੇ ਬੁਧੀਮਾਨ ਲੋਕ ਨਹੀਂ ਆ ਰਹੇ: ਡਾ. ਮਨਮੋਹਨ ਸਿੰਘ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਹੈ ਕਿ ਬਹੁਤ ਸਿਆਣੇ ਅਤੇ ਬੁੱਧੀਮਾਨ ਲੋਕ ਸਿਆਸਤ ਵੱਲ ਨਹੀਂ ਆ ਰਹੇ ਅਤੇ ਵਿਦਿਅਕ ਪੇਸ਼ਾਵਰ ਅਤੇ ਉਭਰ ਰਿਹਾ ਮੱਧ ਵਰਗ ਚੋਣ ਪ੍ਰਕਿਰਿਆ ਤੋਂ ਅਕਸਰ ਹੀ ਦੂਰ ਰਹਿੰਦਾ ਹੈ। ਉਹ ਮੰਗਲਵਾਰ ਇਥੇ ਚੋਣ ਕਮਿਸ਼ਨ ਦੇ ਡਾਇਮੰਡ ਜੁਬਲੀ ਜਸ਼ਨਾਂ ਦੇ ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ।

ਇਨ੍ਹਾਂ ਜਸ਼ਨਾਂ ਦੌਰਾਨ ਦੇਸ਼ ਦੀ ਚੋਟੀ ਦੀ ਲੀਡਰਸ਼ਿਪ ਨੇ ਚੋਣ ਪ੍ਰਕਿਰਿਆ ਨੂੰ ਦੂਸ਼ਤ ਕਰਨ ਲਈ ਪੈਸੇ ਅਤੇ ਜ਼ੋਰ ਜ਼ਬਰਦਸਤੀ ਤੋਂ ਲੈ ਕੇ ਇਸ਼ਤਿਹਾਰਾਂ ਦੇ ਰੂਪ ਵਿਚ ਖ਼ਬਰਾਂ ਛੁਪਵਾਉਣ ਦੇ ਵਧ ਰਹੇ ਰੁਝਾਨ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਚੋਣ ਕਮਿਸ਼ਨ ਅਤੇ ਸਿਆਸੀ ਪਾਰਟੀਆਂ ਨੂੰ ਇਨ੍ਹਾਂ ਬੁਰਾਈਆਂ ਨੂੰ ਦੂਰ ਕਰਨ ਲਈ ਢੁਕਵੀਂ ਕਾਰਵਾਈ ਦਾ ਸੱਦਾ ਦਿੰਦਿਆਂ ਕਮਿਸ਼ਨ ਵਲੋਂ ਪਿਛਲੇ 60 ਸਾਲਾਂ ਵਿਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਚੋਣ ਕਮਿਸ਼ਨ 1950 ਵਿਚ ਭਾਰਤ ਦੇ ਗਣਤੰਤਰ ਬਣਨ ਦੇ ਮੌਕੇ ਇਸੇ ਦਿਨ ਹੋਂਦ ਵਿਚ ਆਇਆ ਸੀ।

ਰਾਸ਼ਟਰਪਤੀ ਪ੍ਰਤਿਭਾ ਪਾਟਿਲ ਜਿਨ੍ਹਾਂ 60ਵੀਂ ਵਰ੍ਹੇਗੰਢ ਜਸ਼ਨਾਂ ਦਾ ਉਦਘਾਟਨ ਕੀਤਾ, ਨੇ ਕਿਹਾ ਕਿ ਭਾਰਤੀ ਲੋਕਤੰਤਰ ਨੂੰ ਸਾਫ ਸੁਥਰਾ ਅਤੇ ਮਜ਼ਬੂਤ ਬਣਾਉਣ ਲਈ ਦ੍ਰਿੜ੍ਹ ਇਰਾਦੇ ਨਾਲ ਚੋਣ ਪ੍ਰਕਿਰਿਆ 'ਚੋਂ ਰੁਕਾਵਟਾਂ ਅਤੇ ਭ੍ਰਿਸ਼ਟਾਚਾਰ ਦੂਰ ਕਰਨਾ ਪਵੇਗਾ। ਸਮਾਰੋਹ ਵਿਚ ਹੋਰਨਾਂ ਤੋਂ ਇਲਾਵਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਲੋਕ ਸਭਾ ਦੇ ਸਪੀਕਾਰ

*(ਬਾਕੀ ਸਫਾ 3 'ਤੇ)*

## ਅਤਿਵਾਦ ਦੇ ਟਾਕਰੇ ਲਈ ਚੌਕਸੀ ਦੀ ਲੋੜ:ਪ੍ਰਤਿਭਾ ਪਾਟਿਲ

**ਨਵੀਂ ਦਿੱਲੀ:** ਮੁਲਕ ਦੇ 60ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸ਼ਾਮ ਉੱਤੇ ਕੌਮ ਦੇ ਨਾਂ 'ਤੇ ਦਿੱਤੇ ਆਪਣੇ ਸੁਨੇਹੇ ਵਿਚ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਕਿਹਾ ਕਿ ਸਰਕਾਰ ਵਲੋਂ ਦੇਸ਼ ਦੀ ਅੰਦਰੂਨੀ ਸੁਰੱਖਿਆ ਯਕੀਨੀ ਬਣਾਉਣ ਲਈ ਸਖਤ ਚੌਕਸੀ ਕਾਇਮ ਰੱਖਦਿਆਂ ਲੋੜੀਂਦੇ ਕਦਮ ਉਠਾਏ ਜਾਣਗੇ। ਉਨ੍ਹਾਂ ਕਿਹਾ, ''ਦੇਸ਼ ਨੂੰ ਦਰਪੇਸ਼ ਅੰਦਰੂਨੀ ਸੁਰੱਖਿਆ ਸਬੰਧੀ ਚੁਣੌਤੀਆਂ ਦੇ ਟਾਕਰੇ ਲਈ ਸਰਕਾਰ ਸਖ਼ਤ ਚੌਕਸੀ ਰੱਖਣ ਤੇ ਲੋੜੀਂਦੇ ਕਦਮ ਉਠਾਉਣ ਲਈ ਵਚਨਬੱਧ ਹੈ।'' ਉਨ੍ਹਾਂ ਕਿਹਾ ਕਿ ਭਾਰਤ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਦਹਿਸ਼ਤਗਰਦੀ ਦਾ ਨਿਸ਼ਾਨਾ ਬਣਿਆ ਹੋਇਆ ਹੈ ਅਤੇ ਸਰਕਾਰ ਨੇ ਦਹਿਸ਼ਤਗਰਦੀ ਤੋਂ ਦਰਪੇਸ਼ ਖਤਰਿਆਂ ਦੇ ਟਾਕਰੇ ਲਈ ਪਹਿਲਾਂ ਹੀ ਜ਼ਰੂਰੀ ਕਦਮ ਉਠਾਏ ਹਨ ਅਤੇ ਅੱਗੋਂ ਵੀ ਉਠਾਏ ਜਾਣਗੇ। ਉਨ੍ਹਾਂ ਕਿਹਾ, ''ਇਸ ਸਮੱਸਿਆ ਦੇ ਟਾਕਰੇ ਲਈ ਅਸੀਂ ਕੌਮਾਂਤਰੀ ਭਾਈਚਾਰੇ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖਾਂਗੇ।''

ਸ੍ਰੀਮਤੀ ਪਾਟਿਲ ਨੇ ਕਿਹਾ ਕਿ ਭਾਰਤ ਦਾ ਦੋਹਰੇ ਅੰਕ ਵਾਲੀ ਵਿਕਾਸ ਦਰ ਹਾਸਲ ਕਰਨ ਦਾ ਟੀਚਾ ਸਹੀ ਹੈ ਤੇ ਪ੍ਰਾਪਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਨੇ ਪਿਛਲੇ ਦਹਾਕੇ ਦੌਰਾਨ ਮਾਲੀ ਖੇਤਰ ਵਿਚ ਵਧੀਆ ਕਾਰਕਰਦਗੀ ਦਿਖਾਈ ਹੈ ਜਿਹੜੀਆਂ ਵਿਕਾਸ ਨੂੰ ਵਧਾਉਣ ਅਤੇ ਇਸ ਵਿਕਾਸ ਨੂੰ ਧੁਰ ਨੇੜਲੇ ਲੋਕਾਂ ਤਕ ਲੈ ਕੇ ਜਾਣ ਜਿਹੜੇ ਹਾਲੇ ਇਸ (ਵਿਕਾਸ) ਤੋਂ ਦੂਰ ਹਨ।'' ਉਨ੍ਹਾਂ ਕਿਹਾ ਕਿ ਗਰੀਬਾਂ ਅਤੇ ਪਛੜਿਆਂ ਦੀ ਮਜ਼ਬੂਤੀ ਅਜਿਹਾ ਕੰਮ ਹੈ ਜਿਹੜਾ ਸਭਨਾਂ ਨੂੰ ਕਰਨਾ ਚਾਹੀਦਾ ਹੈ ਤਾਂ ਕਿ ਸਮਾਜ ਦਾ ਇਹ ਵਰਗ ਵੀ ਮਾਲੀ ਤਰੱਕੀ ਦੀ ਪੌੜੀ ਚੜ੍ਹ ਕੇ ਖੁਸ਼ਹਾਲ ਲੋਕਾਂ ਵਿਚ ਸ਼ਾਮਲ ਹੋ ਸਕਣ। ਉਨ੍ਹਾਂ ਕਿਹਾ, ''ਔਰਤਾਂ ਨੂੰ ਹਰ ਤਰ੍ਹਾਂ ਦੀ ਬਰਾਬਰੀ ਮਿਲਣੀ

*(ਬਾਕੀ ਸਫਾ 3 'ਤੇ)*

North American Truck Stop
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ

ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ
909-350-3310, 909-697-5808
balwindernats@yahoo.com
14320 Slover Ave., Fontana, CA 92337

Fast Cargo Inc.
2330 Enterprise Park Dr., Indianapolis, IN 46218
Phone # 317-472-6420
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
CA to IN, OH, PA, NJ, MD,
VA, TN & Back to CA
CA to OR & WA Back to CA
ਅਤੇ WA to OH and Back to WA


ਡਿਸਪੈਚ ਸੱਤੇ ਦਿਨ 24 ਘੰਟੇ
ਫਿਊਲ ਅਡਵਾਂਸ
*ਰੈਂਟ ਉਤੇ ਟਰੇਲਰ ਵੀ ਦਿੰਦੇ ਹਾਂ *ਵੈਸਟ ਕੋਸਟ ਤੋਂ ਈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ
ਪ੍ਰੋਡਿਊਸ ਤੇ ਡਰਾਈ ਦਾ ਕੰਮ ਕਰਦੇ ਹਾਂ

*(ਸਫਾ ਇਕ ਦੀ ਬਾਕੀ)*

# ਕੈਟਕੀ ਸਟੀਫਨ ਨੇ ਜੱਜ ਵਜੋਂ ਸਹੁੰ ਚੁੱਕੀ

ਕੰਮ ਕਰਨਗੇ। ਇਸ ਮੌਕੇ ਬੋਲਦਿਆਂ ਭਾਰਤ ਵਿਚ ਜੰਮੀ ਪਲੀ ਸ੍ਰੀਮਤੀ ਕੈਟਕੀ ਸਟੀਫਨ ਨੇ ਉਹ ਦਿਨ ਚੇਤੇ ਕੀਤੇ ਜਦੋਂ ਉਹ ਮੈਕਡਾਨਲਡ ਉਤੇ ਘੱਟੋ ਘੱਟ ਤਨਖਾਹ ਉਤੇ ਕੰਮ ਕਰਿਆ ਕਰਦੀ ਸੀ ਤਾਂ ਜੋ ਆਪਣੀ ਲਾਅ ਦੀ ਪੜ੍ਹਾਈ ਪੂਰੀ ਕਰ ਸਕੇ। ਆਪਣੇ ਆਪ ਨੂੰ ਇਕ 'ਪੂਰੀ ਅਮਰੀਕਨ ਕੁੜੀ' ਕਰਾਰ ਦਿੰਦਿਆਂ ਉਨ੍ਹਾਂ ਭਾਰਤੀ ਅਮਰੀਕਨ ਭਾਈਚਾਰੇ ਤੋਂ ਮਿਲੇ ਸਹਿਯੋਗ ਲਈ ਅਹਿਸਾਨ ਪ੍ਰਗਟਾਇਆ।


ਸਹੁੰ ਚੁੱਕ ਸਮਾਗਮ ਸਮੇਂ ਸਰਕਟ ਕੋਰਟ ਬੈਂਚ ਉਤੇ ਕੰਮ ਕਰਦੇ ਕਈ ਸਾਥੀ ਭਾਰਤੀ ਅਮਰੀਕੀ ਐਸੋਸੀਏਟ ਜੱਜ ਵੀ ਹਾਜ਼ਰ ਸਨ ਜਿਨ੍ਹਾਂ ਵਿਚ ਮਾਣਯੋਗ ਸੰਜੇ ਟੇਲਰ, ਮਾਣਯੋਗ ਮਾਰੀਆ ਕੁਰੀਆਕੋਸ ਸਿਸਿਲ ਅਤੇ ਮਾਣਯੋਗ ਨੀਰਾ ਵਾਲਸ਼ ਸ਼ਾਮਲ ਸਨ। ਭਾਰਤੀ ਭਾਈਚਾਰੇ ਦੇ ਪਤਵੰਤੇ ਸੱਜਣਾਂ ਵਿਚ ਬਿਜਨਸਮੈਨ ਨਿੱਕ ਗਾਖਲ, ਡਾ. ਰਾਮ ਗਜੇਲਾ, ਰਣਜੀਤ ਗਾਂਗੂਲੀ, ਕੀਰਤੀ ਕੁਮਾਰ ਰਵੂਰੀ, ਐਸ ਪੀ ਸਿੰਘ, ਜੋਤੀ ਅਤੇ ਡਾ. ਆਸ਼ਿਸ਼ ਸੈਨ ਸ਼ਾਮਲ ਸਨ। ਜੱਜ ਕੈਟਕੀ ਸਟੀਫਨ ਨੂੰ ਉਘੀਆਂ ਭਾਰਤੀ ਸੰਸਥਾਵਾਂ ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨਜ਼, ਇੰਡੋ ਅਮੈਰਿਕਨ ਡੈਮੋਕਰੈਟ ਆਰਗੇਨਾਈਜੇਸ਼ਨ ਅਤੇ 'ਆਪਣਾ ਘਰ' ਦੀ ਹਮਾਇਤ ਹਾਸਿਲ ਹੈ।

ਇਲੀਨਾਏ ਦੀ ਕੁਕ ਕਾਉਂਟੀ ਵਿਚ ਅਸਿਸਟੈਂਟ ਸਟੇਟ ਅਟਰਨੀ ਵਜੋਂ ਕੰਮ ਕਰਨ ਤੋਂ ਇਲਾਵਾ ਉਹ ਅਪੀਲ ਅਦਾਲਤ ਵਿਚ ਫੌਜਦਾਰੀ ਮਾਮਲਿਆਂ ਦੀ ਵਰ੍ਹਿਆਂ ਤੱਕ ਪੈਰਵੀ ਕਰਦੇ ਰਹੇ ਹਨ। ਉਨ੍ਹਾਂ ਯੂਨੀਵਰਸਿਟੀ ਆਫ ਇਲੀਨਾਏ ਅਰਬਾਨਾ ਤੋਂ ਗਰੈਜੂਏਸ਼ਨ ਕੀਤੀ ਅਤੇ ਫਿਰ 1991 ਵਿਚ ਜੌਹਨ ਮਾਰਸ਼ਲ ਸਕੂਲ ਆਫ ਲਾਅ ਵਿਚ ਦਾਖਲਾ ਲਿਆ। ਜੱਜ ਸਟੀਫਨ ਸਰਕਾਰੀ ਵਕੀਲ ਵਜੋਂ 500 ਤੋਂ ਵੱਧ ਬੈਂਚ ਟਰਾਇਲਾਂ, 32 ਜਿਊਰੀਆਂ ਅਤੇ ਸੈਂਕੜੇ ਹੋਰ ਕੇਸਾਂ ਵਿਚ ਹਿੱਸਾ ਲੈ ਚੁੱਕੇ ਹਨ। ਰੋਲਿੰਗ ਮੈਡੋਜ਼ ਅਦਾਲਤ ਵਿਚ ਉਹ ਘਰੇਲੂ ਹਿੰਸਾ ਦੇ ਕੇਸਾਂ ਦੀ ਪੈਰਵੀ ਕਰਦੇ ਸਨ।

# ਵਿਆਹ ਨਹੀਂ ਬਦਲਦਾ ਔਰਤ ਦੀ ਜਾਤ-ਸੁਪਰੀਮ ਕੋਰਟ

**ਮੁੰਬਈ:** ਬੰਬਈ ਹਾਈਕੋਰਟ ਨੇ ਇਕ ਅਹਿਮ ਫੈਸਲੇ ਵਿਚ ਕਿਹਾ ਹੈ ਕਿ ਉਚ ਜਾਤੀ ਦੇ ਮਰਦ ਨਾਲ ਵਿਆਹ ਕਰਨ ਤੋਂ ਬਾਅਦ ਵੀ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨਜਾਤੀ ਵਿਚ ਪੈਦਾ ਹੋਈ ਔਰਤ ਦੀ ਅਸਲ ਜਾਤ ਹੀ ਕਾਇਮ ਰਹਿੰਦੀ ਹੈ। ਇਕ ਫੁੱਲ ਬੈਂਚ ਨੇ ਕਿਹਾ ਕਿ ਉਚ ਜਾਤੀ ਵਿਚ ਪੈਦਾ ਹੋਏ ਕਿਸੇ ਵਿਅਕਤੀ ਨਾਲ ਵਿਆਹ ਕਰਨ ਤੋਂ ਬਾਅਦ ਵੀ ਅਨੁਸੂਚਿਤ ਜਾਤੀ ਜਾਂ ਅਨੁਸੂਚਿਤ ਜਨਜਾਤੀ ਦਾ ਠੱਪਾ ਲੱਗਾ ਰਹਿੰਦਾ ਹੈ।


ਅਦਾਲਤ ਨੇ ਬੀਤੀ 23 ਜਨਵਰੀ ਨੂੰ ਰਜਿੰਦਰ ਸ੍ਰੀਵਾਸਤਵ ਦੀ ਇਕ ਪਟੀਸ਼ਨ ਦੀ ਸੁਣਵਾਈ ਦੌਰਾਨ ਇਹ ਟਿੱਪਣੀ ਕੀਤੀ। ਸ੍ਰੀਵਾਸਤਵ ਦੀ ਪਤਨੀ ਨੇ ਆਪਣੇ ਪਤੀ ਅਤੇ ਸਹੁਰਿਆਂ ਤੇ ਦੋਸ਼ ਲਾਇਆ ਸੀ ਕਿ ਉਸ ਨੂੰ ਦਾਜ ਲਈ ਤੰਗ ਪਰੇਸ਼ਾਨ ਕੀਤਾ ਗਿਆ। ਸ੍ਰੀ ਵਾਸਤਵ ਨੇ ਦਲੀਲ ਦਿੱਤੀ ਸੀ ਕਿ ਵਿਆਹ ਤੋਂ ਬਾਅਦ ਔਰਤ ਦੀ ਅਸਲ ਜਾਤ ਖਤਮ ਹੋ ਜਾਂਦੀ ਹੈ।

## ਦੰਦਾਂ ਦਾ ਤਸੱਲੀਬਖ਼ਸ਼ ਇਲਾਜ

ਸਿੱਧੀ ਕਾਲ ਕਰੋ 630-479-0031

- ਇੰਸ਼ੋਰੈਂਸ ਨਹੀਂ? ਫਿਕਰ ਨਹੀਂ। 20-40% ਛੋਟ ਦਿੱਤੀ ਜਾਵੇਗੀ।
- ਕੀ ਤੁਸੀਂ ਜਾਨਣਾ ਚਾਹੁੰਦੇ ਹੋ ਕਿ ਤੁਹਾਡੇ ਬੱਚੇ Invisialign (Clear Braces) ਦੇ ਯੋਗ ਹਨ? ਮੁਫਤ ਮਸ਼ਵਰਾ ਲਓ।
- ਦੰਦਾਂ ਤੇ ਮਸੂੜਿਆਂ ਦੀ ਬਦਬੂ, ਖੂਨ ਨਿਕਲਣ ਤੋਂ ਪ੍ਰੇਸ਼ਾਨ ਹੋ? ਇਸ ਦਾ ਇਲਾਜ ਨਵੀਨ ਤਕਨੀਕ ਨਾਲ ਕੀਤਾ ਜਾਂਦਾ ਹੈ



ਦੰਦਾਂ ਨੂੰ ਸਿੱਧੇ, ਸਾਫ ਸੁਥਰੇ ਤੇ ਚਮਕਦੇ ਵੇਖਣਾ ਚਾਹੁੰਦੇ ਹੋ ਤਾਂ ਅੱਜ ਹੀ ਅਪੁਆਇੰਟਮੈਂਟ ਬਣਾਓ

Fillings, Dentures, Crowns, Bridge, Veneers, Extractions, Cleaning,

**Dr. Harjinder Khaira DMD & Associates**

Lakestreet Dental
490 W. Lake Street, Suite 107
Roselle, IL 60172
630-894-8008

Lakeland Dental
115 E. State Rd.,
Island Lake, IL 60042
847-526-1920




# ਹੇਤੀ ਦੇ ਪੀੜਤਾਂ ਲਈ ਖਾਲਸਾ ਫਾਉਂਡੇਸ਼ਨ ਵਲੋਂ 11000 ਡਾਲਰ ਦਾਨ

**ਲਾਸ ਏਂਜਲਸ (ਜਗਜੀਤ ਸਿੰਘ):** ਖਾਲਸਾ ਕੇਅਰ ਫਾਊਂਡੇਸ਼ਨ ਵਲੋਂ ਹੈਤੀ ਵਿਚ ਆਏ ਭੁਚਾਲ ਦੇ ਪੀੜਤਾਂ ਲਈ ਅਮੈਰੀਕਨ ਰੈਡ ਕਰਾਸ ਫੰਡ ਵਿਚ 11000 ਹਜਾਰ ਡਾਲਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ 12 ਜਨਵਰੀ ਨੂੰ ਹੈਤੀ ਦੀ ਰਾਜਧਾਨੀ ਪੋਰਟ ਓ ਪ੍ਰਿੰਸ ਵਿਚ ਆਏ ਭੁਚਾਲ ਨਾਲ ਹਜਾਰਾਂ ਲੋਕ ਮਾਰੇ ਗਏ ਸਨ ਅਤੇ ਲੱਖਾਂ ਜਖਮੀ ਹੋ ਗਏ ਸਨ।

ਅਮੈਰੀਕਨ ਰੈਡਕਰਾਸ ਸੋਸਾਇਟੀ ਦੇ ਦੋ ਵਾਲੰਟੀਅਰਾਂ ਜੈਨੀਫਰ ਅਤੇ ਐਡਰੀਏਨ ਦੀ ਮਦਦ ਨਾਲ ਫਾਊਂਡੇਸ਼ਨ ਵਲੋਂ ਹਰਨੂਰ ਵਾਲੀਆ ਨੇ ਰਾਹਤ ਲਈ ਇਕ ਫੰਡਰੇਜ਼ਰ ਕੀਤਾ ਤਾਂ ਜੋ ਹੈਤੀ ਵਿਚ ਤਬਾਹੀ ਦਾ ਸ਼ਿਕਾਰ ਹੋਏ ਲੋਕਾਂ ਦੀ ਸਹਾਇਤਾ ਕੀਤੀ ਜਾ ਸਕੇ। ਸੁਖੀ ਸੰਧੂ ਅਤੇ ਗੁਰਮੀਤ ਸਿੰਘ ਮਲਿਕ ਨੇ ਪੀੜਤਾਂ ਦੀ ਮਦਦ ਲਈ ਅਗੇ ਆਉਣ ਵਾਸਤੇ ਸਮੁਚੇ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਾਨੂੰ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋਏ ਲੋਕਾਂ ਦੀ ਖੁਲ੍ਹ ਕੇ ਮਦਦ ਕਰਨੀ ਚਾਹੀਦੀ ਹੈ।

ਲਾਸ ਏਂਜਲਸ ਦੇ ਸਿੱਖ ਭਾਈਚਾਰੇ ਨੇ ਦਿਲ ਖੋਲ੍ਹ ਕੇ ਸਹਾਇਤਾ ਫੰਡ ਵਿਚ ਆਪਣਾ ਹਿੱਸਾ ਪਾਇਆ।




ਵਿਆਹ-ਸ਼ਾਦੀਆਂ ਜਾਂ ਪਾਰਟੀਆਂ ਅਤੇ ਭੰਗੜਾ ਟੀਮ ਲਈ

**ਪੰਜਾਬੀ ਢੋਲ**

20 ਸਾਲ ਦਾ ਤਜਰਬਾ
ਫੋਨ ਕਰੋ: ਢੋਲੀ ਮੋਹਨ ਸਿੰਘ
248-982-2036
e-mail: jhand_mohan@yahoo.com
www.punjabidholak.com

ਆਪਣੀ ਵਿਆਹ-ਸ਼ਾਦੀ ਜਾਂ ਖੁਸ਼ੀ ਦੇ ਮੌਕੇ ਦੀ ਅਗਲੀ ਪਾਰਟੀ ਨਵੇਂ-ਨਕੋਰ ਕਰਾਊਨ ਪਲਾਜ਼ਾ ਮਿਲਵਾਕੀ ਏਅਰਪੋਰਟ ਵਿਚ ਕਰੋ

Book your wedding or social event at the brand new Crowne Plaza Milwaukee Airport. Fresh from a comprehensive renovation; 194 beautifully appointed guest rooms and 24,000 sq. ft. of banquet space. We work with local & Chicago Indian caterers. Ample complimentary parking available.

ਅਸੀਂ ਮਿਲਵਾਕੀ ਅਤੇ ਸ਼ਿਕਾਗੋ ਤੋਂ ਭਾਰਤੀ ਖਾਣੇ ਦਾ ਇੰਤਜਾਮ ਕਰਾਵਾਉਂਦੇ ਹਾਂ ।
ਖੁੱਲ੍ਹੀ-ਡੁੱਲ੍ਹੀ ਮੁਫਤ ਪਾਰਕਿੰਗ

**Call our expert sales and catering staff today at: 414-563-4075 or visit us at: www.cpmilwaukeeairporthotel.com**

CROWNE PLAZA®
MILWAUKEE AIRPORT
The Place To Meet



**Crowne Plaza Milwaukee Airport**
6401 S. 13th Street Milwaukee, WI 53221
Tel : 414-764-5300

Designed by: QUIK SIGNS-661-703-8795, 661-900-7357 www.quiksigns.us

# ਪੰਜਾਬੀ ਅਖ਼ਬਾਰਾਂ ਵਿਚ ਸਰਦਾਰੀ ਲਈ ਸ਼ਬਦੀ ਜੰਗ

**ਬਿੰਦਰ ਬਸਰਾ**

ਪੰਜਾਬੀ ਅਖ਼ਬਾਰਾਂ ਵਿਚ ਸੁਪਰਮੇਸੀ ਦੀ ਜੰਗ ਇਕ ਵਾਰ ਫਿਰ ਉਭਰ ਆਈ ਹੈ। 'ਰੋਜ਼ਾਨਾ ਸਪੋਕਸਮੈਨ' ਵਲੋਂ ਇੰਟਰਨੈੱਟ ਰਾਹੀਂ ਵਿਸ਼ਵ ਭਰ ਵਿਚ ਪੜ੍ਹੇ ਜਾਣ ਵਾਲੇ ਭਾਰਤੀ ਅਖ਼ਬਾਰਾਂ ਵਿਚੋਂ ਮੋਹਰੀ ਥਾਂ ਮੱਲਣ ਅਤੇ ਦੁਨੀਆਂ ਭਰ ਦੇ ਮੋਹਰੀ ਅਖ਼ਬਾਰਾਂ ਦੀ ਪਾਲ ਵਿਚ ਸ਼ਾਮਲ ਹੋਣ ਦਾ ਦਾਅਵਾ ਕਰਨ ਨਾਲ ਪੰਜਾਬੀ ਦੇ ਇਕ ਹੋਰ ਪ੍ਰਸਿੱਧ ਅਖਬਾਰ 'ਅਜੀਤ' ਨਾਲ ਸ਼ਬਦ ਯੁੱਧ ਸ਼ੁਰੂ ਹੋ ਗਿਆ ਹੈ। ਭਾਵੇਂ ਦੋਨੋਂ ਅਖ਼ਬਾਰ ਇਕ ਦੂਜੇ ਦਾ ਨਾਂ ਨਹੀਂ ਵਰਤ ਰਹੇ ਪਰ ਉਨ੍ਹਾਂ ਦਾ ਇਸ਼ਾਰਾ ਇਕ ਦੂਜੇ ਵਲ ਹੀ ਹੈ ਅਤੇ ਪਾਠਕ ਵੀ ਇਹ ਸਭ ਜਾਣਦੇ ਹਨ।

ਇਸ ਸ਼ਬਦੀ ਜੰਗ 'ਚ ਅਖ਼ਬਾਰਾਂ 'ਚ ਮੁਕਾਬਲੇਬਾਜ਼ੀ ਦੀ ਥਾਂ ਸ਼ਰੀਕੇਬਾਜ਼ੀ ਅਤੇ ਇਕ ਦੂਜੇ ਨੂੰ ਠਿੱਬੀ ਲਾ ਕੇ ਅੱਗੇ ਲੰਘਣ ਦੀ ਭਾਵਨਾ ਭਾਰੂ ਦਿਖਾਈ ਦੇ ਰਹੀ ਹੈ। ਪੰਜਾਬੀ ਅਖ਼ਬਾਰਾਂ 'ਚ ਨੰਬਰ ਵੰਨ ਹੋਣ ਦੇ ਇਹ ਦਾਅਵੇ ਪਹਿਲੀ ਵਾਰ ਨਹੀਂ ਕੀਤੇ ਜਾ ਰਹੇ। ਇਸਤੋਂ ਪਹਿਲਾਂ ਵੀ 'ਰੋਜ਼ਾਨਾ ਅਜੀਤ' ਅਤੇ 'ਜਗਬਾਣੀ' ਵਲੋਂ ਆਪੋ-ਆਪਣੇ ਪੱਧਰ 'ਤੇ ਇਹ ਦਾਅਵੇ ਕੀਤੇ ਜਾਂਦੇ ਰਹੇ ਹਨ ਅਤੇ ਫਿਰ ਆਪ ਹੀ ਦੋਨੋਂ ਧਿਰਾਂ ਇਕ ਮੋੜ 'ਤੇ ਆ ਕੇ ਚੁੱਪ ਧਾਰ ਲੈਂਦੀਆਂ ਰਹੀਆਂ ਹਨ।

ਇਕ ਸਮਾਂ ਸੀ ਜਦੋਂ ਜਲੰਧਰ ਤੋਂ ਪ੍ਰਕਾਸ਼ਤ ਹੋਣ ਵਾਲੇ ਉਰਦੂ, ਹਿੰਦੀ ਅਤੇ ਪੰਜਾਬੀ ਦੇ ਅਖਬਾਰਾਂ ਬਾਰੇ ਆਮ ਸੁਣਨ 'ਚ ਆਉਂਦਾ ਸੀ ਕਿ ਇਨ੍ਹਾਂ ਦੇ ਐਡੀਟਰ ਅਖ਼ਬਾਰਾਂ ਦੀ ਹਰਮਨ ਪਿਆਰਤਾ ਵਧਾਉਣ ਅਤੇ ਪਾਠਕ ਵਰਗ ਪੈਦਾ ਕਰਨ ਲਈ ਇਕ ਤੈਅਸ਼ੁਦਾ ਰਣਨੀਤੀ ਤਹਿਤ ਇਕ ਦੂਜੇ ਖਿਲਾਫ ਸੰਪਾਦਕੀ ਪੰਨੇ ਭਰਦੇ ਰਹਿੰਦੇ ਸਨ। ਅਜੀਤ ਦੇ ਬਾਨੀ ਸੰਪਾਦਕ ਡਾ. ਸਾਧੂ ਸਿੰਘ ਹਮਦਰਦ ਵਲੋਂ ਮਹਾਸ਼ਾ ਪ੍ਰੈਸ ਵਿਰੁਧ ਲੰਬੀ ਲੇਖ ਲੜੀ ਸ਼ੁਰੂ ਕੀਤੀ ਜਾਂਦੀ ਰਹੀ ਅਤੇ ਇਸਦੇ ਜਵਾਬ 'ਚ ਮਿਲਾਪ ਤੇ ਵੀਰ ਪ੍ਰਤਾਪ ਅਖਬਾਰਾਂ ਦੇ ਐਡੀਟਰ ਯਸ਼ ਅਤੇ ਵਰਿੰਦਰ ਮਹਾਸ਼ਾ ਲਿਖਦੇ ਰਹੇ। ਉਨ੍ਹਾਂ ਲੇਖਾਂ 'ਚ ਜਿਥੇ ਆਪੋ ਆਪਣੇ ਪਾਠਕ ਵਰਗ ਦੇ ਹਿਤਾਂ ਨੂੰ ਧਿਆਨ 'ਚ ਰਖਿਆ ਜਾਂਦਾ ਸੀ ਉਥੇ ਇਕ ਦੂਜੇ ਖਿਲਾਫ ਤਿੱਖੀਆਂ ਟਿੱਪਣੀਆਂ ਵੀ ਕੀਤੀਆਂ ਜਾਂਦੀਆਂ ਸਨ। ਪਰ ਉਨ੍ਹਾਂ ਦੀ ਭਾਵਨਾ ਅਖਬਾਰਾਂ ਪ੍ਰਤੀ ਲੋਕਾਂ ਦੀ ਰੁਚੀ ਪੈਦਾ ਕਰਨਾ ਮੰਨਿਆ ਜਾਂਦਾ ਸੀ। ਉਦੋਂ ਪੰਜਾਬੀ ਦੇ ਦੋ ਅਖਬਾਰਾਂ 'ਅਜੀਤ' ਅਤੇ 'ਅਕਾਲੀ ਪੱਤ੍ਰਿਕਾ' ਹਿੰਦੀ ਅਤੇ ਉਰਦੂ ਅਖਬਾਰਾਂ ਦਾ ਮੁਕਾਬਲਾ ਕਰਦੀਆਂ ਸਨ ਜਦਕਿ 'ਨਵਾਂ ਜ਼ਮਾਨਾ' ਅਤੇ 'ਲੋਕ ਲਹਿਰ' ਅਖਬਾਰਾਂ ਖੱਬੇਪੱਖੀ ਸਿਆਸਤ ਨਾਲ ਸਬੰਧਤ ਹੋਣ ਕਾਰਨ ਉਨ੍ਹਾਂ ਦਾ ਆਪਣਾ ਇਕ ਖਾਸ ਦਾਇਰਾ ਸੀ।

ਸਪੋਕਸਮੈਨ ਵਲੋਂ ਆਪਣੀ ਇਸ ਪ੍ਰਾਪਤੀ ਨੂੰ ਇਤਿਹਾਸਕ ਦੱਸਿਆ ਜਾ ਰਿਹਾ ਹੈ ਅਤੇ ਸਿਆਸੀ, ਧਾਰਮਿਕ ਅਤੇ ਸਭਿਆਚਾਰਕ ਹਲਕਿਆਂ ਦੀਆਂ ਸ਼ਖ਼ਸੀਅਤਾਂ ਦੇ ਵਧਾਈ ਸੰਦੇਸ਼ ਨੂੰ ਜਿਸ ਧੜੱਲੇ ਨਾਲ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ ਉਸਨੂੰ ਦੇਖਦਿਆਂ ਲੱਗਦਾ ਹੈ ਕਿ ਸਬੰਧਤ ਅਖ਼ਬਾਰ ਦਾ ਪਾਠਕ ਵਰਗ ਪੂਰੀ ਤਰ੍ਹਾਂ ਉਤਸ਼ਾਹਿਤ ਹੋਇਆ ਹੋਇਆ ਹੈ। ਪਰ 'ਅਜੀਤ' ਅਖਬਾਰ ਨੇ ਇਸ ਦਾਅਵੇ ਦੇ ਪ੍ਰਤੀਕਰਮ 'ਚ ਅਖਬਾਰ ਦੇ ਮੁੱਖ ਸਫੇ 'ਤੇ ਇਕ ਖ਼ਬਰ ਪ੍ਰਕਾਸ਼ਤ ਕੀਤੀ ਹੈ ਜਿਸ 'ਚ ਸਬੰਧਤ ਅਖ਼ਬਾਰ ਦਾ ਨਾਂ ਲਿਖੇ ਬਗੈਰ ਇਸ ਦੇ ਸੰਪਾਦਕ ਨੂੰ ਗਪੌੜ ਸੰਖ ਐਲਾਨਦਿਆਂ ਇਸ ਦੇ ਦਾਅਵੇ ਨੂੰ ਕੋਰੀ ਬਕਵਾਸ ਆਖਿਆ ਹੈ। ਅਖ਼ਬਾਰ ਨੇ ਇਸ ਦਾਅਵੇ ਨੂੰ ਭੰਬਲਭੂਸਾ ਪੈਦਾ ਕਰਨ ਵਾਲਾ ਕਰਾਰ ਦਿੱਤਾ ਹੈ।

ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਕਿ ਮੁਕਾਬਲੇ 'ਚ ਪਿਛੇ ਖੜ੍ਹੇ ਵਿਅਕਤੀ ਲਈ ਅੱਗੇ ਵਧਣ ਦੀਆਂ ਸੰਭਾਵਨਾਵਾਂ ਦਾ ਵਿਸ਼ਾਲ ਖੇਤਰ ਹੁੰਦਾ ਹੈ ਅਤੇ ਉਹ ਆਪਣੀ ਮੰਜ਼ਿਲ ਵਲ ਵਧਣ ਲਈ ਪੂਰੇ ਤਨੋਂ-ਮਨੋਂ ਜ਼ੋਰ ਲਾਉਂਦਾ ਹੈ ਅਤੇ ਉਸਦਾ ਵਿਕਾਸ ਵੀ ਨਜ਼ਰ ਆਉਂਦਾ ਹੈ। ਪਰ ਪਹਿਲਾਂ ਹੀ ਆਪਣੀ ਮੰਜ਼ਿਲ 'ਤੇ ਪਹੁੰਚੇ ਵਿਅਕਤੀ ਜਾਂ ਅਦਾਰੇ ਨੂੰ ਆਪਣੀ ਉਸ ਪੁਜ਼ੀਸ਼ਨ 'ਤੇ ਬਣੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਸਪੋਕਸਮੈਨ ਦੇ ਮਾਮਲੇ 'ਚ ਵੀ ਕੁਝ ਅਜਿਹਾ ਹੋ ਸਕਦਾ ਹੈ ਕਿ ਉਸਨੂੰ ਥੋੜ੍ਹਾ ਜਿਹਾ ਵਿਕਾਸ ਹੀ ਬਹੁਤ ਵੱਡਾ ਹੁਲਾਰਾ ਦੇ ਗਿਆ ਹੋਵੇ ਅਤੇ ਉਸ ਅੱਗੇ ਸੰਭਾਵਨਾਵਾਂ ਦੇ ਅਥਾਹ ਮੌਕੇ ਵੀ ਹਨ। ਅਜੀਤ ਕਿਉਂਕਿ ਪਹਿਲਾਂ ਹੀ ਮੋਹਰਲੀਆਂ ਸਫ਼ਾਂ 'ਚ ਗਿਣਿਆ ਜਾਂਦਾ ਹੈ ਇਸ ਲਈ ਆਪਣੀ ਨੰਬਰ ਵਨ ਪੁਜੀਸ਼ਨ ਨੂੰ ਕਾਇਮ ਰੱਖਣ ਦੀ ਚੁਣੌਤੀ ਉਸ ਦੇ ਸਾਹਮਣੇ ਖੜ੍ਹੀ ਹੈ।

ਅਜੀਤ ਅਖਬਾਰ ਦਾ ਮੰਨਣਾ ਹੈ ਕਿ ਮੁਹਾਲੀ ਤੋਂ ਛਪਦੇ ਸਬੰਧਤ ਅਖ਼ਬਾਰ ਨੇ ਅਜੀਤ ਸਮੇਤ ਦੇਸ਼ ਦੀਆਂ ਨਾਮਵਰ ਅੰਗਰੇਜ਼ੀ ਅਖਬਾਰਾਂ ਨੂੰ ਗਲਤ ਤੱਥਾਂ ਦੇ ਆਧਾਰ 'ਤੇ ਚੁਣੌਤੀ ਦਿੰਦਿਆਂ ਇਹ ਦਾਅਵੇ ਕੀਤੇ ਹਨ ਕਿ ਉਸ ਦੀ ਵੈਬਸਾਈਟ ਪੰਜਾਬੀ ਅਖਬਾਰਾਂ ਵਿਚੋਂ ਹੀ ਨਹੀਂ ਸਗੋਂ ਦੇਸ਼ ਦੀਆਂ ਕੌਮਾਂਤਰੀ ਪੱਧਰ 'ਤੇ ਜਾਣੀਆਂ ਜਾਂਦੀਆਂ ਅੰਗਰੇਜ਼ੀ ਅਖ਼ਬਾਰਾਂ ਦੀਆਂ ਵੈਬਸਾਈਟਾਂ ਨਾਲੋਂ ਵੀ ਅਗਾਹ ਲੰਘ ਗਈ ਹੈ ਜਦਕਿ ਸੱਚ ਇਹ ਹੈ ਕਿ ਪੰਜਾਬੀ ਅਖ਼ਬਾਰਾਂ ਵਿਚ ਅਜੀਤ ਨੇ ਜਿਥੇ ਵਿਸ਼ਵ ਭਰ 'ਚ ਛਪਣ ਗਿਣਤੀ ਦੇ ਪੱਖੋਂ ਲਗਾਤਾਰ ਆਪਣੀ ਸਰਦਾਰੀ ਕਾਇਮ ਰੱਖੀ ਹੋਈ ਹੈ, ਉਥੇ ਅਜੀਤ ਦਾ ਆਨਲਾਈਨ ਐਡੀਸ਼ਨ ਵੀ ਪੰਜਾਬੀ ਅਖ਼ਬਾਰਾਂ ਵਿਚੋਂ ਪਹਿਲੇ ਸਥਾਨ 'ਤੇ ਹੈ।

'ਰੋਜ਼ਾਨਾ ਸਪੋਕਸਮੈਨ' ਵਲੋਂ ਇੰਟਰਨੈਟ 'ਤੇ ਪੰਜਾਬੀ ਅਖਬਾਰਾਂ ਤੋਂ ਇਲਾਵਾ, ਸਾਰੇ ਅੰਗਰੇਜ਼ੀ ਅਖ਼ਬਾਰਾਂ ਤੋਂ ਵੀ ਅੱਗੇ ਲੰਘ ਜਾਣ ਅਤੇ ਸੰਸਾਰ ਭਰ ਦੇ ਵਧ ਪੜ੍ਹੇ ਜਾਣ ਵਾਲੇ ਅਖ਼ਬਾਰਾਂ ਵਿਚ ਪਹਿਲੇ ਸਥਾਨ ਦੇ ਨੇੜੇ ਢੁੱਕਣ ਦੇ ਦਾਅਵੇ ਇੰਗਲੈਂਡ ਦੀ 'ਅਲੈਕਸਾ' ਨਾਂ ਦੀ ਇਕ ਵੈਬਸਾਈਟ ਵਲੋਂ ਜਾਰੀ ਕੀਤੇ ਸਰਵੇਖਣ ਦੇ ਆਧਾਰ 'ਤੇ ਕੀਤੇ ਜਾ ਰਹੇ ਹਨ। ਅਜੀਤ ਨੇ ਇਸ ਦਾਅਵੇ ਨੂੰ ਖਾਰਜ ਕਰਦਿਆਂ ਕਿਹਾ ਹੈ ਕਿ ਪੰਜਾਬੀ ਅਖ਼ਬਾਰਾਂ ਦੀਆਂ ਵੈਬਸਾਈਟਾਂ ਦੀ ਵਿਸ਼ਵ ਪੱਧਰ 'ਤੇ ਦਰਜਾਬੰਦੀ 'ਚ ਅਜੀਤ 62779ਵੇਂ ਨੰਬਰ 'ਤੇ ਹੈ ਜਦਕਿ ਮੁਹਾਲੀ ਤੋਂ ਛਪਦਾ ਅਖਬਾਰ 491,538ਵੇਂ ਸਥਾਨ 'ਤੇ ਹੈ। ਪੰਜਾਬੀ ਅਖਬਾਰਾਂ ਦੀਆਂ ਵੈਬਸਾਈਟਾਂ ਦੀ ਭਾਰਤ ਪੱਧਰ 'ਤੇ ਦਰਜਾਬੰਦੀ 'ਚ ਅਜੀਤ 8916ਵੇਂ ਨੰਬਰ 'ਤੇ ਅਤੇ ਮੁਕਾਬਲੇ 'ਚ ਮੋਹਰੀ ਹੋਣ ਦਾ ਦਾਅਵੇਦਾਰ ਅਖ਼ਬਾਰ 34041ਵੇਂ ਨੰਬਰ 'ਤੇ ਹੈ। ਅਜੀਤ ਨੇ ਵੀ ਆਪਣੇ ਦਾਅਵੇ ਦਾ ਸਰੋਤ ਅਲੈਕਸਾ ਵੈਬਸਾਈਟ ਨੂੰ ਹੀ ਬਣਾਇਆ ਹੈ।

ਅਜੀਤ ਦਾ ਦਾਅਵਾ ਹੈ ਕਿ ਉਕਤ ਵੈਬਸਾਈਟ 'ਤੇ ਵਿਸ਼ਵ ਪੱਧਰ 'ਤੇ ਅਤੇ ਭਾਰਤ ਪੱਧਰ 'ਤੇ ਵੈਬਸਾਈਟਾਂ ਦੀ ਲੋਕਪ੍ਰਿਅਤਾ ਬਾਰੇ ਅੰਕੜੇ ਮੌਜੂਦ ਹਨ। ਕਿਸੇ ਵੈਬਸਾਈਟ 'ਤੇ ਕਿੰਨੇ ਕਲਿੱਕ ਹੁੰਦੇ ਹਨ, ਭਾਵ ਕਿਸੇ ਵੈਬਸਾਈਟ ਨੂੰ ਪੜ੍ਹਨ ਲਈ ਕਿੰਨੇ ਵਿਅਕਤੀ ਉਹ ਵੈਬਸਾਈਟ ਖੋਲ੍ਹਦੇ ਹਨ ਇਸ ਬਾਰੇ ਇਕੱਤਰ ਕੀਤੇ ਜਾਂਦੇ ਅੰਕੜੇ ਅਤੇ ਕਿਸੇ ਅਖਬਾਰ ਦੀ ਲੋਕਪ੍ਰਿਅਤਾ ਨੂੰ ਜਾਚਣ ਦੇ ਮੁੱਢਲੇ ਮਾਪਦੰਡ ਦੇ ਆਧਾਰ ਉਤੇ ਉਕਤ ਅੰਕੜੇ ਪੇਸ਼ ਕੀਤੇ ਗਏ ਹਨ। ਅਖ਼ਬਾਰ ਨੇ 'ਸਰਚ ਵਿਜ਼ਿਟ', 'ਬਾਊਂਸ ਰੇਟ', 'ਡੇਲੀ ਪੇਜ ਵਿਊਜ਼ ਪਰ ਯੂਜ਼ਰ' ਅਤੇ 'ਟਾਈਮ ਆਨ ਸਾਈਟ' ਦੇ ਗਰਾਫ ਅਤੇ ਅੰਕੜੇ ਦੇ ਕੇ ਮੋਹਾਲੀ ਤੋਂ ਛਪਦੇ ਅਖਬਾਰ ਦੇ ਦਾਅਵੇ ਨੂੰ ਝੂਠਾ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ।

ਗਰਾਫ ਅਤੇ ਅੰਕੜਿਆਂ ਦੀ ਇਸ ਖੇਡ 'ਚ ਕਿਸ ਦਾ ਦਾਅਵਾ ਕਿੰਨਾ ਸਹੀ ਅਤੇ ਕਿੰਨਾ ਝੂਠਾ ਹੈ ਇਹ ਫੈਸਲਾ ਪਾਠਕ ਵਰਗ ਦੇ ਹੱਥ ਹੈ। ਹਰ ਕੰਪਨੀ ਆਪਣੀ ਚੀਜ਼ ਦੀ ਵਧੀਆ ਕਵਾਲਟੀ ਅਤੇ ਲੋਕਪ੍ਰਿਅਤਾ ਬਾਰੇ ਦਾਅਵੇ ਕਰਦੀ ਹੈ। ਅਖਾੜਿਆਂ ਦੇ ਮੈਟ ਬਦਲਦੇ ਰਹਿੰਦੇ ਹਨ। ਜਿਸ ਪੱਧਰ 'ਤੇ ਰੋਜ਼ਾਨਾ ਸਪੋਕਸਮੈਨ ਨੂੰ ਵਧਾਈ ਸੰਦੇਸ਼ ਮਿਲ ਰਹੇ ਹਨ ਉਸਤੋਂ ਜਾਪਦਾ ਹੈ ਕਿ ਉਸ ਦਾ ਆਧਾਰ ਲਗਾਤਾਰ ਵਧ ਰਿਹਾ ਹੈ। ਦੋਹਾਂ ਪੱਖਾਂ ਵਲੋਂ ਇਹ ਦਾਅਵੇ ਤੇ ਦਾਈਏ ਆਉਂਦੇ ਦਿਨਾਂ 'ਚ ਹੋਰ ਤਿੱਖੇ ਰੂਪ 'ਚ ਸਾਹਮਣੇ ਆਉਣਗੇ, ਅਜਿਹਾ ਬੀਤੇ ਦੀਆਂ ਅਜਿਹੀਆਂ ਸ਼ਬਦੀ ਜੰਗਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ। ਕਿਸੇ ਸਮੇਂ ਅਕਾਲੀ ਪੱਤ੍ਰਿਕਾ ਦੀ ਸਰਦਾਰੀ ਸੀ ਹੁਣ ਉਹ ਵੀ ਆਪਣੀ ਹੋਂਦ ਕਾਇਮ ਰੱਖਣ ਦੀ ਦੌੜ 'ਚ ਹੀ ਸ਼ਾਮਲ ਹੈ। ਮੁਕਾਬਲੇ ਦੀ ਦੌੜ 'ਚ ਕੌਣ ਕਦੋਂ ਅੱਗੇ ਨਿਕਲਦਾ ਹੈ ਇਹ ਤਾਂ ਸਮਾਂ ਹੀ ਦੱਸੇਗਾ।

## ਬਰੈਸਟ ਕੈਂਸਰ ਬਾਰੇ ਵਰਕਸ਼ਾਪ 28 ਜਨਵਰੀ ਨੂੰ

**ਸ਼ਿਕਾਗੋ:** ਏਸ਼ੀਅਨ ਹਿਊਮਨ ਸਰਵਿਸਿਜ਼ ਫੈਮਿਲੀ ਹੈਲਥ ਸੈਂਟਰ ਵਲੋਂ ਛਾਤੀ ਦੇ ਕੈਂਸਰ, ਇਸ ਦੀ ਸਕਰੀਨਿੰਗ ਅਤੇ ਰੋਕਥਾਮ ਬਾਰੇ ਵਰਕਸ਼ਾਪ ਦੀ ਇਕ ਲੜੀ ਆਉਂਦੀ 28 ਜਨਵਰੀ ਨੂੰ ਸ਼ੁਰੂ ਕੀਤੀ ਜਾ ਰਹੀ ਹੈ। ਇਹ ਵਰਕਸ਼ਾਪ ਸਾਲ 2010 ਦੌਰਾਨ ਹਰ ਮਹੀਨੇ ਦੇ ਆਖਰੀ ਵੀਰਵਾਰ ਸਵੇਰੇ 11 ਵਜੇ ਏਸ਼ੀਅਨ ਹਿਊਮਨ ਸਰਵਿਸਿਜ਼ ਫੈਮਿਲੀ ਹੈਲਥ ਸੈਂਟਰ 2424 ਵੈਸਟ ਪੀਟਰਸਨ ਐਵਨਿਊ, ਸ਼ਿਕਾਗੋ ਵਿਚ ਹੋਇਆ ਕਰੇਗੀ।

ਇਸ ਵਰਕਸ਼ਾਪ ਦਾ ਮਨੋਰਥ ਬਰੈਸਟ ਕੈਂਸਟ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇਸਦੀ ਰੋਕਥਾਮ ਕਰਨਾ ਹੈ। ਹੋਰ ਜਾਣਕਾਰੀ ਫੋਨ 773-761-0300 ਤੋਂ ਹਾਸਲ ਕੀਤੀ ਜਾ ਸਕਦੀ ਹੈ।

## ਅਤਿਵਾਦ ਦੇ ਟਾਕਰੇ ਲਈ ਚੌਕਸੀ ਦੀ ਲੋੜ:ਪ੍ਰਤਿਭਾ ਪਾਟਿਲ

ਚਾਹੀਦੀ ਹੈ।'' ਮੁਲਕ ਦੀ ਧਰਮ ਨਿਰਪੱਖਤਾ ਦੀ ਗੱਲ ਕਰਦਿਆਂ ਮੁਲਕ ਦੀ ਸੰਵਿਧਾਨ ਮੁਖੀ ਨੇ ਕਿਹਾ ਕਿ ਇਹ ਇਕ ਅਜਿਹਾ ਰਾਹ ਹੈ ਜਿਹੜਾ ਭਾਰਤ ਨੇ ਸੰਵਿਧਾਨਕ ਤੌਰ 'ਤੇ ਅਪਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਧਰਮਨਿਰਪੱਖਤਾ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ ਅਤੇ ਮੁਲਕ ਵਿਚ ਇਸ ਦੀ ਅਹਿਮੀਅਤ ਨੂੰ ਕਦੇ ਵੀ ਘਟਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, ''ਭਾਰਤ ਅਜਿਹਾ ਦੇਸ਼ ਹੈ ਜਿੱਥੇ ਵੱਖੋ-ਵੱਖ ਧਰਮਾਂ ਦੇ ਲੋਕ ਸਦੀਆਂ ਤੋਂ ਇਕੱਠੇ ਰਹਿ ਰਹੇ ਹਨ। ਅਸੀਂ



ਇਸ ਸਮਾਜਿਕ ਸਹਿਹੋਂਦ ਨੂੰ ਜ਼ਰੂਰ ਕਾਇਮ ਰੱਖਣਾ ਹੈ। ਇਕ ਦੂਜੇ ਨਾਲ ਮਿਲ ਕੇ ਰਹਿਣ ਦੀ ਸਾਡੀ ਰਵਾਇਤ ਲਾਜ਼ਮੀ ਤੌਰ 'ਤੇ ਜਾਰੀ ਰਹਿਣੀ ਚਾਹੀਦੀ ਹੈ ਤਾਂ ਕਿ ਇਹ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੇ ਵੀ ਰੋਮ-ਰੋਮ ਵਿਚ ਵੱਸ ਜਾਵੇ। ਦੇਸ਼ ਦੀ ਮਜ਼ਬੂਤ ਜਮਹੂਰੀਅਤ ਦੇ ਗੁਣ ਗਾਉਂਦਿਆਂ ਉਨ੍ਹਾਂ ਕਿਹਾ ਭਾਰਤ ਨੇ ਇਹ ਗੱਲ ਬੜੇ ਵਧੀਆ ਢੰਗ ਨਾਲ ਸਾਬਤ ਕੀਤੀ ਕਿ ਇਹ ਇਕ ਮਜ਼ਬੂਤ ਜਮਹੂਰੀਅਤ ਹੈ। ਭਾਰਤ ਵਾਸੀਆਂ ਨੇ ਵਾਰ-ਵਾਰ ਆਪਣੀਆਂ ਸਰਕਾਰਾਂ ਵੋਟ ਰਾਹੀਂ ਚੁਣੀਆਂ ਹਨ ਅਤੇ ਜਮਹੂਰੀਅਤ ਨੂੰ ਧੁਰ ਹੇਠਾਂ ਤਕ ਪਹੁੰਚਾਇਆ ਹੈ। ਉਨ੍ਹਾਂ ਕਿਹਾ ਕਿ ਭਾਰਤ ਵਾਸੀਆਂ ਨੇ ਜਮਹੂਰੀਅਤ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਇਆ ਹੈ ਤੇ ਇਹ ਇਵੇਂ ਹੀ ਰਹਿਣਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਕਿਹਾ, ''ਭਾਵੇਂ ਅਸੀਂ ਮੁਸ਼ਕਲਾਂ ਤੋਂ ਪਾਰ ਆਏ ਹਾਂ ਤੇ ਆਪਣੀ ਤਾਕਤ ਨੂੰ ਹੋਰ ਵਧਾਇਆ ਹੈ, ਪਰ ਇਸ ਗੱਲ ਦਾ ਵੀ ਪੂਰਾ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਕੀ ਸਾਂਭਣਾ ਹੈ ਤੇ ਕੀ ਬਦਲਣਾ ਹੈ।''

ਇਸ ਦੌਰਾਨ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਕਿਹਾ ਕਿ ਦੇਸ਼ ਵਿਚ ਅੰਨ ਦੀ ਉਪਲਬੱਧਤਾ ਯਕੀਨੀ ਬਣਾਉਣ ਅਤੇ ਮਹਿੰਗਾਈ ਰੋਕਣ ਲਈ ਦੂਜੇ ਹਰੇ ਇਨਕਲਾਬ ਲਈ ਤੁਰੰਤ ਕਦਮ ਚੁੱਕੇ ਜਾਣ ਦੀ ਲੋੜ ਹੈ।

## ਸਿਆਸਤ ਵਿਚ ਸਿਆਣੇ ਅਤੇ ਬੁਧੀਮਾਨ ਲੋਕ ਨਹੀਂ ਆ ਰਹੇ

ਮੀਰਾ ਕੁਮਾਰ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਵਿਰੋਧੀ ਧਿਰ ਦੀ ਨੇਤਾ ਸੁਸ਼ਮਾ ਸਵਰਾਜ, ਕੌਮੀ ਜਮਹੂਰੀ ਗੱਠਜੋੜ ਦੇ ਕਨਵੀਨਰ ਸ਼ਰਦ ਯਾਦਵ, ਕਈ ਮੁੱਖ ਮੰਤਰੀ ਅਤੇ ਕੌਮੀ ਅਤੇ ਸੂਬਾ ਪਾਰਟੀਆਂ ਦੇ ਨੇਤਾ ਸ਼ਾਮਿਲ ਹੋਏ। ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਖ਼ਬਰਾਂ ਦੇ ਰੂਪ 'ਚ ਇਸ਼ਤਿਹਾਰ ਛਾਪਣ ਅਤੇ ਕਵਰੇਜ ਪੈਕੇਜ ਦੇ ਰੂਪ ਵਿਚ ਮੀਡੀਆ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਇਕ ਧੱਬਾ ਦੱਸਿਆ ਹੈ। ਸਾਂਝਾ ਪ੍ਰਗਤੀਸ਼ੀਲ ਗੱਠਜੋੜ ਦੀ ਚੇਅਰਪਰਸਨ ਸੋਨੀਆ ਗਾਂਧੀ ਨੇ ਚੋਣਾਂ ਵਿਚ ਪੈਸੇ ਅਤੇ ਤਾਕਤ ਦੀ ਵਰਤੋਂ 'ਤੇ ਰੋਕ ਲਾਉਣ ਅਤੇ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਚੋਣ ਅਖਾੜੇ ਵਿਚ ਦਾਖਲ ਹੋਣ ਤੋਂ ਰੋਕਣ 'ਤੇ ਜ਼ੋਰ ਦਿੱਤਾ। ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਦੀ ਪ੍ਰਭਾਵਸ਼ਾਲੀ ਲੋਕਤੰਤਰੀ ਪਛਾਣ ਹੈ ਪਰ ਦੂਸਰੇ ਦੇਸ਼ਾਂ ਵਾਸਤੇ ਰੋਲ ਮਾਡਲ ਬਣਨ ਲਈ ਅਜੇ ਸਾਡੇ ਸਾਹਮਣੇ ਕਈ ਚੁਣੌਤੀਆਂ ਹਨ। ਚੋਣ ਕਮਿਸ਼ਨ ਦੀ ਸ਼ਲਾਘਾ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਕਮਿਸ਼ਨ ਵੱਖ-ਵੱਖ ਉਮੀਦਵਾਰਾਂ ਵਿਚਕਾਰ ਬਰਾਬਰ ਦਾ ਮੈਦਾਨ ਮੁਹੱਈਆ ਕਰਨ ਲਈ ਪੂਰੀ ਵਾਹ ਲਾ ਰਿਹਾ ਹੈ।


**Petersen`s Auto Body & Repair**

Schaumburg, IL Ph:847-524-8704

ਪੰਜਾਬੀ ਭਰਾਵਾਂ ਦੀ ਆਪਣੀ ਆਟੋ ਬਾਡੀ ਤੇ ਰਿਪੇਅਰ ਸ਼ਾਪ

ਅਸੀਂ ਸਭ ਤਰ੍ਹਾਂ ਦੀਆਂ ਕਾਰਾਂ ਦੀ ਬਾਡੀ ਅਤੇ ਰਿਪੇਅਰ ਦਾ ਤਸੱਲੀਬਖ਼ਸ ਕੰਮ ਬਹੁਤ ਹੀ ਵਾਜਬ ਕੀਮਤਾਂ ਉਤੇ ਕਰਦੇ ਹਾਂ

**Bring in to the professionals**

- Auto body repair since 1973
- All Foreign & Domestic Vehicles
- ASE Certified Technicians
- Efficient, Reliable, Dependable,
- Quality Service
- Convenient Location
- Free Computerized Estimates
- Competitive Prices
- Full Tire Service (We carry new tires)
- Insurance Work Specialist




24 Hour Towing

ਅਸੀਂ ਇੰਸ਼ੋਰੈਂਸ ਦਾ ਆਟੋ ਬਾਡੀ ਰਿਪੇਅਰ ਦਾ ਕੰਮ ਵੀ ਬਹੁਤ ਹੀ ਸਹੀ ਕੀਮਤਾਂ ਉਤੇ ਅਤੇ ਵਧੀਆ ਕੁਆਲਿਟੀ ਦਾ ਕਰਦੇ ਹਾਂ

ਸੰਤੋਖ ਸਿੰਘ ਡੀ ਸੀ, ਫੋਨ 847-338-3866

ਪੀਟਰਸਨ ਆਟੋ ਬਾਡੀ ਐਂਡ ਰਿਪੇਅਰ

1212 S. Mitchell Blvd. Schaumburg, IL 60193,

Ph:847-524-8704, Fax:847-524-3692

PANNUN THE LAW FIRM
ATTORNEYS & COUNSELLORS

ਗੁਰਪਤਵੰਤ ਸਿੰਘ ਪੰਨੂੰ
ਅਟਾਰਨੀ ਐਟ ਲਾਅ

ਤੁਹਾਡਾ ਇੰਮੀਗ੍ਰੇਸ਼ਨ ਕੇਸ ਬੰਦ ਹੈ ਜਾਂ ਤੁਸੀ ਡੀਪੋਰਟ ਹੋ ਰਹੇ ਹੋ?
ਤੁਹਾਡੀ ਸੇਵਾ ਵਿੱਚ ਹਾਜ਼ਰ



| ਇੰਮੀਗ੍ਰੇਸ਼ਨ ਲਾਅ | ਡੀਪੋਰਟੇਸ਼ਨ ਕੇਸਿਜ਼ |
|---|---|
| ☐ ਸਿਟੀਜ਼ਨਸ਼ਿਪ ਅਪੀਲਜ਼ | ☐ ਬੋਰਡ ਆਫ ਇੰਮੀਗ੍ਰੇਸ਼ਨ ਅਪੀਲਜ |
| ☐ ਰੀਲੀਜਿਅਸ ਵਰਕਰਜ਼ | ☐ 9th & 2nd ਸਰਕਿਟ ਅਪੀਲਜ਼ |
| ☐ ਬੋਨਾਫਾਇਡ ਅਸਾਇਲਮ ਪਟੀਸ਼ਨਜ਼ | ☐ ਕੈਨਸੇਲੇਸ਼ਨ ਆਫ ਡੀਪੋਰਟੇਸ਼ਨ |

NEW YORK
T 718.672.8000
JACKSON HEIGHTS, NY 11370
* ADMITTED IN THE STATE OF NEW YORK ONLY

CALIFORNIA
T 510.796.9000
39300 CIVIC CENTER DR,
SUITE 170 FREMONT, CA 94538
FREMONT, CA 94538

# ਮੰਤਰੀ ਮੰਡਲ ਵਲੋਂ ਅਹਿਮ ਫੈਸਲੇ, ਸੁਖਬੀਰ-ਕਾਲੀਆ ਰਿਪੋਰਟ ’ਤੇ ਮੋਹਰ

**ਚੰਡੀਗੜ੍ਹ :** ਪੰਜਾਬ ਕੈਬਨਿਟ ਨੇ ਇੱਕ ਅਹਿਮ ਫੈਸਲਾ ਲੈਂਦਿਆਂ ਨਵੇਂ ਵਿੱਤੀ ਵਸੀਲੇ ਪੈਦਾ ਕਰਨ ਲਈ ਬਣਾਈ ਗਈ 2 ਮੈਂਬਰੀ ਸੁਖਬੀਰ ਤੇ ਕਾਲੀਆ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰਨ ਨੂੰ ਬੀਤੀ 22 ਜਨਵਰੀ ਨੂੰ ਹਰੀ ਝੰਡੀ ਦੇ ਦਿੱਤੀ। ਕਮੇਟੀ ਵਲੋਂ ਸਰਕਾਰੀ ਮੁਲਾਜ਼ਮਾਂ ਦੀ ਰਿਟਾਇਰਮੈਂਟ ਦੀ ਉਮਰ ਹੱਦ ‘ਚ 2 ਸਾਲ ਦੇ ਵਾਧੇ ਦੀ ਸਿਫਾਰਿਸ਼ ‘ਚ ਤਬਦੀਲੀ ਕਰਦਿਆਂ ਕੈਬਨਿਟ ਨੇ ਰਿਟਾਇਰਮੈਂਟ ਦੀ ਉਮਰ ਹੱਦ ‘ਚ ਸਿਰਫ 1 ਸਾਲ ਦਾ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਹੁਣ ਸਰਕਾਰੀ ਮੁਲਾਜ਼ਮਾਂ ਦੀ ਰਿਟਾਇਰਮੈਂਟ ਦੀ ਹੱਦ 58 ਵਧਾ ਕੇ 59 ਸਾਲ ਤੱਕ ਹੋ ਜਾਵੇਗੀ। ਇਸ ਤੋਂ ਇਲਾਵਾ ਕੈਬਨਿਟ ਨੇ ਸੂਬੇ ਦੇ 3 ਜ਼ਿਲ੍ਹਿਆਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ‘ਚ ਪੁਲਿਸ ਕਮਿਸ਼ਨਰ ਨਿਯੁਕਤ ਕਰਨ ਨੂੰ ਵੀ ਪ੍ਰਵਾਨਗੀ ਦੇ ਦਿੱਤੀ। ਕੁਝ ਹਲਕਿਆਂ ਵਿਚ ਵਿਰੋਧਾਭਾਸ ਕਿਆਸ ਅਰਾਈਆਂ ਦੇ ਉਲਟ ਸਥਾਨਕ ਸਰਕਾਰ ਮੰਤਰੀ ਅਤੇ ਉਪ-ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਇੱਕ-ਇੱਕ ਨੁਕਤਾ ਕੈਬਨਿਟ ਦੇ ਸਾਹਮਣੇ ਪ੍ਰਵਾਨਗੀ ਲਈ ਪੇਸ਼ ਕੀਤਾ ਗਿਆ। ਮੰਤਰੀ ਮੰਡਲ ਨੇ ਕੁਝ ਸੋਧਾਂ ਨੂੰ ਛੱਡ ਕੇ ਬਾਕੀ ਸਾਰੀ ਰਿਪੋਰਟ ਨੂੰ ਇੰਨ-ਬਿੰਨ ਪ੍ਰਵਾਨ ਕਰ ਲਿਆ। ਰਿਟਾਇਰਮੈਂਟ ਉਮਰ ਵਿਚ ਵਾਧਾ ਹੁਣ ਕੇਵਲ ਇੱਕ ਸਾਲ ਲਈ ਹੋਵੇਗਾ ਅਤੇ ਇਹ 31 ਦਸੰਬਰ, 2010 ਤੋਂ ਪਹਿਲਾਂ ਰਿਟਾਇਰ ਹੋਣ ਵਾਲੇ ਮੁਲਾਜ਼ਮਾਂ ਲਈ ਆਪਸ਼ਨਲ ਹੋਵੇਗਾ। ਮੰਤਰੀ ਮੰਡਲ ਨੇ ਦੋ ਮੈਂਬਰੀ ਕਮੇਟੀ ਵਲੋਂ ਕੀਤੀਆਂ ਗਈਆਂ ਦੂਰ-ਅੰਦੇਸ਼ੀ ਵਾਲੀਆਂ ਸਿਫਾਰਸ਼ਾਂ ਲਈ ਸਖਤ ਮਿਹਨਤ ਅਤੇ ਯਤਨ ਕਰਨ ਲਈ ਸਰਵ-ਸੰਮਤੀ ਨਾਲ ਸ਼ਲਾਘਾ ਦਾ ਮਤਾ ਪਾਸ ਕੀਤਾ ਅਤੇ ਸੁਖਬੀਰ ਸਿੰਘ ਬਾਦਲ ਅਤੇ ਮਨੋਰੰਜਨ ਕਾਲੀਆ ਵਲੋਂ ਕੀਤੇ ਇਸ ਅਤਿਅੰਤ ਔਖੇ ਕਾਰਜ ਨੂੰ ਵਿੱਤੀ ਪ੍ਰਬੰਧ ਲਈ ਸ਼ਿਲਪ ਕਲਾ ਦਾ ਇੱਕ ਅਨੋਖਾ ਕਾਰਜ ਕਰਾਰ ਦਿੱਤਾ। ਵਿਸਥਾਰਤ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਦੱਸਿਆ ਕਿ ਸਿਵਾਏ ਨਿਯਮਾਂ ਵਿਚ ਲੋੜੀਂਦੀਆਂ ਸੋਧਾਂ ਦੇ ਰਿਪੋਰਟ ਤੁਰੰਤ ਲਾਗੂ ਹੋ ਜਾਵੇਗੀ। ਮੰਤਰੀ ਮੰਡਲ ਵਲੋਂ ਪ੍ਰਵਾਨ ਕੀਤੀਆਂ ਸਿਫਾਰਸ਼ਾਂ ਨਾਲ ਰਾਜ ਦੇ ਭੌਤਿਕ ਅਤੇ ਸਮਾਜਿਕ ਆਧਾਰਭੂਤ ਢਾਂਚੇ ਲਈ ਫੰਡ ਜੁਟਾਏ ਜਾ ਸਕਣਗੇ ਅਤੇ ਇਸ ਤੋਂ ਇਲਾਵਾ ਬੁਢਾਪਾ ਪੈਨਸ਼ਨ ਅਤੇ ਹੋਰ ਪੈਨਸ਼ਨ ਸਕੀਮਾਂ, ਆਟਾ-ਦਾਲ ਸਬਸਿਡੀ ਅਤੇ ਸ਼ਗਨ ਸਕੀਮ ਲਈ ਸਮਾਜਿਕ ਸੁਰੱਖਿਆ ਅਤੇ ਭਲਾਈ ਸਮਰਪਤ ਫੰਡ ਬਣਾਇਆ ਜਾਵੇਗਾ। ਇਸੇ ਤਰ੍ਹਾਂ ਸਿੱਖਿਆ, ਸਿਹਤ, ਪੇਂਡੂ ਸ਼ਹਿਰੀ ਅਤੇ ਗਰੀਬ ਲੋਕਾਂ ਲਈ ਸਫਾਈ ਸਹੂਲਤਾਂ ਅਤੇ ਪੀਣ ਵਾਲਾ ਸਾਫ਼ ਪਾਣੀ ਪ੍ਰਦਾਨ ਕਰਨ ਲਈ ਸਮਾਜਿਕ ਵਿਕਾਸ ਫੰਡ ਵੀ ਕਾਇਮ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਲਾਟਰੀ ਦੀ ਆਮਦਨ ਤੇ ਟੈਕਸ, ਸਿੱਖਿਆ ਸੰਸਥਾਵਾਂ ਅਤੇ ਹਸਪਤਾਲਾਂ ਨੂੰ ਅਦਾਰਾ ਟੈਕਸਾਂ ਤੋਂ ਮੁਆਫ਼ੀ ਅਤੇ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡਵੇਜ਼ ਦੀਆਂ ਬੱਸਾਂ ਦੇ ਪਰਮਿਟਾਂ ਵਿਚ ਵਾਧਾ ਫੀਸ ਤੋਂ ਮੁਆਫ਼ੀ ਨੂੰ ਪ੍ਰਵਾਨਗੀ ਦੇ ਦਿੱਤੀ। ਮੰਤਰੀ ਮੰਡਲ ਨੇ 31 ਦਸੰਬਰ 2010 ਤੱਕ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਸੇਵਾਮੁਕਤ ਹੋਣ ਵਾਲੇ ਮੁਲਾਜ਼ਮਾਂ ਲਈ ਆਪਸ਼ਨਲ ਰਿਟਾਇਰਮੈਂਟ ਉਮਰ ਵਿਚ ਵਾਧਾ ਕੇਵਲ ਇੱਕ ਸਾਲ ਲਈ ਕਰਨ ਦਾ ਵੀ ਫੈਸਲਾ ਕੀਤਾ। ਮੰਤਰੀ ਮੰਡਲ ਨੇ ਇਹ ਫੈਸਲਾ ਇਸ ਸਮੇਂ ਦੌਰਾਨ ਰਿਟਾਇਰਮੈਂਟ ਹੋਣ ਕਾਰਨ ਸਟਾਫ਼ ਦੀ ਕਮੀ ਹੋਣ ਅਤੇ ਨਵੀਂ ਭਰਤੀ




ਸੁਖਬੀਰ-ਕਾਲੀਆ ਕਮੇਟੀ ਦੀ ਰਿਪੋਰਟ ਨੂੰ ਹਰੀ ਝੰਡੀ

ਦੀ ਪ੍ਰਕਿਰਿਆ ਪੂਰੀ ਹੋਣ ਤੱਕ ਦੇ ਮੱਦੇਨਜ਼ਰ ਜਨਤਕ ਸੇਵਾਵਾਂ ਨੂੰ ਪ੍ਰਭਾਵਤ ਹੋਣ ਤੋਂ ਬਚਾਉਣ ਲਈ ਲਿਆ ਹੈ। ਮੰਤਰੀ ਮੰਡਲ ਦੀ ਸਰਬਸਮੰਤੀ ਨਾਲ ਪੰਜਾਬ ਵਿਚ ਉਦਯੋਗਾਂ ਦੀ ਪ੍ਰਫੁਲਤਾ ਲਈ ਉਤਰਾਖੰਡ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਨੂੰ ਦਿੱਤੇ ਜਾਣ ਵਾਲੇ ਵਿਸ਼ੇਸ਼ ਸਨਅਤੀ ਪੈਕੇਜ ਹੋਰ ਅੱਗੇ ਨਾ ਵਧਾਉਣ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਮੰਗ ਕੀਤੀ। ਮੰਤਰੀ ਮੰਡਲ ਨੇ ਪੰਜਾਬ ਰਾਜ ਦੇ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿਖੇ ਕਮਿਸ਼ਨਰ ਰੇਟ ਸਿਸਟਮ ਲਾਗੂ ਕਰਨ ਦੀ ਪ੍ਰਵਾਨਗੀ ਦਿੱਤੀ ਹੈ, ਜਿਸ ਦੇ ਲਈ ਇਕ ਡੀਆਈਜੀ ਰੈਂਕ ਦਾ ਅਧਿਕਾਰੀ (ਕਮਿਸ਼ਨਰ ਆਫ ਪੁਲਿਸ) ਕਮਿਸ਼ਨਰ ਰੇਟ ਦੀ ਪੁਲਿਸ ਫੋਰਸ ਦਾ ਮੁਖੀ ਹੋਵੇਗਾ, ਉਹ ਐਕਟਾਂ ਅਤੇ ਰੂਲਾਂ ਅਨੁਸਾਰ ਆਪਣੀ ਜ਼ਿੰਮੇਵਾਰੀ/ਡਿਊਟੀ ਨਿਭਾਏਗਾ। ਇਸ ਢਾਂਚੇ ਨੂੰ ਲਾਗੂ ਕਰਨ ਲਈ ਤਾਂ ਕਿਸੇ ਨਵੀਂ ਅਸਾਮੀ ਦੀ ਰਚਨਾ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਿਸਟਮ ਨੂੰ ਲਾਗੂ ਕਰਨ ਦੇ ਲਈ ਵਾਧੂ ਫੰਡ ਦਿੱਤੇ ਜਾਣਗੇ। ਮੰਤਰੀ ਮੰਡਲ ਨੇ ਸਪੈਸ਼ਲ ਸਕਿਊਰਟੀ ਗਰੁਪ ਆਰਡੀਨੈਂਸ 2010 ਜਾਰੀ ਕਰਨ ਅਤੇ ਪੰਜਾਬ ਰਾਜ ਆਰਮਡ ਫੋਰਸ ਦੀ ਸਥਾਪਨਾ ਕਰਨ ਅਤੇ ਉਸ ਨੂੰ ਰੈਗੂਲੇਟ ਕਰਨ ਦੀ ਪ੍ਰਵਾਨਗੀ ਦਿੱਤੀ ਹੈ ਤਾਂ ਜੋ ਧਮਕੀਆਂ ਦਿੱਤੇ ਜਾਣ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਿਕਟਵਰਤੀ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ। ਮੰਤਰੀ ਮੰਡਲ ਨੇ 1192 ਯੋਗ ਐਸ ਪੀ ਓਜ਼ ਨੂੰ ਕਾਂਸਟੈਬਲਾਂ ਦੀਆਂ ਖਾਲੀ ਅਸਾਮੀਆਂ ਵਿਰੁਧ ਅਡਜਸਟ/ਅਬਜਾਰਬ ਕਰਨ ਦੀ ਪ੍ਰਵਾਨਗੀ ਦੇਣ ਦੇ ਨਾਲ ਨਾਲ ਸਾਲ 2010-11 ਦੌਰਾਨ ਕਾਂਸਟੈਬਲਾਂ ਦੀਆਂ 800 ਖਾਲੀ ਅਸਾਮੀਆਂ ਵਿਰੁਧ ਨਵੀਂ ਨਿਯੁਕਤੀ ਕਰਨ ਲਈ ਸਿੱਧੀ ਭਰਤੀ ‘ਤੇ ਲੱਗੀ ਰੋਕ ਵਿਚ ਛੋਟ ਅਤੇ ਇਨ੍ਹਾਂ ਅਸਾਮੀਆਂ ਨੂੰ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਦੇ ਅਧਿਕਾਰੀ ਖੇਤਰ ਵਿਚੋਂ ਬਾਹਰ ਕੱਢਣ ਉਪਰੰਤ ਵਿਭਾਗੀ ਕਮੇਟੀ ਰਾਹੀਂ ਨਿਯੁਕਤ ਕਰਨ ਦੀ ਪ੍ਰਵਾਨਗੀ ਵੀ ਦਿੱਤੀ। ਇਸ ਤੋਂ ਇਲਾਵਾ ਪੁਲਿਸ ਵਿਭਾਗ ‘ਚ 1600 ਕਾਂਸਟੇਬਲਾਂ ਦੀਆਂ ਆਸਾਮੀਆਂ ਨੂੰ ਖਤਮ ਕਰਕੇ 600 ਹੈਡ ਕਾਂਸਟੇਬਲ, 400 ਏ ਐਸ ਆਈ, 400 ਸਬ-ਇੰਸਪੈਕਟਰ ਅਤੇ 200 ਇੰਸਪੈਕਟਰਾਂ ਦੀਆਂ ਵਾਧੂ ਅਸਾਮੀਆਂ ਦੀ ਰਚਨਾ ਦੀ ਪ੍ਰਵਾਨਗੀ ਵੀ ਦਿੱਤੀ। ਮੰਤਰੀ ਮੰਡਲ ਨੇ ਰਜਿਸਟਰਡ ਰਾਜਨੀਤਕ ਪਾਰਟੀਆਂ ਨੂੰ ਜ਼ਿਲ੍ਹਾ ਹੈਡਕੁਆਰਟਰਾਂ ‘ਤੇ ਦਫਤਰ ਖੋਲਣ ਲਈ ਜਗ੍ਹਾ ਅਲਾਟ ਕਰਨ ਦੀ ਪ੍ਰਵਾਨਗੀ ਦਿੱਤੀ। ਮੰਤਰੀ ਮੰਡਲ ਨੇ ਵਿਭਾਗੀ ਪਸ਼ੂ ਮੇਲਾ ਗਰਾਊਡਾਂ ਨੂੰ ਅਤਿ ਆਧੁਨਿਕ ਬਨਾਉਣ ਲਈ ਪਸ਼ੂ ਮੇਲਾ ਗਰਾਊਡ, ਨਬੀਪੁਰ (ਸਰਹਿੰਦ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਕੁਝ ਹਿੱਸੇ ਦਾ ਸਿੱਖਿਆ ਵਿਭਾਗ ਨਾਲ ਤਬਾਦਲਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇੱਥੇ ਜ਼ਿਕਰਯੋਗ ਹੈ ਕਿ ਰਾਜ ਸਰਕਾਰ ਨੇ ਪੜਾਅ ਵਾਰ ਕਿਲਿਆਂਵਾਲੀ ਜ਼ਿਲ੍ਹਾ ਮੁਕਤਸਰ, ਵੱਲਾ ਜ਼ਿਲ੍ਹਾ ਅੰਮ੍ਰਿਤਸਰ, ਨਬੀਪੁਰ(ਸਰਹਿੰਦ) ਜ਼ਿਲ੍ਹਾ ਫਤਿਹਗੜ੍ਹ ਸਾਹਿਬ ਅਤੇ ਤਰਨ ਤਾਰਨ ਜ਼ਿਲ੍ਹਾ ਤਰਨ ਤਾਰਨ ਦੀਆਂ ਪਸ਼ੂ ਮੇਲਾ ਗਰਾਊਂਡਾਂ ਨੂੰ ਅਤਿ-ਆਧੁਨਿਕ ਬਣਾਉਣ ਦਾ ਫੈਸਲਾ ਲਿਆ ਹੈ। ਜ਼ਿਲ੍ਹਾ ਪਟਿਆਲਾ ਵਿਚ ਰਾਜਪੁਰਾ ਤਹਿਸੀਲ ਬਨੂੜ ਏਰੀਏ ਦੇ 28 ਪਿੰਡਾਂ ਨੂੰ ਜ਼ਿਲ੍ਹਾ ਐਸ.ਏ.ਐਸ ਨਗਰ ਵਿਚ ਤਬਦੀਲ ਕਰਨ ਅਤੇ ਨਾਲ ਹੀ ਜ਼ਿਲ੍ਹਾ ਜਲੰਧਰ ਵਿਚ ਮਹਿਤਪੁਰ ਅਤੇ ਲੋਹੀਆਂ ਨੂੰ ਸਬ-ਤਹਿਸੀਲ ਬਣਾਉਣ ਦੀ ਵੀ ਕਾਰਜਭਾਰ ਪ੍ਰਵਾਨਗੀ ਵੀ ਦਿੱਤੀ। ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਸਿਟੀ ਟ੍ਰਾਂਸਪੋਰਟ ਸੇਵਾਵਾਂ ਮਿਊਂਸਪਲ ਹਦ ਤੋਂ ਬਾਹਰ ਪੰਜ ਕਿਲੋਮੀਟਰ ਦੇ ਘੇਰੇ ਵਿਚ ਵੀ ਚਲਾਉਣ ਦੀ ਪ੍ਰਵਾਨਗੀ ਦਿੱਤੀ।

## ਕਿਸਾਨਾਂ ਉਤੇ ਪਵੇਗਾ 500 ਕਰੋੜ ਦਾ ਹੋਰ ਬੋਝ

**ਜਲੰਧਰ :** ਨਵੇਂ ਆਰਥਿਕ ਸੋਮੇ ਜੁਟਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਗਈ ਦੋ ਮੈਂਬਰੀ ਕਮੇਟੀ ਦੀ ਰਿਪੋਰਟ ਵਿਚ ਭਾਵੇਂ ਕਿਸਾਨਾਂ ਤੋਂ ਮੁਫ਼ਤ ਬਿਜਲੀ-ਪਾਣੀ ਦੀ ਸਹੂਲਤ ਦੀ ਥਾਂ ‘ਤੇ ਉਨ੍ਹਾਂ ਤੋਂ ਬਿਲ ਵਸੂਲਣ ਦੀ ਗੱਲ ਕਹੀ ਗਈ ਹੈ ਪਰ ਬਿਜਲੀ ਬੋਰਡ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਬਿਜਲੀ ਬੋਰਡ ਨੂੰ ਰਾਹਤ ਮਿਲਣ ਦੀ ਸੰਭਾਵਨਾ ਨਹੀਂ ਹੈ। ਬਿਜਲੀ ਬੋਰਡ ਨੂੰ ਸਰਕਾਰ ਵਲੋਂ ਕਿਹਾ ਜਾਵੇਗਾ ਕਿ ਉਹ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਹਿਸਾਬ ਨਾਲ ਕਿਸਾਨਾਂ ਤੋਂ ਵਸੂਲੀ ਕਰੇ।

ਇਸ ਨਾਲ ਬਿਜਲੀ ਬੋਰਡ ਕੋਲ ਸਿਰਫ 500 ਕਰੋੜ ਰੁਪਏ ਹੀ ਆਵੇਗਾ। ਕਮੇਟੀ ਨੇ ਆਪਣੀ ਰਿਪੋਰਟ ਵਿਚ 4000 ਕਰੋੜ ਰੁਪਏ ਦੇ ਆਰਥਿਕ ਸੋਮੇ ਜੁਟਾਉਣ ਦੀ ਗੱਲ ਕਹੀ ਹੈ। ਇਸ ਤਰ੍ਹਾਂ ਤਕਰੀਬਨ 3500 ਕਰੋੜ ਰੁਪਏ ਦਾ ਬੋਝ ਤਾਂ ਸਿੱਧੇ ਤੌਰ ‘ਤੇ ਸ਼ਹਿਰੀਆਂ ‘ਤੇ ਪੈ ਗਿਆ ਹੈ ਜੋ ਕਿ ਵੈਟ ਦਰਾਂ ਵਿਚ ਵਾਧੇ, ਐਂਟਰੀ ਟੈਕਸ ਲਗਾਉਣ ਅਤੇ ਵੈਟ ਸਰਚਾਰਜ ਲਗਾਉਣ ਨਾਲ ਸੰਭਵ ਹੋਵੇਗਾ। ਭਾਜਪਾ ਵਿਚ ਵੀ ਰਿਪੋਰਟ ਨੂੰ ਲੈ ਕੇ ਉਬਾਲ ਆ ਗਿਆ ਹੈ। ਭਾਵੇਂ ਮੰਤਰੀਆਂ ਨੇ ਚੁੱਪ ਧਾਰੀ ਹੋਈ ਹੈ ਪਰ ਭਾਜਪਾ ਵਿਧਾਇਕਾਂ ਅਤੇ ਜ਼ਿਲਾ ਯੂਨਿਟਾਂ ਵਿਚ ਰਿਪੋਰਟ ਨੂੰ ਲੈ ਕੇ ਬੇਚੈਨੀ ਵਧਦੀ ਜਾ ਰਹੀ ਹੈ। ਭਾਜਪਾ ਵਾਲਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਜੇ ਰਿਪੋਰਟ ਲਾਗੂ ਹੋ ਜਾਂਦੀ ਹੈ ਤਾਂ ਅਗਲੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਦਾ ਮੁਕੰਮਲ ਸਫਾਇਆ ਹੋ ਜਾਵੇਗਾ। ਪਹਿਲਾਂ ਹੀ ਲੋਕ ਸਭਾ ਚੋਣਾਂ ਵਿਚ ਪਾਰਟੀ ਸ਼ਹਿਰੀਆਂ ਦੀ ਮਾਰ ਝੱਲ ਚੁੱਕੀ ਹੈ।

ਵੈਟ ਦੀਆਂ ਦਰਾਂ ਵਿਚ ਕੀਤੇ ਗਏ ਵਾਧੇ ਨੂੰ ਲੈ ਕੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਸਰਕਾਰ ਵਿਰੁਧ ਮੋਰਚਾ ਖੋਲ੍ਹ ਦਿੱਤਾ ਹੈ ਤੇ ਫਰਵਰੀ ਦੇ ਪਹਿਲੇ ਹਫਤੇ ਤੋਂ ਸਨਅਤਕਾਰਾਂ ਤੇ ਵਪਾਰੀ ਵਰਗ ਨੂੰ ਨਾਲ ਲੈ ਕੇ ਪੂਰੇ ਪੰਜਾਬ ਵਿਚ ਰੋਸ ਮੁਜ਼ਾਹਰੇ ਕਰਨ ਦਾ ਐਲਾਨ ਕਰ ਦਿੱਤਾ ਹੈ। ਇਹ ਵੀ ਪਤਾ ਲੱਗਾ ਹੈ ਕਿ ਵੈਟ ਦੀਆਂ ਦਰਾਂ ਵਿਚ ਕੀਤੇ ਗਏ ਵਾਧੇ ਨੂੰ ਲੈ ਕੇ ਭਾਜਪਾ ਦਾ ਅੰਦਰੂਨੀ ਕਲੇਸ਼ ਕਿਸੇ ਵੀ ਸਮੇਂ ਫੁੱਟ ਸਕਦਾ ਹੈ।

## ਪੰਜਾਬੀ ਭਾਸ਼ਾ ਤੋਂ ਛੁਟਕਾਰਾ ਪਾਉਣ ਦੇ ਚਾਹਵਾਨ ਅਦਾਰਿਆਂ ਦੀ ਮੁਹਿੰਮ ਠੁੱਸ

**ਚੰਡੀਗੜ੍ਹ :** ਪੰਜਾਬੀ ਭਾਸ਼ਾ ਨੂੰ ਸਰਕਾਰੀ ਕੰਮਕਾਜ ਵਿਚ ਲਾਗੂ ਕਰਨ ਤੋਂ ਕੰਨੀ ਕਤਰਾਉਣ ਵਾਲੇ ਰਾਜ ਸਰਕਾਰ ਦੇ ਕਈ ਅਦਾਰਿਆਂ ਦੀ ਮੁਹਿੰਮ ਨੂੰ ਭਾਰੀ ਧੱਕਾ ਲੱਗਿਆ ਹੈ। ਪੰਜਾਬੀ ਤੋਂ ਛੁਟਕਾਰਾ ਪਾਉਣ ਦੀ ਮੰਗ ਕਰਨ ਵਾਲੇ ਸਰਕਾਰੀ ਅਦਾਰਿਆਂ ਨੂੰ ਭਾਸ਼ਾ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਦਫਤਰੀ ਕੰਮਕਾਰ ਮਾਂ ਬੋਲੀ ਪੰਜਾਬੀ ਭਾਸ਼ਾ ਵਿਚ ਹੀ ਕਰਨਾ ਲਾਜ਼ਮੀ ਹੋਵੇਗਾ। ਵਿਭਾਗ ਨੇ ਤਰਕ ਦਿੱਤਾ ਹੈ ਕਿ ਪੰਜਾਬ ਸਰਕਾਰ ਦਾ ਕੋਈ ਵੀ ਅਦਾਰਾ, ਬੋਰਡ ਜਾਂ ਵਿਭਾਗ ਸਰਕਾਰ ਦੀ ਨੀਤੀ ਤੋਂ ਬਾਹਰ ਨਹੀਂ ਹੋ ਸਕਦਾ। ਭਾਸ਼ਾ ਵਿਭਾਗ ਵਲੋਂ ਅਪਣਾਏ ਇਸ ਰੁਖ਼ ਕਾਰਨ ਪੰਜਾਬੀ ਤੋਂ ਛੋਟ ਮੰਗਣ ਵਾਲੇ ਪੰਜਾਬ ਦੇ ਦੋ ਅਦਾਰਿਆਂ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟਰੇਸ਼ਨ (ਮੈਗਸੀਪਾ) ਅਤੇ ਕੌਮੀ ਦਿਹਾਤੀ ਸਿਹਤ ਮਿਸ਼ਨ (ਐਨ.ਆਰ.ਐਚ.ਐਮ.) ਦੀ ਪੰਜਾਬ ਸ਼ਾਖਾ ਦੇ ਅਧਿਕਾਰੀਆਂ ਨੂੰ ਹੀ ਚੁੱਪ ਨਹੀਂ ਕਰਨਾ ਪਿਆ ਸਗੋਂ ਦਫਤਰੀ ਕੰਮ ਕਾਰ ਅੰਗਰੇਜ਼ੀ ਵਿਚ ਕਰਨ ਲਈ ਸਰਕਾਰ ਤੋਂ ਪ੍ਰਵਾਨਗੀ ਲੈਣ ਦਾ ਅਧਾਰ ਬਣਾ ਰਹੇ ਹੋਰਨਾਂ ਕਈ ਅਦਾਰਿਆਂ ਦੀ ਮੁਹਿੰਮ ਵੀ ਠੁੱਸ ਹੋ ਕੇ ਰਹਿ ਗਈ ਹੈ।

‘ਮੈਗਸੀਪਾ’ ਵਲੋਂ ਭਾਸ਼ਾ ਵਿਭਾਗ ਨੂੰ ਲਿਖੇ ਪੱਤਰ ਰਾਹੀਂ ਪੰਜਾਬੀ ਤੋਂ ਛੋਟ ਮੰਗਦਿਆਂ ਤਰਕ ਦਿੱਤਾ ਸੀ ਕਿ ਇਹ ਸੰਸਥਾ ਸੁਸਾਇਟੀ ਐਕਟ ਅਧੀਨ ਰਜਿਸਟਰਡ ਹੋਈ ਹੈ, ਇਸ ਕਰਕੇ ਇਸ ਸੰਸਥਾ ਉਪਰ ਪੰਜਾਬ ਵਿਧਾਨ ਸਭਾ ਵਲੋਂ ਬਣਾਇਆ ਗਿਆ ਕਾਨੂੰਨ ਇਸ ਕਰਕੇ ਲਾਗੂ ਨਹੀਂ ਹੁੰਦਾ ਕਿਉਂਕਿ ਪੰਜਾਬੀ ਭਾਸ਼ਾ ਕਾਨੂੰਨ ਵਿਚ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਇਸ ਕਾਨੂੰਨ ਮੁਤਾਬਕ ਸੁਸਾਇਟੀ ਐਕਟ ਅਧੀਨ ਬਣੀਆਂ ਸੰਸਥਾਵਾਂ ਦਾ ਕੰਮ ਕਾਰ ਵੀ ਪੰਜਾਬੀ ਵਿਚ ਹੋਵੇ। ਮੈਗਸੀਪਾ ਦੇ ਅਧਿਕਾਰੀਆਂ ਵਲੋਂ ਪੰਜਾਬੀ ਭਾਸ਼ਾ ਤੋਂ ਛੋਟ ਪਾਉਣ ਦਾ ਮਾਮਲਾ ਮੁੱਖ ਸਕੱਤਰ ਸੁਬੋਧ ਚੰਦਰ ਅਗਰਵਾਲ ਦੇ ਦਰਬਾਰ ਤੱਕ ਗਿਆ। ਸੂਤਰਾਂ ਮੁਤਾਬਕ ਮੁੱਖ ਸਕੱਤਰ ਵੀ ਭਾਸ਼ਾ ਵਿਭਾਗ ਦੀਆਂ ਦਲੀਲਾਂ ਨਾਲ ਸਹਿਮਤ ਹਨ ।

## ਮਨਮੋਹਨ ਦੀ ਨਵੀਂ ਫਿਲਮ ਦੀ ਸ਼ੂਟਿੰਗ ਜਾਰੀ

**ਅਮ੍ਰਿਤਸਰ:** ਹਾਲੀਆਂ ਰਿਲੀਜ਼ ਪੰਜਾਬੀ ਫਿਲਮ ‘ਮੁੰਡੇ ਯੂ.ਕੇ.ਦੇ’ ਨੂੰ ਦੇਸ਼ ਵਿਦੇਸ਼ ਵਿਚ ਮਿਲੀ ਭਰਪੂਰ ਕਾਮਯਾਬੀ ਅਤੇ ਸਰਾਹਨਾ ਤੋਂ ਬਾਅਦ ਨਿਰਦੇਸ਼ਕ ਮਨਮੋਹਨ ਸਿੰਘ ਇਕ ਵਾਰ ਫਿਰ ਦੁੱਗਣੇ ਚਾਅ, ਉਤਸ਼ਾਹ ਨਾਲ ਆਪਣੀ ਅਗਲੀ ਫਿਲਮ ‘ਇਕ ਕੁੜੀ ਪੰਜਾਬ ਦੀ’ ਨੂੰ ਅੰਤਿਮ ਛੋਹਾਂ ਦੇਣ ਵਿਚ ਜੁਟ ਗਏ ਹਨ। ਪੰਜਾਬੀ ਸਿਨੇਮਾਂ ਨੂੰ ਬੁਲੰਦੀਆਂ ਤੇ ਪਹੁੰਚਾਉਣ ਦੇ ਪੰਜਾਬੀਆਂ ਨਾਲ ਕੀਤੇ ਵਾਅਦੇ ਨੂੰ ਪੂਰਿਆ ਕਰਨ ਦੀ ਲੜੀ ਤਹਿਤ ਬਣਾਈ ਜਾ ਰਹੀ ਇਸ ਬਿਗ ਬਜਟ ਪੰਜਾਬੀ ਫਿਲਮ ਦੀ ਸ਼ੂਟਿੰਗ ਸ੍ਰੀ ਅਮ੍ਰਿਤਸਰ ਸਾਹਿਬ, ਚੰਡੀਗੜ੍ਹ ਅਤੇ ਇਨ੍ਹਾਂ ਦੇ ਆਸ, ਪਾਸ ਦੇ ਇਲਾਕਿਆਂ ਵਿਚ ਪੂਰੀ ਕੀਤੀ ਜਾ ਰਹੀ ਹੈ। ‘ਪੰਜਾਬ ਮੂਵੀਜ਼ ਇੰਟਰਨੈਸ਼ਨਲ’ ਦੇ ਬੈਨਰਜ਼ ਹੇਠ ਬਣ ਰਹੀ ਇਸ ਫਿਲਮ ਦੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸੰਪੂਰਨ ਕੀਤੇ ਗਏ ਸ਼ਡਿਊਲ ਦੌਰਾਨ ਨਿਰਦੇਸ਼ਕ ਮਨ ਜੀ ਤੋਂ ਫਿਲਮ ਦੇ ਥੀਮ ਸਬੰਧੀ ਜਾਣਿਆ ਤਾਂ ਉਨ੍ਹਾਂ ਦੱਸਿਆ ਕਿ ਇਸ ਫਿਲਮ ਦਾ ਧੁਰਾ ਰੰਗਮੰਚ ਦੁਆਲੇ ਕੇਂਦਰਿਤ ਕੀਤਾ ਹੀ ਗਿਆ ਹੈ ਨਾਲ ਹੀ ਇਹ ਇਕ ਅਜਿਹੀ ਪੰਜਾਬੀ ਲੜਕੀ ਦੀ ਕਹਾਣੀ ਵੀ ਹੈ ਜੋ ਲੜਕਿਆਂ ਵਾਂਗ ਸਮਾਜ ਵਿਚ ਅਪਣਾ ਰੁਤਬਾ ਬੁਲੰਦ ਕਰਨਾ ਚਾਹੁੰਦੀ ਹੈ। ਅਪਣੇ ਕੁਝ ਕਰ ਗੁਜਰਣ ਦੇ ਦ੍ਰਿੜ ਇਰਾਦੇ ਸਦਕਾ ਇਹ ਆਪਣੇ ਸੁਪਨਿਆਂ ਨੂੰ ਅੰਜਾਮ ਦੇਣ ਵਿਚ ਸਫਲ ਵੀ ਰਹਿੰਦੀ ਹੈ। ਪੰਜਾਬੀ ਸਿਨੇਮਾਂ ਨੂੰ ਪੜਾਅ ਦਰ ਪੜਾਅ ਤਰੱਕੀ ਦਾ ਹੁਲਾਰਾ ਦੇ ਰਹੇ ਮਨ ਜੀ ਨੇ ਅੱਗੇ ਦੱਸਿਆ ਕਿ ਪੰਜਾਬੀ ਸਿਨੇਮਾਂ ਲਈ ਇਕ ਹੋਰ ਮਾਣਮੱਤੀ ਪ੍ਰਾਪਤੀ ਬਣਨ ਜਾ ਰਹੀ ਇਸ ਫਿਲਮ ਵਿਚ ਟਾਈਟਲ ਕਿਰਦਾਰ ਥੀਏਟਰ ਨੂੰ ਸਮਰਪਿਤ ਪ੍ਰਤਿਭਾਸ਼ਾਲੀ ਯੁਵਾ ਅਦਾਕਾਰਾ ਜਸਪਿੰਦਰ ਚੀਮਾ ਨਿਭਾ ਰਹੀ ਹੈ ਜੋ ਸਾਲ 2008 ਵਿਚ ਮਿਸ ਈ.ਟੀ.ਸੀ. ਦਾ ਖਿਤਾਬ ਵੀ ਆਪਣੀ ਝੋਲੀ ਪਾ ਚੁੱਕੀ ਹੈ। ਨਿਰਦੇਸ਼ਕ ਮਨ ਜੀ ਵਲੋਂ ਨਿਰਦੇਸ਼ਤ ਪਿਛਲੀਆਂ ਫਿਲਮਾਂ ਦੀ ਤਰ੍ਹਾਂ ਇਸ ਵਾਰ ਵੀ ਵੱਡੇ ਪੱਧਰ ’ਤੇ ਬਣਾਈ ਜਾ ਰਹੀ ਇਸ ਫਿਲਮ ਵਿਚ ਅਮਰਿੰਦਰ ਗਿੱਲ ਵੀ ਇਕ ਵਾਰ ਫਿਰ ਮੁੱਖ ਕਿਰਦਾਰ ਨਿਭਾ ਰਹੇ ਹਨ, ਜਿਨ੍ਹਾਂ ਨਾਲ ‘ਬਾਲੀਵੁੱਡ’ ਵਿਚ ਚੰਗਾ ਨਾਮਣਾ ਖੱਟ ਰਹੇ ਅਮਨ ਧਾਲੀਵਾਲ ਤੋਂ ਇਲਾਵਾ ਗੁੱਗੂ ਗਿੱਲ, ਗੁਰਪ੍ਰੀਤ ਘੁੱਗੀ, ਦੀਪ ਢਿੱਲੋਂ, ਰਾਣਾ ਰਣਬੀਰ, ਕੰਵਲਜੀਤ, ਅਹਿਮ ਕਿਰਦਾਰਾ ਵਿਚ ਨਜ਼ਰ ਆਉਣਗੇ।





ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ, ਅਦਾਕਾਰ

## ਵਿਦੇਸ਼ੀ ਪੰਜਾਬੀ ਪੱਤਰਕਾਰੀ ਦੀ ਦੇਣ ਸਬੰਧੀ ਸੈਮੀਨਾਰ

**ਅੰਮ੍ਰਿਤਸਰ:** “ਪੰਜਾਬੀ ਪੱਤਰਕਾਰੀ ਨੇ ਵਿਦੇਸ਼ ਰਹਿੰਦੇ ਪੰਜਾਬੀ ਭਾਈਚਾਰੇ ਨੂੰ ਨਾ ਸਿਰਫ ਆਪਣੀਆਂ ਜੜ੍ਹਾਂ ਨਾਲ ਜੋੜਿਆ ਹੋਇਆ ਹੈ, ਸਗੋਂ ਉਥੇ ਉਨ੍ਹਾਂ ਨੂੰ ਖਬਰਾਂ ਤੇ ਮਨੋਰੰਜਨ ਤੋਂ ਇਲਾਵਾ ਧਾਰਮਿਕ, ਸਭਿਆਚਾਰਕ, ਰਾਜਨੀਤਕ ਅਤੇ ਸਮਾਜਿਕ ਸਰਗਰਮੀਆਂ ਤੋਂ ਵੀ ਪੂਰੀ ਤਰ੍ਹਾਂ ਜਾਣੂ ਕਰਾਉਂਦੀ ਹੈ। ਉਥੇ ਵਿਦੇਸ਼ਾਂ ਵਿਚ ਪੰਜਾਬੀ ਅਖਬਾਰ ਮੁਫ਼ਤ ਵੰਡੇ ਜਾਂਦੇ ਹਨ ਅਤੇ ਲੋਕ ਬੜੇ ਸ਼ੌਕ ਨਾਲ ਇਨ੍ਹਾਂ ਨੂੰ ਪੜ੍ਹਦੇ ਹਨ।” ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਮਰੀਕਾ ਦੇ ਕੈਲੀਫੋਰਨੀਆ ਸੂਬੇ ਦੀ ਰਾਜਧਾਨੀ ਸੈਕਰਾਮੈਂਟੋਂ ਤੋਂ ਪ੍ਰਕਾਸ਼ਿਤ ਪੰਜਾਬ ਮੇਲ ਯੂ.ਐਸ.ਏ. ਦੇ ਮੁੱਖ ਸੰਪਾਦਕ ਸ੍ਰੀ ਗੁਰਜਤਿੰਦਰ ਸਿੰਘ ਰੰਧਾਵਾ ਨੇ ਕੀਤਾ।

ਉਹ ਇਥੇ ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ ਲਿਮਟਿਡ ਵਲੋਂ ਸਥਾਨਕ ਅਸ਼ੋਕਾ ਸੀਨੀਅਰ ਸੈਕੰਡਰੀ ਸਕੂਲ ਵਿਖੇ “ਵਿਦੇਸ਼ਾਂ ਵਿਚ ਪੰਜਾਬੀ ਪੱਤਰਕਾਰੀ ਦੀ ਪੰਜਾਬੀ ਭਾਈਚਾਰੇ ਨੂੰ ਦੇਣ” ਵਿਸ਼ੇ ‘ਤੇ ਕਰਵਾਏ ਗਏ ਸੈਮੀਨਾਰ ਵਿਚ ਸ਼ਾਮਲ ਹੋਣ ਲਈ ਆਏ ਸਨ। ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਪ੍ਰਤੀ ਪਾਏ ਯੋਗਦਾਨ ਲਈ ਸੋਸਾਇਟੀ ਵਲੋਂ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਪ੍ਰਬੰਧਕੀ ਨਿਰਦੇਸ਼ਕ ਡਾ. ਚਰਨਜੀਤ ਸਿੰਘ ਗੁਮਟਾਲਾ, ਨੇ ਕੀਤੀ। ਇਸ ਮੌਕੇ ਉੱਘੀਆਂ ਸ਼ਖਸ਼ੀਅਤਾਂ ਮੌਜੂਦ ਸਨ।

## ਸੁਨਹਿਰੀ ਵਾਲਾਂ ਵਾਲੀਆਂ ਔਰਤਾਂ ਤੋਂ ਕਿਉਂ ਡਰਦੇ ਨੇ ਮਰਦ?

**ਲੰਦਨ :** ਸਾਲਾਂ ਤੋਂ ਮਰਦ ਸੁਨਹਿਰੀ ਵਾਲਾਂ ਵਾਲੀਆਂ ਵਾਲੀਆਂ ਔਰਤਾਂ ਦਾ ਮਜ਼ਾਕ ਉਡਾਉਂਦੇ ਆਏ ਹਨ ਅਤੇ ਔਰਤਾਂ ਇਸਦਾ ਜਵਾਬ ਲੱਭ ਰਹੀਆਂ ਹਨ। ਪਰ ਹੁਣ ਖੋਜ ਕਰਤਾਵਾਂ ਨੇ ਇਸਦਾ ਉੱਤਰ ਪਤਾ ਲਾ ਲਿਆ ਹੈ। ਯੋਰੂਸ਼ਲਮ ਦੀ ਹਿਬਰੂ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੀ ਮੰਨੀਏ ਤਾਂ ਮਰਦ ਇਸ ਲਈ ਇਨ੍ਹਾਂ ਔਰਤਾਂ ’ਤੇ ਚੁਟਕਲੇ ਬਣਾਉਂਦੇ ਅਤੇ ਫਬਤੀਆਂ ਕਸਦੇ ਹਨ ਕਿਉਂਕਿ ਉਹ ਉਨ੍ਹਾਂ ਦੇ ਚੰਚਲ ਅੰਦਾਜ਼ ਅਤੇ ਸੈਕਸੂਐਲਿਟੀ ਤੋਂ ਡਰਦੇ ਹਨ। ਇਹ ਅਧਿਐਨ ਦੋ ਬਰੂਨਟੇਸ ਯਾਨੀ ਗਹਿਰੇ ਵਾਲਾਂ ਵਾਲੀਆਂ ਮਹਿਲਾਵਾਂ ਨੇ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਉਨ੍ਹਾਂ ’ਤੇ ਬਣਨ ਵਾਲੇ ਚੁਟਕਲੇ ਮਰਦ ਇਸ ਲਈ ਮਜ਼ੇ ਲੈ ਕੇ ਸੁਣਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦਾ ਡਰ ਖਤਮ ਹੁੰਦਾ ਹੈ ਅਤੇ ਉਨ੍ਹਾਂ ਵਿਚ ਸ਼੍ਰੇਸ਼ਠਤਾ ਦਾ ਭਾਵ ਪੈਦਾ ਹੁੰਦਾ ਹੈ। ਯੂਨੀਵਰਸਿਟੀ ਦੀ ਡਾ. ਲਿਮੋਰ ਸ਼ਿਫਮੈਨ ਨੇ ਕਿਹਾ, ਹਾਲੀਵੁਡ ਦੀਆਂ ਬਹੁਤ ਸਾਰੀਆਂ ਅਭਿਨੇਤਰੀਆਂ ਨੇ ਆਕਰਸ਼ਣ ਪੂਰਣ ਸਨਿਹਰੀ ਵਾਲਾਂ ਵਾਲੀਆਂ ਔਰਤਾਂ ਦੇ ਚਰਿੱਤਰ ਨਿਭਾਏ ਹਨ। ਇਨ੍ਹਾਂ ਵਿਚੋਂ ਮਰਲਿਨ ਮੁਨਰੋ, ਜੀਨ ਹਾਰਲੋ ਅਤੇ ਜੇਨ ਮੈਨਸਫੀਲਡ ਸ਼ਾਮਿਲ ਹਨ। ਇਹੋ ਜਿਹੇ ਚਰਿੱਤਰ ਹਾਲੇ ਵੀ ਮੌਜੂਦ ਹਨ ਨਾ ਸਿਰਫ ਫਿਲਮਾਂ ਵਿਚ ਬਲਕਿ ਵਿਗਿਆਪਨ ਜਗਤ ਅਤੇ ਟੈਲੀਵੀਜਨ ਵਿਚ ਵੀ। ਇੰਟਰਨੈੱਟ ਦੇ ਆਉਣ ਨਾਲ ‘ਸੈਕਸੀ ਅਤੇ ਬੇਵਕੂਫ ਬਲਾਂਡ’ ਦੀ ਛਵੀ ਉਨਾਂ ਦੇਸ਼ਾਂ ਵਿਚ ਵੀ ਪਹੁੰਚ ਗਈ ਹੈ ਜਿੱਥੇ ਇਸ ਤੋਂ ਪਹਿਲਾਂ ਕਦੇ ਉਨ੍ਹਾਂ ਦੇ ਬਣੇ ਚੁਟਕਲਿਆਂ ਦਾ ਮਜ਼ਾ ਲੋਕਾਂ ਨੇ ਨਹੀਂ ਲਿਆ ਸੀ। ਇਨ੍ਹਾਂ ਦੇਸ਼ਾਂ ਵਿਚ ਬ੍ਰਾਜ਼ੀਲ, ਚੀਨ, ਜਾਪਾਨ ਅਤੇ ਅਰਬ ਦੇਸ਼ ਸ਼ਾਮਿਲ ਹਨ। ਸੋਸਾਈਟੀ ਪੱਤਰਿਕਾ ਵਿਚ ਡਾ. ਸ਼ਿਫਮੈਨ ਅਤੇ ਉਨਾਂ ਦੀ ਸਹਿਯੋਗੀ ਡਾਫਨਾ ਲੈਮਿਸ਼ ਨੇ ਲਿਖਿਆ ਹੈ, ਬਲਾਨਡਸ ਤੇ ਬਣੇ ਚੁਟਕਲਿਆਂ ਦੀ ਲੋਕਪ੍ਰਿਅਤਾ ਉਨਾਂ ਦੇਸ਼ਾਂ ਵਿਚ ਜਿਆਦਾ ਹੈ ਜਿੱਥੇ ਵਾਲ ਰੰਗਣਾ ਕੋਈ ਅਨੋਖੀ ਗੱਲ ਨਹੀਂ ਹੈ। ਇਹੋ ਜਿਹੇ ਚੁਟਕਲੇ ਫਿਨਲੈਂਡ ਅਤੇ ਨਾਰਵੇ ਵਿਚ ਲੋਕਪ੍ਰਿਆ ਹੋ ਰਹੇ ਹਨ।

## ਤਿਰਛੀ ਨਜ਼ਰ

ਜਸਵੰਤ ਸਿੰਘ ਸ਼ਾਦ, ਸਟਾਕਟਨ

***ਉਪ ਮੁੱਖ ਮੰਤਰੀ ਹੁਣ ਸਾਡੀ ਮੰਗ ਨਹੀਂ ਰਹੀ-ਭੰਡਾਰੀ**

-ਕੋਈ ਹੋਰ ਡੀਲ ਬਣ ਗਈ ਹੋਣੀ ਐ।

***ਸ਼ਹੀਦ ਭਗਤ ਸਿੰਘ ਕਰਦਾ ਸੀ ਗਾਇਤਰੀ ਮੰਤਰ ਦਾ ਜਾਪ-ਨਵਾਂ ਖੁਲਾਸਾ**

-ਆਰੀਆ ਸਮਾਜੀ ਪਰਿਵਾਰ 'ਚੋਂ ਸੀ, ਹੋਰ ਕੀ ਕਰਦਾ।

***ਦਰਬਾਰ ਸਾਹਿਬ ਉਤੇ ਫੌਜੀ ਹਮਲੇ ਪਿਛੋਂ ਲੱਡੂ ਵੰਡਣ ਵਾਲੇ ਦਾ ਬੁੱਤ ਸਥਾਪਤ ਕੀਤਾ ਅਕਾਲੀ ਸਰਕਾਰ ਨੇ**

-ਇਬਤਦਾਏ ਇਸ਼ਕ ਹੈ ਰੋਤਾ ਹੈ ਕਿਆ,
ਆਗੇ ਆਗੇ ਦੇਖੀਏ ਹੋਤਾ ਹੈ ਕਿਆ।

***ਜਥੇਦਾਰ ਟੌਹੜਾ ਦੇ ਸਾਰੀ ਉਮਰ ਆਪਣਾ ਕੁਝ ਨਹੀਂ ਬਣਾਇਆ**

-ਤੇ ਬਣਨ ਉਨ੍ਹਾਂ ਨੇ ਕੌਮ ਦਾ ਵੀ ਕੁਝ ਨਹੀਂ ਦਿੱਤਾ ਜਥੇਦਾਰੋ।

***ਸੀ.ਬੀ.ਆਈ. ਨੂੰ ਸੱਜਣ ਕੁਮਾਰ ਵਿਰੁਧ ਕਾਰਵਾਈ ਲਈ ਹਰੀ ਝੰਡੀ**

-ਟਾਈਟਲਰ ਵਾਂਗ ਉਹਨੂੰ ਵੀ ਕਲੀਨ ਚਿੱਟ ਮਿਲੀ ਸਮਝੋ!

***ਪੰਜਾਬ ਦੀ ਖੁਸ਼ਬੋ ਮੇਰੇ ਰੋਮ ਰੋਮ ਵਿਚ ਹੈ-ਅਜੇ ਦੇਵਗਨ**

-ਲੱਗਦੈ ਜਨਾਬ ਦੀ ਪੰਜਾਬ ਆਧਾਰਤ ਕੋਈ ਫਿਲਮ ਰਿਲੀਜ਼ ਹੋਣ ਜਾ ਰਹੀ ਹੈ!

***ਯੂ. ਕੇ. ਦਾ ਸਭ ਤੋਂ ਵੱਧ ਵਿਕਣ ਵਾਲਾ ਜੁਰਮ ਲੇਖਕ ਲਾਨ ਰਾਨਕੁਨ ਭਾਰਤੀ ਦੌਰੇ 'ਤੇ**

-ਸਹੀ ਜਗ੍ਹਾ ਗਿਐ! ਲਿਖਣ ਲਈ ਬੜਾ ਮਸਾਲਾ ਮਿਲੂਗਾ।

*To Advertise with us*
*call: 847-359-0746*
*Fax:847-705-9388*

# ਪੁਲਿਸ ਕਮਿਸ਼ਨਰ ਲਾਉਣ ਦਾ ਮਾਮਲਾ ਬਣਿਆ ਵਿਵਾਦ

**ਅੰਮ੍ਰਿਤਸਰ :** ਪੰਜਾਬ ਵਿਚ ਪੁਲਿਸ ਕਮਿਸ਼ਨਰ ਪ੍ਰਣਾਲੀ ਨੂੰ ਲਾਗੂ ਕਰਨ ਸਬੰਧੀ ਸੂਬਾ ਸਰਕਾਰ ਵਲੋਂ ਮਨਜ਼ੂਰੀ ਦਿੱਤੇ ਜਾਣ ਨਾਲ ਕਮਿਸ਼ਨਰ ਦੀ ਨਿਯੁਕਤੀ ਨੂੰ ਲੈ ਕੇ ਨਵਾਂ ਵਿਵਾਦ ਛਿੜ ਗਿਆ ਹੈ। ਸਰਕਾਰ ਦੀ ਇਸ ਨੀਤੀ ਦਾ ਜਿੱਥੇ ਮਨੁੱਖੀ ਅਧਿਕਾਰਾਂ ਦੀ ਰਾਖ਼ੀ ਕਰਨ ਵਾਲੀਆਂ ਜਥੇਬੰਦੀਆਂ ਸਖ਼ਤ ਵਿਰੋਧ ਕਰ ਰਹੀਆਂ ਹਨ, ਉਥੇ ਸਾਬਕਾ ਤੇ ਮੌਜੂਦਾ ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜੇਕਰ ਇਸ ਨੀਤੀ ਨੂੰ ਸਹੀ ਤਰੀਕੇ ਨਾਲ ਲਾਗੂ ਕਰ ਦਿੱਤਾ ਜਾਵੇ ਤਾਂ ਇਹ ਵਧੀਆ ਨਤੀਜੇ ਦੇਵੇਗੀ। ਇਸ ਦੇ ਨਾਲ ਹੀ ਇਹ ਪ੍ਰਣਾਲੀ ਸੀਨੀਅਰ ਪੁਲਿਸ ਅਧਿਕਾਰੀਆਂ ਅੰਦਰ ਧੜੇਬੰਦੀ ਨੂੰ ਹੋਰ ਤੇਜ਼ ਕਰੇਗੀ।

ਕਮਿਸ਼ਨਰ ਪ੍ਰਣਾਲੀ ਬਾਰੇ ਜਦੋਂ ਪੰਜਾਬ ਦੇ ਸਾਬਕਾ ਪੁਲਿਸ ਮੁਖੀ ਕੇ ਪੀ ਐਸ ਗਿੱਲ ਨਾਲ ਟੈਲੀਫੋਨ 'ਤੇ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਸਰਕਾਰ ਦਾ ਵਧੀਆ ਫੈਸਲਾ ਹੈ ਤੇ ਜੇਕਰ ਇਹ ਸਹੀ ਤਰੀਕੇ ਨਾਲ ਲਾਗੂ ਹੋ ਜਾਵੇ ਤਾਂ ਸਰਕਾਰੀ ਦਫ਼ਤਰਾਂ ਵਿਚ ਲੋਕਾਂ ਦੀ ਹੁੰਦੀ ਖੱਜਲ- ਖੁਆਰੀ ਘੱਟ ਜਾਵੇਗੀ। ਉਨ੍ਹਾਂ ਨਾਲ ਹੀ ਕਿਹਾ ਕਿ ਇਹ ਪ੍ਰਣਾਲੀ ਤਾਂ ਹੀ ਕਾਮਯਾਬ ਹੋ ਸਕਦੀ ਹੈ ਜਦੋਂ ਇਸ ਨੂੰ ਸਿਆਸੀ ਗਲਬੇ ਤੋਂ ਮੁਕਤ ਕਰ ਦਿੱਤਾ ਜਾਵੇ। ਸਾਬਕਾ ਪੁਲਿਸ ਮੁਖੀ ਨੇ ਮੰਨਿਆ ਕਿ ਪੁਲਿਸ ਦੀ ਮੌਜੂਦਾ ਦਿਖ ਲਈ ਪੁਲਿਸ ਵਾਲੇ ਹੀ ਜ਼ਿੰਮੇਵਾਰ ਹਨ। ਉਨ੍ਹਾਂ ਮਿਸਾਲ ਦਿੱਤੀ ਕਿ ਰੁਚਿਕਾ ਮਾਮਲਾ, ਸ਼ਿਵਾਨੀ ਭਟਨਾਗਰ ਕਤਲ ਕਾਂਡ ਨੇ ਪੁਲਿਸ ਦੀ ਦਿਖ ਨੂੰ ਬਦਨਾਮ ਕੀਤਾ ਹੈ। ਪਰ ਜਦੋਂ ਉਨ੍ਹਾਂ ਤੋਂ ਰੂਪਨ ਦਿਓਲ ਬਜਾਜ ਬਾਰੇ ਪੁੱਛਿਆ ਗਿਆ ਤਾਂ ਉਹ ਕੋਈ ਜਵਾਬ ਨਾ ਦੇ ਸਕੇ।

ਦੂਜੇ ਪਾਸੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਪੰਜਾਬ ਦੇ ਮੈਂਬਰ ਸ੍ਰੀ ਲਖਣਪਾਲ ਨੇ ਇਸ ਪ੍ਰਣਾਲੀ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਹ ਸ਼ਲਾਘਯੋਗ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਪ੍ਰਣਾਲੀ ਤਾਂ ਹੀ ਸਫ਼ਲ ਹੋ ਸਕਦੀ ਹੈ, ਜੇਕਰ ਇਸ ਨੂੰ ਵਜ਼ੀਰਾਂ-ਵਿਧਾਇਕਾਂ ਦੇ ਹੱਥਾਂ ਦੀ ਕਠਪੁਤਲੀ ਨਾ ਬਣਾਇਆ ਜਾਵੇ। ਸ੍ਰੀ ਲਖਣਪਾਲ ਨੇ ਕਿਹਾ ਕਿ ਜੇਕਰ ਇਸ ਪ੍ਰਣਾਲੀ ਵਿਚ ਸਿਆਸੀ ਦਖ਼ਲਅੰਦਾਜ਼ੀ ਕੀਤੀ ਗਈ ਤਾਂ ਜ਼ਿਆਦਾਤਰ ਕਮਿਸ਼ਨਰ ਆਪਣੀ ਕੁਰਸੀ ਬਚਾਉਣ ਲਈ ਸੱਚ ਨਹੀਂ ਬੋਲਣਗੇ। ਉਨ੍ਹਾਂ ਇਹ ਵੀ ਕਿਹਾ ਕਿ ਸਿਆਸੀ ਦਖ਼ਲਅੰਦਾਜ਼ੀ ਕਾਰਨ ਜਨਤਾ ਦਾ ਝੁਕਾਅ ਨਿਆਂ-ਪਾਲਿਕਾ ਵਲ ਵਧ ਜਾਵੇਗਾ। ਇਸੇ ਤਰ੍ਹਾਂ ਪੰਜਾਬ ਹਿਊਮਨ ਰਾਇਟਸ ਕਮਿਸ਼ਨ ਦੇ ਡਿਪਟੀ ਚੇਅਰਮੈਨ ਕ੍ਰਿਪਾਲ ਸਿੰਘ ਰੰਧਾਵਾ ਤੇ ਖਾਲੜਾ ਕਮਿਸ਼ਨ ਆਰਗੇਨਾਈਜ਼ੇਸ਼ਨ ਦੀ ਮੁਖੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਪੰਜਾਬ ਪੁਲਿਸ ਨੂੰ ਇਹ ਅਧਿਕਾਰ ਦੇਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਮਾਮਲਿਆਂ ਵਿਚ ਪੁਲਿਸ ਨੇ ਲੋਕਾਂ ਨਾਲ ਨਿਆਂ ਨਹੀਂ ਕੀਤਾ ਤੇ ਕਮਿਸ਼ਨਰ ਦਾ ਅਹੁਦਾ ਬਹਾਲ ਹੋਣ ਨਾਲ ਜ਼ਿਲ੍ਹਾ ਪੱਧਰ 'ਤੇ ਬੈਠੇ ਸੀਨੀਅਰ ਅਧਿਕਾਰੀ ਰਬੜ ਦੀ ਮੋਹਰ ਬਣ ਜਾਣਗੇ। ਕਮਿਸ਼ਨਰ ਪ੍ਰਣਾਲੀ ਅਧੀਨ ਨਿਯੁਕਤ ਅਧਿਕਾਰੀ ਸੂਬੇ ਦੇ ਗ੍ਰਹਿ ਮੰਤਰੀ ਦੇ ਹੁਕਮਾਂ 'ਤੇ ਸਿਆਸੀ ਵਿਰੋਧੀਆਂ ਨਾਲ ਕਿੜਾਂ ਵੀ ਕੱਢਣਗੇ। ਇਸੇ ਤਰ੍ਹਾਂ ਡਾ. ਅਬੰਦੇਕਰ ਫਾਰ ਸੋਸ਼ਲ ਜਸਟਿਸ ਐਂਡ ਲੇਬਰ ਯੂਨੀਅਨ ਦੇ ਜਨਰਲ ਸਕੱਤਰ ਬੂਟਾ ਸਿੰਘ ਨੇ ਕਿਹਾ ਕਿ ਕਮਿਸ਼ਨ ਸਿਸਟਮ ਨਾਲ ਪੁਲਿਸ ਦੀਆਂ ਜ਼ਿਆਦਤੀਆਂ ਸਬੰਧੀ ਪਟੀਸ਼ਨਾਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਸੁਖਬੀਰ ਬਾਦਲ ਨੇ ਪਹਿਲਾਂ ਮੀਡੀਆ, ਵਪਾਰ ਤੇ ਹੁਣ ਅਸਿੱਧੇ ਤੌਰ 'ਤੇ ਪੁਲਿਸ ਨੂੰ ਆਪਣੇ ਅਧੀਨ ਲੈਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਇਹ ਪ੍ਰਣਾਲੀ ਲਾਗੂ ਹੋਣ ਨਾਲ ਕਈ ਪੁਲਿਸ ਅਧਿਕਾਰੀ ਗ੍ਰਹਿ ਵਿਭਾਗ ਦੇ ਦਫ਼ਤਰ ਦੇ ਚੱਕਰ ਕੱਟਦੇ ਰਹਿਣਗੇ। ਆਉਣ ਵਾਲੇ ਦਿਨਾਂ ਵਿਚ ਇਹ ਮਾਮਲਾ ਭਖਣ ਦੀ ਸੰਭਾਵਨਾ ਹੈ, ਕਿਉਂਕਿ ਸਰਗਰਮ ਸਿਆਸਤਦਾਨ ਤੇ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਆਗੂ ਇਸ ਫੈਸਲੇ ਦੇ ਅਮਲ ਦੀ ਤਾਕ 'ਚ ਹਨ।

ਇਥੇ ਵਰਨਣਯੋਗ ਹੈ ਕਿ ਪੰਜਾਬ ਦੇ ਤਿੰਨ ਵੱਡੇ ਸ਼ਹਿਰਾਂ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਵਿਚ ਪੁਲੀਸ ਕਮਿਸ਼ਨਰ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ। ਇਨ੍ਹਾਂ ਤਿੰਨਾਂ ਸ਼ਹਿਰਾਂ ਵਿਚ ਜ਼ਿਲ੍ਹਾ ਪੁਲੀਸ ਮੁਖੀਆਂ ਦੀਆਂ ਆਸਾਮੀਆਂ ਖਤਮ ਕਰ ਕੇ ਆਈ.ਜੀ.ਜਾਂ ਡੀ.ਆਈ.ਜੀ. ਰੈਂਕ ਦੇ ਅਧਿਕਾਰੀ ਨੂੰ ਪੁਲੀਸ ਕਮਿਸ਼ਨਰ ਵਜੋਂ ਤਾਇਨਾਤ ਕੀਤਾ ਜਾਵੇਗਾ। ਪੰਜਾਬ ਪੁਲੀਸ ਨੇ ਸੂਬੇ ਦੇ 6 ਸ਼ਹਿਰਾਂ ਲੁਧਿਆਣਾ, ਜਲੰਧਰ,ਅੰਮ੍ਰਿਤਸਰ, ਪਟਿਆਲਾ, ਬਠਿੰਡਾ ਅਤੇ ਮੁਹਾਲੀ 'ਚ ਪੁਲੀਸ ਕਮਿਸ਼ਨਰਾਂ ਦੀ ਤਾਇਨਾਤੀ ਦਾ ਪ੍ਰਸਤਾਵ ਗ੍ਰਹਿ ਵਿਭਾਗ ਨੂੰ ਭੇਜਿਆ ਸੀ ਪਰ ਗ੍ਰਹਿ ਵਿਭਾਗ ਨੇ ਇਨ੍ਹਾਂ ਤਿੰਨਾਂ ਸ਼ਹਿਰਾਂ ਵਿਚ ਹੀ ਪੁਲੀਸ ਕਮਿਸ਼ਨਰਾਂ ਦੀ ਤਾਇਨਾਤੀ ਦੀ ਹਾਮੀ ਭਰੀ ਸੀ।

# ਵਿਆਹਾਂ ਤੇ ਮਸ਼ੀਨਰੀ ਦੇ ਕਰਜ਼ੇ ਲੈ ਡੁੱਬੇ ਪੰਜਾਬ ਦੇ ਕਿਸਾਨਾਂ ਨੂੰ

**ਚੰਡੀਗੜ੍ਹ:** ਇਥੇ ਖੇਤੀ ਖੇਤਰ ਨਾਲ ਜੁੜੇ ਵੱਖ-ਵੱਖ ਮਾਹਿਰਾਂ ਅਤੇ ਕਿਸਾਨ ਆਗੂਆਂ ਨੇ ਇਕ ਰਾਇ ਨਾਲ ਹੋਕਾ ਦਿੱਤਾ ਹੈ ਕਿ ਤਬਾਹੀ ਦੇ ਕਿਨਾਰੇ ਪੁੱਜੀ ਪੇਂਡੂ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਧਰਤੀ ਹੇਠਲੇ ਪਾਣੀ ਨੂੰ ਬਚਾਉਣ, ਪੇਂਡੂ ਖੇਤਰ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਦੇ ਏਜੰਡੇ ਨੂੰ ਸਮਾਜ ਅਤੇ ਸਰਕਾਰਾਂ ਪਹਿਲ ਦੇਣ। ਮਾਹਿਰਾਂ ਵਲੋਂ ਦਿਹਾਤ ਵਿਚ ਆਈਆਂ ਕੁਰੀਤੀਆਂ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ।

ਇਥੇ ਇੰਸਟੀਚਿਊਟ ਆਫ ਸਿੱਖ ਸਟਡੀਜ਼ ਵਲੋਂ ਪੇਂਡੂ ਆਰਥਿਕਤਾ 'ਤੇ ਕਰਵਾਏ ਸੈਮੀਨਾਰ ਨੂੰ ਖੇਤੀ ਖੇਤਰ ਨਾਲ ਜੁੜੀਆਂ ਉੱਘੀਆਂ ਹਸਤੀਆਂ ਨੇ ਸੰਬੋਧਨ ਕੀਤਾ। ਸੈਮੀਨਾਰ ਵਿਚ ਪੇਂਡੂ ਆਰਥਿਕਤਾ ਨਾਲ ਜੁੜੇ ਅਹਿਮ ਪਹਿਲੂਆਂ ਨੂੰ ਚੰਗੀ ਤਰ੍ਹਾਂ ਰਿੜਕਿਆ ਗਿਆ ਅਤੇ ਬੁਲਾਰਿਆਂ ਨੇ ਇਸ ਸੰਕਟ ਤੋਂ ਬਾਹਰ ਆਉਣ ਬਾਰੇ ਆਪਣੇ ਠੋਸ ਸੁਝਾਅ ਵੀ ਪੇਸ਼ ਕੀਤੇ। ਕਿਸਾਨੀ ਖੁਦਕਸ਼ੀਆਂ ਦੇ ਮੁੱਦੇ 'ਤੇ ਬੁਲਾਰਿਆਂ ਨੇ ਚਿੰਤਾ ਪ੍ਰਗਟ ਕੀਤੀ। ਸੈਮੀਨਾਰ ਦੀ ਪ੍ਰਧਾਨਗੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਾਬਕਾ ਉਪ ਕੁਲਪਤੀ ਅਮਰਜੀਤ ਸਿੰਘ ਖਹਿਰਾ ਨੇ ਕੀਤੀ ਤੇ ਉਦਘਾਟਨੀ ਭਾਸ਼ਨ ਫਾਰਮਰਜ਼ ਕਮਿਸ਼ਨ ਦੇ ਚੇਅਰਮੈਨ ਜੀ.ਐਸ.ਕਾਲਕਟ ਦਾ ਸੀ। ਬੁਲਾਰਿਆਂ ਵਿਚ ਕਰਮ ਸਿੰਘ (ਐਗਰੀਕਲਚਰਲ ਇਨਾਮਿਕਸ ਵਿਭਾਗ ਦੇ ਸਾਬਕਾ ਮੁਖੀ), ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ.ਆਰ. ਐਸ.ਘੁੰਮਣ ਅਤੇ ਡਾ. ਸੁਖਵਿੰਦਰਪਾਲ ਸਿੰਘ ਤੋਂ ਇਲਾਵਾ ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਇੰਦਰਜੀਤ ਸਿੰਘ ਜੇਜੀ ਅਤੇ ਕਈ ਹੋਰ ਸ਼ਾਮਲ ਸਨ।

ਸੈਮੀਨਾਰ ਦੌਰਾਨ ਡਾ. ਕਾਲਕਟ ਨੇ ਆਪਣੇ ਉਦਘਾਟਨੀ ਭਾਸ਼ਨ ਵਿਚ ਕਿਹਾ ਕਿ ਇਸ ਵੇਲੇ ਪੰਜਾਬ ਦੀ ਖੇਤੀ ਆਰਥਿਕਤਾ ਵਿਚ ਝੋਨਾ ਤੇ ਕਣਕ ਦਾ ਫਸਲੀ ਚੱਕਰ ਸਿਖਰ 'ਤੇ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਦੇਸ਼ ਦੇ ਅਨਾਜ ਲਈ ਕਣਕ ਅਤੇ ਝੋਨੇ ਦਾ ਫਸਲੀ ਚੱਕਰ ਕੇਂਦਰ ਸਰਕਾਰਾਂ ਦੀ ਲੋੜ ਹੈ ਅਤੇ ਇਸ ਕਰਕੇ ਇਸਨੂੰ ਤੋੜਨਾ ਸੌਖਾ ਨਹੀਂ ਹੈ। ਉਨ੍ਹਾਂ ਨੇ ਜ਼ਮੀਨ ਦੀਆਂ ਮਾਲਕੀਆਂ ਛੋਟੀਆਂ ਹੋਣ ਦੇ ਕਾਰਨ ਨੂੰ ਵੀ ਕਿਸਾਨ ਦੀ ਮੰਦਹਾਲੀ ਲਈ ਜ਼ਿੰਮੇਵਾਰ ਠਹਿਰਾਇਆ। ਡਾ. ਕਾਲਕਟ ਨੇ ਮਸ਼ੀਨਰੀ ਦੇ ਵਾਧੇ ਨੂੰ ਵੀ ਕਰਜ਼ਿਆਂ ਦਾ ਕਾਰਨ ਕਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਵਿਆਹਾਂ 'ਤੇ ਫਜ਼ੂਲ ਖਰਚਾ ਕਿਸਾਨ ਦੀ ਤਬਾਹੀ ਦਾ ਅਹਿਮ ਕਾਰਨ ਹੈ। ਉਨ੍ਹਾਂ ਨੇ ਸਰਕਾਰ ਨੂੰ ਇਸ ਬਾਰੇ ਕਾਨੂੰਨ ਬਨਾਉਣ ਦੀ ਸਲਾਹ ਦਿੱਤੀ ਸੀ ਪਰ ਸਰਕਾਰ ਸਹਿਮਤ ਨਹੀਂ ਹੋਈ। ਉਨ੍ਹਾਂ ਨੇ ਸਮਾਜਿਕ ਚੇਤਨਾ ਲਿਆਉਣ ਦਾ ਸੱਦਾ ਦਿੱਤਾ। ਡਾ. ਕਰਮ ਸਿੰਘ ਨੇ ਮੁੱਖ ਤੌਰ 'ਤੇ ਪਾਣੀ ਦੇ ਸੁਚੱਜੇ ਪ੍ਰਬੰਧ 'ਤੇ ਜ਼ੋਰ ਦਿਤਾ। ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿਚ ਪਾਣੀ ਦੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਸ੍ਰੀ ਰਾਜੇਵਾਲ ਨੇ ਕਿਹਾ ਕਿ ਪੇਂਡੂ ਖੇਤਰ ਦੀ ਸਿੱਖਿਆ ਬਿਲਕੁਲ ਤਬਾਹ ਹੋ ਗਈ ਹੈ। ਪਿੰਡਾਂ ਵਿਚ ਨਸ਼ਿਆਂ ਦਾ ਰੁਝਾਨ ਬਹੁਤ ਵਧ ਰਿਹਾ ਹੈ ਜੋ ਕਿ ਯੁਵਕਾਂ ਲਈ ਮਾਰੂ ਹੈ ਅਤੇ ਅਮਨ ਕਾਨੂੰਨ ਭੰਗ ਹੋਣ ਦਾ ਵੱਡਾ ਕਾਰਨ ਬਣ ਰਿਹਾ ਹੈ।





ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ



ਅਮਰੀਕ ਸਿੰਘ

ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs


Amar Carpets Inc

ਵੈਸਟਰਨ ਅਵੈਨਿਊ ਤੋਂ ਅਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ✓ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ✓ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ✓ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ✓ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh

**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664

**Director Community & Business Relations:**
Sunita Chopra
Ph:773-370-7106

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਰਾਮਕ੍ਰਿਸ਼ਨ, ਅਲਕਾਜ਼ੀ, ਜ਼ੋਹਰਾ ਸਹਿਗਲ ਨੂੰ ਪਦਮ ਵਿਭੂਸ਼ਨ

**ਨਵੀਂ ਦਿੱਲੀ:** ਭਾਰਤੀ ਮੂਲ ਦੇ ਨੋਬਲ ਪੁਰਸਕਾਰ ਜੇਤੂ ਵੈਂਕਟਰਾਮਨ ਰਾਮਾਕ੍ਰਿਸ਼ਨਨ, ਅਪੋਲੋ ਹਸਪਤਾਲ ਦੇ ਮੁਖੀ ਪ੍ਰਤਾਪ ਚੰਦਰ ਰੈਡੀ, ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਵਾਈ. ਬੀ. ਰੈਡੀ, ਥੀਏਟਰ ਲਹਿਰ ਦੇ ਥੰਮ ਇਬਰਾਹਿਮ ਅਲਕਾਜ਼ੀ ਅਤੇ ਉਘੀ ਅਦਾਕਾਰਾ ਜ਼ੋਹਰਾ ਸਹਿਗਲ ਨੂੰ ਦੇਸ਼ ਦੇ ਦੂਜੇ ਵੱਡੇ ਮਾਣਮੱਤੇ ਨਾਗਰਿਕ ਪੁਰਸਕਾਰ ਪਦਮ ਵਿਭੂਸਨ ਲਈ ਚੁਣਿਆ ਗਿਆ ਹੈ।

ਵਪਾਰ ਤੇ ਸਨਅਤ ਦੇ ਖੇਤਰ 'ਚ ਮਨਵਿੰਦਰ ਸਿੰਘ ਬਾਂਗਾ ਉਰਫ ਵਿੰਦੀ ਬਾਂਗਾ ਤੇ ਐਸ. ਪੀ. ਓਸਵਾਲ ਅਤੇ ਐਨ.ਆਰ.ਆਈ. ਸ਼੍ਰੇਣੀ 'ਚ ਹੋਟਲ ਲੜੀ ਦੇ ਮਾਲਕ ਸੰਤ ਸਿੰਘ ਛਤਵਾਲ ਨੂੰ ਪਦਮ ਭੂਸ਼ਨ ਐਵਾਰਡ ਲਈ ਚੁਣਿਆ ਗਿਆ ਹੈ। ਖਡੂਰ ਸਾਹਿਬ ਦੇ ਬਾਬਾ ਸੇਵਾ ਸਿੰਘ ਨੂੰ ਸਮਾਜ ਸੇਵਾ ਲਈ ਪਦਮਸ਼੍ਰੀ ਪੁਰਸਕਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਖਡੂਰ ਸਾਹਿਬ ਤੇ ਆਲੇ ਦੁਆਲੇ ਦੇ ਇਲਾਕੇ 'ਚ ਬੂਟੇ ਲਾਉਣ ਦੀ ਮੁਹਿੰਮ ਚਲਾਈ ਹੋਈ ਹੈ। ਸੰਗੀਤ ਦੇ ਖੇਤਰ 'ਚ ਵੱਖਰੀ ਤਰ੍ਹਾਂ ਦੇ ਤਜਰਬੇ ਕਰਦੇ ਆ ਰਹੇ ਆਸਕਰ ਪੁਰਸਕਾਰ ਜੇਤੂ ਏ.ਆਰ.ਰਹਿਮਾਨ ਤੇ ਵੱਖਰੀ ਤਰ੍ਹਾਂ ਦੇ ਸਿਨੇਮੇ ਲਈ ਕੰਮ ਕਰ ਰਹੇ ਸੁਪਰ ਸਟਾਰ ਆਮਿਰ ਖਾਨ ਨੂੰ ਪਦਮ ਭੂਸ਼ਨ ਦੀਆਂ ਉਪਾਧੀਆਂ ਨਾਲ ਨਿਵਾਜਿਆਂ ਜਾਏਗਾ। ਕੁੱਲ 130 ਲੋਕਾਂ ਨੂੰ ਪੁਰਸਕਾਰ ਦਿੱਤੇ ਜਾਣੇ ਹਨ, ਜਿਨ੍ਹਾਂ 'ਚ 13 ਵਿਦੇਸ਼ੀ ਜਾਂ ਪ੍ਰਵਾਸੀ ਭਾਰਤੀ ਹਨ। ਇਨ੍ਹਾਂ ਪੁਰਸਕਾਰਾਂ ਵਿਚ 43 ਪਦਮ ਭੂਸ਼ਨ ਤੇ 83 ਪਦਮਸ਼੍ਰੀ ਸ਼ਾਮਲ ਹਨ। ਪਦਮਸ਼੍ਰੀ ਲਈ ਚੁਣੇ ਗਏ ਖਿਡਾਰੀਆਂ ਤੇ ਖੇਡ ਹਸਤੀਆਂ ਵਿਚ ਕ੍ਰਿਕਟਰ ਵੀਰੇਂਦਰ ਸਹਿਵਾਗ, ਹਾਕੀ ਖਿਡਾਰੀ ਇਗਨੇਸ ਟਿਰਕੀ, ਫਾਰਮੂਲਾ ਵਨ ਡਰਾਈਵਰ ਨਰਾਇਣ ਕਾਰਤੀਕੇਅਨ ਬੈਡਮਿੰਟਨ ਖਿਡਾਰਨ ਸਾਇਨਾ ਨੇਹਾਵਾਲ, ਬਾਕਸਰ ਵਿਜੇਂਦਰ ਸਿੰਘ ਤੇ ਸਭ ਤੋਂ ਅਹਿਮ ਸਚਿਨ ਤੇਂਦੁਲਕਰ ਦੇ ਗੁਰੂ ਰਮਾਂਕਾਂਤ ਅਚਰੇਕਰ ਨੂੰ ਖੇਡ ਸ਼੍ਰੇਣੀ 'ਚ ਪਦਮਸ਼੍ਰੀ ਲਈ ਚੁਣਿਆ ਗਿਆ ਹੈ।

ਨਿਊਰੋ ਸਰਜਨ ਸੱਤਿਆਪਾਲ ਅਗਰਵਾਲ ਤੇ ਪ੍ਰਸਿੱਧ ਕਾਰਡੀਅਨ ਸਰਜਨ ਰਮਾਕਾਂਤ ਪਾਂਡਾ, ਜਿਸਨੇ ਪਿਛਲੇ ਸਾਲ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦਾ ਅਪਰੇਸ਼ਨ ਕੀਤਾ ਸੀ, ਪਦਮ ਭੂਸ਼ਨ ਲੈਣ ਵਾਲਿਆਂ 'ਚ ਸ਼ੁਮਾਰ ਹਨ। ਨਰਤਕੀ ਮਲਿਕਾ ਸਾਰਾਭਾਈ ਤੇ ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਸਕੱਤਰ ਮੂਸਾ ਰਜ਼ਾ ਵੀ ਪਦਮ ਭੂਸ਼ਨ ਲੈਣ ਵਾਲਿਆਂ 'ਚ ਸ਼ੁਮਾਰ ਹਨ। ਅਮਰੀਕਾ ਰਹਿੰਦੇ ਭਾਰਤੀ ਮੂਲ ਦੇ ਪੱਤਰਕਾਰ ਫਰੀਦ ਜ਼ਕਰੀਆ ਨੂੰ ਵੀ ਪਦਮ ਭੂਸ਼ਨ ਨਾਲ ਸਨਮਾਨਿਆ ਜਾ ਰਿਹਾ ਹੈ। ਬਾਲੀਵੁੱਡ ਅਦਾਕਾਰ ਸੈਫ਼ ਅਲੀ ਖਾਨ, ਆਸਕਰ ਜੇਤੂ ਸਾਊਂਡ ਟੈਕਨੀਸ਼ੀਅਨ ਰਸੂਲ ਪੇਕੂੱਟੀ ਅਤੇ ਅਰੁੰਧਤੀ ਨਾਗ ਨੂੰ ਕਲਾ ਦੇ ਖੇਤਰ 'ਚ ਪਦਮਸ਼੍ਰੀ ਦਿੱਤਾ ਜਾ ਰਿਹਾ ਹੈ। ਪ੍ਰੋ. ਬਿਪਨ ਚੰਦਰ ਨੂੰ ਸਾਹਿਤ ਤੇ ਸਿੱਖਿਆ ਲਈ ਅਤੇ ਸਾਬਕਾ ਕੇਂਦਰੀ ਮੰਤਰੀ ਬਾਲਾ ਸਾਹਿਬ ਪਾਟਿਲ ਨੂੰ ਸਮਾਜ ਸੇਵਾ ਲਈ ਪਦਮ ਭੂਸ਼ਨ ਦਿੱਤਾ ਜਾਣਾ ਹੈ।

## ਕੰਵਲ ਸਮੇਤ 8 ਲੇਖਕਾਂ ਦਾ ਟੈਗੋਰ ਸਾਹਿਤ ਪੁਰਸਕਾਰ ਨਾਲ ਸਨਮਾਨ

**ਨਵੀਂ ਦਿੱਲੀ:** ਭਾਰਤ ਅਤੇ ਦੱਖਣੀ ਕੋਰੀਆ ਦੇ ਸਾਂਝੇ ਉਦਮ ਸਦਕਾ ਸ਼ੁਰੂ ਕੀਤੇ ਪਹਿਲੇ ਟੈਗੋਰ ਸਾਹਿਤ ਪੁਰਸਕਾਰ 2009 ਨਾਲ ਭਾਰਤ ਦੀਆਂ ਅੱਠ ਖੇਤਰੀ ਭਾਸ਼ਾਵਾਂ ਦੇ ਲੇਖਕਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਬੰਗਾਲੀ, ਬੋਡੋ, ਗੁਜਰਾਤੀ, ਹਿੰਦੀ, ਕੰਨੜ, ਕਸ਼ਮੀਰੀ, ਪੰਜਾਬੀ ਅਤੇ ਤੈਲਗੂ ਲੇਖਕ ਸ਼ਾਮਲ ਹਨ। ਜਸਵੰਤ ਸਿੰਘ ਕੰਵਲ ਨੂੰ ਉਨ੍ਹਾਂ ਦੇ ਨਾਵਲ ਪੁੰਨਿਆਂ ਦੇ ਚੰਨ 'ਤੇ ਇਨਾਮ ਦਿੱਤਾ ਗਿਆ ਹੈ।

ਸਾਹਿਤ ਅਕੈਡਮੀ ਤੇ ਸੈਮਸੰਗ ਇਲੈਕਟ੍ਰੋਨਿਕ ਵਲੋਂ ਇਹ ਪੁਰਸਕਾਰ ਦੱਖਣੀ ਕੋਰੀਆ ਦੀ ਪ੍ਰਥਮ ਮਹਿਲਾ ਕਿਮ-ਯੂਨ-ਓਕ ਨੇ ਪੁਰਸਕਾਰ ਪ੍ਰਦਾਨ ਕੀਤੇ। ਇਨ੍ਹਾਂ ਵਿਚ 91000 ਰੁਪਏ, ਇਕ ਟਰਾਫੀ ਤੇ ਮਾਣ ਪੱਤਰ ਸ਼ਾਮਲ ਹੈ।

## ਰਾਸ਼ਟਰਪਤੀ ਵਲੋਂ ਤਿੰਨ ਅਸ਼ੋਕ ਚੱਕਰ, 6 ਕੀਰਤੀ ਚੱਕਰ ਤੇ 26 ਸ਼ੌਰਿਆ ਚੱਕਰ


**ਨਵੀਂ ਦਿੱਲੀ:** ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਗਣਤੰਤਰ ਦਿਵਸ 'ਤੇ ਤਿੰਨ ਅਸ਼ੋਕ ਚੱਕਰ ਤੇ ਅਮਨ ਦੌਰਾਨ ਸਰਵਉੱਚ ਬਹਾਦਰੀ ਪੁਰਸਕਾਰ ਵੰਡੇ। ਦੋ ਪੁਰਸਕਾਰਾਂ ਸਬੰਧੀ ਐਲਾਨ ਪਿਛਲੇ ਸਾਲ ਆਜ਼ਾਦੀ ਦਿਵਸ ਦੀ ਪੂਰਵਸੰਧਿਆ 'ਤੇ ਕੀਤਾ ਗਿਆ ਸੀ। ਇਹ ਪੁਰਸਕਾਰ ਮੇਜਰ ਮੋਹਿਤ ਸ਼ਰਮਾ (ਮਰਨ ਉਪਰੰਤ) ਤੇ ਮੇਜਰ ਡੀ. ਸ੍ਰੀਰਾਮ ਕੁਮਾਰ ਨੂੰ ਦਿੱਤੇ ਗਏ ਹਨ।

ਸੋਮਵਾਰ ਨੂੰ ਰੱਖਿਆ ਮੰਤਰਾਲੇ ਨੇ 11 ਰਾਜਪੂਤਾਨਾ ਰਾਈਫਲਜ਼ ਦੇ ਹਵਲਦਾਰ ਰਾਜੇਸ਼ ਕੁਮਾਰ ਨੂੰ ਜੰਮੂ-ਕਸ਼ਮੀਰ 'ਚ ਅਤਿਵਾਦੀਆਂ ਨਾਲ ਲੜਦਿਆਂ ਲਾਮਿਸਾਲ ਬਹਾਦਰੀ, ਦਲੇਰੀ ਤੇ ਆਪਾ ਵਾਰਨ ਦੀ ਵਿਲੱਖਣ ਭਾਵਨਾ ਦਾ ਇਜ਼ਹਾਰ ਕਰਨ 'ਤੇ ਮਰਨ ਉਪਰੰਤ ਅਸ਼ੋਕ ਚੱਕਰ ਪੁਰਸਕਾਰ ਦੇਣ ਦਾ ਐਲਾਨ ਕੀਤਾ। ਐਤਕੀਂ ਕੁੱਲ 442 ਬਹਾਦਰੀ ਪੁਰਸਕਾਰਾਂ ਦਾ ਐਲਾਨ ਕੀਤਾ ਗਿਆ, ਜਿਨ੍ਹਾਂ 'ਚ 6 ਕੀਰਤੀ ਚੱਕਰ, 26 ਸ਼ੌਰਿਆ ਚੱਕਰ ਸ਼ਾਮਲ ਹਨ। ਇਹ ਅਮਨ ਕਾਲ ਦੇ ਕ੍ਰਮਵਾਰ ਦੂਜੇ ਤੇ ਤੀਜੇ ਵੱਡੇ ਬਹਾਦਰੀ ਪੁਰਸਕਾਰ ਹਨ।

# ਗੀਤਕਾਰ ਬਚਿੱਤਰ ਅਨਪੜ੍ਹ ਦਾ ਮਾਮਲਾ ਉਲਝਿਆ

**ਬਠਿੰਡਾ :**ਲੁਧਿਆਣਾ ਜਿਲ੍ਹੇ ਦੇ ਪਿੰਡ ਆਸੀ ਦੇ ਜੰਮਪਲ ਬਚਿੱਤਰ ਅਨ੍ਹਪੜ ਦੇ ਜਿਉਂਦੇ ਜਾਂ ਮੋਏ ਹੋਣ ਦਾ ਮਾਮਲਾ ਇਕ ਵੱਡਾ ਭੰਬਲਭੂਸਾ ਬਣ ਗਿਆ ਹੈ। ਜਲੰਧਰ ਤੋਂ ਪ੍ਰਕਾਸ਼ਤ ਹੋਣ ਵਾਲੇ ਇਕ ਪੰਜਾਬੀ ਅਖ਼ਬਾਰ 'ਚ ਛਪੇ ਇਸ਼ਤਿਹਾਰ ਨੂੰ ਪੜ੍ਹ ਕੇ ਸਾਹਿਤਕ ਤੇ ਸੱਭਿਆਚਾਰਕ ਹਲਕਿਆਂ ਵਿਚ ਉਸ ਵੇਲੇ ਸੋਗ ਦੀ ਲਹਿਰ ਫੈਲ ਗਈ ਜਦੋਂ ਦੇਖਿਆ ਕਿ ਆਸੀ ਵਾਲੇ ਬਚਿੱਤਰ ਅਨਪੜ੍ਹ ਦੀ 17 ਜਨਵਰੀ ਨੂੰ ਮੌਤ ਹੋ ਗਈ ਹੈ ਅਤੇ ਉਸ ਨਮਿਤ 24 ਜਨਵਰੀ ਨੂੰ ਪਿੰਡ ਦੇ ਗੁਰਦੁਆਰਾ ਪੱਤੀ ਬੁਲਾਰਾ ਵਿਖੇ ਸਹਿਜ ਪਾਠ ਦੇ ਭੋਗ ਪਾਏ ਜਾਣਗੇ। ਪਰ ਇਸ ਇਸ਼ਤਿਹਾਰ ਦੇ ਛਪਣ ਤੋਂ ਬਾਅਦ ਸੀ ਪੀ ਆਈ ਦੇ ਮੁਖੀ ਜਗਰੂਪ ਸਿੰਘ ਦੇ ਨਜ਼ਦੀਕੀ ਬਚਿੱਤਰ ਸਿੰਘ ਨੇ ਅਖਬਾਰ ਵਿਚ ਦਾਅਵਾ ਕੀਤਾ ਕਿ ਉਹ ਤਾਂ ਜਿਉਂਦਾ ਹੈ ਉਸ ਨੂੰ ਮਰਿਆ ਸ਼ੋਅ ਕਰਨਾ ਕਿਸੇ ਸਾਜ਼ਿਸ਼ ਦਾ ਸਿੱਟਾ ਹੈ। ਕਾਮਰੇਡ ਜਗਰੂਪ ਸਿੰਘ ਦਾ ਵੀ ਆਖਣਾ ਹੈ ਕਿ ਬਚਿੱਤਰ ਸਿੰਘ ਜਿਉਂਦਾ ਹੈ ਅਤੇ ਉਸ ਨੇ ਨਰੇਗਾ ਲਹਿਰ ਦੇ ਵਿਚ ਵੱਡੀ ਭੂਮਿਕਾ ਅਦਾ ਕੀਤੀ ਹੈ। ਪਰ ਇਸ ਦਾਅਵੇ ਤੋਂ ਪਿੱਛੋਂ ਜਿਉਂਦੇ ਹੋਣ ਦਾ ਦਾਅਵਾ ਕਰਨ ਵਾਲਾ ਬਚਿੱਤਰ ਕਿਧਰੇ ਗਾਇਬ ਹੈ। ਇਸ਼ਤਿਹਾਰ ਉਪਰ ਦਿੱਤੇ ਮੋਬਾਇਲ ਨੰਬਰ 98144-91040 'ਤੇ ਜਦੋਂ ਸੰਪਰਕ ਕੀਤਾ ਤਾਂ ਜੱਗੀ ਨਾਂ ਦੇ, ਕਥਿਤ ਮ੍ਰਿਤਕ ਅਨਪੜ੍ਹ ਦੇ ਭਤੀਜੇ ਦੀ ਪਛਾਣ ਕਰਾਉਂਦਿਆਂ ਅੱਗੋਂ ਬੋਲਣ ਵਾਲੇ ਨੇ ਦੱਸਿਆ ਕਿ ਉਹ ਪਿਛਲੇ ਦੋ-ਤਿੰਨ ਮਹੀਨਿਆਂ ਤੋਂ ਬਿਮਾਰ ਚਲਿਆ ਆ ਰਿਹਾ ਸੀ, ਅਚਨਚੇਤ ਦਿਲ ਦਾ ਦੌਰਾ ਪੈਣ ਕਾਰਨ ਸਦੀਵੀ ਵਿਛੋੜਾ ਦੇ ਗਿਆ । ਉਸ ਨੇ ਇਹ ਵੀ ਦਾਅਵਾ ਕੀਤਾ ਕਿ ਬਚਿੱਤਰ ਅਨਪੜ੍ਹ ਦਾ ਅੰਤਿਮ ਸਸਕਾਰ 18 ਜਨਵਰੀ ਨੂੰ ਪਿੰਡ ਵਿਚ ਹੀ ਕਰ ਦਿੱਤਾ ਗਿਆ ਸੀ। ਇਸ਼ਤਿਹਾਰ ਵਿਚ ਪ੍ਰਕਾਸ਼ਿਤ ਦੂਜੇ ਨੰਬਰ 94177-18103 'ਤੇ ਸੰਪਰਕ ਕਰਨ 'ਤੇ ਅੱਗੋਂ ਬੋਲਣ ਵਾਲੇ ਨੇ ਆਪਣੇ-ਆਪ ਨੂੰ ਅਨਪੜ੍ਹ ਦਾ ਭਰਾ ਹਰਬੰਸ ਸਿੰਘ ਗਰੇਵਾਲ ਦਸਦਿਆਂ ਨਾ-ਸਿਰਫ ਉਸਦੇ ਮਰਨ ਦੀ ਪੁਸ਼ਟੀ ਕੀਤੀ, ਬਲਕਿ ਇਹ ਦਾਅਵਾ ਵੀ ਕਰ ਦਿੱਤਾ ਕਿ ਉਸ ਨੂੰ ਬਚਾਉਣ ਲਈ ਕਈ ਯੂਨਿਟ ਖ਼ੂਨ ਵੀ ਚੜ੍ਹਾਉਣਾ ਪਿਐ। ਇਹ ਦੱਸਣ 'ਤੇ ਕਿ ਨਰੇਗਾ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ ਬਚਿੱਤਰ ਅਨਪੜ੍ਹ ਇਸ ਜ਼ਿਲ੍ਹੇ ਵਿਚ ਹੀ ਸਰਗਰਮ ਹੈ, ਜਦ ਉਸਨੂੰ ਇਹ ਦੱਸਿਆ ਕਿ ਦੋ ਦਿਨ ਪਹਿਲਾਂ ਉਸ ਨੂੰ ਬਠਿੰਡਾ ਵਿਚ ਵੇਖਿਆ ਗਿਐ ਤਾਂ ਅੱਗੋਂ ਬੋਲਣ ਵਾਲੇ ਨੇ ਕਿਹਾ ਕਿ ਉਹ ਤਾਂ ਪਿਛਲੇ ਕਈ ਸਾਲਾਂ ਤੋਂ ਉਸ ਪਾਸੇ ਗਿਆ ਹੀ ਨਹੀਂ।

ਕੁਝ ਰਿਪੋਰਟਾਂ ਅਨੁਸਾਰ, ਹਕੀਕਤ ਦੀ ਤਹਿ ਤੱਕ ਜਾਣ ਲਈ ਜਦੋਂ ਬਚਿੱਤਰ ਅਨਪੜ੍ਹ ਦੀ ਕੁਝ ਮੀਡੀਆ ਪ੍ਰਤੀਨਿਧਾਂ ਨੇ ਭਾਲ ਸ਼ੁਰੂ ਕੀਤੀ ਤਾਂ ਉਹ ਤਲਵੰਡੀ ਸਾਬੋ ਦੇ ਸਾਹਿਤਕਾਰ ਜਗਦੀਪ ਗਿੱਲ ਦੇ ਘਰ ਆਪਣੀ ਮੌਤ ਦਾ ਇਸ਼ਤਿਹਾਰ ਪੜ੍ਹਦਾ ਹੋਇਆ ਮਿਲ ਗਿਆ। ਹੈਰਾਨੀ ਪ੍ਰਗਟ ਕਰਦਿਆਂ ਅਨਪੜ੍ਹ ਨੇ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਦੇ ਨਾਂ ਇਸ਼ਤਿਹਾਰ 'ਚ ਉਸਦੇ ਭਰਾਵਾਂ ਤੇ ਭਤੀਜਿਆਂ ਵਜੋਂ ਦਰਸਾਏ ਗਏ ਹਨ, ਉਹ ਸ਼ਰੀਕ ਤਾਂ ਜ਼ਰੂਰ ਹਨ, ਪਰ ਖ਼ੂਨ ਦਾ ਨੇੜਲਾ ਸਬੰਧ ਉਕਾ ਹੀ ਨਹੀਂ। ਉਸਨੇ ਦੱਸਿਆ ਕਿ ਦੋ ਭਰਾਵਾਂ ਵਿਚੋਂ ਵੱਡੇ ਬਲਵਿੰਦਰ ਸਿੰਘ ਉਰਫ਼ ਬਿੱਲੂ ਦੀ 22 ਸਾਲ ਪਹਿਲਾਂ ਮੌਤ ਹੋ ਚੁੱਕੀ ਹੈ, ਜਦਕਿ ਉਸਦੇ ਦੋਵੇਂ ਪੁੱਤਰ ਹਰਿਆਣਾ ਦੀ ਮੰਡੀ ਕਾਲਿਆਂਵਾਲੀ ਵਿਖੇ ਆਪਣੀ ਮਾਂ ਸਮੇਤ ਰਹਿ ਰਹੇ ਹਨ।



ਦੱਸਣਯੋਗ ਹੈ ਕਿ 68 ਸਾਲਾ ਅਨਪੜ੍ਹ ਕਿਸੇ ਜਾਣ-ਪਛਾਣ ਦਾ ਮੁਥਾਜ਼ ਨਹੀਂ, ਕਿਉਂਕਿ ਤੇਰਾ ਸਿੰਘ ਚੰਨ, ਜਗਦੀਸ਼ ਫਰਿਆਦੀ, ਹਰਨਾਮ ਸਿੰਘ ਨਰੂਲਾ, ਜੋਗਿੰਦਰ ਬਾਹਰਲਾ ਅਤੇ ਦਰਸ਼ਨ ਸ਼ੌਂਕੀ ਤੋਂ ਬਾਅਦ ਇਨਕਲਾਬੀ ਸਟੇਜਾਂ ਦਾ ਇੱਕੋ-ਇੱਕ ਜਿਉਂਦਾ ਪਾਤਰ ਹੈ। ਉਸ ਨੂੰ ਸੁਣਨ ਲਈ ਹਜ਼ਾਰਾਂ ਲੋਕਾਂ ਦੀਆਂ ਭੀੜਾਂ ਉਮਡ ਪੈਂਦੀਆਂ ਸਨ। ਹਜ਼ਾਰਾਂ ਗੀਤਾਂ ਦੇ ਰਚੇਤੇ ਅਨਪੜ੍ਹ ਦੇ ਗੀਤ 'ਫਾਂਸੀ' ਨੂੰ ਸਰਕਾਰੀ ਤੌਰ 'ਤੇ ਸਨਮਾਨਤ ਵੀ ਕੀਤਾ ਜਾ ਚੁੱਕਾ ਹੈ। ਇੱਥੇ ਹੀ ਬੱਸ ਨਹੀਂ ਬਲਕਿ ਉਸਦੇ 250 ਦੇ ਕਰੀਬ ਗੀਤ ਰਿਕਾਰਡ ਵੀ ਹੋ ਚੁੱਕੇ ਹਨ, ਜਿਨ੍ਹਾਂ ਨੂੰ ਕੁਲਦੀਪ ਮਾਣਕ, ਮੁਹੰਮਦ ਸਦੀਕ, ਕਰਤਾਰ ਰਮਲਾ, ਰਣਜੀਤ ਮਨੀ, ਰਵਿੰਦਰ ਗਰੇਵਾਲ, ਦਰਸ਼ਨ ਦਰਸਾ ਆਦਿ ਗਾਇਕ ਗਾ ਚੁੱਕੇ ਹਨ। ਗਾਇਬ ਹੋਣ ਤੋਂ ਪਹਿਲਾਂ ਅਨਪੜ੍ਹ ਨੇ ਦੋਸ਼ ਲਾਏ ਕਿ ਉਸ ਨੂੰ ਮਰਿਆ ਦਿਖਾਉਣ ਦੀ ਸਾਜ਼ਸ਼ ਕੁਝ ਗੀਤਕਾਰਾਂ ਵਲੋਂ ਹੀ ਬਣਾਈ ਜਾਪਦੀ ਹੈ, ਕਿਉਂਕਿ ਪੰਜਾਬ ਦਾ ਹਰ ਉਭਰਦਾ ਗਾਇਕ ਆਪਣੇ ਲਈ ਗੀਤ ਲਿਖਵਾਉਣ ਵਾਸਤੇ ਉਸ ਤੱਕ ਪਹੁੰਚ ਕਰਨ ਨੂੰ ਪਹਿਲ ਦਿੰਦਾ ਹੈ, ਜੋ ਉਸਦੇ ਕਈ ਭਾਈਚਾਰਕ ਸਾਥੀਆਂ ਨੂੰ ਹਜ਼ਮ ਨਹੀਂ ਹੁੰਦੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਜੋ ਤਸਵੀਰ ਭੋਗ ਦੇ ਇਸ਼ਤਿਹਾਰ ਵਿਚ ਪ੍ਰਕਾਸ਼ਤ ਹੋਈ ਹੈ ਉਹ ਉਸਦੇ ਹੀ ਗੀਤਾਂ ਦੀ ਇੱਕ ਕਾਪੀ ਦੀ ਟਾਈਟਲ ਫੋਟੋ ਹੈ। ਇਸ ਅਫ਼ਵਾਹ ਪਿੱਛੇ ਜਾਇਦਾਦ ਦਾ ਕੋਈ ਮਾਮਲਾ ਹੋਣ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਸਦੇ ਹਿੱਸੇ ਸਿਰਫ਼ ਡੇਢ ਕਨਾਲ ਜੱਦੀ ਜ਼ਮੀਨ ਆਈ ਸੀ, ਛੜਾ ਹੋਣ ਕਾਰਨ ਜੋ ਉਸਨੇ ਆਪਣੇ ਵੱਡੇ ਭਰਾ ਦੇ ਨਾਂ ਤਬਦੀਲ ਕਰਵਾ ਦਿੱਤੀ ਸੀ। ਜਿਉਂਦੇ ਹੋਣ ਦਾ ਦਾਅਵਾ ਕਰਨ ਵਾਲੇ ਅਨਪੜ੍ਹ ਨੇ ਦੱਸਿਆ ਕਿ ਤਿੰਨ ਕੁ ਸਾਲ ਪਹਿਲਾਂ ਵੀ ਉਸ ਦੇ ਮਰਨ ਦੀ ਪਿੰਡ ਦੇ ਹੀ ਕੁਝ ਲੋਕਾਂ ਨੇ ਅਫ਼ਵਾਹ ਫੈਲਾ ਦਿੱਤੀ ਸੀ। ਮਾਮਲਾ ਪੰਚਾਇਤ ਵਿਚ ਪੁੱਜਣ 'ਤੇ ਉਨ੍ਹਾਂ ਮੁਆਫ਼ੀ ਵੀ ਮੰਗ ਲਈ ਸੀ। ਉਸਨੇ ਦਾਅਵਾ ਕੀਤਾ ਕਿ ਉਹ ਇਸ ਮਾਮਲੇ ਨੂੰ ਕਾਨੂੰਨ ਸਾਹਮਣੇ ਪੇਸ਼ ਕਰੇਗਾ। ਦੂਜੇ ਪਾਸੇ ਜਦ ਪ੍ਰੋ. ਮੋਹਨ ਸਿੰਘ ਮੇਲਾ ਫਾਉਂਡੇਸਨ ਦੇ ਸਰਪ੍ਰਸਤ ਜਸਦੇਵ ਸਿੰਘ ਜੱਸੋਵਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਅਨਪੜ੍ਹ ਦੇ ਸੱਚਮੁੱਚ ਮਰਨ ਦਾ ਦਾਅਵਾ ਕਰਦਿਆਂ ਦੱਸਿਆ ਕਿ ਉਹ ਖ਼ੁਦ ਵੀ ਉਸਦੇ ਪਰਿਵਾਰ ਕੋਲ ਅਫ਼ਸੋਸ ਕਰ ਚੁੱਕੇ ਹਨ। ਸਵਾਲ ਹੈ, ਜੇਕਰ ਆਸੀ ਕਲਾਂ ਪਿੰਡ ਨਾਲ ਸਬੰਧਤ ਬਚਿੱਤਰ ਅਨਪੜ੍ਹ ਨਾਂ ਦਾ ਗੀਤਕਾਰ ਇੱਕੋ ਹੀ ਹੈ, ਤਾਂ ਜ਼ਿੰਦਾ ਕੌਣ ਹੈ ਤੇ ਦਾਹ ਸਸਕਾਰ ਕਿਸਦਾ ਹੋਇਆ ਹੈ, ਇਹ ਸੁਆਲ ਇੱਕ ਡੂੰਘੀ ਪੜਤਾਲ ਦੀ ਮੰਗ ਕਰਦਾ ਹੈ।

**ਇਸ ਦੌਰਾਨ** ਸੀ ਪੀ ਆਈ ਦੀ ਕੌਮੀ ਕੌਂਸਲ ਦੇ ਮੈਂਬਰ ਕਾ. ਜਗਰੂਪ ਨੇ ਬਚਿੱਤਰ ਅਨਪੜ੍ਹ ਦੇ ਸਥਾਪਤ ਲੋਕ ਕਵੀ ਹੋਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਜਿੰਦਾ ਹੋਣ ਦੇ ਬਾਵਜੂਦ ਉਸ ਨੂੰ ਮ੍ਰਿਤਕ ਦਰਸਾਏ ਜਾਣ ਦੇ ਮਾਮਲੇ ਦੀ ਉੱਚ ਪੱਧਰੀ ਪੜਤਾਲ ਕਰਵਾਈ ਜਾਵੇ। ਉਧਰ ਗੀਤਕਾਰ ਬਚਿੱਤਰ ਅਨਪੜ੍ਹ ਆਸੀ ਕਲਾਂ ਵਾਲੇ ਦਾ ਭੋਗ ਉਸ ਦੇ ਜੱਦੀ ਪਿੰਡ ਆਸੀ ਕਲਾਂ ਵਿਖੇ ਪਾਇਆ ਗਿਆ। ਭੋਗ 'ਤੇ ਕਥਿਤ ਜਿਉਂਦਾ ਬਚਿੱਤਰ ਅਨਪੜ੍ਹ ਨਹੀਂ ਆਇਆ, ਜਦੋਂ ਕਿ ਪਿੰਡ ਆਸੀ ਦੇ ਲੋਕ ਉਸ ਨੂੰ ਬੇਸਬਰੀ ਨਾਲ ਉਡੀਕਦੇ ਰਹੇ। ਇਸ ਮੌਕੇ ਜਗਦੇਵ ਸਿੰਘ ਜੱਸੋਵਾਲ, ਗੀਤਕਾਰ ਹਰਦੇਵ ਦਿਲਗੀਰ, ਦੇਵ ਥਰੀਕਿਆਂ ਵਾਲਾ, ਲੋਕ ਗਾਇਕ ਰਵਿੰਦਰ ਗਰੇਵਾਲ, ਪ੍ਰੋ. ਪ੍ਰੀਤਮ ਸਿੰਘ ਗਰੇਵਾਲ ਅਤੇ ਹੋਰ ਕਈ ਸ਼ਖਸੀਅਤਾਂ ਪੁੱਜੀਆਂ। ਇਸ ਮੌਕੇ ਸਰਪੰਚ ਪ੍ਰੀਤਮ ਸਿੰਘ, ਰਛਪਾਲ ਸਿੰਘ ਪੰਚ, ਸੁਖਬੰਤ ਸਿੰਘ ਪੰਚ ਤੇ ਜਗਦੇਵ ਸਿੰਘ ਨੇ ਕਿਹਾ ਸਾਨੂੰ ਇਸ ਦੇ ਸਰਟੀਫਿਕੇਟ ਦਿਖਾਉਣ ਦੀ ਲੋੜ ਨਹੀਂ ਅਸੀਂ ਅਨਪੜ੍ਹ ਨੂੰ ਬਹੁਤ ਹੀ ਚੰਗੀ ਤਰ੍ਹਾਂ ਜਾਣਦੇ ਹਾਂ ਤੇ ਉਸ ਦਿਨ ਜਦ ਉਹ ਮਰਿਆ ਸੀ ਉਸ ਦਾ ਪੂਰੇ ਸਨਮਾਨਾਂ ਨਾਲ ਸਸਕਾਰ ਕੀਤਾ ਹੈ।

ਉਧਰ ਕਿਹਾ ਜਾ ਰਿਹਾ ਹੈ ਕਿ ਜਿਉਂਦੇ ਬਚਿੱਤਰ ਅਨਪੜ੍ਹ ਨੇ ਆਪਣੇ ਹਿਮਾਇਤੀਆਂ ਸਮੇਤ 24 ਜਨਵਰੀ ਨੂੰ ਲੁਧਿਆਣਾ ਦੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਮਿਲਣਾ ਸੀ, ਪਰ ਇਸੇ ਰਾਤ ਕਰੀਬ ਦੋ ਵਜੇ ਕੁਝ ਵਿਅਕਤੀ ਉਸ ਨੂੰ ਇਸ ਜ਼ਿਲ੍ਹੇ ਦੇ ਪਿੰਡ ਲੇਲੇਵਾਲਾ ਦੇ ਵਾਸੀ ਲੀਲਾ ਸਿੰਘ ਦੇ ਘਰੋਂ ਲੈ ਗਏ। ਦੁਪਹਿਰ ਦੇ ਸਾਢੇ 11 ਵਜੇ ਤੱਕ ਉਸ ਦਾ ਆਪਣੇ ਸਾਥੀਆਂ ਨਾਲ ਮੋਬਾਇਲ 'ਤੇ ਸੰਪਰਕ ਰਿਹਾ। ਪਰ ਉਸ ਤੋਂ ਬਾਅਦ ਕਵਰੇਜ ਖੇਤਰ ਤੋਂ ਬਾਹਰ ਹੋਣ ਦੇ ਸੰਕੇਤ ਮਿਲਣ ਲੱਗ ਪਏ। ਲੁਧਿਆਣਾ ਦਿਹਾਤੀ ਜ਼ਿਲ੍ਹਾ ਪੁਲਿਸ ਮੁਖੀ ਦੇ ਦਫ਼ਤਰ ਅੱਗੇ ਉਡੀਕਦੇ ਰਹੇ, ਜਦ ਉਸ ਦੇ ਸਾਥੀਆਂ ਨੇ ਪਿੰਡ ਲੇਲੇਵਾਲਾ ਵਿਖੇ ਸੰਪਰਕ ਕੀਤਾ ਤਾਂ ਲੀਲਾ ਸਿੰਘ ਦੇ ਘਰੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਸ ਨੂੰ ਲਿਜਾਣ ਵਾਲੇ ਵਿਅਕਤੀ ਵਾਰ-ਵਾਰ ਇਹ ਕਹਿ ਰਹੇ ਸਨ ਕਿ ਉਸ ਦੀ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਵਾਉਣੀ ਹੈ। ਸ਼ਾਮ ਤੱਕ ਦੀ ਉਡੀਕ ਦੇ ਬਾਵਜੂਦ ਵੀ ਜਦ ਅਨਪੜ੍ਹ ਨਾਲ ਸੰਪਰਕ ਨਾ ਹੋ ਸਕਿਆ ਤਾਂ ਉਸ ਦੇ ਸਾਥੀ ਵਾਪਸ ਆ ਗਏ। ਦੇਰ ਸ਼ਾਮ ਉਸਦੇ ਹਮਾਇਤੀਆਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਅਨਪੜ੍ਹ ਨੂੰ ਸ਼ਾਇਦ ਕਿਸੇ ਡੂੰਘੀ ਸਾਜ਼ਿਸ਼ ਦੇ ਤਹਿਤ ਲਾਪਤਾ ਕੀਤਾ ਗਿਆ ਹੈ, ਤਾਂ ਕਿ ਉਹ ਆਪਣੇ ਪਿੰਡ ਆਸੀ ਕਲਾਂ ਪਹੁੰਚ ਕੇ ਹਕੀਕਤ ਨੂੰ ਬੇਨਕਾਬ ਨਾ ਕਰ ਸਕੇ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਗੰਨੇ ਦੀ ਘਾਟ ਕਾਰਨ ਹਰਿਆਣੇ ਦੀਆਂ ਖੰਡ ਮਿਲਾਂ ਬੰਦ

**ਚੰਡੀਗੜ੍ਹ :** ਗੰਨੇ ਦੀ ਚੱਲ ਰਹੀ ਘਾਟ ਕਾਰਨ ਹਰਿਆਣਾ ਦੀਆਂ ਸਾਰੀਆਂ ਸਹਿਕਾਰੀ ਤੇ ਨਿੱਜੀ ਖੰਡ ਮਿੱਲਾਂ 'ਚ ਸੀਜ਼ਨ ਤੋਂ ਦੋ ਮਹੀਨੇ ਪਹਿਲਾਂ ਹੀ ਪਿੜਾਈ ਦਾ ਕੰਮ ਠੱਪ ਹੋਣ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਰਾਜ ਦੀਆਂ ਕੁੱਲ 11 ਸਹਿਕਾਰੀ ਖੰਡ ਮਿੱਲਾਂ 'ਚੋਂ ਸਿਰਫ਼ ਸ਼ਾਹਬਾਦ ਅਤੇ ਕੈਥਲ ਦੀਆਂ ਦੋ ਖੰਡ ਮਿੱਲਾਂ 'ਚ ਇਸ ਸਮੇਂ ਪਿੜਾਈ ਦਾ ਕੰਮ ਚੱਲ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਯਮੁਨਾਨਗਰ ਤੇ ਭਾਦਸੋਂ (ਕਰਨਾਲ) ਦੀਆਂ ਨਿੱਜੀ ਖੰਡ ਮਿੱਲਾਂ ਸਰਕਾਰੀ ਭਾਅ ਤੋਂ ਵੱਧ 260 ਰੁਪਏ ਤੋਂ ਲੈ ਕੇ 275 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਗੰਨਾ ਖ਼ਰੀਦ ਰਹੀਆਂ ਹਨ। ਹਰਿਆਣਾ ਖੰਡ ਫੈਡਰੇਸ਼ਨ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਸਹਿਕਾਰੀ ਖੰਡ ਮਿੱਲਾਂ ਨੂੰ ਲੋੜ ਮੁਤਾਬਕ 10 ਫ਼ੀਸਦੀ ਗੰਨਾ ਵੀ ਨਹੀਂ ਮਿਲ ਰਿਹਾ ਅਤੇ ਜ਼ਿਆਦਾਤਰ ਸਹਿਕਾਰੀ ਖੰਡ ਮਿੱਲਾਂ 'ਚ ਗੰਨਾ ਬਿਲਕੁੱਲ ਖ਼ਤਮ ਹੋ ਚੁੱਕਾ ਹੈ। ਸੂਤਰਾਂ ਨੇ ਦੱਸਿਆ ਕਿ ਸਹਿਕਾਰੀ ਖੰਡ ਮਿੱਲਾਂ ਅਧੀਨ ਗੰਨੇ ਦੀ ਖੇਤੀ 'ਚ ਤਕਰੀਬਨ 65 ਫ਼ੀਸਦੀ ਗਿਰਾਵਟ ਆਈ ਹੈ। ਸਾਲ 2007-08 'ਚ ਹਰਿਆਣਾ ਸੂਬੇ 'ਚ 221, 497 ਏਕੜ ਰਕਬੇ 'ਚ ਗੰਨੇ ਦੀ ਖੇਤੀ ਹੁੰਦੀ ਸੀ, ਜੋ ਇਸ ਸਾਲ ਘਟ ਕੇ 82516 ਏਕੜ ਤੱਕ ਰਹਿ ਗਈ ਹੈ। ਸਾਲ 2007-08 ਦੀ ਰਿਪੋਰਟ ਅਨੁਸਾਰ ਉਸ ਸਮੇਂ ਹਰਿਆਣੇ 'ਚ ਗੰਨੇ ਦਾ ਕੁੱਲ ਉਤਪਾਦਨ 880 ਲੱਖ ਕੁਇੰਟਲ ਸੀ, ਜੋ ਕਿ ਹੁਣ ਘਟ ਕੇ 490 ਲੱਖ ਕੁਇੰਟਲ ਤੱਕ ਰਹਿ ਗਿਆ ਹੈ। ਗੰਨੇ ਦੀ ਘਟ ਰਹੀ ਖੇਤੀ ਤੋਂ ਫ਼ਿਕਰਮੰਦ ਹਰਿਆਣਾ ਸਰਕਾਰ ਵਲੋਂ ਗੰਨੇ ਦੀ ਪੈਦਾਵਾਰ ਵਧਾਉਣ ਲਈ ਸਾਂਝੀ ਖੇਤੀ ਰਾਹੀਂ ਇਕ ਬਹੁਕਰੋੜੀ ਗੰਨਾ ਵਿਕਾਸ ਯੋਜਨਾ ਵੀ ਸ਼ੁਰੂ ਕੀਤੀ ਗਈ ਸੀ, ਪਰ ਮੰਦਭਾਗੀ ਗੱਲ ਹੈ ਕਿ ਪ੍ਰਤੀ ਏਕੜ 2000 ਰੁਪਏ ਦੀ ਨਕਦ ਸਬਸਿਡੀ ਅਤੇ ਮਿੱਲਾਂ ਵਲੋਂ ਹਜ਼ਾਰ ਰੁਪਏ ਐਵਾਰਡ ਦਿੱਤੇ ਜਾਣ ਦੇ ਬਾਵਜੂਦ ਕਿਸਾਨ ਗੰਨਾ ਪੈਦਾ ਕਰਨ ਲਈ ਤਿਆਰ ਨਹੀਂ। ਇਸ ਸਬੰਧੀ ਜਦੋਂ ਹਰਿਆਣਾ ਖੇਤੀਬਾੜੀ ਵਿਭਾਗ ਦੇ ਸਹਾਇਕ ਗੰਨਾ ਕਮਿਸ਼ਨਰ ਸੀ ਪੀ ਮਲਿਕ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਹਰਿਆਣੇ 'ਚ ਗੰਨੇ ਦੀ ਘਟ ਰਹੀ ਖੇਤੀ ਲਈ ਮਜ਼ਦੂਰਾਂ ਦੀ ਸਮੱਸਿਆ ਨੂੰ ਮੁੱਖ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਗੰਨਾ ਇਕ ਅਜਿਹੀ ਫ਼ਸਲ ਹੈ, ਜਿਸ ਲਈ ਵਾਧੂ ਬੰਦਿਆਂ ਤੇ ਮਸ਼ੀਨਰੀ ਦੀ ਲੋੜ ਪੈਂਦੀ ਹੈ, ਜੋ ਕਿ ਛੋਟੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੈ। ਉਨ੍ਹਾਂ ਕਿਹਾ ਕਿ ਗੰਨੇ 'ਤੇ ਦਿੱਤੀ ਜਾ ਰਹੀ ਨਕਦ ਸਬਸਿਡੀ ਭਵਿੱਖ 'ਚ ਗੰਨਾ ਉਤਪਾਦਨ ਨੂੰ ਵਧਾਉਣ 'ਚ ਲਾਭਦਾਇਕ ਸਾਬਤ ਹੋ ਸਕਦੀ ਹੈ। ਸ੍ਰੀ ਮਲਿਕ ਅਨੁਸਾਰ ਪਿਛਲੇ ਪਿੜਾਈ ਦੇ ਸੀਜ਼ਨ ਦੌਰਾਨ ਸਹਿਕਾਰੀ ਤੇ ਨਿੱਜੀ ਖੰਡ ਮਿੱਲਾਂ ਵਲੋਂ 513 ਲੱਖ ਕੁਇੰਟਲ ਗੰਨਾ ਖ਼ਰੀਦਿਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਸਾਲ ਗੰਨੇ ਦੀ ਖੇਤੀ ਹੇਠ ਰਕਬਾ ਜ਼ਰੂਰ ਘਟਿਆ ਹੈ, ਪਰ ਪ੍ਰਤੀ ਏਕੜ ਉਤਪਾਦਨ 'ਚ ਵਾਧਾ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਗੰਨੇ ਦੀ ਸੰਯੁਕਤ ਖੇਤੀ ਲਈ ਦਿੱਤੀ ਜਾਣ ਵਾਲੀ ਸਬਸਿਡੀ ਤੋਂ ਕਿਸਾਨ ਖੁਸ਼ ਨਹੀਂ ਹਨ। ਹਰਿਆਣਾ ਗੰਨਾ ਸੰਘਰਸ਼ ਕਮੇਟੀ ਦੇ ਪ੍ਰਧਾਨ ਸ਼ਮਸ਼ੇਰ ਸਿੰਘ ਤਿਆਗੀ ਨੇ ਇਸ ਬਾਰੇ ਕਿਹਾ ਕਿ ਗੰਨੇ ਦੀ ਖੇਤੀ ਲਈ 30 ਹਜ਼ਾਰ ਰੁਪਏ ਪ੍ਰਤੀ ਏਕੜ ਆਉਣ ਵਾਲੇ ਖ਼ਰਚ ਅੱਗੇ 2000 ਰੁਪਏ ਸਬਸਿਡੀ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ 300 ਰੁਪਏ ਪ੍ਰਤੀ ਕੁਇੰਟਲ ਉਚੀ ਕੀਮਤ 'ਤੇ ਗੰਨੇ ਦਾ ਬੀਜ ਕੌਣ ਖ਼ਰੀਦੇਗਾ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਗੰਨੇ ਦੀ ਖੇਤੀ ਹੇਠ ਰਕਬਾ ਘਟਣ ਤੋਂ ਬਾਅਦ ਹਰਿਆਣਾ 'ਚ ਹਾੜੀ ਦੀ ਫ਼ਸਲ ਹੇਠ ਇਸ ਸਾਲ 25 ਲੱਖ ਹੈਕਟੇਅਰ ਦਾ ਵਾਧਾ ਦਰਜ ਕੀਤਾ ਗਿਆ ਹੈ। ਉਧਰ ਖੰਡ ਮਿੱਲ ਫੈਡਰੇਸ਼ਨ ਦੇ ਅਧਿਕਾਰੀ ਪਿਛਲੇ ਸਾਲ ਨਾਲੋਂ ਗੰਨੇ ਦੀ ਖੇਤੀ 'ਚ ਆਈ 5 ਫ਼ੀਸਦੀ ਗਿਰਾਵਟ ਨੂੰ ਨਜ਼ਰਅੰਦਾਜ਼ ਕਰਦੇ ਹੋਏ ਪਿਛਲੇ ਸਾਲ ਦੇ ਖੰਡ ਦੇ ਕੁੱਲ 23 ਲੱਖ ਕੁਇੰਟਲ ਉਤਪਾਦਨ ਦੇ ਮੁਕਾਬਲੇ ਇਸ ਸਾਲ 25 ਲੱਖ ਕੁਇੰਟਲ ਖੰਡ ਦੇ ਉਤਪਾਦਨ ਦਾ ਦਾਅਵਾ ਕਰ ਰਹੇ ਹਨ।

## ਕੈਨੇਡਾ ਦੀ ਲਾਲਸਾ ਲਈ ਅਨੇਕਾਂ ਪਾਪੜ ਵੇਲੇ

**ਤਰਨਤਾਰਨ:** ਇਕ ਪਰਿਵਾਰ ਵਲੋਂ ਆਪਣੀ ਲੜਕੀ ਨੂੰ ਕੈਨੇਡਾ ਭੇਜਣ ਲਈ ਕਿਸੇ ਵੀ ਹੱਦ ਤੱਕ ਜਾਣ ਦੀ ਲਾਲਸਾ ਨੇ ਪਰਿਵਾਰ ਦੇ ਤਿੰਨ ਜੀਆਂ ਨੂੰ ਸੰਗੀਨ ਅਪਰਾਧਿਕ ਮਾਮਲਿਆਂ ਵਿਚ ਫਸਾ ਕੇ ਰੱਖ ਦਿੱਤਾ ਹੈ। ਇਸ ਸਬੰਧੀ ਇਕੱਤਰ ਕੀਤੀ ਜਾਣਕਾਰੀ ਅਨੁਸਾਰ ਪਰਿੰਗੜੀ (ਨਜ਼ਦੀਕ ਪੱਟੀ) ਦੇ ਇਸ ਪਰਿਵਾਰ ਦੇ ਮੁਖੀ ਗੁਰਦੇਵ ਸਿੰਘ, ਉਸਦੀ ਪਤਨੀ ਸਵਿੰਦਰ ਕੌਰ ਅਤੇ ਲੜਕੀ ਰਣਜੀਤ ਕੌਰ ਖਿਲਾਫ ਥਾਣਾ ਹਰੀਕੇ ਵਿਖੇ ਦਫਾ 420, ਤਹਿਤ ਇਕ ਹੋਰ ਕੇਸ ਦਰਜ ਕੀਤਾ ਗਿਆ ਹੈ ਜਦੋਂਕਿ ਪਰਿਵਾਰ ਖਿਲਾਫ ਥਾਣਾ ਧਰਮਕੋਟ ਵਿਖੇ ਪਹਿਲਾਂ ਹੀ ਦਫਾ 420 ਹੇਠ ਇਕ ਕੇਸ ਦਰਜ ਕੀਤਾ ਗਿਆ ਸੀ, ਜਿਹੜਾ ਕਿ ਅਦਾਲਤ ਦੇ ਵਿਚਾਰ ਅਧੀਨ ਹੈ। ਇਹ ਪਰਿਵਾਰ ਆਪਣੀ ਲੜਕੀ ਰਣਜੀਤ ਕੌਰ ਨੂੰ ਕੈਨੇਡਾ ਭੇਜਣ ਲਈ ਕਈ ਵਰ੍ਹਿਆਂ ਤੋਂ ਪਾਪੜ ਵੇਲ ਰਿਹਾ ਹੈ। ਪਰਿਵਾਰ ਨੇ ਲੜਕੀ ਰਣਜੀਤ ਕੌਰ ਦਾ ਨਾਂ ਬਦਲ ਕੇ ਪਹਿਲਾਂ ਹਰਜੀਤ ਕੌਰ ਰੱਖਿਆ ਅਤੇ ਇਸ ਨਾਂ ਤਹਿਤ ਪਰਿਵਾਰ ਵਾਲਿਆਂ ਨੇ ਘਰ ਦਾ ਪਤਾ ਵਗੈਰਾ ਰਾਜਪ੍ਰੀਤ ਕੌਰ ਪੁੱਤਰੀ ਪਾਲ ਸਿੰਘ ਵਾਸੀ ਕਿਸ਼ਨਪੁਰਾ ਜ਼ਿਲ੍ਹਾ ਮੋਗਾ ਰੱਖ ਕੇ ਪਾਸਪੋਰਟ ਨੰਬਰ 9456446 ਮਿਤੀ 30 ਮਾਰਚ, 2001 ਨੂੰ ਜਾਰੀ ਕਰਾਇਆ ਅਤੇ ਇਸ ਹੇਰਾਫੇਰੀ ਦਾ ਪਤਾ ਲੱਗ ਜਾਣ 'ਤੇ ਪਰਿਵਾਰ ਵਾਲਿਆਂ ਖਿਲਾਫ ਥਾਣਾ ਧਰਮਕੋਟ ਵਿਖੇ ਕੇਸ ਦਰਜ ਕੀਤਾ ਗਿਆ। ਪਰਿਵਾਰ ਨੇ ਕੇਸ ਦਰਜ ਕਰਨ ਤੋਂ ਕੋਈ ਸਬਕ ਨਾ ਸਿੱਖਿਆ ਅਤੇ ਉਨ੍ਹਾਂ ਲੜਕੀ ਦਾ ਨਾਂ ਫਿਰ ਬਦਲ ਕੇ ਹੁਣ ਹਰਜੀਤ ਕੌਰ ਤੋਂ ਰਣਜੀਤ ਕੌਰ ਪੁੱਤਰੀ ਗੁਰਦੇਵ ਸਿੰਘ ਵਾਸੀ ਪਰਿੰਗੜੀ ਰੱਖ ਕੇ ਇਕ ਹੋਰ ਪਾਸਪੋਰਟ 5 ਸਤੰਬਰ, 2005 ਨੂੰ ਜਾਰੀ ਕਰਵਾ ਲਿਆ। ਪਰਿਵਾਰ ਦੀ ਹਰ ਗੱਲ ਬਾਰੇ ਪਰਿਵਾਰ ਦੇ ਹੀ ਇਕ ਹੋਰ ਰਿਸ਼ਤੇਦਾਰ ਹਰਨੇਕ ਸਿੰਘ ਵਾਸੀ ਚੁੰਘ ਥਾਣਾ ਵਲਟੋਹਾ ਨੂੰ ਪਤਾ ਲਗਦਾ ਰਿਹਾ। ਹਰਨੇਕ ਸਿੰਘ ਨੇ ਇਸ ਸਬੰਧੀ ਸਾਰੀ ਜਾਣਕਾਰੀ ਉਚ ਪੁਲੀਸ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦੀ। ਮਾਮਲੇ ਦੀ ਜਾਂਚ ਐਸ.ਐਸ.ਪੀ. ਨੇ ਕਰਵਾਈ ਤਾਂ ਇਹ ਸਭ ਕੁਝ ਰਿਕਾਰਡ ਉਪਰ ਆ ਗਿਆ। ਐਸ.ਐਸ.ਪੀ. ਨੇ ਸੁਖਦੇਵ ਸਿੰਘ ਬਰਾੜ ਨੇ ਆਖਿਆ ਕਿ ਇਸ ਸਬੰਧੀ ਬਕਾਇਦਾ ਜਾਂਚ ਕਰਵਾਉਣ ਮਗਰੋਂ ਕਾਨੂੰਨੀ ਰਾਏ ਲਈ ਗਈ ਹੈ ਅਤੇ ਮੁਲਜ਼ਮਾਂ ਖਿਲਾਫ ਸਭ ਲੋੜੀਂਦੇ ਸਬੂਤ ਪੈਦਾ ਕਰ ਲਏ ਗਏ ਹਨ। ਉਨ੍ਹਾਂ ਆਖਿਆ ਕਿ ਇਹ ਪਰਿਵਾਰ ਹਰ ਹਾਲ ਆਪਣੀ ਲੜਕੀ ਨੂੰ ਕੈਨੇਡਾ ਭੇਜਣ ਦੀ ਲਾਲਸਾ ਰੱਖਦਾ ਆ ਰਿਹਾ ਸੀ ਅਤੇ ਇਹ ਲਾਲਸਾ ਹੀ ਇਸ ਪਰਿਵਾਰ ਲਈ ਨਾਮੋਸ਼ੀ ਦਾ ਕਾਰਨ ਬਣ ਗਈ ਹੈ। ਮੁਲਜ਼ਮ ਫਰਾਰ ਦੱਸੇ ਜਾ ਰਹੇ ਹਨ।

## ਪੰਜਾਬ ਸਰਕਾਰ ਛੇਤੀ ਐਸ. ਐਸ.ਜੀ. ਕਾਇਮ ਕਰੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਨੈਸ਼ਨਲ ਸਕਿਉਰਿਟੀ ਗਾਰਡ (ਐਨ.ਐਸ.ਜੀ.) ਦੀ ਇਕ ਬਟਾਲੀਅਨ ਕਾਇਮ ਕੀਤੀ ਜਾ ਰਹੀ ਹੈ। ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਦੱਸਿਆ ਕਿ ਇਸ ਵਿਸ਼ੇਸ਼ ਸੁਰਖਿਆ ਬਲ ਦਾ ਗਠਨ ਹੰਗਾਮੀ ਹਾਲਤ ਨਾਲ ਸਿੱਝਣ ਲਈ ਕੀਤਾ ਜਾ ਰਿਹਾ ਹੈ।ਪੰਜਾਬ ਇਸਤੋਂ ਪਹਿਲਾਂ ਅਤਿਵਾਦ ਦੇ ਦੌਰ 'ਚੋਂ ਗੁਜ਼ਰ ਚੁੱਕਾ ਹੈ ਤੇ ਅਜੇ ਵੀ ਅਤਿਵਾਦ ਦਾ ਖ਼ਤਰਾ ਹੈ। ਇਸ ਸੂਬੇ ਦੇ ਕੌਮਾਂਤਰੀ ਸਰਹੱਦ ਨਾਲ ਲਗਦਾ ਹੋਣ ਕਾਰਨ ਹੋਰ ਕਈ ਤਰ੍ਹਾਂ ਦੇ ਖ਼ਤਰੇ ਹਨ। ਉਪ ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੇ ਕਈ ਸੂਬਿਆਂ ਨੂੰ ਨਕਸਲਵਾਦ ਨੇ ਘੇਰਿਆ ਹੋਇਆ ਹੈ ਤੇ ਪੰਜਾਬ ਵਿਚ ਵੀ ਇਸਦੇ ਫਿਰ ਉਭਰਨ ਦਾ ਖ਼ਦਸ਼ਾ ਬਣਿਆ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਹੰਗਾਮੀ ਹਾਲਤ ਵਿਚ ਸਿੱਝਣ ਲਈ ਪੰਜਾਬ ਨੂੰ ਵਿਸ਼ੇਸ਼ ਸੁਰੱਖਿਆ ਬਲ ਦਾ ਗਠਨ ਕਰਨ ਦੀ ਜ਼ਰੂਰਤ ਹੈ। ਐਸ.ਐਸ.ਜੀ. ਦੇ ਜਵਾਨਾਂ ਨੂੰ ਐਨ.ਐਸ.ਜੀ. ਵਾਂਗ ਹੀ ਸਿਖਲਾਈ ਅਤੇ ਅਤਿਵਾਦ ਨਾਲ ਲੜਨ ਦੇ ਤੌਰ ਤਰੀਕਿਆਂ ਬਾਰੇ ਨਿਪੁੰਨ ਕੀਤਾ ਜਾਵੇਗਾ। ਐਸ.ਐਸ.ਜੀ. ਦੇ ਗਠਨ ਦੀਆਂ ਮੁੱਢਲੀਆਂ ਕਾਰਵਾਈਆਂ ਮੁਕੰਮਲ ਕੀਤੀਆਂ ਜਾ ਚੁੱਕੀਆਂ ਹਨ ਤੇ ਇਸ ਵਿਸ਼ੇਸ਼ ਬਲ ਦਾ ਗਠਨ 5 ਮਹੀਨਿਆਂ ਦੇ ਅੰਦਰ ਅੰਦਰ ਕਰ ਦਿੱਤਾ ਜਾਵੇਗਾ। ਇਸ ਬਲ ਵਿਚ 700 ਜਵਾਨ ਭਰਤੀ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪੁਲੀਸ ਦੇ ਆਧੁਨਿਕੀਕਰਨ ਅਤੇ ਨਵੇਂ ਹਥਿਆਰਾਂ ਦੀ ਖਰੀਦੋ ਫਰੋਖਤ ਲਈ 40 ਕਰੋੜ ਰੁਪਏ ਪੁਲੀਸ ਨੂੰ ਦਿੱਤੇ ਗਏ ਹਨ।

## ਲੇਬਰ ਦੀ ਘਾਟ ਨੇ ਉਡਾਈ ਸਨਅਤਾਂ ਦੀ ਨੀਂਦ

**ਜਲੰਧਰ :** ਪੰਜਾਬ ਵਿਚ ਲੇਬਰ ਸਮੱਸਿਆ ਨੇ ਸਨਅਤਾਂ ਦੀ ਨੀਂਦ ਉਡਾ ਦਿੱਤੀ ਹੈ ਕਿਉਂਕਿ ਹੁਣ ਬਿਹਾਰ ਤੋਂ ਪ੍ਰਵਾਸੀ ਮਜ਼ਦੂਰਾਂ ਨੇ ਪੰਜਾਬ ਆਉਣਾ ਕਾਫੀ ਘੱਟ ਕਰ ਦਿੱਤਾ ਹੈ ਜਿਸ ਕਾਰਨ ਕਿਰਤ ਆਧਾਰਤ ਸਨਅਤਾਂ ਸਾਹਮਣੇ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਬਰਾਮਦਕਾਰ ਅਤੇ ਉੱਦਮੀ ਗਿਆਨ ਭੰਡਾਰੀ ਨੇ ਦੱਸਿਆ ਕਿ ਇਸ ਵੇਲੇ ਤਕਰੀਬਨ 40 ਫੀਸਦੀ ਪ੍ਰਵਾਸੀ ਮਜ਼ਦੂਰਾਂ ਦੀ ਕਮੀ ਸਨਅਤਾਂ ਨੂੰ ਝੱਲਣੀ ਪੈ ਰਹੀ ਹੈ।

ਇਸਤੋਂ ਪਹਿਲਾਂ ਯੂ.ਪੀ., ਬਿਹਾਰ, ਨੇਪਾਲ ਅਤੇ ਦੱਖਣੀ ਭਾਰਤ ਤੋਂ ਕਾਫੀ ਲੇਬਰ ਪੰਜਾਬ ਆਉਂਦੀ ਸੀ। ਦੱਖਣੀ ਭਾਰਤ ਤੋਂ ਪੜ੍ਹੀ-ਲਿਖੀ ਲੇਬਰ ਆਉਂਦੀ ਸੀ, ਜਦਕਿ ਬਿਹਾਰ ਅਤੇ ਯੂ.ਪੀ. ਤੋਂ ਸਰੀਰਕ ਮਿਹਨਤ ਕਰਨ ਵਾਲੇ ਲੋਕ ਆਉਂਦੇ ਸਨ। ਉਨ੍ਹਾਂ ਕਿਹਾ ਕਿ ਬਿਹਾਰ ਸਰਕਾਰ ਵਲੋਂ ਆਪਣੇ ਸੂਬੇ ਵਿਚ ਸਨਅਤਾਂ ਨੂੰ ਉਤਸ਼ਾਹਤ ਕਰਨ ਨਾਲ ਹੁਣ ਮਜ਼ਦੂਰਾਂ ਨੂੰ ਆਪਣੇ ਹੀ ਸੂਬੇ ਵਿਚ ਰੋਜ਼ਗਾਰ ਮਿਲ ਰਿਹਾ ਹੈ, ਇਸ ਲਈ ਉਨ੍ਹਾਂ ਨੇ ਦੂਰ-ਦੁਰਾਡੀਆਂ ਥਾਵਾਂ 'ਤੇ ਜਾਣਾ ਛੱਡ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਵਿਚ ਸੂਬੇ ਦੀ ਵਿਗੜੀ ਅਮਨ ਕਾਨੂੰਨ ਦੀ ਸਥਿਤੀ ਕਾਰਨ ਵੀ ਦਹਿਸ਼ਤ ਪੈਦਾ ਹੋ ਰਹੀ ਹੈ ਕਿਉਂਕਿ ਮਜ਼ਦੂਰਾਂ ਨਾਲ ਲੁੱਟ ਖੋਹ ਦੀਆਂ ਘਟਨਾਵਾਂ ਵਧ ਗਈਆਂ ਹਨ। ਉਨ੍ਹਾਂ ਕਿਹਾ ਕਿ ਲੇਬਰ ਸਮੱਸਿਆ ਤੋਂ ਇਲਾਵਾ ਬਿਜਲੀ ਕਟੌਤੀ ਦੀ ਸਮੱਸਿਆ ਵੀ ਗੰਭੀਰ ਰੂਪ ਧਾਰ ਰਹੀ ਹੈ। ਹੁਣ 2 ਮੈਂਬਰੀ ਕਮੇਟੀ ਰਿਪੋਰਟ ਨੇ ਸਨਅਤਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ ਕਿਉਂਕਿ ਵੈਟ ਦਰਾਂ ਵਧਾਉਣ ਅਤੇ ਐਂਟਰੀ ਟੈਕਸ ਲਗਾਉਣ ਦੀ ਗਾਜ ਸਨਅਤ ਅਤੇ ਵਪਾਰ 'ਤੇ ਹੀ ਡਿਗੇਗੀ। ਇਨ੍ਹਾਂ ਸਾਰੇ ਮਾਮਲਿਆਂ 'ਤੇ ਗਠਜੋੜ ਸਰਕਾਰ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ।



TAXMATICS
Complete Tax Solutions
✓Individual Tax Returns
✓Corporations
✓Free E-file
✓Free direct deposit
✓Fee Collect option *(no out of pocket preparation fees)
✓Highway Taxes
✓IRS Audits & Representation
Individuals Taxes
Small Corporations
10% Off New Clients
call-Tejbir sandhu EA / Henry Amegatcher
225 N Weber Road Suite B, Bolingbrook, IL 60490
Phone-630- 444- 7499 Fax- 815- 372-0349

Desi Bazar
916 E. Main Street #118, Greenwood, IN, 46143
Tel: 317-888-2040, Fax: 317-887-6116
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

ਪੰਜਾਬੀ ਢਾਬਾ
Punjabi Dhaba
North Shore Banquet
Fine Indian Cuisine
Restaurant& Banquet Hall
2525 W. Devon Ave., Chicago IL 60659
Lunch & Dinner Buffet
ਆਪਣੀ ਅਗਲੀ ਪਾਰਟੀ ਬੁਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ
773-262-2080, 773-764-9392

ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ

ਅਸਾਧ ਰੋਗਾਂ ਦਾ ਕੁਦਰਤੀ ਇਲਾਜ

*ਆਯੂਰਵੇਦ *ਐਕੂਪ੍ਰੈਸ਼ਰ *ਰੇਇਕੀ
ਖਾਨਦਾਨੀ ਵੈਦ ਰਾਜੀਵ ਕੁਮਾਰ ਅਗਰਵਾਲ
ਤਿੰਨ ਪੁਸ਼ਤਾਂ ਦਾ ਖਾਨਦਾਨੀ ਤਜਰਬਾ
Dr. Rajiv K Agarwal
Ayurvadic Practitioner,
Su-jok Accupressure Therapist
and Reiki Grand Master
India Health Today
400 W. Main Street Ste. 204
Executive Center, Gaylord, MI 49735
Also available for consultation in Canton & Plymouth


Swami Ramdev's Divya Products also available.
Ph. 231-360-1435, 231-409-7692
www.indiahealthtoday.com

# ਪਰਵਾਸੀ ਲਾੜਿਆਂ ਵਲੋਂ ਛੱਡੀਆਂ ਕੁੜੀਆਂ ਦੇ ਮਾਮਲੇ ਗੰਭੀਰ ਬਣੇ

## ਸਖਤ ਕਾਨੂੰਨਾਂ ਦੇ ਨਾਲ ਨਾਲ ਸਮਾਜਿਕ ਤੇ ਧਾਰਮਿਕ ਪਹਿਲ ਕਦਮੀ ਜ਼ਰੂਰੀ

**ਜਲੰਧਰ:** ਪੰਜਾਬੀਆਂ ਦੇ ਵਿਦੇਸ਼ੀ ਜਾਣ ਦੇ ਰੁਝਾਨ ਵਿਚੋਂ ਜੋ ਤਰਾਸਦੀਆਂ ਉਪਜੀਆਂ ਹਨ, ਉਨ੍ਹਾਂ ਵਿਚੋਂ ਪਰਵਾਸੀ ਪੰਜਾਬੀ ਲਾੜਿਆਂ ਵਲੋਂ ਵਿਆਹ ਤੋਂ ਬਾਅਦ ਛੱਡੀਆਂ ਗਈਆਂ ਕੁੜੀਆਂ ਦੇ ਮਸਲੇ ਦਿਨੋਂ-ਦਿਨ ਗੰਭੀਰ ਹੁੰਦੇ ਜਾ ਰਹੇ ਹਨ। ਇਹ ਰੁਝਾਨ ਭਾਵੇਂ ਸਿਰਫ ਪੰਜਾਬ ਤੱਕ ਮਹਿਦੂਦ ਨਹੀਂ ਹੈ ਪਰ ਸਾਡਾ ਸੂਬਾ ਇਸ ਮਾਮਲੇ ਵਿਚ ਮੋਹਰੀ ਜ਼ਰੂਰ ਹੈ। ਪਰਵਾਸੀ ਭਾਰਤੀਆਂ ਦੇ ਮਾਮਲਿਆਂ ਨਾਲ ਸਬੰਧਤ ਮੰਤਰਾਲੇ ਨੇ ਪਿਛਲੇ ਸਾਲ ਦੌਰਾਨ ਅਜਿਹੇ 331 ਮਾਮਲੇ ਦਰਜ ਕੀਤੇ ਹਨ ਜਿਨ੍ਹਾਂ ਵਿਚ ਵਿਆਹ ਤੋਂ ਬਾਅਦ ਕੁੜੀਆਂ ਨੂੰ ਬਿਨਾਂ ਕਿਸੇ ਕਾਰਨ ਛੱਡ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ 87 ਮਾਮਲੇ ਪੰਜਾਬ ਨਾਲ ਸਬੰਧਤ ਹਨ। ਪਿਛਲੇ ਸਾਲ ਦੌਰਾਨ ਸਾਹਮਣੇ ਆਏ 331 ਮਾਮਲਿਆਂ ਵਿਚੋਂ 130 ਅਮਰੀਕਾ, 44 ਇੰਗਲੈਂਡ, 37 ਕੈਨੇਡਾ ਅਤੇ 23 ਆਸਟਰੇਲੀਆ ਵਿੱਚ ਭਾਰਤੀਆਂ ਨਾਲ ਸਬੰਧਤ ਹਨ।

ਉਪ੍ਰੋਕਤ ਅੰਕੜੇ ਇਸ ਤਰਾਸਦੀ ਦਾ ਸਿਰਫ ਇਕ ਪੱਖ ਉਜਾਗਰ ਕਰਦੇ ਹਨ। ਪੰਜਾਬ ਵਿਚ ਸਰਗਰਮ ਸਮਾਜਕ ਜਥੇਬੰਦੀਆਂ ਅਤੇ ਪੀੜਤ ਪਰਿਵਾਰਾਂ ਰਾਹੀਂ ਇਸ ਮੁੱਦੇ ਦੀਆਂ ਵੱਖਰੀਆਂ-ਵੱਖਰੀਆਂ ਪਰਤਾਂ ਅਖ਼ਬਾਰਾਂ ਵਿਚ ਉਜਾਗਰ ਹੁੰਦੀਆਂ ਰਹੀਆਂ ਹਨ। ਲੋਕ ਭਲਾਈ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਇਸ ਮੁੱਦੇ ਨੂੰ ਠੋਸ ਪਹਿਲ ਕਦਮੀਆਂ ਰਾਹੀਂ ਚਰਚਾ ਦਾ ਵਿਸ਼ਾ ਬਣਾਈ ਰੱਖਿਆ ਹੈ। ਉਪ੍ਰੋਕਤ ਅੰਕੜਿਆਂ ਵਿਚ ਉਨ੍ਹਾਂ ਕੁੜੀਆਂ ਦਾ ਜ਼ਿਕਰ ਨਹੀਂ ਹੈ ਜਿਨ੍ਹਾਂ ਨਾਲ ਵਿਆਹ ਕਰਨ ਤੋਂ ਬਾਅਦ ਪਰਵਾਸੀ ਪੰਜਾਬੀ ਲਾੜੇ ਮੁੜ ਨਹੀਂ ਪਰਤੇ। ਇਨ੍ਹਾਂ ਵਿਚੋਂ ਕਈ ਮਾਮਲਿਆਂ ਵਿਚ ਤਾਂ ਮੁੜ ਕੇ ਲਾੜੇ ਅਤੇ ਲਾੜੀ ਦੇ ਪਰਿਵਾਰ ਦਾ ਆਪਸ ਵਿਚ ਕੋਈ ਰਾਬਤਾ ਨਹੀਂ ਹੋਇਆ। ਬਹੁਤ ਸਾਰੀਆਂ ਕੁੜੀਆਂ ਆਪਣੇ ਛੋਟੇ ਬੱਚਿਆਂ ਨਾਲ ਕਈ-ਕਈ ਸਾਲਾਂ ਤੋਂ ਪਰਵਾਸੀ ਪੰਜਾਬੀ ਲਾੜਿਆਂ ਦੀ ਉਡੀਕ ਕਰ ਰਹੀਆਂ ਹਨ। ਇਸੇ ਰੁਝਾਨ ਕਾਰਨ ਇਨ੍ਹਾਂ ਪਰਵਾਸੀ ਲਾੜਿਆਂ ਨੂੰ 'ਛੁੱਟੀਆਂ ਵਾਲੇ ਪਤੀ' ਦਾ ਲਕਬ ਵੀ ਮਿਲਿਆ ਹੈ। ਜਿਹੜੀਆਂ ਕੁੜੀਆਂ ਵਿਆਹ ਕਰਵਾਉਣ ਤੋਂ ਬਾਅਦ ਵਿਦੇਸ਼ਾਂ ਵਿਚ ਗਈਆਂ ਹਨ, ਉਨ੍ਹਾਂ ਵਿਚੋਂ ਵੀ ਬਹੁਤ ਸਾਰੀਆਂ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸ਼ਿਕਾਰ ਹੋਈਆਂ ਹਨ। ਬਹੁਤ ਸਾਰੇ ਮਾਮਲਿਆਂ ਵਿਚ ਸਹੁਰੇ ਪਰਿਵਾਰ ਨੇ ਨਵੀਂ ਵਿਆਹੀ ਨੂੰਹ ਦੇ ਪਾਸਪੋਰਟ ਅਤੇ ਹੋਰ ਦਸਤਾਵੇਜ਼ ਆਪਣੇ ਕਬਜ਼ੇ ਵਿਚ ਲੈ ਲਏ ਹਨ। ਇਹ ਕੁੜੀਆਂ ਸਹੁਰੇ ਪਰਿਵਾਰਾਂ ਦੀਆਂ ਮਨ ਮਰਜ਼ੀਆਂ ਬਰਦਾਸ਼ਤ ਕਰਨ ਲਈ ਮਜਬੂਰ ਹਨ।

ਵਿਦੇਸ਼ੀਂ ਜਾਣ ਦੇ ਰੁਝਾਨ ਕਾਰਨ ਬਹੁਤ ਵਾਰ ਮਾਪੇ ਵਿਆਹ ਤੋਂ ਪਹਿਲਾਂ ਪਰਵਾਸੀ ਪੰਜਾਬੀ ਲਾੜਿਆਂ ਬਾਬਤ ਢੁੱਕਵੀਂ ਜਾਣਕਾਰੀ ਹਾਸਲ ਕਰਨ ਨੂੰ ਤਰਜੀਹ ਨਹੀਂ ਦਿੰਦੇ। ਅਖ਼ਬਾਰਾਂ ਵਿਚ ਛਪਦੇ ਵਿਆਹ ਦੇ ਇਸ਼ਤਿਹਾਰਾਂ ਤੋਂ ਪਤਾ ਲੱਗਦਾ ਹੈ ਕਿ ਪਰਵਾਸੀ ਪੰਜਾਬੀ ਲਾੜੇ-ਲਾੜੀਆਂ ਦੀ ਮੰਗ ਕਿੰਨੀ ਜ਼ਿਆਦਾ ਹੈ। ਵਿਦੇਸ਼ੀਂ ਜਾਣ ਦੇ ਲਾਲਚ ਵਿਚ ਲੋਕ ਸਮਾਜਕ ਬੰਧਨਾਂ ਨੂੰ ਉਲੰਘਣ ਲਈ ਤਿਆਰ ਹਨ। ਇਸੇ ਕਾਰਨ ਪੰਜਾਬ ਵਿਚ ਜਾਅਲੀ,ਕੱਚੇ ਅਤੇ ਵੱਟੇ ਦੇ ਵਿਆਹਾਂ ਦਾ ਰੁਝਾਨ ਸਾਹਮਣੇ ਆਇਆ ਹੈ। ਕੈਨੇਡਾ ਦੀ ਸਰਕਾਰ ਨੇ ਇਨ੍ਹਾਂ ਨਕਲੀ ਵਿਆਹਾਂ ਵਾਲੇ ਪੰਜਾਬੀ ਮੂਲ ਦੇ ਲੋਕਾਂ ਨੂੰ ਵੀਜ਼ਾ ਲੈਣ ਤੋਂ ਰੋਕਣ ਲਈ ਵਿਸ਼ੇਸ਼ ਪੇਸ਼ਬੰਦੀਆਂ ਤੱਕ ਕੀਤੀਆਂ ਹਨ। ਨਕਲੀ ਵਿਆਹਾਂ ਦੇ ਕਾਰੋਬਾਰ ਵਿਚ ਸਮੁੱਚਾ ਸਮਾਜ ਅਤੇ ਪ੍ਰਸ਼ਾਸਨਿਕ ਢਾਂਚਾ ਚੇਤ ਜਾਂ ਅਚੇਤ ਰੂਪ ਵਿਚ ਸ਼ਾਮਲ ਹੈ। ਨਕਲੀ ਵਿਆਹਾਂ 'ਤੇ ਜੁੜੇ ਮੇਲ, ਹੁੰਦੇ ਲਾਵਾਂ-ਫੇਰੇ ਅਤੇ ਇਸੇ ਆਧਾਰ ਉਤੇ ਹਾਸਲ ਕੀਤੇ ਜਾਂਦੇ ਕਾਨੂੰਨੀ ਦਸਤਾਵੇਜ਼ ਕਿਸੇ ਤੋਂ ਗੁੱਝੇ ਨਹੀਂ ਹਨ। ਪੰਜਾਬੀ ਪਰਵਾਸੀ ਲਾੜਿਆਂ ਤੋਂ ਪੀੜਤ ਕੁੜੀਆਂ ਦੀ ਰਾਹਤ ਲਈ ਜਿਥੇ ਸਮਾਜਕ ਜਥੇਬੰਦੀਆਂ ਨੇ ਅਹਿਮ ਭੂਮਿਕਾ ਅਦਾ ਕੀਤੀ ਹੈ, ਉਥੇ ਕਈ ਕਿਸਮ ਦੀਆਂ ਕਾਨੂੰਨੀ ਪੇਸ਼ਬੰਦੀਆਂ ਦੀ ਚਰਚਾ ਵੀ ਹੁੰਦੀ ਰਹੀ ਹੈ। ਔਰਤਾਂ ਦੇ ਕੌਮੀ ਕਮਿਸ਼ਨ ਦੀ ਇਹ ਮੰਗ ਰਹੀ ਹੈ ਕਿ ਭਾਰਤੀ ਮੂਲ ਦੇ ਪਰਵਾਸੀਆਂ ਦੇ ਵਿਆਹ ਸਬੰਦੀ ਮਾਮਲਿਆਂ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇ। ਬੱਚਿਆਂ ਅਤੇ ਬੀਵੀਆਂ ਦੀ ਦੇਖਭਾਲ ਦੇ ਨਾਲ-ਨਾਲ ਬੱਚਿਆਂ ਦੀ ਸਪੁਰਦਗੀ ਅਤੇ ਜਾਇਦਾਦ ਬਾਬਤ ਮਾਮਲਿਆਂ ਨਾਲ ਨਜਿੱਠਣ ਲਈ ਕਾਨੂੰਨ ਵਧੇਰੇ ਸਪਸ਼ਟ ਹੋਵੇ। ਔਰਤਾਂ ਅਤੇ ਬਾਲ ਵਿਕਾਸ ਮੰਤਰਾਲੇ ਨੇ ਵਿਦੇਸ਼ ਮੰਤਰਾਲੇ ਨੂੰ ਸੁਝਾਅ ਦਿੱਤਾ ਹੈ ਕਿ ਪਰਵਾਸੀ ਭਾਰਤੀਆਂ ਨਾਲ ਵਿਆਹ ਕਰਵਾਉਣ ਵਾਲੀਆਂ ਕੁੜੀਆਂ ਨੂੰ ਦੋ ਪਾਸਪੋਰਟ ਜਾਰੀ ਕੀਤੇ ਜਾਣ। ਇਨ੍ਹਾਂ ਵਿਚੋਂ ਇਕ ਪਾਸਪੋਰਟ ਉਸ ਦੇਸ਼ ਦੇ ਭਾਰਤੀ ਸਫ਼ਾਰਤਖਾਨੇ ਕੋਲ ਜਮ੍ਹਾ ਰਹੇਗਾ ਜਿੱਥੇ ਵਿਆਹ ਕਰਵਾਉਣ ਤੋਂ ਬਾਅਦ ਉਹ ਕੁੜੀ ਜਾਵੇਗੀ। ਜਮ੍ਹਾਂ ਪਾਸਪੋਰਟ ਦੀ ਵਰਤੋਂ ਲੋੜ ਪੈਣ 'ਤੇ ਕੀਤੀ ਜਾ ਸਕੇਗੀ। ਇਸ ਦਸਤਾਵੇਜ਼ ਦੇ ਆਧਾਰ ਉਤੇ ਸਫਾਰਤਖਾਨਾ ਪੀੜਤ ਬੀਬੀਆਂ ਦੀ ਮਦਦ ਕਰਨ ਲਈ ਪਾਬੰਦ ਹੋਵੇਗਾ। ਉਪਰੋਕਤ ਸਮੁੱਚੀਆਂ ਪੇਸ਼ਬੰਦੀਆਂ ਪੀੜਤ ਨੂੰ ਰਾਹਤ ਦੇਣ ਲਈ ਹਨ ਜਦੋਂਕਿ ਇਸ ਰੁਝਾਨ ਨੂੰ ਠੱਲ੍ਹ ਪਾਏ ਬਿਨਾਂ ਪੀੜਤਾਂ ਦੀ ਗਿਣਤੀ ਵਧਣ ਤੋਂ ਨਹੀਂ ਰੋਕੀ ਜਾ ਸਕਦੀ। ਇਸ ਮਾਮਲੇ ਵਿਚ ਕਾਨੂੰਨੀ ਪੇਸ਼ਬੰਦੀਆਂ ਤੋਂ ਇਲਾਵਾ ਸਮਾਜਕ, ਧਾਰਮਿਕ ਅਤੇ ਸਭਿਆਚਾਰਕ ਪਹਿਲਕਦਮੀਆਂ ਜ਼ਰੂਰੀ ਹਨ। ਇਨ੍ਹਾਂ ਸਾਰੇ ਖੇਤਰਾਂ ਨਾਲ ਜੁੜੀਆਂ ਜਥੇਬੰਦੀਆਂ ਪੰਜਾਬੀ ਸਮਾਜ ਨੂੰ ਇਸ ਪੱਖੋਂ ਜਾਗਰੂਕ ਕਰ ਸਕਦੀਆਂ ਹਨ ਕਿ ਕੁੜੀਆਂ ਵਿਦੇਸ਼ੀ ਜਾਣ ਜਾਂ ਖੁਸ਼ਹਾਲੀ ਦੇ ਬੂਹੇ ਖੋਲ੍ਹਣ ਦਾ ਜਰੀਆ ਮਾਤਰ ਨਹੀਂ ਹਨ। ਉਹ ਕਿਸੇ ਵੀ ਹੋਰ ਮਨੁੱਖ ਵਾਂਗ ਜਿਉਣ ਦੇ ਹੱਕ ਰੱਖਦੀਆਂ ਹਨ।

## ਪ੍ਰਵਾਸੀਆਂ ਲਈ ਕਮਿਸ਼ਨ ਗਠਿਤ ਕੀਤਾ ਜਾਵੇਗਾ

**ਚੰਡੀਗੜ੍ਹ :** ਪੰਜਾਬ ਸਰਕਾਰ ਵਲੋਂ ਪ੍ਰਵਾਸੀ ਭਾਰਤੀਆਂ ਲਈ ਛੇਤੀ ਹੀ ਇੱਕ ਕਮਿਸ਼ਨ ਦਾ ਗਠਨ ਕੀਤਾ ਜਾ ਰਿਹਾ ਹੈ। ਇਹ ਕਮਿਸ਼ਨ ਹਾਈਕੋਰਟ ਦੇ ਸੇਵਾ ਮੁਕਤ ਜੱਜ ਦੀ ਅਗਵਾਈ ਹੇਠ ਗਠਿਤ ਕੀਤਾ ਜਾਵੇਗਾ। ਇਸ ਤੋਂ ਇਲਾਵਾ ਹਰ ਜ਼ਿਲ੍ਹੇ 'ਚ ਪ੍ਰਵਾਸੀ ਭਾਰਤੀਆਂ ਲਈ ਵੱਖਰੀ ਮਾਲ ਅਦਾਲਤ ਦੀ ਵਿਵਸਥਾ ਤੋਂ ਇਲਾਵਾ ਪ੍ਰਵਾਸੀ ਭਾਰਤੀਆਂ ਦੀ ਬਹੁਤਾਤ ਵਾਲੇ ਇਲਾਕਿਆਂ 'ਚ 6 ਪੁਲਿਸ ਥਾਣੇ ਖਾਸ ਪ੍ਰਵਾਸੀ ਭਾਰਤੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਥਾਪਤ ਕੀਤੇ ਗਏ ਹਨ। ਇਹ ਜਾਣਕਾਰੀ ਬੀਤੇ ਦਿਨੀਂ ਇਥੇ ਇਕ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਪੰਜਾਬ ਦੇ ਲੋਕ ਸੰਪਰਕ ਤੇ ਪ੍ਰਵਾਸੀ ਭਾਰਤੀਆਂ ਦੇ ਮਾਮਲਿਆਂ ਸਬੰਧੀ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਦਿੱਤੀ। ਸ੍ਰੀ ਸੇਖਵਾਂ ਨੇ ਅੱਗੇ ਬੋਲਦਿਆਂ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੀ ਸਲਾਹ ਨਾਲ ਜਲੰਧਰ 'ਚ ਪ੍ਰਵਾਸੀ ਭਾਰਤੀ ਵਸੋਂ ਲਈ ਇੱਕ ਵਿਸ਼ੇਸ਼ ਅਦਾਲਤ ਵੀ ਕਾਇਮ ਕੀਤੀ ਗਈ ਹੈ ਤੇ ਛੇਤੀ ਹੀ ਸਾਰੇ ਜ਼ਿਲ੍ਹਿਆਂ 'ਚ ਅਜਿਹੀਆਂ ਅਦਾਲਤਾਂ ਕਾਇਮ ਕਰਨ ਦੀ ਤਜਵੀਜ਼ ਹੈ। ਇਕ ਸੁਆਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਪੰਜਾਬ 'ਚ ਅਮਨ-ਸ਼ਾਂਤੀ ਦੀ ਬਹਾਲੀ ਕਾਇਮ ਹੈ ਤੇ ਹੁਣ ਕੇਂਦਰ ਸਰਕਾਰ ਵਲੋਂ ਸਿੱਖਾਂ ਦੀ ਅਖੌਤੀ ਕਾਲੀ ਸੂਚੀ ਦੀ ਮੁੜ ਸਮੀਖਿਆ ਕਰਨੀ ਚਾਹੀਦੀ ਹੈ ਤੇ ਉਨ੍ਹਾਂ ਨਾਗਰਿਕਾਂ ਨੂੰ ਆਪਣੇ ਘਰ ਪਰਤਣ ਤੇ ਰਾਜ ਦੀ ਪ੍ਰਗਤੀ 'ਚ ਹਿੱਸੇਦਾਰ ਬਣਨ ਦਾ ਮੌਕਾ ਮਿਲਣਾ ਚਾਹੀਦਾ ਹੈ।



ਉਨ੍ਹਾਂ ਕਿਹਾ ਕਿ ਇਸ ਸਬੰਧੀ ਉਹ ਪੰਜਾਬ ਪੁਲਿਸ ਦੇ ਡੀ ਜੀ ਪੀ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਵਿਚਾਰ ਕਰ ਚੁੱਕੇ ਹਨ ਤੇ ਮੁੱਖ ਮੰਤਰੀ ਜਲਦ ਇਸ ਸੂਚੀ ਦੀ ਮੁੜ ਸਮੀਖਿਆ ਦੀ ਮੰਗ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਵੀ ਮਿਲਣਗੇ। ਇਸ ਦੌਰਾਨ ਮੰਤਰੀ ਨੇ ਐਲਾਨ ਕੀਤਾ ਕਿ ਪੰਜਾਬ ਦੀ ਮੀਡੀਆ ਨੀਤੀ ਦਾ ਐਲਾਨ 13 ਅਪ੍ਰੈਲ ਤੱਕ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੀਡੀਆ ਨੀਤੀ ਸਬੰਧੀ ਕੇਂਦਰ ਸਰਕਾਰ ਤੋਂ ਕੁਝ ਹਦਾਇਤਾਂ ਵੀ ਆਈਆਂ ਹਨ।

## ਕੌਮਾਂਤਰੀ ਕਬੱਡੀ ਖਿਡਾਰੀ ਦੋ ਭਰਾਵਾਂ ਦੀ ਹਾਦਸੇ 'ਚ ਮੌਤ

**ਹੰਬੜਾ:** ਅੰਤਰਰਾਸ਼ਟਰੀ ਕਬੱਡੀ ਖਿਡਾਰੀ ਦੋ ਸਕੇ ਭਰਾਵਾਂ ਦੀ ਪਿੰਡ ਭੱਠਾਧੂਹਾ ਲਾਗੇ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਮੁੱਲਾਂਪੁਰ ਲਾਗਲੇ ਪਿੰਡ ਗਹੌਰ ਦੇ ਦੋ ਕਬੱਡੀ ਖਿਡਾਰੀ ਭਰਾ ਪਰਮਜੀਤ ਸਿੰਘ (26) ਅਤੇ ਕੁਲਵਿੰਦਰ ਸਿੰਘ (22) ਪੁੱਤਰ ਜਗਦੇਵ ਸਿੰਘ ਬੀਤੇ ਦਿਨੀਂ ਆਪਣੇ ਦੋਸਤ ਗੈਰੀ ਦੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਹੰਬੜਾਂ ਤੋਂ ਅੱਬੂਪੁਰਾ ਪਿੰਡ ਜਾ ਰਹੇ ਸਨ ਕਿ ਤੇਜ਼ ਰਫ਼ਤਾਰ ਸਕਾਰਪੀਉ ਗੱਡੀ ਉਨ੍ਹਾਂ ਦੇ ਮੋਟਰ ਸਾਈਕਲ ਵਿਚ ਆ ਵੱਜੀ। ਇਸ ਜਬਰਦਸਤ ਟੱਕਰ ਵਿਚ ਦੋਵਾਂ ਦੀ ਮੌਕੇ 'ਤੇ ਮੌਤ ਹੋ ਗਈ।

# ਸੁਖਬੀਰ ਵਲੋਂ ਪਰਵਾਸੀਆਂ ਨੂੰ ਨਿਵੇਸ਼ ਕਰਨ ਦਾ ਸੱਦਾ

**ਚੰਡੀਗੜ੍ਹ** : ਸਤਵੇਂ ਪੰਜਾਬੀ ਪਰਵਾਸੀ ਦਿਵਸ ਨੂੰ ਸੰਬੋਧਨ ਕਰਦਿਆਂ ਜਿੱਥੇ ਵੱਖ-ਵੱਖ ਆਗੂਆਂ ਨੇ ਪੰਜਾਬ ਨੂੰ ਪੇਸ਼ੇਵਰਾਨਾ ਮਾਹਿਰਾਂ ਦੇ ਕੇਂਦਰ ਵਜੋਂ ਵਿਕਸਤ ਕਰਨ 'ਤੇ ਜ਼ੋਰ ਦਿੱਤਾ, ਉਥੇ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਰਵਾਸੀ ਭਾਰਤੀਆਂ ਨੂੰ ਪੰਜਾਬ ਦੇ ਆਰਥਿਕ ਵਿਕਾਸ ਵਿਚ ਸਰਗਰਮ ਭਾਈਵਾਲ ਬਣਨ ਦਾ ਸੱਦਾ ਦਿੱਤਾ ਹੈ।



ਇਥੇ ਲੰਘੀ 23 ਜਨਵਰੀ ਨੂੰ ਇੰਸਚੀਊਟ ਆਫ ਟੈਕਨੋਲੋਜੀ ਐਂਡ ਫਿਊਚਰ ਮੈਨੇਜਮੈਂਟ ਟਰੈਂਡਜ ਦੇ ਸਹਿਯੋਗ ਨਾਲ ਇੰਟਰਨੈਸ਼ਨਲ ਪੰਜਾਬੀ ਚੈਂਬਰ ਫਾਰ ਸਰਲਿਸ ਇੰਡਸਟਰੀਜ਼ ਵਲੋਂ ਕਰਵਾਏ ਸਤਵੇਂ ਪੰਜਾਬੀ ਪਰਵਾਸੀ ਦਿਵਸ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਮਾਨਵੀ ਵਸੀਲਿਆਂ ਦੇ ਹੁਨਰ ਨੂੰ ਤਰਾਸ਼ਣ ਲਈ ਵਿਸ਼ਵ ਦੇ ਪ੍ਰਮੁੱਖ ਕੇਂਦਰ ਵਜੋਂ ਉਭਰਿਆ ਹੈ ਅਤੇ ਪਰਵਾਸੀ ਭਾਰਤੀਆਂ ਨੂੰ ਰਾਜ ਵਿਚ ਨਿਵੇਸ਼ ਕਰਕੇ ਇਸ ਹੁਨਰ ਤੋਂ ਲਾਭ ਉਠਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਮਾਨਵੀ ਸਰੋਤਾਂ ਨੂੰ ਵਿਕਸਤ ਕਰਨ ਲਈ ਪੰਜਾਬ ਵੱਡੀ ਪੱਧਰ 'ਤੇ ਨਿਵੇਸ਼ ਕਰ ਰਿਹਾ ਹੈ। ਉਦਯੋਗ ਨੂੰ ਮਿਆਰੀ ਮਾਨਵੀ ਸਰੋਤ ਮੁਹੱਈਆ ਕਰਵਾਉਣ ਲਈ ਇੰਡੀਅਨ ਇੰਸੀਚਿਊਟ ਆਫ ਟੈਕਨੋਲੋਜੀ ਰੋਪੜ ਵਿਖੇ ਪਹਿਲਾਂ ਹੀ ਕਲਾਸਾਂ ਸ਼ੁਰੂ ਹੋ ਚੁੱਕੀਆਂ ਹਨ। ਉਪ ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰੀ ਇੰਡੀਅਨ ਸਕੂਲ ਆਫ ਬਿਜਨਸ ਦੀ ਸਥਾਪਤੀ ਕਰ ਲਈ ਹੈ ਤੇ ਬਠਿੰਡਾ ਵਿਖੇ ਕੇਂਦਰੀ ਯੂਨੀਵਰਸਿਟੀ ਅਤੇ ਅੰਮ੍ਰਿਤਸਰ ਵਿਖੇ ਵਿਸ਼ਵ ਪੱਧਰੀ ਯੂਨੀਵਰਸਿਟੀ ਸਥਾਪਿਤ ਹੋ ਰਹੀਆਂ ਹਨ। ਪਰਵਾਸੀ ਭਾਰਤੀਆਂ ਨੂੰ ਸ਼ਾਂਤੀ, ਖੁਸ਼ਹਾਲੀ ਅਤੇ ਸਦਭਾਵਨਾ ਦੇ ਦੂਤ ਦੱਸਦੇ ਹੋਏ ਉਨ੍ਹਾਂ ਕਿਹਾ ਕਿ ਆਉਂਦੇ ਸਮੇਂ ਵਿਚ ਭਾਰਤ ਵਿਸ਼ਵ ਦੀ ਇਕ ਆਰਥਿਕ ਸ਼ਕਤੀ ਬਣ ਜਾਵੇਗਾ। ਪਰਵਾਸੀ ਭਾਰਤੀਆਂ ਨੂੰ ਬੁਨਿਆਦੀ ਢਾਂਚਾ ਮੁਹੱਈਆ ਕਰਾਉਣ ਦਾ ਵਾਅਦਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰੀ ਸੜਕ ਸੰਪਰਕ ਪੈਦਾ ਕਰਨ ਅਤੇ ਹਵਾਈ ਸੰਪਰਕ ਲਈ ਕਈ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਬਿਜਲੀ ਦੇ ਖੇਤਰ ਵਿਚ ਰਾਜ ਨੂੰ ਵਾਧੂ ਬਿਜਲੀ ਵਾਲਾ ਸੂਬਾ ਬਣਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ ਗਈਆਂ ਹਨ। ਰਾਜ ਵਿਚ ਚਾਰ ਨਵੇਂ ਥਰਮਲ ਪਲਾਂਟ ਸਥਾਪਤ ਕੀਤੇ ਜਾ ਰਹੇ ਹਨ। ਪਰਵਾਸੀ ਭਾਰਤੀ ਤੇ ਕੈਨੇਡਾ ਦੀ ਪਾਰਲੀਮੈਂਟ ਦੇ ਮੈਂਬਰ ਗੁਰਬਖਸ਼ ਸਿੰਘ ਮੱਲੀ ਨੇ ਕਿਹਾ ਕਿ ਵਿਦੇਸ਼ ਜਾਣ ਵਾਲੇ ਨੌਜਵਾਨਾਂ ਨੂੰ ਪੇਸ਼ੇਵਰਾਨਾ ਮਾਹਿਰ ਬਣਾਉਣ ਦੀ ਲੋੜ ਹੈ ਤਾਂ ਹੀ ਉਹ ਵਿਦੇਸ਼ਾਂ 'ਚ ਸਫਲ ਹੋ ਸਕਣਗੇ। ਨੌਜਵਾਨਾਂ ਨੂੰ ਇਸ ਲਈ ਜਾਗਰੂਕ ਕਰਨ ਦੀ ਲੋੜ ਹੈ ਤੇ ਇਸ ਮਾਮਲੇ ਵਿਚ ਮੀਡੀਆ ਅਹਿਮ ਭੂਮਿਕਾ ਨਿਭਾ ਸਕਦਾ ਹੈ। ਇੰਟਰਨੈਸ਼ਨਲ ਪੰਜਾਬੀ ਚੈਂਬਰ ਫਾਰ ਸਰਵਿਸ ਇੰਡਸਟਰੀ ਦੇ ਜਨਰਲ ਸਕੱਤਰ ਅਤੇ ਦਿਵਸ ਦੇ ਮੁੱਖ ਪ੍ਰਬੰਧਕ ਡਾ. ਗੁਲਸ਼ਨ ਸ਼ਰਮਾ ਨੇ ਦਿਵਸ ਬਾਰੇ ਜਾਣਕਾਰੀ ਦਿੱਤੀ। ਪੰਜਾਬ ਦੇ ਐਡਵੋਕੇਟ ਜਨਰਲ ਐਚ.ਐਸ.ਮਤੇਵਾਲ ਨੇ ਪਰਵਾਸੀ ਭਾਰਤੀਆਂ ਨੂੰ ਮਸਲੇ ਹੱਲ ਕਰਵਾਉਣ ਵਿਚ ਸਹਿਯੋਗ ਦੇਣ ਦਾ ਭਰੋਸਾ ਦਿਤਾ। ਬਰਤਾਨੀਆ ਤੋਂ ਪਰਵਾਸੀ ਭਾਰਤੀ ਡਾ. ਭਗਤ ਸਿੰਘ ਮੱਕੜ ਨੇ ਕਿਹਾ ਕਿ ਜਿਨੀ ਦੇਰ ਤਕ ਪਰਵਾਸੀਆਂ ਦੀਆਂ ਜਾਇਦਾਦਾਂ 'ਤੇ ਕਬਜ਼ਿਆਂ ਦੀ ਸਮੱਸਿਆ ਜਾਰੀ ਰਹੇਗੀ ਉਨੀ ਦੇਰ ਤੱਕ ਪਰਵਾਸੀ ਪੂੰਜੀ ਨਿਵੇਸ਼ ਲਈ ਅੱਗੇ ਨਹੀਂ ਆਉਣਗੇ।

**ਅਮਲ ਨਹੀਂ ਤਾਂ ਸੰਮੇਲਨ ਦਾ ਕੀ ਲਾਭ-ਪ੍ਰਵਾਸੀ :** ਲੰਘੀ 23 ਜਨਵਰੀ ਨੂੰ ਹੋਟਲ ਮਾਊਂਟਵਿਊ ਵਿਚ ਡਿਪਟੀ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ, ਐਨ.ਆਰ.ਆਈ. ਮੰਤਰੀ ਸ. ਸੇਵਾ ਸਿੰਘ ਸੇਖਵਾਂ, ਮੁੱਖ ਸਕੱਤਰ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਸਾਹਮਣੇ ਸਤਵੇਂ ਪ੍ਰਵਾਸੀ ਦਿਵਸ ਮੌਕੇ ਦੋ ਪ੍ਰਵਾਸੀ ਪੰਜਾਬੀਆਂ ਨੇ ਉੱਚੀ-ਉੱਚੀ ਦੁਹਾਈ ਦਿੱਤੀ ਕਿ ਹਰ ਸਾਲ ਇਹੋ-ਜਿਹੇ ਸਮਾਰੋਹ ਵਿਖਾਵੇ ਲਈ ਕੀਤੇ ਜਾਂਦੇ ਹਨ ਜਿਨ੍ਹਾਂ ਦਾ ਸਿੱਟਾ ਕੁਝ ਵੀ ਨਹੀਂ ਨਿਕਲਦਾ। ਕੈਨੇਡਾ ਵਾਸੀ ਜੀ. ਸਿੰਘ ਅਤੇ ਇੰਗਲੈਂਡ ਤੋਂ ਆਏ ਐਮ. ਸਿੰਘ ਨੇ ਅਪਣੀ ਸੀਟ ਉਤੇ ਖੜੇ ਹੋ ਕੇ ਪੁਛਿਆ ਕਿ ਪਿਛਲੀ ਵਾਰੀ ਤਾਜ ਹੋਟਲ ਵਿਚ ਹੋਏ ਪ੍ਰਵਾਸੀ ਦਿਵਸ ਮੌਕੇ ਲਏ ਫ਼ੈਸਲਿਆਂ ਦਾ ਕੀ ਬਣਿਆ ਤਾਂ ਅੰਤਰਰਾਸ਼ਟਰੀ ਪੰਜਾਬ ਚੈਂਬਰ ਫ਼ਾਰ ਸਰਵਿਸ ਇੰਡਸਟਰੀ ਜਥੇਬੰਦੀ ਦੇ ਕਰਤਾ-ਧਰਤਾ ਮੇਜਰ ਗੁਲਸ਼ਨ ਅਤੇ ਸਿੰਘਾਪੁਰ ਤੋਂ ਆਏ ਸ. ਕਰਮ ਸਿੰਘ ਠੁਕਰਾਲ ਨੇ ਇਕ ਦੋ ਦਲੀਲਾਂ ਦੇ ਕੇ ਇਨ੍ਹਾਂ ਪ੍ਰਵਾਸੀ ਪੰਜਾਬੀਆਂ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਪੰਜਾਬ ਦੀ ਜਵਾਨੀ ਨੂੰ ਸਰਬ-ਕਲਾ ਸਮਰੱਥ ਬਨਾਉਣ ਦੇ ਇਰਾਦੇ ਨਾਲ ਸੰਮੇਲਨ ਵਿਚ ਭਾਗ ਲੈਣ ਆਏ 100 ਦੇ ਕਰੀਬ ਪ੍ਰਵਾਸੀ ਪੰਜਾਬੀਆਂ ਦੇ ਜਜ਼ਬਾਤ ਨੂੰ ਹਲੂਣਿਆ ਗਿਆ ਅਤੇ ਸਰਕਾਰੀ ਤੇ ਗ਼ੈਰ-ਸਰਕਾਰੀ ਅਧਿਕਾਰੀਆਂ ਨੇ ਲੰਬੇ-ਚੌੜੇ ਅੰਕੜੇ ਦੇ ਕੇ ਵਿਦੇਸ਼ਾਂ ਵਿਚ ਨੌਕਰੀਆਂ ਦੇ ਚੰਗੇ ਮੌਕਿਆਂ ਬਾਰੇ ਅਤੇ ਪੰਜਾਬ ਅੰਦਰ ਵੀ ਉਦਯੋਗ ਧੰਦਿਆਂ ਨੂੰ ਸ਼ੁਰੂ ਕਰਨ ਦੀ ਤਫ਼ਸੀਲ ਦਿਤੀ। ਵੱਡੇ ਹਾਲ ਅੰਦਰ ਬੈਠੇ ਬਹੁਤੇ ਪ੍ਰਵਾਸੀ ਪੰਜਾਬੀਆਂ ਨੇ ਸ਼ਿਕਾਇਤ ਕੀਤੀ ਕਿ ਜਲੰਧਰ ਸਥਿਤ ਐਨ.ਆਰ.ਆਈ. ਸਭਾ ਕੋਲ ਕੋਈ ਸ਼ਕਤੀ ਨਹੀਂ ਹੈ ਅਤੇ ਪੰਜਾਬ ਵਿਚ ਸੂਬਾ ਸਰਕਾਰ ਬਦਲਣ ਨਾਲ ਚੱਲ ਰਹੇ ਜ਼ਮੀਨ-ਜਾਇਦਾਦ ਦੇ ਝਗੜੇ ਨਵਾਂ ਮੋੜ ਲੈ ਜਾਂਦੇ ਹਨ। ਉਨ੍ਹਾਂ ਦਾ ਰੋਸ ਸੀ ਕਿ ਕਰੋੜਾਂ ਰੁਪਏ ਖ਼ਰਚ ਕੇ ਅਪਣੇ ਵਤਨ ਵਿਚ ਜਾਇਦਾਦ ਖ਼ਰੀਦਣ ਦਾ ਕੋਈ ਫ਼ਾਇਦਾ ਨਹੀਂ ਕਿਉਂਕਿ ਆਏ ਦਿਨ ਝਗੜੇ ਨਿਬੇੜਨਾ ਉਨ੍ਹਾਂ ਦੇ ਵੱਸ ਦਾ ਰੋਗ ਨਹੀਂ।

**Freeway Travel Inc**
ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ
Call Raju
Tel: 773-973-0200
Fax: 773-973-0557
2542 W Devon Ave. Chicago IL 60659



**Easy Travel Inc.**
7191 Camelot Drive, Canton, MI 48187 Fax: 866-908-6663
www.easytravelinc.net info@easytravelinc.net
ਸਸਤੀਆਂ ਹਵਾਈ ਟਿਕਟਾਂ
*Please call us for the lowest fare from your city to india*
Tel: 734-451-9526, Toll Free 866-51-INDIA



**SUPER TRAVEL**
847-676-9090
*E-mail: supertravel2003@yahoo.com*
*Lowest Fares With Excellent Service*
*AMERICAN AIR, CONTINENTAL AIR*
*JET AIRWAYS DELTA, AIR INDIA, KLM, LUFTHANSA.*
*For Emergency Call anytime at 847-673-3825*
*EARLY BIRD SALE!!!!*
India $545
London $250



**SYAN VIDEO PRODUCTION, INC.**
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN
(725-7926)
(With 14 years Experienced)
734-261-0936 / 734-890-1767
E-mail: raj@syanvideo.com
or visit at: www.syanvideo.com



## ਸੰਘ ਵਲੋਂ ਸਿੱਖਾਂ ਦੀ ਵੱਖਰੀ ਪਛਾਣ 'ਤੇ ਇਤਰਾਜ਼

**ਅੰਮ੍ਰਿਤਸਰ:** ਹਿੰਦੂ ਜਥੇਬੰਦੀ ਆਰ.ਐਸ.ਐਸ. ਨੇ ਇਕ ਵਾਰ ਮੁੜ ਸਿੱਖਾਂ ਦੀ ਵੱਖਰੀ ਪਛਾਣ 'ਤੇ ਇਤਰਾਜ਼ ਦਾ ਪ੍ਰਗਟਾਵਾ ਕੀਤਾ। ਇਹ ਪ੍ਰਗਟਾਵਾ ਆਰ.ਐਸ.ਐਸ.ਦੀ ਵੈਬਸਾਈਟ 'ਤੇ ਪਾਏ ਗਏ ਲੇਖ ਵਿਚ ਕੀਤਾ ਗਿਆ ਹੈ, ਜਿਸ ਦਾ ਸਿੱਖ ਜਥੇਬੰਦੀ ਦਲ ਖਾਲਸਾ ਨੇ ਵਿਰੋਧ ਪ੍ਰਗਟਾਇਆ ਹੈ। ਆਰ.ਐਸ.ਐਸ.ਦੀ ਵੈੱਬਸਾਈਟ 'ਤੇ ਰਮਾਕਾਂਤ ਤਿਵਾੜੀ ਦੇ ਨਾਂ ਹੇਠ ਦਰਜ ਇਸ ਲੇਖ ਵਿਚ ਸ੍ਰੀ ਤਿਵਾੜੀ ਨੇ ਦੱਸਿਆ ਕਿ ਉਹ ਆਰ.ਐਸ.ਐਸ. ਦੇ ਪ੍ਰਚਾਰਕ ਹਨ ਅਤੇ ਬੀਤੇ ਸਮੇਂ ਵਿਚ ਉਹ ਦੋ ਦਿਨ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਏ ਸਨ।

ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਨੂੰ ਅਭੁੱਲ ਯਾਦ ਕਰਾਰ ਦਿੱਤਾ ਅਤੇ ਇਸ ਥਾਂ ਦੀ ਰੂਹਾਨੀ ਸ਼ੋਭਾ ਦਾ ਗੁਣਗਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਦੋ ਦਿਨ ਦੀ ਇਸ ਯਾਤਰਾ ਦੌਰਾਨ ਉਹ ਚਾਰ ਵਾਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਗਏ। ਉਨ੍ਹਾਂ ਕਈ ਵਾਰ ਕੜਾਹ ਪ੍ਰਸਾਦਿ ਵੀ ਲਿਆ ਪਰ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਤੋਂ ਬਿਨਾਂ ਲੰਗਰ ਛਕਿਆਂ ਹੀ ਵਾਪਸ ਆ ਗਏ ਕਿਉਂਕਿ ਲੰਗਰ ਦੀਆਂ ਸਬਜ਼ੀਆਂ ਵਿਚ ਪਿਆਜ਼ ਅਤੇ ਲਸਣ ਦੀ ਵਰਤੋਂ ਕੀਤੀ ਹੋਈ ਸੀ, ਜੋ ਹਿੰਦੂ ਧਰਮ ਮੁਤਾਬਿਕ ਸ਼ਾਕਾਹਾਰੀ ਵਸਤਾਂ ਨਹੀਂ ਹਨ। ਉਸਨੇ ਇਨ੍ਹਾਂ ਦੋਨਾਂ ਚੀਜ਼ਾਂ ਦੀ ਵਰਤੋਂ 'ਤੇ ਇਤਰਾਜ਼ ਵੀ ਪ੍ਰਗਟਾਇਆ। ਉਸਨੇ ਕਿਹਾ ਕਿ ਗੁਰਬਾਣੀ ਦੇ ਕੀਰਤਨ ਦੌਰਾਨ ਉਸਨੇ ਸ਼ਬਦਾਂ ਵਿਚ ਕਈ ਵਾਰ ਰਾਮ, ਗੋਵਿੰਦ ਅਤੇ ਸ਼ਿਵਾ ਦਾ ਨਾਂ ਵੀ ਸੁਣਿਆ। ਉਨ੍ਹਾਂ ਕਿਹਾ ਕਿ ਜਦੋਂ ਗੁਰੂ ਨੇ ਇਹ ਨਾਂ ਉਚਾਰੇ ਹਨ ਤਾਂ ਸਿੱਖ ਕੌਮ ਆਪਣੇ ਆਪ ਨੂੰ ਕਿਉਂ ਵੱਖਰੀ ਕੌਮ ਅਤੇ ਧਰਮ ਦੱਸ ਰਹੀ ਹੈ। ਉਸਨੇ ਲਿਖਿਆ ਕਿ ਜਦੋਂ ਗੁਰਬਾਣੀ ਵਿਚ ਇਹ ਸਾਰੇ ਨਾਂ ਹਨ ਤਾਂ ਸਿੱਖ ਇਨ੍ਹਾਂ ਦੇਵਤਿਆਂ ਨੂੰ ਮੰਦਰ ਵਿਚ ਪੂਜਣ ਤੋਂ ਕਿਉਂ ਕਤਰਾਉਂਦੇ ਹਨ। ਉਸਨੇ ਲਿਖਿਆ ਕਿ ਸਿੱਖ ਭਾਈਚਾਰਾ ਰਾਮ ਜਨਮ ਭੂਮੀ ਅੰਦੋਲਨ ਅਤੇ ਕ੍ਰਿਸ਼ਨ ਜਨਮ ਭੂਮੀ ਨੂੰ ਮੁਕਤ ਕਰਾਉਣ ਵਿਚ ਕਿਉਂ ਨਹੀਂ ਸਹਿਯੋਗ ਦੇ ਰਿਹਾ।

ਉਸਨੇ ਸਿੱਖ ਅਜਾਇਬ ਘਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਹੋਰ ਸ਼ਹੀਦਾਂ ਦੀਆਂ ਲੱਗੀਆਂ ਤਸਵੀਰਾਂ 'ਤੇ ਵੀ ਕਿੰਤੂ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਕਿਸ ਆਧਾਰ 'ਤੇ ਸ਼ਹੀਦ ਕਰਾਰ ਦਿੱਤਾ ਗਿਆ। ਇਸ ਅਜਾਇਬ ਘਰ ਦਾ ਨਾਂ ਸਿੱਖ ਅਜਾਇਬ ਘਰ ਦੀ ਥਾਂ 'ਤੇ ਸ਼ਹੀਦ ਗੈਲਰੀ ਰੱਖਣਾ ਚਾਹੀਦਾ ਹੈ। ਉਸਨੇ ਸ਼੍ਰੋਮਣੀ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਅਪੀਲ ਕੀਤੀ ਕਿ ਲੰਗਰ ਘਰ ਵਿਚ ਤਿਆਰ ਕੀਤੀਆਂ ਜਾਂਦੀਆਂ ਸਬਜ਼ੀਆਂ ਵਿਚੋਂ ਪਿਆਜ਼ ਅਤੇ ਲਸਣ ਦੀ ਵਰਤੋਂ ਨੂੰ ਬੰਦ ਕੀਤਾ ਜਾਵੇ ਅਤੇ ਅਜਾਇਬ ਘਰ ਵਿਚ ਲੱਗੀਆਂ ਸੰਤ ਭਿੰਡਰਾਂਵਾਲਾ ਅਤੇ ਹੋਰਨਾਂ ਦੀਆਂ ਤਸਵੀਰਾਂ ਨੂੰ ਹਟਾਇਆ ਜਾਵੇ।

ਇਸ ਸਬੰਧ ਵਿਚ ਦਲ ਖਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਕਿਹਾ ਕਿ ਆਰ.ਐਸ.ਐਸ.ਦੀ ਵੈਬਸਾਈਟ 'ਤੇ ਪਾਏ ਗਏ ਇਸ ਲੇਖ ਤੋਂ ਉਸਦੀਆਂ ਸਿੱਖ ਵਿਰੋਧੀ ਭਾਵਨਾਵਾਂ ਸਪੱਸ਼ਟ ਜ਼ਾਹਿਰ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਲੇਖਕ ਨੇ ਆਪਣੇ ਲੇਖ ਰਾਹੀਂ ਸਿੱਖ ਅਤੇ ਮੁਸਲਿਮ ਭਾਈਚਾਰੇ ਵਿਚ ਵੀ ਤਰੇੜ ਪਾਉਣ ਦਾ ਯਤਨ ਕੀਤਾ ਹੈ। ਇਸ ਮਾਮਲੇ ਵਿਚ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਵੀ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਹੈ।

**ਆਰ. ਐਸ. ਐਸ. ਨੂੰ ਤਾੜਨਾ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਘ ਪਰਿਵਾਰ ਦੀ ਵੈਬਸਾਈਟ 'ਤੇ ਡਾ. ਰਮਾਕਾਂਤ ਤਿਵਾੜੀ ਵਲੋਂ ਸਿੱਖ ਧਰਮ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਉਹ ਆਪਣੀ ਬਜਰ ਗਲਤੀ ਦੀ ਤੁਰੰਤ ਮੁਆਫੀ ਮੰਗਣ ਅਤੇ ਭਵਿੱਖ 'ਚ ਯਕੀਨੀ ਬਣਾਉਣ ਕਿ ਅਜਿਹੀ ਘਟੀਆ ਬੇਹੂਦਾ ਹਰਕਤ ਦੋਬਾਰਾ ਨਹੀਂ ਕੀਤੀ ਜਾਵੇਗੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰੀ ਅਵਤਾਰ ਸਿੰਘ ਮੱਕੜ ਨੂੰ ਵੀ ਆਰ. ਐਸ. ਐਸ. ਨੂੰ ਅਜਿਹੀਆਂ ਹਰਕਤਾਂ ਤੋਂ ਬਾਜ ਆਉਣ ਲਈ ਕਿਹਾ।

ਇਸ ਦੌਰਾਨ ਸੀ ਪੀ ਆਈ ਦੇ ਡਾ. ਜੋਗਿੰਦਰ ਦਿਆਲ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਨਾਲ ਨਾਲ ਸਮਾਜਕ ਬਾਈਕਾਟ ਦੇ ਆਦੇਸ਼ ਜਾਰੀ ਕਰਨ। ਖੱਬੀਆਂ ਧਿਰਾਂ ਵਲੋਂ ਕੀਤੇ ਗਏ ਰੋਸ ਮੁਜ਼ਾਹਰੇ ਨੂੰ ਉਚੇ ਪੁਲ 'ਤੇ ਸੰਬੋਧਨ ਕਰਦਿਆਂ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਜਥੇਦਾਰ ਅਕਾਲ ਤਖਤ ਧਾਰਮਕ ਤੌਰ 'ਤੇ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਰੋਕਣ ਲਈ ਜਨਤਕ ਤੌਰ 'ਤੇ ਹੁਕਮਨਾਮਾ ਜਾਰੀ ਕਰੇ ਕਿ ਅਜਿਹੇ ਸਮਾਜ ਵਿਰੋਧੀ ਅਨਸਰਾਂ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਕਿ ਦੋ-ਦੋ ਅਰਬ ਦੀ ਹੈਰੋਇਨ ਸੜਕਾਂ 'ਤੇ ਤੁਰੀ ਫਿਰਦੀ ਹੈ ਤੇ ਸਰਕਾਰ ਮੂਕ ਦਰਸ਼ਕ ਬਣ ਕੇ ਵੇਖ ਰਹੀ ਹੈ।

### 140 ਕਰੋੜ ਦੀ ਹੈਰੋਇਨ ਬਰਾਮਦ

**ਅੰਮ੍ਰਿਤਸਰ:** ਨਾਰਕੋਟਿਕਸ ਸੈਲ ਵਲੋਂ 21 ਜਨਵਰੀ ਨੂੰ ਦੋ ਤਸਕਰਾਂ ਨੂੰ 28 ਕਿਲੋ ਹੈਰੋਇਨ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਸਟੇਟ ਅਪ੍ਰੇਸ਼ਨ ਸੈਲ ਪੰਜਾਬ ਇਕਾਈ ਅੰਮ੍ਰਿਤਸਰ ਦੇ ਅਧਿਕਾਰੀ ਤੇ ਐਸਐਸਪੀ ਪਵਨ ਕੁਮਾਰ ਰਾਏ ਨੇ ਦੱਸਿਆ ਕਿ ਸਾਨੂੰ ਗੁਪਤ ਸੂਚਨਾ ਮਿਲੀ ਸੀ ਕਿ ਕੁਝ ਤਸਕਰ ਦਿੱਲੀ ਨੂੰ ਹੈਰੋਇਨ ਭੇਜਣ ਦੀ ਤਿਆਰੀ ਵਿਚ ਹਨ। ਉਨ੍ਹਾਂ ਦੱਸਿਆ ਕਿ ਇਸੇ ਦੌਰਾਨ ਸਾਡੀ ਟੀਮ ਨੇ ਚੌਕਸੀ ਵਰਤਦਿਆਂ ਅੰਮ੍ਰਿਤਸਰ-ਜਲੰਧਰ ਜੀ ਟੀ ਰੋਡ 'ਤੇ ਜਲੰਧਰ ਬਾਈਪਾਸ 'ਤੇ ਸਥਿਤ ਹਾਈਵੇਅ ਜੰਕਸ਼ਨ ਰੈਸਟੋਰੈਂਟ ਨੇੜਿਓਂ 2 ਤਸਕਰਾਂ ਨੂੰ 28 ਕਿਲੋ ਹੈਰੋਇਨ ਸਮੇਤ ਕਾਬੂ ਕਰ ਲਿਆ।

ਐਸ ਐਸ ਪੀ ਨੇ ਦੱਸਿਆ ਕਿ ਫੜੀ ਗਈ ਹੈਰੋਇਨ ਦੀ ਕੌਮਾਂਤਰੀ ਬਾਜ਼ਾਰ ਵਿਚ ਕੀਮਤ 140 ਕਰੋੜ ਬਣਦੀ ਹੈ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਤਸਕਰਾਂ ਦੀ ਸ਼ਨਾਖਤ ਰਜਿੰਦਰ ਸਿੰਘ ਬਿੱਟੂ ਪਿੰਡ ਚੋਗਾਵਾਂ-ਲੋਪੋਕੇ ਥਾਣਾ ਇਸਲਾਮਾਬਾਦ ਅਤੇ ਬਲਜੀਤ ਸਿੰਘ ਵਾਸੀ ਐਮ-105 ਹਰੀ ਨਗਰ, ਘੰਟਾ ਨਗਰ, ਨਵੀਂ ਦਿੱਲੀ ਵਜੋਂ ਹੋਈ ਹੈ। ਐਸ ਐਸ ਪੀ ਅਨੁਸਾਰ ਕਥਿਤ ਮੁਜਰਮ ਬਲਜੀਤ ਸਿੰਘ ਟਵੇਰਾ ਗੱਡੀ ਨੂੰ ਚਲਾ ਰਿਹਾ ਸੀ, ਜਿਸ 'ਚੋਂ ਹੈਰੋਇਨ ਦੇ ਪੈਕਟ ਬਰਾਮਦ ਕੀਤੇ ਗਏ ਹਨ। ਬਲਜੀਤ ਸਿੰਘ ਦਾ ਪਿਉ ਵੀ ਹੈਰੋਇਨ ਦਾ ਤਸਕਰ ਹੈ, ਜੋ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹੈ। ਬਿੱਟੂ ਨੇ ਹੈਰੋਇਨ ਆਪਣੇ ਸਾਥੀ ਬਲਜੀਤ ਰਾਹੀਂ ਦਿੱਲੀ ਸਪਲਾਈ ਕਰਨੀ ਸੀ।

### ਚਾਹਲ ਨੂੰ 7 ਦਿਨਾਂ ਦੀ ਕੈਦ

**ਚੰਡੀਗੜ੍ਹ:** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 20 ਜਨਵਰੀ ਨੂੰ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਨੂੰ ਮਾਣਹਾਨੀ ਮਾਮਲੇ 'ਚ ਸੱਤ ਦਿਨ ਦੀ ਸਾਧਾਰਨ ਕੈਦ ਅਤੇ ਇਕ ਲੱਖ ਰੁਪਏ ਦਾ ਜੁਰਮਾਨਾ ਠੋਕਿਆ ਹੈ ਜਦਕਿ ਚਾਹਲ ਨੇ 'ਬਿਨਾਂ ਸ਼ਰਤ ਮੁਆਫੀ' ਲਈ ਅਪੀਲ ਕੀਤੀ ਸੀ।

ਜ਼ਿਕਰਯੋਗ ਹੈ ਕਿ ਚਾਹਲ ਦੇ ਲੜਕੇ ਦੀ ਡੀ.ਐਸ.ਪੀ. ਵਜੋ ਨਿਯੁਕਤੀ ਦੇ ਮਾਮਲੇ ਨੂੰ ਚੁਣੌਤੀ ਦਿੱਤੀ ਗਈ। ਕਰੀਬ ਅੱਠ ਮਹੀਨੇ ਪਹਿਲਾਂ ਚਾਹਲ ਖ਼ਿਲਾਫ਼ ਅਦਾਲਤੀ ਕਾਰਵਾਈ ਵਿਚ ਵਿਘਨ ਪਾਉਣ ਅਤੇ ਖੇਡ ਵਿਭਾਗ ਦਾ ਰਿਕਾਰਡ ਅਦਾਲਤ ਵਿਚ ਪੇਸ਼ ਕਰਨ ਤੋਂ ਰੋਕਣ ਦਾ ਮਾਮਲਾ ਦਰਜ ਕੀਤਾ ਗਿਆ ਸੀ। ਹਾਲ ਦੀ ਘੜੀ ਇਹ ਸਜ਼ਾ 90 ਦਿਨਾਂ ਲਈ ਅੱਗੇ ਪਾ ਦਿੱਤੀ ਹੈ। ਇਸਤੋਂ ਇਲਾਵਾ ਇਕ ਲੱਖ ਰੁਪਏ ਹੁਕਮਾਂ ਦੀ ਕਾਪੀ ਮਿਲਣ ਦੀ ਤਰੀਕ ਤੋਂ ਦੋ ਹਫਤਿਆਂ ਦੇ ਵਿਚ-ਵਿਚ ਉੱਚ ਅਦਾਲਤ ਦੀ ਲੀਗਲ ਸਰਵਿਸ ਕਮੇਟੀ ਕੋਲ ਜਮ੍ਹਾਂ ਕਰਾਉਣੇ ਪੈਣਗੇ।

### ਤਾਰਾ ਸੰਧੂ ਨੂੰ ਦੂਜਾ ਵਿਆਹ ਕਰਾਉਣ ਦੇ ਦੋਸ਼ ਵਿਚ ਸਜ਼ਾ

**ਚੰਡੀਗੜ੍ਹ:** ਇਥੋਂ ਦੀ ਇਕ ਅਦਾਲਤ ਨੇ ਸਿਆਸਤਦਾਨ ਤਾਰਾ ਸਿੰਘ ਸੰਧੂ ਨੂੰ ਦੋ ਵਿਆਹ ਕਰਾਉਣ ਦੇ ਦੋਸ਼ ਹੇਠ ਡੇਢ ਸਾਲ ਦੀ ਦੂਹਰੀ ਸਜ਼ਾ ਕੀਤੀ ਹੈ। ਯੂ.ਟੀ.ਦੀ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਅੰਸ਼ੁਲ ਬੇਰੀ ਨੇ 20 ਜਨਵਰੀ ਨੂੰ ਇਹ ਫੈਸਲਾ ਸੁਣਾਇਆ।

ਅਦਾਲਤ ਨੇ ਮੁਲਜ਼ਮ ਦੀ ਜਮਾਨਤ ਮਨਜ਼ੂਰ ਕਰਦਿਆਂ ਉਪਰਲੀ ਅਦਾਲਤ ਵਿਚ ਅਪੀਲ ਕਰਨ ਦਾ ਮੌਕਾ ਦਿੱਤਾ ਹੈ। ਤਾਰਾ ਸਿੰਘ ਸੰਧੂ ਦੀ ਪਤਨੀ ਕੰਵਲਜੀਤ ਕੌਰ ਨੇ ਮਈ 2004 ਵਿਚ ਔਰਤਾਂ ਵਿਰੁਧ ਅਪਰਾਧ ਸ਼ਾਖਾ ਵਿਚ ਇਕ ਸ਼ਿਕਾਇਤ ਦੇ ਕੇ ਸੰਧੂ ਉਤੇ ਭੁਪਿੰਦਰ ਕੌਰ ਨਾਂ ਦੀ ਇਕ ਹੋਰ ਔਰਤ ਨਾਲ ਵਿਆਹ ਕਰਾਉਣ ਦਾ ਦੋਸ਼ ਲਾਇਆ ਸੀ। ਮੁਲਜ਼ਮ ਵਿਰੁਧ ਤਫਤੀਸ਼ ਕਰਨ ਪਿੱਛੋਂ ਚੰਡੀਗੜ੍ਹ ਪੁਲੀਸ ਨੇ ਆਈ.ਪੀ.ਸੀ.ਦੀ ਧਾਰਾ 406, 498 ਅਤੇ 494 ਏ-ਤਹਿਤ ਪਰਚਾ ਦਰਜ ਕਰ ਲਿਆ।

## ਚੁਰਾਸੀ ਦੇ ਦੰਗਿਆਂ ਬਾਰੇ ਕਮੇਟੀ ਬਣਾਈ ਜਾਵੇ

**ਜਲੰਧਰ :** '84 'ਚ ਹੋਏ ਸਿੱਖ ਕਤਲੇਆਮ ਵਿਰੁਧ ਪਿਛਲੇ 25 ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਦਿੱਲੀ ਹਾਈਕੋਰਟ ਵਿਚ ਰਿੱਟ ਦਾਇਰ ਕਰਕੇ ਮੰਗ ਕੀਤੀ ਹੈ ਕਿ ਜਿਵੇਂ ਗੁਜਰਾਤ ਦੰਗਿਆਂ ਦੇ ਮਾਮਲੇ ਦੀ ਦੇਖ-ਰੇਖ ਲਈ ਸੁਪਰੀਮ ਕੋਰਟ ਨੇ ਇਕ ਕਮੇਟੀ ਬਣਾਈ ਹੈ, ਉਸੇ ਹੀ ਤਰਜ਼ 'ਤੇ '84 ਦੇ ਦੰਗਿਆਂ ਬਾਰੇ ਵੀ ਕਮੇਟੀ ਬਣਾਈ ਜਾਵੇ।

ਦੱਸਣਯੋਗ ਹੈ ਕਿ ਐਚ ਐਸ ਫੂਲਕਾ ਤੇ ਐਡਵੋਕੇਟ ਨਵਕਿਰਨ ਸਿੰਘ 23 ਜਨਵਰੀ ਨੂੰ ਇੱਥੇ ਪੰਜਾਬ ਪ੍ਰੈਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ '84 ਦੇ ਸਿੱਖ ਕਤਲੇਆਮ ਬਾਰੇ ਦਿੱਲੀ ਹਾਈ ਕੋਰਟ ਵਿਚ ਜਿਸ ਕਮੇਟੀ ਨੇ ਰਿੱਟ ਦਾਇਰ ਕੀਤੀ ਹੈ, ਉਸ 'ਚ ਕੁਲਦੀਪ ਨਈਅਰ, ਦਿੱਲੀ ਹਾਈਕੋਰਟ ਦੇ ਸਾਬਕਾ ਚੀਫ਼ ਜਸਟਿਸ ਰਜਿੰਦਰ ਸੱਚਰ ਵਰਗੀਆਂ ਸ਼ਖ਼ਸੀਅਤਾਂ ਸ਼ਾਮਲ ਹਨ। ਉਨ੍ਹਾਂ ਸੀ ਬੀ ਆਈ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੀ ਬੀ ਆਈ ਅੱਜ ਵੀ ਸੱਜਣ ਕੁਮਾਰ ਵਰਗੇ ਕਥਿਤ ਦੋਸ਼ੀ ਦੀ ਅਸਿੱਧੇ ਢੰਗ ਨਾਲ ਹਮਾਇਤ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਸੀ ਬੀ ਆਈ ਦੀ ਥਾਂ ਵਿਸ਼ੇਸ਼ ਸਰਕਾਰੀ ਵਕੀਲ ਖੜ੍ਹੇ ਕੀਤੇ ਜਾਣ, ਕਿਉਂਕਿ ਅਜਿਹੀ ਸਟੇਜ 'ਤੇ ਆ ਕੇ ਸੀ ਬੀ ਆਈ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਢਾਈ ਦਹਾਕੇ ਹੋ ਗਏ ਇਨਸਾਫ਼ ਲਈ ਲੜਾਈ ਲੜਦਿਆਂ, ਪਰ ਹੁਣ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਹੋਣੀ ਚਾਹੀਦੀ ਸੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚਐਸ ਫੂਲਕਾ ਅਨੁਸਾਰ ਉਹ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਹੀ ਦਮ ਲੈਣਗੇ।

ੴ ਸਤਿਗੁਰ ਪ੍ਰਸਾਦਿ॥

## ਗੁਰਦੁਆਰਾ ਪੈਲਾਟਾਈਨ ਦਾ ਨਵਾਂ ਉਸਾਰੀ ਪ੍ਰਾਜੈਕਟ

ਸ਼ਿਕਾਗੋਲੈਂਡ ਦੇ ਸਭ ਤੋਂ ਵੱਡੇ ਗੁਰਦੁਆਰਾ ਪੈਲਾਟਾਈਨ ਵਿਚ ਅੱਜਕਲ੍ਹ ਪ੍ਰਬੰਧਕ ਕਮੇਟੀ ਵਲੋਂ ਲਾਇਬਰੇਰੀ, ਜੋੜਾ-ਘਰ, ਬਾਥਰੂਮ ਤੇ ਕੁਝ ਕਮਰਿਆਂ ਦੀ ਉਸਾਰੀ ਦਾ ਕੰਮ ਕਰਵਾਇਆ ਜਾ ਰਿਹਾ ਹੈ ਜਿਸ ਨੂੰ ਸੰਗਤ ਦੇ ਦਸਵੰਧ ਨਾਲ ਮਿਥੇ ਸਮੇਂ 'ਤੇ ਮੁਕੰਮਲ ਕੀਤੇ ਜਾਣ ਦੀ ਆਸ ਪ੍ਰਗਟਾਈ ਜਾ ਰਹੀ ਹੈ।

ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾ ਰਹੀ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੌਜੂਦਾ ਪ੍ਰਬੰਧਕਾਂ ਨੇ ਇਕ ਹੋਰ ਉਸਾਰੀ ਪ੍ਰਾਜੈਕਟ ਵਿਉਂਤਿਆ ਹੈ ਜਿਸ ਤਹਿਤ ਗੁਰੂ ਮਹਾਰਾਜ ਦੇ ਸੁਖ-ਆਸਨ ਦਾ ਕਮਰਾ, ਅਖੰਡ ਪਾਠ ਲਈ ਇਕ ਅਲੱਗ ਕਮਰਾ, ਇਕ ਛੋਟਾ ਹਾਲ ਤੇ ਗੁਰੂ ਘਰ 'ਤੇ ਗੁੰਬਦ ਲਾਉਣ ਦੀ ਯੋਜਨਾ ਤਿਆਰ ਕੀਤੀ ਗਈ ਹੈ। ਅੱਜ ਤੱਕ ਕਈ ਪ੍ਰਬੰਧਕ ਕਮੇਟੀਆਂ ਆਈਆਂ ਤੇ ਗਈਆਂ ਪਰ ਕਿਸੇ ਨੇ ਵੀ ਗੁਰੂ ਮਹਾਰਾਜ ਲਈ ਖੁੱਲ੍ਹਾ ਤੇ ਵੱਡਾ ਸੁਖ-ਆਸਨ ਕਮਰਾ ਬਣਾਉਣ ਦਾ ਉਪਰਾਲਾ ਨਹੀਂ ਕੀਤਾ। ਇਸ ਵੇਲੇ ਜੋ ਕਮਰਾ ਹੈ ਉਹ ਬਹੁਤ ਛੋਟਾ ਹੈ ਜਿਸ ਵਿਚ ਇਕ ਤਖ਼ਤਪੋਸ ਜਿਹਾ ਪਲੰਘ ਹੈ। ਇਸ ਉਪਰ ਅਤੇ ਫੱਟਿਆਂ ਉਪਰ ਗੁਰੂ ਮਹਾਰਾਜ ਦੇ 10-12 ਸਰੂਪ ਰੱਖੇ ਹੋਏ ਹੁੰਦੇ ਹਨ। ਇਸੇ ਕਮਰੇ ਵਿਚ ਹੀ ਅਖੰਡ ਪਾਠ ਰੱਖੇ ਜਾਂਦੇ ਹਨ, ਰੁਮਾਲਿਆਂ ਲਈ ਇਕ ਵੱਡੀ ਅਲਮਾਰੀ ਹੈ ਅਤੇ ਪਿਛਲੀ ਕਮੇਟੀ ਨੇ ਇਸੇ ਹੀ ਕਮਰੇ ਵਿਚ ਇਕ ਲਿਫਟ ਵੀ ਲਗਾ ਦਿੱਤੀ ਸੀ। ਸੰਗਤ ਵਲੋਂ ਸੁੱਖ-ਆਸਨ ਦਾ ਵੱਡਾ ਕਮਰਾ ਬਣਾਉਣ ਦੀ ਵਾਰ ਵਾਰ ਬੇਨਤੀ ਕੀਤੀ ਜਾ ਰਹੀ ਸੀ। ਪਰ ਕਿਸੇ ਵੀ ਪ੍ਰਬੰਧਕ ਕਮੇਟੀ ਨੇ ਇਸ ਪਾਸੇ ਧਿਆਨ ਨਾ ਦਿੱਤਾ। ਮੌਜੂਦਾ ਕਮੇਟੀ ਨੇ ਇਸ ਪਾਸੇ ਵੱਲ ਕਦਮ ਚੁਕਿਆ ਹੈ।

ਨਵੇਂ ਉਸਾਰੀ ਪ੍ਰਾਜੈਕਟ ਲਈ ਜੋ ਡਿਜ਼ਾਇਨ ਉਲੀਕਿਆ ਗਿਆ ਹੈ ਉਹ ਬਹੁਤ ਸੁੰਦਰ ਹੈ। ਮਹਿਜ ਧੜੇਬੰਦੀ ਅਤੇ ਈਰਖਾਵਸ ਕੁਝ ਧਿਰਾਂ ਵਲੋਂ ਇਸ ਪ੍ਰਾਜੈਕਟ ਦੇ ਰਾਹ ਵਿਚ ਅੜਿਕੇ ਡਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਨ੍ਹਾਂ ਈਰਖਾਲੂ ਲੋਕਾਂ ਵਲੋਂ ਸੰਗਤਾਂ ਦੇ ਘਰਾਂ ਵਿਚ ਬੇਨਾਮੀ ਚਿੱਠੀਆਂ ਵੀ ਪਾਈਆਂ ਗਈਆਂ ਹਨ ਜਿਨ੍ਹਾਂ ਵਿਚ ਇਸ ਪ੍ਰਾਜੈਕਟ ਦੇ ਰਾਹ ਵਿਚ ਅੜਿਕਾ ਪਾਉਣ ਲਈ ਬਹਾਨੇ ਘੜੇ ਗਏ ਹਨ। ਅਖਬਾਰਾਂ ਵਿਚ ਇਕ ਧਿਰ ਵਲੋਂ ਜੋ ਇਸ਼ਤਿਹਾਰ ਛਪਵਾਇਆ ਗਿਆ ਹੈ ਉਸ ਨੂੰ ਵੀ ਗੌਰ ਨਾਲ ਵਾਚਣ ਦੀ ਲੋੜ ਹੈ। ਜੇ ਧਿਆਨ ਦਿੱਤਾ ਜਾਵੇ ਤਾਂ ਇਸ ਇਸ਼ਤਿਹਾਰ ਵਿਚ ਜਿਹੜੇ ਸਵਾਲ ਉਠਾਏ ਗਏ ਹਨ ਉਨ੍ਹਾਂ ਦੇ ਜਵਾਬ ਖੁਦ-ਬਖੁਦ ਹੀ ਮਿਲ ਜਾਂਦੇ ਹਨ। ਇਨ੍ਹਾਂ ਲੋਕਾਂ ਨੇ ਆਪ ਹੀ ਅਜਿਹੀ ਹਾਲਤ ਪੈਦਾ ਕਰ ਦਿੱਤੀ ਅਤੇ ਫਿਰ ਇਹ ਕਹਿੰਦੇ ਹਨ ਕਿ ਬੋਰਡ ਅਪੰਗ ਹੈ। ਕੋਈ ਪੁੱਛੇ ਕਿ ਅਸਤੀਫਾ ਦੇਣ ਵਾਲੇ ਮੈਂਬਰਾਂ ਨੂੰ ਉਕਸਾਇਆ ਅਤੇ ਵਰਗਲਾਇਆ ਕਿਸ ਨੇ ਹੈ? ਤੱਥਾਂ ਨੂੰ ਪ੍ਰਸੰਗ ਨਾਲ ਤੋੜ ਕੇ ਪੇਸ਼ ਕੀਤਾ ਗਿਆ ਹੈ।

ਸਾਡੀ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਕਿਸੇ ਵੀ ਪਾਰਟੀਬਾਜ਼ੀ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਗੁਰੂ ਗ੍ਰੰਥ ਸਾਹਿਬ ਜੀ ਲਈ ਸੋਹਣੇ ਸੁਖ-ਆਸਨ ਕਮਰੇ ਅਤੇ ਅਖੰਡ ਪਾਠ ਲਈ ਕਮਰੇ ਦੀ ਉਸਾਰੀ ਬਿਨਾ ਦੇਰੀ ਤੋਂ ਹੋਣੀ ਚਾਹੀਦੀ ਹੈ। ਗੁਰੂ ਮਹਾਰਾਜ ਆਪ ਕਿਰਪਾ ਕਰਦਾ ਹੈ ਅਤੇ ਗੁਰੂ ਘਰ ਦੇ ਕਾਰਜ ਹਮੇਸ਼ਾ ਬਿਨਾ ਰੁਕਾਵਟ ਨੇਪਰੇ ਚੜ੍ਹਦੇ ਹਨ।

ਸਾਧ ਸੰਗਤ ਜੀ ਆਪ ਨਾਲ ਇਕ ਹੋਰ ਗੱਲ ਸਾਂਝੀ ਕਰ ਲਈਏ। ਕੁਝ ਮਨਮੁਖ ਲੋਕਾਂ ਵਲੋਂ ਧੜੇਬੰਦੀ ਵਿਚ ਪੈ ਕੇ ਇਹ ਪ੍ਰਚਾਰ ਕੀਤਾ ਜਾਂਦਾ ਰਿਹਾ ਹੈ ਕਿ ਗੁਰਦੁਆਰਾ ਸਾਹਿਬ ਜਾਈਏ ਜ਼ਰੂਰ ਪਰ ਗੁਰੂ ਗ੍ਰੰਥ ਸਾਹਿਬ ਅੱਗੇ ਡਾਲਰਾਂ ਦਾ ਮੱਥਾ ਨਹੀਂ ਟੇਕਣਾ ਤਾਂ ਕਿ ਮੌਜੂਦਾ ਕਮੇਟੀ ਕੋਲ ਗੁਰੂ ਘਰ ਦੇ ਖਰਚੇ ਲਈ ਪੈਸਾ ਨਾ ਆਵੇ, ਕੋਈ ਨਵੀਂ ਉਸਾਰੀ ਨਾ ਕਰ ਸਕਣ। ਫਿਰ ਵੋਟਾਂ ਵੇਲੇ ਪ੍ਰਚਾਰ ਕੀਤਾ ਜਾਏਗਾ ਕਿ ਪੰਥਕ ਸਲੇਟ ਦੀ ਕਮੇਟੀ ਵਾਲੇ ਕੁਝ ਨਹੀਂ ਕਰ ਸਕੇ, ਸਗੋਂ ਕਰਜ਼ਾ ਚੜ੍ਹਾ ਗਏ ਹਨ। ਸੰਗਤ ਸਮਝ ਸਕਦੀ ਹੈ ਕਿ ਇਨ੍ਹਾਂ ਮਨਮੁਖਾਂ ਦੀ ਸੋਚ ਕਿਥੇ ਖੜ੍ਹੀ ਹੈ? ਕੀ ਗੁਰੂ ਘਰ ਗੁਰੂ ਅੱਗੇ ਮੱਥਾ ਟੇਕਦੇ ਹੋਏ ਅਸੀਂ ਮਾਇਆ ਕਿਸੇ ਪ੍ਰਬੰਧਕ ਕਮੇਟੀ ਜਾਂ ਕਿਸੇ ਗ੍ਰੰਥੀ ਨੂੰ ਭੇਟ ਕਰਦੇ ਹਾਂ ਜਾਂ ਆਪਣੇ ਗੁਰੂ ਨੂੰ? ਗੁਰੂ ਅੱਗੇ ਮਾਇਆ ਅਸੀਂ ਗੁਰੂ ਦੇ ਦਿੱਤੇ ਵਿਚੋਂ ਹੀ ਭੇਟਾ ਕਰਦੇ ਹਾਂ। ਗੁਰੂ ਦੇ ਕੰਮ ਕੁਝ ਇਕ ਲੋਕਾਂ ਦੀ ਮਾਇਆ ਦੇ ਨਾਲ ਨਹੀਂ ਸਮੁਚੀ ਸੰਗਤ ਦੇ ਦਸਵੰਧ ਨਾਲ ਚਲਦੇ ਹਨ।

ਸੰਗਤ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੇ ਹਾਂ ਕਿ ਗੁਰੂ ਨੇ ਅਜਿਹੀ ਕਿਰਪਾ ਕੀਤੀ ਹੈ ਕਿ ਸੁਖ-ਆਸਨ ਦੇ ਕਮਰੇ ਦੀ ਸੇਵਾ ਇਕੋ ਪਰਿਵਾਰ ਨੇ ਆਪਣੇ ਜ਼ਿੰਮੇ ਲੈ ਲਈ ਹੈ। ਨਵੇਂ ਉਸਾਰੀ ਪ੍ਰਾਜੈਕਟ ਨੂੰ ਮੁਕੰਮਲ ਕਰਨ ਲਈ ਮਾਇਆ ਦੀ ਹੋਰ ਲੋੜ ਪਵੇਗੀ। ਆਓ, ਆਪਾਂ ਸਾਰੇ ਰਲ ਕੇ ਹੰਭਲਾ ਮਾਰੀਏ। ਮੌਜੂਦਾ ਪ੍ਰਬੰਧਕ ਕਮੇਟੀ ਦਾ ਸਾਥ ਦਈਏ ਤਾਂ ਜੋ ਬਿਨਾ ਕੋਈ ਕਰਜ਼ਾ ਲਿਆਂ ਹੀ ਇਹ ਉਸਾਰੀ ਪ੍ਰਾਜੈਕਟ ਨੇਪਰੇ ਚੜ੍ਹ ਜਾਵੇ। ਬੇਸ਼ਕ ਅਪਰੈਲ ਵਿਚ ਹੋਣ ਵਾਲੀ ਚੋਣ ਵਿਚ ਨਵੇਂ ਸੇਵਾਦਾਰ ਵੀ ਆ ਜਾਣ ਤਾਂ ਉਨ੍ਹਾਂ ਨੂੰ ਵੀ ਸੰਗਤ ਵਲੋਂ ਭਰਵਾਂ ਸਹਿਯੋਗ ਦਿੱਤਾ ਜਾਵੇ।

ਸਾਧ ਸੰਗਤ ਦੇ ਚਰਨਾਂ ਵਿਚ ਇਹ ਵੀ ਬੇਨਤੀ ਹੈ ਕਿ ਕਾਮਰੇਡੀ ਸੋਚ ਵਾਲੇ ਲੋਕਾਂ ਨੂੰ ਗੁਰੂ ਘਰ ਦੇ ਨੇੜੇ ਨਾ ਲੱਗਣ ਦਈਏ ਅਤੇ ਗੁਰੂ ਦਾ ਭੈਅ ਮੰਨਣ ਵਾਲੇ ਸਿੱਖਾਂ ਨੂੰ ਹੀ ਅੱਗੇ ਲੈ ਕੇ ਆਈਏ। ਭੁੱਲ ਚੁੱਕ ਲਈ ਗੁਰੂ ਰੂਪ ਸੰਗਤ ਤੋਂ ਖਿਮਾ ਦੇ ਜਾਚਕ ਹਾਂ।

**ਮੱਖਣ ਸਿੰਘ ਕਲੇਰ ਅਤੇ ਸੁਖਵਿੰਦਰ ਸਿੰਘ ਗਿੱਲ**

# ਆਸਟ੍ਰੇਲੀਆ 'ਚ ਹਮਲੇ 'ਤੇ ਭਾਰਤ ਸਰਕਾਰ ਦਾ ਠੰਡਾ ਪ੍ਰਤੀਕਰਮ

## ਅਸਟਰੇਲੀਆ ਦੇ ਪ੍ਰਧਾਨ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿਲੀ:** ਆਸਟ੍ਰੇਲੀਆ 'ਚ ਭਾਰਤੀਆਂ 'ਤੇ ਪਿਛਲੇ ਸਾਲ ਹਮਲਿਆਂ ਦਾ ਜੋ ਸਿਲਸਿਲਾ ਸ਼ੁਰੂ ਹੋਇਆ, ਉਹ ਰੁਕਣ ਦਾ ਨਾਂ ਨਹੀਂ ਲੈ ਰਿਹਾ। ਭਾਰਤੀ ਵਿਦਿਆਰਥੀਆਂ ਅਤੇ ਉਥੇ ਕੰਮ ਕਰਨ ਵਾਲੇ ਭਾਰਤੀਆਂ 'ਤੇ ਹੁਣ ਤਕ 26 ਤੋਂ ਜਿਆਦਾ ਨਸਲੀ ਹਮਲੇ ਹੋ ਚੁੱਕੇ ਹਨ। ਇਸ ਸਮੇਂ ਆਸਟ੍ਰੇਲੀਆ ਦੇ ਵੱਖ-ਵੱਖ ਵਿੱਦਿਅਕ ਅਦਾਰਿਆਂ 'ਚ ਲਗਭਗ 97000 ਭਾਰਤੀ ਵਿਦਿਆਰਥੀ ਸਿੱਖਿਆ ਹਾਸਿਲ ਕਰ ਰਹੇ ਹਨ ਅਤੇ ਕਈ ਪ੍ਰਵਾਸੀ ਭਾਰਤੀ ਉਥੇ ਵੱਖ-ਵੱਖ ਕਾਰੋਬਾਰਾਂ 'ਚ ਲੱਗੇ ਹੋਏ ਹਨ।

ਪਿਛਲੇ ਦਿਨੀਂ ਲੁਧਿਆਣਾ ਦੇ ਨਿਤਿਨ ਗਰਗ ਅਤੇ ਨਾਭਾ ਦੇ ਰਣਜੋਧ ਸਿੰਘ ਦੀਆਂ ਉਥੇ ਹੱਤਿਆਵਾਂ ਹੋਈਆਂ ਹਨ। ਅਜੇ ਇਨ੍ਹਾਂ ਹੱਤਿਆਵਾਂ ਦੀ ਗੂੰਜ ਰੁਕੀ ਵੀ ਨਹੀਂ ਸੀ ਕਿ 22 ਜਨਵਰੀ ਨੂੰ ਆਸਟ੍ਰੇਲੀਆ ਦੇ ਬ੍ਰਿਸਬੇਨ 'ਚ ਇਕ ਹੋਰ ਭਾਰਤੀ ਨੌਜਵਾਨ ਨੂੰ ਫੋਨ ਬੂਥ 'ਤੇ ਫੋਨ ਕਰਦੇ ਸਮੇਂ ਹਮਲਾਵਰਾਂ ਨੇ ਲੁੱਟ ਲਿਆ। ਬ੍ਰਿਸਬੇਨ 'ਚ ਹੀ ਇਕ ਭਾਰਤੀ ਟੈਕਸੀ ਡਰਾਈਵਰ ਨਾਲ ਵੀ ਮਾਰ-ਕੁਟਾਈ ਕਰਕੇ ਉਸ ਦੀ ਕਾਰ ਦਾ ਸ਼ੀਸ਼ਾ ਤੋੜ ਦਿੱਤਾ।ਉਥੇ ਭਾਰਤੀ ਨੌਜਵਾਨਾਂ 'ਤੇ ਕੀਤੇ ਜਾ ਰਹੇ ਹਮਲਿਆਂ 'ਤੇ ਭਾਰਤ ਸਰਕਾਰ ਨੇ ਕਈ ਵਾਰ ਡੂੰਘੀ ਚਿੰਤਾ ਪ੍ਰਗਟਾਈ ਹੈ। ਇਸ 'ਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਕੇਵਿਨ ਰੂਡ ਕਈ ਵਾਰ ਭਰੋਸਾ ਦੇ ਚੁੱਕੇ ਹਨ ਕਿ ਆਸਟ੍ਰੇਲੀਆ 'ਚ ਭਾਰਤੀ ਵਿਦਿਆਰਥੀਆਂ ਤੇ ਹੋਰਨਾਂ ਭਾਰਤੀਆਂ ਦੀ ਸੁਰੱਖਿਆ ਦੇ ਵਿਆਪਕ ਪ੍ਰਬੰਧ ਕੀਤੇ ਜਾਣਗੇ ਪਰ ਇਸਦੇ ਬਾਵਜੂਦ ਹਮਲੇ ਰੁਕਣ 'ਚ ਨਹੀਂ ਆ ਰਹੇ।

ਆਸਟ੍ਰੇਲੀਆ ਸਰਕਾਰ, ਉੱਥੋਂ ਦੇ ਅਧਿਕਾਰੀ ਤੇ ਪੁਲਸ ਇਨ੍ਹਾਂ ਹਮਲਿਆਂ ਨੂੰ ਨਸਲੀ ਹਮਲੇ ਮੰਨਣ ਤੋਂ ਇਨਕਾਰ ਕਰਦੇ ਰਹੇ ਹਨ ਪਰ ਜਦੋਂ ਇਨ੍ਹਾਂ ਦੇ ਵਿਰੋਧ 'ਚ ਭਾਰਤੀ ਵਿਦਿਆਰਥੀਆਂ ਨੇ ਮੈਲਬੋਰਨ ਤੇ ਸਿਡਨੀ 'ਚ ਮੁਜ਼ਾਹਰੇ ਕੀਤੇ, ਉਦੋਂ ਉਥੇ ਕੁਝ ਹਲਚਲ ਜ਼ਰੂਰ ਹੋਈ। ਭਾਰਤ ਸਰਕਾਰ ਦੀ ਪ੍ਰਤੀਕਿਰਿਆ 'ਤੇ ਇਨ੍ਹਾਂ ਨਸਲੀ ਹਮਲਿਆਂ ਵਿਰੁਧ ਭਾਰਤ 'ਚ ਪ੍ਰਗਟਾਏ ਜਾ ਰਹੇ ਲੋਕ-ਰੋਹ ਅਤੇ ਮੀਡੀਆ 'ਚ ਕੀਤੀ ਜਾ ਰਹੀ ਆਲੋਚਨਾ 'ਤੇ ਆਸਟ੍ਰੇਲੀਆ ਦੇ ਇਮੀਗ੍ਰੇਸ਼ਨ ਮੰਤਰੀ ਕ੍ਰਿਸ ਇਵਾਂਸ ਨੇ ਪਿਛਲੇ ਦਿਨੀਂ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ "ਭਾਰਤ 'ਚ ਇਨ੍ਹਾਂ ਹਮਲਿਆਂ ਨੂੰ ਲੈ ਕੇ ਮੀਡੀਆ ਵਲੋਂ ਜਨੂੰਨ ਫੈਲਾਇਆ ਜਾ ਰਿਹਾ ਹੈ।" ਕ੍ਰਿਸ ਇਵਾਂਸ ਦੇ ਇਸ ਬਿਆਨ 'ਤੇ ਭਾਰਤੀ ਮੀਡੀਆ 'ਚ ਤਾਂ ਪ੍ਰਤੀਕਿਰਿਆ ਹੋਣੀ ਹੀ ਸੀ, ਇਸਦੇ ਨਾਲ ਹੀ ਵਿਦੇਸ਼ ਮੰਤਰੀ ਐੱਸ.ਐੱਮ. ਕ੍ਰਿਸ਼ਨਾ ਨੇ ਵੀ ਜ਼ੋਰਦਾਰ ਸ਼ਬਦਾਂ 'ਚ ਕਿਹਾ ਕਿ "ਆਸਟ੍ਰੇਲੀਆ ਦੇ ਜ਼ਿੰਮੇਵਾਰ ਖੇਤਰਾਂ ਨੂੰ ਅਜਿਹੇ ਬਿਆਨ ਨਹੀਂ ਦੇਣੇ ਚਾਹੀਦੇ। ਉਥੇ ਰਹਿਣ ਵਾਲੀ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਉਥੋਂ ਦੀ ਸਰਕਾਰ ਨੂੰ ਠੋਸ ਪ੍ਰਬੰਧ ਕਰਨੇ ਚਾਹੀਦੇ ਹਨ।" ਹੁਣ ਆਪਣੇ ਪਿਛਲੇ ਬਿਆਨ ਦੇ ਉਲਟ ਕ੍ਰਿਸ਼ਨਾ ਨੇ ਇਹ ਕਹਿ ਕਿ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਕਿ "ਆਸਟ੍ਰੇਲੀਆ 'ਚ ਹੋ ਰਹੇ ਹਮਲਿਆਂ ਨੂੰ ਮੀਡੀਆ ਜ਼ਿਆਦਾ ਤੂਲ ਦੇ ਰਿਹਾ ਹੈ।" ਜਦਕਿ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਪ੍ਰਨੀਤ ਕੌਰ ਨੇ ਕਿਹਾ ਕਿ "ਆਸਟ੍ਰੇਲੀਆ 'ਚ ਭਾਰਤੀਆਂ 'ਤੇ ਹਮਲੇ ਫੌਰਨ ਬੰਦ ਹੋਣ। ਜੇ ਅਜਿਹਾ ਨਾ ਹੋਇਆ ਤਾਂ ਆਸਟ੍ਰੇਲੀਆ ਨਾਲ ਸਾਡੇ ਸੰਬੰਧ ਖਰਾਬ ਹੋ ਸਕਦੇ ਹਨ।" ਇਸਦੇ ਨਾਲ ਹੀ ਵਿਦੇਸ਼ ਮੰਤਰਾਲੇ ਦੇ ਸੀਨੀਅਰ ਬੁਲਾਰੇ ਸ਼੍ਰੀ ਵਿਸ਼ਨੂੰ ਪ੍ਰਕਾਸ਼ ਦਾ ਵੀ ਇਹੀ ਕਹਿਣਾ ਹੈ ਕਿ "ਭਾਰਤੀਆਂ 'ਤੇ ਹਮਲੇ ਰੋਕਣ ਲਈ ਆਸਟ੍ਰੇਲੀਆ ਸਰਕਾਰ ਨੂੰ ਹੋਰ ਸਖਤ ਕਦਮ ਚੁੱਕਣੇ ਚਾਹੀਦੇ ਹਨ।" ਵਿਦੇਸ਼ ਮੰਤਰਾਲੇ ਦੇ ਇਨ੍ਹਾਂ ਚੋਟੀ ਦੇ ਵਿਅਕਤੀਆਂ ਦੀਆਂ ਵੱਖ-ਵੱਖ ਬੋਲੀਆਂ ਨਾਲ ਆਸਟ੍ਰੇਲੀਆ 'ਚ ਰਹਿ ਰਹੇ ਭਾਰਤੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ 'ਤੇ ਹੋ ਰਹੇ ਹਮਲਿਆਂ ਦਾ ਕੇਸ ਹਰ ਹਾਲਤ 'ਚ ਕਮਜ਼ੋਰ ਹੀ ਹੋਵੇਗਾ। ਆਸਟ੍ਰੇਲੀਆ ਸਰਕਾਰ ਦੇ ਚੋਟੀ ਦੇ ਵਿਅਕਤੀਆਂ ਨੂੰ ਵੀ ਇਹ ਕਹਿਣ ਦਾ



ਪ੍ਰਨੀਤ ਕੌਰ ਤੇ ਪ੍ਰਧਾਨ ਮੰਤਰੀ ਰੁੱਡ

ਮੌਕਾ ਮਿਲ ਜਾਵੇਗਾ ਕਿ ਉਹ ਭਾਰਤੀ ਮੀਡੀਆ ਵਲੋਂ ਆਸਟ੍ਰੇਲੀਆ 'ਚ ਹੋ ਰਹੇ ਹਮਲਿਆਂ ਦੀਆਂ ਖਬਰਾਂ ਨੂੰ ਤੂਲ ਦੇਣ ਦੀ ਜੋ ਗੱਲ ਕਹਿ ਰਹੇ ਸਨ, ਉਸ ਦੀ ਪੁਸ਼ਟੀ ਭਾਰਤੀ ਵਿਦੇਸ਼ ਮੰਤਰੀ ਨੇ ਖੁਦ ਕਰ ਦਿੱਤੀ ਹੈ। ਯਾਦ ਰਹੇ ਆਸਟਰੇਲੀਆ ਦੇ ਮੈਲਬੌਰਨ ਸ਼ਹਿਰ 'ਚ 25 ਸਾਲਾ ਇਕ ਭਾਰਤੀ ਟੈਕਸੀ ਡਰਾਈਵਰ ਨੂੰ ਨਿਸ਼ਾਨਾ ਬਣਾਉਣ ਵਾਲੇ ਜੋੜੇ ਦੀਆਂ ਤਸਵੀਰਾਂ ਪੁਲਿਸ ਨੇ ਹਾਲ ਹੀ ਵਿਚ ਜਾਰੀ ਕਰ ਦਿੱਤੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਹਮਲੇ ਦੇ ਨਸਲੀ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ।

ਸਮਾਚਾਰ ਏਜੰਸੀ ਏ ਪੀ ਪੀ ਮੁਤਾਬਕ ਪੀੜਤ ਨੇ ਘਟਨਾ ਦਾ ਬਿਊਰਾ ਦਿੰਦਿਆਂ ਦੱਸਿਆ ਕਿ ਉਹ ਬੀਤੇ ਸ਼ਨੀਵਾਰ ਨੂੰ ਰਿਜ਼ਵੀਅਰ ਦੇ ਸਮਰਹਿਲ ਹੋਟਲ 'ਤੇ ਰੁਕਿਆ ਹੋਇਆ ਸੀ। ਇਸੇ ਦੌਰਾਨ ਕਰੀਬ 1.25 ਵਜੇ 5 ਆਸਟਰੇਲੀਆਈ ਲੋਕਾਂ ਨੇ ਉਸ ਨੂੰ ਚੱਲਣ ਲਈ ਕਿਹਾ। ਟੈਕਸੀ ਡਰਾਈਵਰ ਨੇ ਵੱਧ ਸਵਾਰੀਆਂ ਲਿਜਾਣ ਤੋਂ ਇਨਕਾਰ ਕਰ ਦਿੱਤਾ ਅਤੇ ਸਿਰਫ਼ ਇਕ ਜੋੜੇ ਨੂੰ ਹੀ ਟੈਕਸੀ 'ਚ ਬਿਠਾਇਆ। ਪੁਲਿਸ ਮੁਤਾਬਕ ਆਸਟਰੇਲੀਆਈ ਮਹਿਲਾ ਆਪਣੇ ਦੋਸਤਾਂ ਨੂੰ ਟੈਕਸੀ 'ਚ ਨਾ ਬਿਠਾਉਣ ਤੋਂ ਬਹੁਤ ਨਰਾਜ਼ ਸੀ। ਇਸੇ ਕਾਰਨ ਪਲੈਂਟੀ ਰੋਡ 'ਤੇ ਮਰਦ ਸਵਾਰੀ ਨੇ ਭਾਰਤੀ ਟੈਕਸੀ ਡਰਾਈਵਰ ਦੀ ਕੁੱਟਮਾਰ ਕੀਤੀ ਅਤੇ ਉਸ ਤੋਂ ਬਾਅਦ ਇਹ ਜੋੜਾ ਉਥੋਂ ਫਰਾਰ ਹੋ ਗਿਆ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸ਼੍ਰੀ ਕ੍ਰਿਸ਼ਨਾ ਨੇ ਬੀਤੇ ਸ਼ਨੀਵਾਰ ਨੂੰ ਭਾਰਤੀ ਟੈਕਸੀ ਡਰਾਈਵਰ 'ਤੇ ਹੋਏ ਹਮਲੇ ਨੂੰ ਮੰਦਭਾਗੀ ਘਟਨਾ ਦੱਸਿਆ ਸੀ। ਸ਼੍ਰੀ ਕ੍ਰਿਸ਼ਨਾ ਨੇ ਕਿਹਾ ਕਿ ਉਨ੍ਹਾਂ ਨੂੰ ਹਮਲੇ ਦੀ ਸੂਚਨਾ ਮੀਡੀਆ ਤੋਂ ਹੀ ਮਿਲੀ ਹੈ ਅਤੇ ਇਹ ਬਹੁਤ ਹੀ ਮਾੜੀ ਗੱਲ ਹੈ। ਲਗਾਤਾਰ ਆਸਟਰੇਲੀਆ ਨੂੰ ਕੀਤੀਆਂ ਅਪੀਲਾਂ ਅਤੇ ਆਸਟਰੇਲੀਆ ਵਲੋਂ ਦਿਵਾਏ ਭਰੋਸਿਆਂ ਦਰਮਿਆਨ ਭਾਰਤੀ ਵਿਦੇਸ਼ ਮੰਤਰੀ ਨੇ ਸਖ਼ਤ ਰੁਖ਼ ਅਪਣਾਉਂਦਿਆਂ ਕਹਾ ਸੀ ਕਿ ਜੇਕਰ ਸਮਾਂ ਰਹਿੰਦਿਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਨਾ ਰੋਕੀਆਂ ਗਈਆਂ ਤਾਂ ਦੋਹਾਂ ਦੇਸ਼ਾਂ ਦੇ ਦੁਵਲੇ ਸਬੰਧਾਂ ਨੂੰ ਵੱਡਾ ਖ਼ਤਰਾ ਹੋ ਸਕਦਾ ਹੈ। ਸ਼੍ਰੀ ਕ੍ਰਿਸ਼ਨਾ ਨੇ ਕਿਹਾ ਕਿ ਹੋ ਰਹੇ ਹਮਲਿਆਂ ਨਾਲ ਦੋਹਾਂ ਦੇਸ਼ਾਂ ਦੇ ਸਿੱਖਿਆ ਤੇ ਸੈਰ-ਸਪਾਟਾ ਉਦਯੋਗ ਨੂੰ ਵੱਡਾ ਘਾਟਾ ਪਵੇਗਾ ਅਤੇ ਇਸ ਲਈ ਆਸਟਰੇਲੀਆ ਨੂੰ ਚਾਹੀਦਾ ਹੈ ਕਿ ਉਹ ਤੁਰੰਤ ਅਸਰਦਾਰ ਕਦਮ ਚੁੱਕੇ। ਆਪਣੇ ਪਹਿਲੇ ਸਟੈਂਡ ਤੋਂ ਪਾਸਾ ਵੱਟਦਿਆਂ ਕੇਂਦਰੀ ਮੰਤਰੀ ਨੇ ਇਹ ਸੰਕੇਤ ਵੀ ਦਿੱਤਾ ਕਿ ਆਉਣ ਵਾਲੇ ਸਮੇਂ 'ਚ ਭਾਰਤੀ ਵਿਦਿਆਰਥੀਆਂ ਨੂੰ ਉਥੇ ਨਾ ਜਾਣ ਦੀ ਸਲਾਹ ਵੀ ਦਿੱਤੀ ਜਾ ਸਕਦੀ ਹੈ।

ਮੀਡੀਆ ਵਲੋਂ ਜਦੋਂ ਆਸਟਰੇਲੀਆਈ ਅਧਿਕਾਰੀਆਂ ਵਲੋਂ ਇਹ ਹਮਲੇ ਨਸਲੀ ਨਾ ਹੋਣ ਸਬੰਧੀ ਦਿੱਤੇ ਜਾ ਰਹੇ ਬਿਆਨਾਂ ਵਲ ਕ੍ਰਿਸ਼ਨਾ ਦਾ ਧਿਆਨ ਦਿਵਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਮਾਮਲਾ ਉਠਾ ਦਿੱਤਾ ਹੈ, ਹੁਣ ਕਾਰਵਾਈ ਆਸਟਰੇਲੀਆਈ ਸਰਕਾਰ ਨੇ ਕਰਨੀ ਹੈ। ਯਾਦ ਰਹੇ ਆਸਟਰੇਲੀਆਈ ਪ੍ਰਧਾਨ ਮੰਤਰੀ ਕੇਵਿਨ ਰੁੱਡ ਨੇ ਇਨ੍ਹਾਂ ਹਮਲਿਆਂ ਨੂੰ ਮੰਦਭਾਗਾ ਦੱਸਿਆ ਸੀ । ਉਨ੍ਹਾਂ ਨੇ ਜ਼ੋਰ ਦਿੱਤਾ ਕਿ ਦੂਜੇ ਭਾਈਚਾਰੇ ਦੇ ਸਥਾਨਕ ਲੋਕਾਂ ਤੇ ਵਿਦਿਆਰਥੀਆਂ ਖਿਲਾਫ਼ ਹਿੰਸਾ ਦੀਆਂ ਘਟਨਾਵਾਂ ਨੂੰ ਵਿਆਪਕ ਸੰਦਰਭ ਵਿਚ ਵੇਖਿਆ ਜਾਣਾ ਚਾਹੀਦਾ ਹੈ। ਸ਼੍ਰੀ ਰੁੱਡ ਨੇ ਕਿਹਾ ਕਿ ਆਸਟਰੇਲੀਆ ਵਿਚ ਸਾਲ 2009 ਦੌਰਾਨ ਭਾਰਤੀਆਂ ਖਿਲਾਫ਼ ਹਿੰਸਾ ਦੇ ਲਗਭਗ 100 ਮਾਮਲੇ ਸਾਹਮਣੇ ਆਏ।

## ਨਿਤਿਨ ਗਰਗ ਹੱਤਿਆ ਕਾਂਡ ਦੀ ਜਾਂਚ ਮੁੜ ਸ਼ੁਰੂ

ਆਸਟਰੇਲੀਆ ਦੇ ਮੈਲਬੌਰਨ ਸ਼ਹਿਰ ਵਿਚ ਭਾਰਤੀ ਵਿਦਿਆਰਥੀ ਨਿਤਿਨ ਗਰਗ ਦੀ 2 ਜਨਵਰੀ ਨੂੰ ਹੋਈ ਹੱਤਿਆ ਦੀ ਜਾਂਚ ਪੁਲਿਸ ਨੇ ਦੁਬਾਰਾ ਸ਼ੁਰੂ ਕਰ ਦਿੱਤੀ ਹੈ। ਸੀਨੀਅਰ ਜਾਂਚ ਅਧਿਕਾਰੀ ਡੇਵਿਡ ਸਨੇਅਰ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਨੂੰ ਸੁਲਝਾਉਣ ਲਈ ਯਤਨਸ਼ੀਲ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਜਾਂਚ ਦਾ ਇੱਕ ਹੋਰ ਪੜਾਅ ਹੈ ਅਤੇ ਦੋਸ਼ੀ ਨੂੰ ਲੱਭਣ ਦੀ ਕੋਸ਼ਿਸ਼ ਜਾਰੀ ਹੈ।



ਬ੍ਰਿਸਬੇਨ 'ਚ ਭਾਰਤੀ 'ਤੇ ਹੋਏ ਹਮਲੇ ਸਬੰਧੀ ਦੋ ਗ੍ਰਿਫ਼ਤਾਰ : ਬ੍ਰਿਸਬੇਨ ਵਿਚ ਭਾਰਤੀ ਨਾਗਰਿਕ 'ਤੇ ਹੋਏ ਹਮਲੇ ਤੇ ਲੁੱਟ ਦੇ ਸਬੰਧ ਵਿਚ ਆਸਟਰੇਲੀਆ ਪੁਲਿਸ ਨੇ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਇੱਕ ਹੋਰ ਦੀ ਭਾਲ ਕੀਤੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਜਿਹੜੇ 25 ਸਾਲਾ ਭਾਰਤੀ ਵਿਦਿਆਰਥੀ 'ਤੇ ਹਮਲਾ ਹੋਇਆ, ਉਸ ਦੇ ਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ। ਦੱਸਣਯੋਗ ਹੈ ਕਿ ਭਾਰਤੀ ਨਾਗਰਿਕ ਵੀਰਵਾਰ ਦੀ ਰਾਤ ਨੂੰ ਬ੍ਰਿਸਬੇਨ ਦੇ ਦੱਖਣੀ ਖੇਤਰ ਵਿਚ ਮੈਕਗ੍ਰੇਗਰ 'ਚ ਇੱਕ ਜਨਤਕ ਟੈਲੀਫੋਨ ਬੂਥ ਤੋਂ ਟੈਲੀਫੋਨ ਕਰ ਰਿਹਾ ਸੀ ਤੇ ਇਸੇ ਦੌਰਾਨ ਆਸਟਰੇਲੀਆਈ ਹਮਲਾਵਰਾਂ ਨੇ ਉਸ ਦੇ ਸਿਰ 'ਤੇ ਵਾਰ ਕੀਤੇ ਅਤੇ ਉਸ ਦਾ ਪਰਸ ਖੋਹ ਲਿਆ ਸੀ। ਸਥਾਨਕ ਮੀਡੀਆ ਨੇ ਖ਼ਬਰ ਦਿੱਤੀ ਕਿ ਇਸ ਘਟਨਾ ਦੇ ਸਿਲਸਿਲੇ ਵਿਚ ਇੱਕ 15 ਸਾਲਾ ਨਾਬਾਲਗ ਅਤੇ ਇੱਕ 20 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਿਸ ਉਸ ਹਮਲਾਵਰ ਦੀ ਭਾਲ ਕਰ ਰਹੀ ਹੈ, ਜਿਸ ਨੇ ਭਾਰਤੀ ਨੌਜਵਾਨ ਨੂੰ ਲੁੱਟਣ ਤੋਂ ਪਹਿਲਾਂ ਉਸ ਦੇ ਸਿਰ 'ਚ ਦੋ ਵਾਰ ਘਸੁੰਨ ਮਾਰੇ ਸਨ। ਪੁਲਿਸ ਸੂਤਰਾਂ ਨੇ ਦੱਸਿਆ ਕਿ ਨਾਬਾਲਗ ਲੜਕੇ ਖਿਲਾਫ਼ ਬਾਲ ਅਪਰਾਧ ਕਾਨੂੰਨ ਤਹਿਤ ਕਾਰਵਾਈ ਹੋਵੇਗੀ, ਜਦਕਿ 20 ਸਾਲਾ ਨੌਜਵਾਨ ਨੂੰ ਬ੍ਰਿਸਬੇਨ ਦੇ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ।ਅਸਟਰੇਲੀਆ ਸਰਕਾਰ ਤੇ ਕੌਮਾਂਤਰੀ ਦਬਾਅ ਵਧ ਰਿਹਾ ਹੈ।

# ਨਵੰਬਰ 84 ਸਿੱਖ ਕਤਲੇਆਮ ਦੇ ਦੋਸ਼ੀਆਂ ਖਿਲਾਫ਼ ਵਕੀਲਾਂ ਦਾ ਪੈਨਲ ਤਿਆਰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੁਹਿੰਮ ਚਲਾ ਰਹੀ ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਵਕੀਲਾਂ ਦਾ ਇਕ ਪੈਨਲ ਤਿਆਰ ਕੀਤਾ ਹੈ ਜੋ ਇਸ ਕਤਲੇਆਮ ਦੇ ਦੋਸ਼ੀਆਂ ਵਿਰੁਧ ਅਦਾਲਤਾਂ ਵਿਚ ਕੇਸਾਂ ਦੀ ਪੈਰਵੀ ਕਰੇਗਾ।

ਪ੍ਰੈਸ ਨੂੰ ਇਹ ਜਾਣਕਾਰੀ ਦਿੰਦਿਆਂ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ਼੍ਰੀ ਗੁਰਪਤਵੰਤ ਸਿੰਘ ਪੰਨੂ, ਕੋਆਰਡੀਨੇਟਰ ਅਵਤਾਰ ਸਿੰਘ ਪੰਨੂੰ, ਮਾਸਟਰ ਮੁਹਿੰਦਰ ਸਿੰਘ, ਸ. ਬਰਜਿੰਦਰ ਸਿੰਘ ਬਰਾੜ, ਸ. ਚਰਨਜੀਤ ਸਿੰਘ ਹਰਨਾਮਪੁਰੀ, ਸ. ਦਿਲਾਵਰ ਸਿੰਘ ਸੇਖੋਂ, ਸ. ਸੁਖਵਿੰਦਰ ਸਿੰਘ ਸਿੱਧੂ ਅਤੇ ਸ. ਬਖਸ਼ੀਸ਼ ਸਿੰਘ ਸੰਧੂ ਨੇ ਦੱਸਿਆ ਕਿ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਅਤੇ ਸੱਜਣ ਕੁਮਾਰ ਸਮੇਤ ਸਮੂਹ ਦੋਸ਼ੀਆਂ ਖਿਲਾਫ਼ ਕੇਸ ਲੜ੍ਹਨ ਲਈ ਸਿੱਖਸ ਫਾਰ ਜਸਟਿਸ ਦੇ ਚੀਫ ਕੌਂਸਲ ਸ. ਨਵਕਿਰਨ ਸਿੰਘ, ਮੈਡਮ ਰਬਿੰਦਾ ਜੌਹਨ, ਮੈਡਮ ਰਬਿੰਦਾ ਗਰੇਵਰ, ਮੈਡਮ ਕਾਮਨਾ ਵੋਹਰਾ, ਐਡਵੋਕੇਟ ਸ਼੍ਰੀ ਕੇ.ਐਸ. ਆਹਲੂਵਾਲੀਆ ਅਤੇ ਸ਼੍ਰੀ ਵਿਕਾਸ ਸ਼ਰਮਾ ਨੂੰ ਪੈਨਲ ਵਿਚ ਲਿਆ ਗਿਆ ਹੈ, ਜੋ ਕਿ ਸੀ.ਬੀ.ਆਈ. ਅਦਾਲਤ ਕੜਕੜਡੂੰਮਾ, ਦਿੱਲੀ ਹਾਈਕੋਰਟ ਅਤੇ ਸੁਪਰੀਮ ਕੋਰਟ ਵਿਚ ਦੋਸ਼ੀਆਂ ਖਿਲਾਫ਼ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੀ ਤਰਫੋਂ ਪੇਸ਼ ਹੋਣਗੇ।

ਸ਼੍ਰੀ ਪੰਨੂ ਨੇ ਦੱਸਿਆ ਕਿ ਗਵਾਹਾਂ ਨੂੰ ਅਦਾਲਤ ਵਿਚ ਲਿਆਉਣ ਅਤੇ ਪੀੜਤ ਪਰਿਵਾਰਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸ. ਕਰਨੈਲ ਸਿੰਘ ਪੀਰਮੁਹੰਮਦ ਦੀ ਅਗਵਾਈ ਵਾਲੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਨਵਗਠਿਤ ਨਵੰਬਰ 1984 ਸਿੱਖ ਕਤਲੇਆਮ ਇਨਸਾਫ ਕਮੇਟੀ ਸੰਘਰਸ਼ ਕਰੇਗੀ। ਆਉਣ ਵਾਲੇ ਸਮੇਂ ਵਿਚ ਸਿੱਖਸ ਫਾਰ ਜਸਟਿਸ ਕਾਨੂੰਨੀ ਤੌਰ 'ਤੇ ਅਤੇ ਉਪਰੋਕਤ ਦੋਨੋਂ ਜਥੇਬੰਦੀਆਂ ਜਨਤਕ ਤੌਰ 'ਤੇ ਮਿਲ ਕੇ ਸੰਘਰਸ਼ ਕਰਨਗੀਆਂ।

ਇਨਸਾਫ ਕਮੇਟੀ ਗਠਿਤ: ਇਸੇ ਦੌਰਾਨ ਚੰਡੀਗੜ੍ਹ ਤੋਂ ਇਕ ਰਿਪੋਰਟ ਅਨੁਸਾਰ ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਲਈ ਲਗਾਤਾਰ ਸੰਘਰਸ਼ ਕਰਨ ਵਾਲੇ ਪਰਿਵਾਰਾਂ ਦੇ ਮੁਖੀਆਂ ਨੇ ਨਵੰਬਰ 1984 ਸਿੱਖ ਕਤਲੇਆਮ ਇਨਸਾਫ ਕਮੇਟੀ ਗਠਿਤ ਕਰਨ ਦਾ ਐਲਾਨ ਕੀਤਾ ਹੈ। ਹੁਣ ਤੱਕ ਦੰਗਾ ਪੀੜਤ ਕਮੇਟੀ ਵਜੋਂ ਵਿਚਰਦੇ ਉਪਰੋਕਤ ਪੀੜਤਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਦੰਗਿਆਂ ਦਾ ਨਹੀਂ ਬਲਕਿ ਸਿੱਖ ਕਤਲੇਆਮ ਦਾ ਸ਼ਿਕਾਰ ਹੋਏ ਸਨ।

ਇਸ ਨਵ ਗਠਿਤ ਕਮੇਟੀ ਦੇ 11 ਮੈਂਬਰਾਂ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁਹੰਮਦ ਦੀ ਮੌਜੂਦਗੀ ਵਿਚ ਉਕਤ ਐਲਾਨ ਕਰਦਿਆਂ ਸਪੱਸ਼ਟ ਕੀਤਾ ਕਿ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਤੁਰਤ ਪਿਛੋਂ ਨਵੰਬਰ 1984 ਦੇ ਪਹਿਲੇ ਹਫਤੇ ਦੇਸ਼ ਦੀ ਰਾਜਧਾਨੀ ਦਿੱਲੀ ਸਮੇਤ 18 ਰਾਜਾਂ ਅਤੇ 110 ਵੱਡੇ ਸ਼ਹਿਰਾਂ ਵਿਚ ਹੋਏ ਸਿੱਖਾਂ ਉਤੇ ਹਮਲੇ ਸਿੱਖ ਕਤਲੇਆਮ ਸੀ ਅਤੇ ਇਸ ਨੂੰ ਦਿੱਲੀ ਦੰਗਿਆਂ ਦਾ ਨਾਂ ਦੇਣਾ ਸਰਾਸਰ ਸਿੱਖਾਂ ਅਤੇ ਇਨਸਾਫ ਨਾਲ ਬੇਇਨਸਾਫੀ ਹੈ। ਇਸ ਮੌਕੇ ਇਕੱਲੇ ਦਿੱਲੀ ਨਹੀਂ ਸਗੋਂ ਦੇਸ਼ ਭਰ ਵਿਚ ਸਿੱਖਾਂ ਨੂੰ ਨਸਲਕੁਸ਼ੀ ਦੇ ਮਨੋਰਥ ਨਾਲ ਹਮਲਿਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ।

ਨੇਤਾਵਾਂ ਨੇ ਕਿਹਾ ਕਿ ਸਰਕਾਰ ਨੇ ਗਿਣੀ ਮਿਥੀ ਸਾਜਿਸ਼ ਤਹਿਤ ਇਸ ਭਿਆਨਕ ਕਾਂਡ ਨੂੰ ਦਿੱਲੀ ਦੰਗਿਆਂ ਦਾ ਨਾਮ ਦਿੱਤਾ ਤੇ ਮੀਡੀਏ ਅੰਦਰ ਵੀ ਦੰਗਾ ਸਫਦ ਹੀ ਵਰਤਿਆ ਗਿਆ, ਜਦਕਿ ਅਸਲੀਅਤ ਵਿਚ ਇਹ ਕੋਈ ਦੰਗਾ ਫਸਾਦ ਨਹੀਂ ਸੀ, ਬਲਕਿ ਸਿੱਖਾਂ ਦਾ ਯੋਜਨਾਬੱਧ ਢੰਗ ਨਾਲ ਕਤਲੇਆਮ ਸੀ। ਉਨ੍ਹਾਂ ਇਕ ਮਤ ਹੋ ਕੇ ਕਿਹਾ ਕਿ ਹੁਣ ਤੱਕ ਅਸੀਂ ਵੀ ਆਪਣੇ ਆਪ ਨੂੰ ਦੰਗਾ ਪੀੜਤ ਸੁਸਾਇਟੀ ਹੀ ਲਿਖਦੇ ਰਹੇ, ਜਦਕਿ ਅਸੀਂ ਦੰਗਿਆਂ ਦਾ ਨਹੀਂ, ਬਲਕਿ ਸਿੱਖ ਨਸਲਕੁਸ਼ੀ ਦਾ ਸ਼ਿਕਾਰ ਹੋਏ ਸੀ। ਜੇਕਰ ਦੰਗੇ ਹੋਏ ਹੁੰਦੇ ਤਾਂ ਹੋਰ ਫਿਰਕਿਆਂ ਦੇ ਲੋਕ ਵੀ ਮਰਨੇ ਸਨ।

ਗਿਆਰਾਂ ਮੈਂਬਰੀ ਕਮੇਟੀ ਵਿਚ ਸ. ਰਜਿੰਦਰ ਸਿੰਘ ਸੰਘਾ, ਸ. ਸੁਖਜੀਤ ਸਿੰਘ, ਸ. ਕੁੰਦਨ ਸਿੰਘ, ਸ਼੍ਰੀਮਤੀ ਕਸ਼ਮੀਰ ਕੌਰ, ਸ. ਹਰਜਿੰਦਰ ਸਿੰਘ, ਸ. ਅਮਰਜੀਤ ਸਿੰਘ, ਸ. ਸੁਖਦੇਵ ਸਿੰਘ, ਸ. ਬਿੱਕਰ ਸਿੰਘ, ਸ. ਕਰਨੈਲ ਸਿੰਘ, ਸ. ਅਜੀਤ ਸਿੰਘ ਅਤੇ ਸ. ਗੁਰਦੀਪ ਸਿੰਘ ਸ਼ਾਮਲ ਹਨ।

ਕਮੇਟੀ ਮੈਂਬਰਾਂ ਨੇ ਕਿਹਾ ਕਿ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਸ. ਕਰਨੈਲ ਸਿੰਘ ਪੀਰਮੁੰਹਮਦ, ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਸ. ਗੁਰਪਤਵੰਤ ਸਿੰਘ ਪੰਨੂ, ਸੀਨੀਅਰ ਐਡਵੋਕੇਟ ਐਚ.ਐਸ. ਫੂਲਕਾ ਅਤੇ ਨਵਕਿਰਨ ਸਿੰਘ ਦੇ ਸਲਾਹ ਮਸ਼ਵਰੇ ਨਾਲ ਹੀ ਚੱਲਣਗੇ ਅਤੇ ਉਪਰੋਕਤ ਚਾਰਾਂ ਨੂੰ ਸਿੱਖ ਕਤਲੇਆਮ ਇਨਸਾਫ ਕਮੇਟੀ ਦਾ ਮੁੱਖ ਸਲਾਹਕਾਰ ਬਣਾਇਆ ਗਿਆ ਹੈ।

# ਹਾਕੀ ਇੰਡੀਆ ਦੀ ਚੋਣ ਮੁੜ ਅਣਮਿੱਥੇ ਸਮੇਂ ਲਈ ਮੁਲਤਵੀ

**ਨਵੀਂ ਦਿੱਲੀ:** ਭਾਰਤ ਦੀ ਅਗਲੇ ਮਹੀਨੇ ਹੋਣ ਵਾਲੇ ਵਿਸ਼ਵ ਕੱਪ ਹਾਕੀ ਵਿਚ ਨੁਮਾਇੰਦਗੀ ਮੁਸ਼ਕਲ ਵਿਚ ਪੈ ਗਈ ਹੈ, ਕਿਉਂਕਿ ਹਾਕੀ ਇੰਡੀਆ ਦੀਆਂ 7 ਫਰਵਰੀ ਨੂੰ ਹੋਣ ਵਾਲੀਆਂ ਚੋਣਾਂ ਰਾਜਸਥਾਨ ਹਾਈਕੋਰਟ ਦੇ ਸਟੇਅ ਆਰਡਰ ਕਾਰਨ ਇਕ ਵਾਰ ਫਿਰ ਰੱਦ ਹੋ ਗਈਆਂ ਹਨ। ਕਾਨੂੰਨੀ ਸਲਾਹ ਤੋਂ ਬਾਅਦ ਹਾਕੀ ਇੰਡੀਆ ਨੂੰ ਚੋਣਾਂ ਰੱਦ ਕਰਨ ਦਾ ਹੁਕਮ ਦੇਣ ਵਾਲੇ ਚੋਣ ਅਧਿਕਾਰੀ ਜੀ.ਐਸ.ਮੰਡੇਰ ਨੇ ਸੰਕੇਤ ਦਿੱਤਾ ਕਿ ਸ਼ਾਇਦ ਵਿਸ਼ਵ ਕੱਪ ਤੋਂ ਪਹਿਲਾਂ ਚੋਣਾਂ ਕਰਵਾਉਣੀਆਂ ਸੰਭਵ ਨਾ ਹੋਣ। ਮੰਡੇਰ ਨੇ ਕਿਹਾ ਕਿ 7 ਫਰਵਰੀ ਨੂੰ ਚੋਣਾਂ ਕਰਵਾਉਣੀਆਂ ਸੰਭਵ ਨਹੀਂ ਹਨ ਤੇ ਮੈਨੂੰ ਸ਼ੱਕ ਹੈ ਕਿ ਇਹ ਵਿਸ਼ਵ ਕੱਪ ਤੋਂ ਪਹਿਲਾਂ ਹੋ ਵੀ ਸਕਣਗੀਆਂ, ਕਿਉਂਕਿ ਹੁਣ ਸਾਰੇ ਸੰਬੰਧਤ ਪੱਖਾਂ ਨੂੰ 21 ਦਿਨਾਂ ਦਾ ਨਵਾਂ ਨੋਟਿਸ ਦੇਣਾ ਪਵੇਗਾ। ਤਕਨੀਕੀ ਤੌਰ 'ਤੇ ਕਹਾਂ ਤਾਂ ਵਿਸ਼ਵ ਕੱਪ ਤੋਂ ਪਹਿਲਾਂ ਚੋਣਾਂ ਕਰਵਾਉਣੀਆਂ ਸੰਭਵ ਨਹੀਂ ਹਨ। ਇਸ ਦੌਰਾਨ ਸਾਬਕਾ ਹਾਕੀ ਕਪਤਾਨ ਪ੍ਰਗਟ ਸਿੰਘ ਨੇ ਭਾਰਤੀ ਓਲੰਪਿਕ ਸੰਘ ਦੇ ਪ੍ਰਧਾਨ ਸੁਰੇਸ਼ ਕਲਮਾਡੀ 'ਤੇ ਹੱਲਾ ਬੋਲਦਿਆਂ ਉਨ੍ਹਾਂ ਨੂੰ ਖੇਡ ਮਾਫ਼ੀਆ ਕਰਾਰ ਦਿੱਤਾ। ਪ੍ਰਗਟ ਸਿੰਘ ਨੇ ਕਿਹਾ ਕਿ ਕਲਮਾਡੀ ਕਿਸੇ ਵੀ ਕੀਮਤ 'ਤੇ ਹਾਕੀ ਇੰਡੀਆ ਦਾ ਪ੍ਰਧਾਨ ਬਣਨਾ ਚਾਹੁੰਦੇ ਹਨ, ਜਦਕਿ ਸ਼੍ਰੀ ਕਲਮਾਡੀ ਨੇ ਉਨ੍ਹਾਂ ਦੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ।



ਪੰਜਾਬ ਹਾਕੀ ਸੰਘ ਦੇ ਸਕੱਤਰ ਪ੍ਰਗਟ ਸਿੰਘ ਨੇ ਰਾਜਸਥਾਨ ਹਾਈਕੋਰਟ ਦੇ ਹੁਕਮ ਉਪਰੰਤ 7 ਫਰਵਰੀ ਨੂੰ ਹੋਣ ਵਾਲੀ ਹਾਕੀ ਇੰਡੀਆ ਦੀ ਚੋਣ ਨੂੰ ਮੁਲਤਵੀ ਕੀਤੇ ਜਾਣ 'ਤੇ ਹਾਕੀ ਇੰਡੀਆ ਨੂੰ ਆੜ੍ਹੇ ਹੱਥੀਂ ਲੈਂਦਿਆਂ ਕਿਹਾ ਕਿ ਇਹ ਸਭ ਕਲਮਾਡੀ ਦੀ ਸਾਜ਼ਿਸ਼ ਹੈ। ਉਨ੍ਹਾਂ ਮੌਜੂਦਾ ਹਾਕੀ ਟੀਮ ਦੀ ਤੁਲਨਾ ਕੇਪੀਐਸ ਗਿੱਲ ਦੇ ਸਮੇਂ ਵਾਲੀ ਟੀਮ ਨਾਲ ਕਰਦਿਆਂ ਕਿਹਾ ਕਿ ਹੁਣ ਹਾਕੀ ਟੀਮ ਦੀ ਹਾਲਤ ਬੇਹੱਦ ਮਾੜੀ ਹੋ ਗਈ ਹੈ।

ਪ੍ਰਗਟ ਸਿੰਘ ਨੇ ਦੋਸ਼ ਲਗਾਇਆ ਕਿ ਸ਼੍ਰੀ ਕਲਮਾਡੀ ਅਤੇ ਉਸ ਦੇ ਹਮਾਇਤੀ ਮਹਾਰਾਸ਼ਟਰ ਹਾਕੀ ਸੰਘ 'ਤੇ ਦਬਾਅ ਪਾਉਣ ਦੇ ਬਾਵਜੂਦ ਮਹਾਰਾਸ਼ਟਰ ਤੋਂ ਨਾਮਜ਼ਦਗੀ ਹਾਸਲ ਕਰਨ ਵਿਚ ਨਾਕਾਮ ਰਹੇ ਹਨ ਤੇ ਇਸੇ ਕਾਰਨ ਉਨ੍ਹਾਂ ਇਸ ਚੋਣ ਨੂੰ ਮੁਲਤਵੀ ਕਰਨ ਦਾ ਫੈਸਲਾ ਲਿਆ ਹੈ। ਪ੍ਰਗਟ ਸਿੰਘ ਨੇ ਕਿਹਾ ਕਿ ਕਲਮਾਡੀ ਨੇ ਇਹ ਫੈਸਲਾ ਲੈ ਕੇ ਸਿੱਧ ਕਰ ਦਿੱਤਾ ਹੈ ਕਿ ਉਹ ਵੱਡੇ ਖੇਡ ਮਾਫ਼ੀਆ ਹਨ, ਜੋ ਕਿਸੇ ਵੀ ਕੀਮਤ 'ਤੇ ਆਪਣਾ ਦਬਦਬਾ ਬਣਾਏ ਰੱਖਣਾ ਚਾਹੁੰਦੇ ਹਨ।

ਇਸੇ ਦੌਰਾਨ ਖੇਡ ਮੰਤਰੀ ਐੱਮ.ਐੱਸ. ਗਿੱਲ ਨੇ ਹਾਕੀ ਇੰਡੀਆ ਦੀਆਂ ਚੋਣਾਂ ਲਈ ਚੋਣ ਪ੍ਰਕਿਰਿਆ 'ਤੇ ਸਵਾਲ ਉਠਾਉਂਦੇ ਹੋਏ ਉਨ੍ਹਾਂ 70-80 ਸਾਲ ਪੁਰਾਣੇ ਰਾਜ ਸੰਘਾਂ ਨੂੰ ਆਪਣਾ ਸਮਰਥਨ ਦਿੱਤਾ ਜੋ ਮਾਨਤਾ ਪ੍ਰਕਿਰਿਆ ਵਿਰੁਧ ਅਦਾਲਤ ਵਿਚ ਜਾ ਚੁੱਕੇ ਹਨ। ਗਿੱਲ ਨੇ ਕਿਹਾ ਕਿ ਮੁੰਬਈ ਤੇ ਕੋਲਕਾਤਾ ਵਰਗੀਆਂ ਸੰਸਥਾਵਾਂ ਹਨ ਜੋ ਪਿਛਲੇ 70-80 ਸਾਲਾਂ ਤੋਂ ਲੋਕਤੰਤਰਿਕ ਢੰਗ ਨਾਲ ਚੱਲ ਰਹੀਆਂ ਹਨ। ਤੁਸੀਂ ਐੱਫ.ਆਈ.ਐਚ. ਦੇ ਇਕ ਰਾਜ ਲਈ ਇਕ ਇਕਾਈ ਦੇ ਹੁਕਮ ਦੀ ਆੜ ਵਿਚ ਕੁਝ ਨਾਵਾਂ ਨੂੰ ਜਾਣਬੁੱਝ ਕੇ ਨਹੀਂ ਹਟਾ ਸਕਦੇ।

# ਵਿਆਪਕ ਅੰਦਰੂਨੀ ਦੁਫੇੜ ਵਲ ਵਧ ਰਹੇ ਸਿੱਖਾਂ ਦੇ ਮੌਜੂਦਾ ਹਾਲਾਤ

**ਜਤਿੰਦਰ ਪਨੂੰ**

ਸਿੱਖ ਪੰਥ ਇਕ ਵਾਰੀ ਫਿਰ ਅਧੋਗਤੀ ਦੀ ਲੀਹੇ ਪੈਂਦਾ ਜਾ ਰਿਹਾ, ਜਾਂ ਫਿਰ ਪਾਇਆ ਜਾ ਰਿਹਾ, ਨਜ਼ਰ ਆਉਂਦਾ ਹੈ। ਧਰਮ ਅਤੇ ਸਿਆਸਤ ਨੂੰ ਮੇਲ ਕੇ ਚਲਾਉਣ ਦੇ ਧਾਰਨੀਆਂ ਨੇ ਇਸ ਧਰਮ ਵਿਚ ਸਿਆਸਤ ਵੀ ਹੱਦੋਂ ਬਾਹਰੀ ਲੈ ਆਂਦੀ ਹੈ ਤੇ ਸਿਆਸਤ ਵਿਚ ਇਸਨੂੰ ਇੱਕ ਮੋਹਰੇ ਵਜੋਂ ਵਰਤਣਾ ਵੀ ਆਮ ਗੱਲ ਬਣਾ ਦਿੱਤੀ ਹੈ। ਕਿਸੇ ਸ਼ਹਿਰ ਦੇ ਕਿਸੇ ਮੁਹੱਲੇ ਦੀ ਗੁਰਦੁਆਰਾ ਕਮੇਟੀ ਉਤੇ ਕਬਜ਼ੇ ਲਈ ਵੀ ਰਾਜਨੀਤਕ ਪੈਂਤੜੇਬਾਜ਼ੀ ਹੁੰਦੀ ਹੈ ਤੇ ਜਿਸ ਦਾ ਜਿੱਥੇ ਜ਼ੋਰ ਚੱਲੇ, ਉਹ ਉਥੇ ਧਰਮ ਦੇ ਅਰਥ ਵੀ ਮਨ-ਮਰਜ਼ੀ ਦੇ ਕੱਢੀ ਜਾਂਦਾ ਹੈ। ਨਤੀਜੇ ਵਜੋਂ ਸਿੱਖ ਪੰਥ, ਤੇ ਇਸ ਬਹਾਨੇ ਪੰਜਾਬ ਵੀ, ਇੱਕ ਹੋਰ ਭਰਾ-ਮਾਰ ਜੰਗ ਵਲ ਵਧਦਾ ਨਜ਼ਰ ਆਉਂਦਾ ਹੈ।

ਬਹੁਤ ਸਾਰੇ ਮੁੱਦੇ ਇਸ ਵੇਲੇ ਵਿਵਾਦ ਦਾ ਵਿਸ਼ਾ ਬਣੇ ਹੋਏ ਹਨ, ਜਿਨ੍ਹਾਂ ਵਿਚੋਂ ਇੱਕ ਤਾਂ ਨਾਨਕਸ਼ਾਹੀ ਕੈਲੰਡਰ ਦਾ ਹੀ ਹੈ। ਸਾਹਮਣੇ ਆ ਰਹੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਧਿਆਨ ਵਿਚ ਰੱਖ ਕੇ ਕਮੇਟੀ ਪ੍ਰਧਾਨ ਨੇ ਆਪਣੇ ਨਿਯੁਕਤੀ ਦਾਤਿਆਂ ਦੇ ਇਸ਼ਾਰੇ ਉਤੇ ਇਸ ਕੈਲੰਡਰ ਨੂੰ ਕੁਝ ਡੇਰੇਦਾਰਾਂ ਦੀ ਮਰਜ਼ੀ ਮੁਤਾਬਕ ਸੋਧ ਦਿੱਤਾ ਹੈ। ਜਿਨ੍ਹਾਂ ਡੇਰੇਦਾਰਾਂ ਦੀ ਮਰਜ਼ੀ ਪੁਗਾਈ ਗਈ ਹੈ, ਉਨ੍ਹਾਂ ਦਾ ਫੇਰ ਵੀ ਯਕੀਨ ਨਹੀਂ ਕਿ ਬਾਦਲ ਅਕਾਲੀ ਦਲ ਦਾ ਸਾਥ ਦੇਣਗੇ ਜਾਂ ਵੱਖਰੀ ਖਿਚੜੀ ਰਿੰਨ੍ਹਣ ਤੁਰ ਪੈਣਗੇ। ਦੂਜੇ ਪਾਸੇ ਬਾਦਲ ਧੜੇ ਦੇ ਚਿਰਾਂ ਦੇ ਜੋਟੀਦਾਰ, ਖਾਸ ਕਰ ਕੇ ਨਾਨਕਸ਼ਾਹੀ ਕੈਲੰਡਰ ਬਹਾਨੇ ਸਿੱਖੀ ਨੂੰ ਸੰਸਾਰਕ ਤਾਲਮੇਲ ਦੇ ਰਾਹ ਪਾਉਣ ਦੀਆਂ ਚਾਹਵਾਨ ਮਾਡਰੇਟ ਸੋਚ ਦੀਆਂ ਝੰਡਾ ਬਰਦਾਰ ਸਿੰਘ ਸਭਾਵਾਂ ਵਾਲੇ, ਮਨ ਮੋਟਾ ਕਰ ਕੇ ਪੁਰਾਣੇ ਅਣ-ਸੋਧੇ ਕੈਲੰਡਰ ਦੇ ਪੱਖ ਵਿਚ ਡਟ ਗਏ ਹਨ।

ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੇ ਰਾਜਨੀਤਕ ਜੀਵਨ ਵਿਚ ਬਹੁਤ ਸਾਰੇ ਪਿਆਦੇ ਵਰਤੇ ਤੇ ਫਿਰ ਪਾਸੇ ਕਰ ਕੇ ਟਿਕਾਏ ਹਨ, ਪਰ ਸ਼੍ਰੋਮਣੀ ਕਮੇਟੀ ਦਾ ਮੌਜੂਦਾ ਪ੍ਰਧਾਨ ਅਵਤਾਰ ਸਿੰਘ ਮੱਕੜ ਉਨ੍ਹਾਂ ਸਭਨਾਂ ਤੋਂ ਵੱਖਰਾ ਹੈ। ਉਸ ਦੀ 'ਮੈਂ' ਹੀ ਉਸ ਨੂੰ ਟਿਕਣ ਨਹੀਂ ਦੇਂਦੀ। ਜਿਹੜਾ ਕੋਈ ਉਸ ਨਾਲੋਂ ਵੱਖਰੀ ਸੋਚ ਪ੍ਰਗਟ ਕਰੇ, ਇਹ ਉਸਨੂੰ ਇੰਜ ਪਾਸੇ ਧੱਕ ਦੇਂਦਾ ਹੈ, ਜਿਵੇਂ ਉਹ ਚੱਲਿਆ ਹੋਇਆ ਕਾਰਤੂਸ ਹੋਵੇ। ਤਾਜ਼ਾ ਮਿਸਾਲ ਸੁਖਦੇਵ ਸਿੰਘ ਭੌਰ ਦੀ ਹੈ। ਉਹ ਸ਼੍ਰੋਮਣੀ ਕਮੇਟੀ ਦਾ ਜਨਰਲ ਸਕੱਤਰ ਹੈ। ਪਿਛਲੇ ਦਿਨੀਂ ਉਸਨੇ ਨਾਨਕਸ਼ਾਹੀ ਕੈਲੰਡਰ ਦੇ ਸਵਾਲ ਉੱਤੇ ਮੱਤਭੇਦ ਪ੍ਰਗਟ ਕਰ ਦਿੱਤੇ, ਮੱਕੜ ਨੇ ਉਸ ਨੂੰ ਸ਼੍ਰੋਮਣੀ ਕਮੇਟੀ ਦੀ ਬੱਜਟ ਕਮੇਟੀ 'ਚੋਂ ਵੀ ਬਾਹਰ ਕਰ ਦਿੱਤਾ। ਹੂੜ੍ਹ-ਮੱਤ ਵੀ ਮੱਕੜ ਦੀ ਏਨੀ ਹੈ ਕਿ ਖੰਨਾ ਚਮਾਰਾ ਪਿੰਡ ਦੇ ਮੁਜ਼ਾਰਿਆਂ ਤੋਂ ਜ਼ਮੀਨ ਛੁਡਾਉਣ ਲਈ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਭੇਜ ਕੇ ਉਸ ਦਿਨ ਦੋ ਸਿੱਖਾਂ ਨੂੰ ਕਤਲ ਕਰਵਾ ਦਿੱਤਾ, ਜਿਸ ਦਿਨ ਸਾਰੇ ਸੰਸਾਰ ਦੇ ਸਿੱਖ 1984 ਵਿਚ ਮਾਰੇ ਗਏ ਸਿੱਖਾਂ ਦਾ ਸੋਗ ਮਨਾ ਰਹੇ ਸਨ। ਇੰਜ ਹੀ ਉਸਨੇ ਕਈ ਹੋਰ ਵਿਵਾਦ ਖੜਾ ਕੇ ਹਾਲਾਤ ਏਨੇ ਵਿਗਾੜ ਛੱਡੇ ਹਨ ਕਿ ਅੰਮ੍ਰਿਤਸਰ ਤੋਂ ਆਸਨਸੋਲ ਤੱਕ ਸਿੱਖਾਂ ਦਾ ਆਪੋ ਵਿਚ ਭੇੜ ਹੁੰਦਾ ਨਜ਼ਰ ਆਉਂਦਾ ਹੈ।

ਫਿਰ ਵੀ ਸਭ ਤੋਂ ਵੱਡਾ ਮਾਮਲਾ ਪ੍ਰੋਫੈਸਰ ਦਰਸ਼ਨ ਸਿੰਘ ਵਲੋਂ ਦਸਵੇਂ ਗੁਰੂ ਸਾਹਿਬ ਬਾਰੇ ਕਹੇ ਲਫਜ਼ਾਂ ਬਾਰੇ ਮੱਤਭੇਦਾਂ ਦਾ ਹੈ। ਪ੍ਰੋਫੈਸਰ ਦਰਸ਼ਨ ਸਿੰਘ ਦੇ ਕਹੇ ਹੋਏ ਸ਼ਬਦਾਂ ਨਾਲ ਸਹਿਮਤ ਤਾਂ ਅਸੀਂ ਵੀ ਨਹੀਂ, ਹਾਲਾਂਕਿ ਦਸਮ ਗ੍ਰੰਥ ਬਾਰੇ ਉਸਦੀਆਂ ਕਈ ਧਾਰਨਾਵਾਂ ਅਤੇ ਟਿੱਪਣੀਆਂ ਠੀਕ ਵੀ ਹਨ। ਸਾਡੀ ਸਮਝ ਹੈ ਕਿ ਦਸਮ ਗ੍ਰੰਥ ਵਿਚਲੀਆਂ ਅਸ਼ਲੀਲ ਕਹਾਣੀਆਂ ਜਾਂ ਮਨਘੜਤ ਕਥਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ ਮੰਨਿਆ ਜਾਣਾ ਚਾਹੀਦਾ, ਪਰ ਉਸ ਗ੍ਰੰਥ ਨੂੰ ਇੱਕ ਵਾਢਿਓਂ ਰੱਦ ਵੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਸਿੱਖਾਂ ਦੀ ਅਰਦਾਸ ਦਾ ਆਗਾਜ਼ ਵੀ ਉਸੇ ਵਿਚੋਂ ਮਿਲਦਾ ਹੈ ਤੇ ਚੌਪਈ, ਸਵੱਯੈ ਅਤੇ ਜਾਪੁ ਸਾਹਿਬ ਵੀ। ਜੇ ਪ੍ਰੋਫੈਸਰ ਦਰਸ਼ਨ ਸਿੰਘ ਦੇ ਸੋਚਣ-ਢੰਗ ਨਾਲ ਸਾਰੇ ਦਾ ਸਾਰਾ ਦਸਮ ਗ੍ਰੰਥ ਰੱਦ ਕਰ ਦਿੱਤਾ ਜਾਵੇ, ਫਿਰ ਸਿੱਖਾਂ ਦੀ ਅਰਦਾਸ ਦਾ ਮੂਲ ਕਿਸਨੂੰ ਮੰਨਿਆ ਜਾਵੇਗਾ? ਇਸ ਕਰਕੇ ਬੇਹਤਰ ਇਹ ਹੋਵੇਗਾ ਕਿ ਇਸ ਸਮੁੱਚੇ ਗ੍ਰੰਥ ਨੂੰ ਉਨ੍ਹਾਂ ਸਿੱਖਾਂ ਦੇ ਹਵਾਲੇ ਕਰ ਕੇ ਇਸ ਵਿਚਲੇ ਠੀਕ ਪੱਖ ਮੰਨ ਕੇ ਬਾਕੀ ਲਾਂਭੇ ਕਰ ਦਿੱਤੇ ਜਾਣ, ਜਿਹੜੇ ਇਸ ਖੇਤਰ ਦੇ ਮੰਨੇ-ਪ੍ਰਮੰਨੇ ਵਿਦਵਾਨ ਹੋਣ।




***ਏਥੇ ਬੜੇ ਪ੍ਰਧਾਨ ਆਏ ਤੇ ਬੜੇ ਗਏ, ਕਈ ਤਾਂ ਬੇਆਬਰੂ ਕਰ ਕੇ ਵੀ ਕੂਚੇ 'ਚੋਂ ਕੱਢੇ ਜਾਂਦੇ ਰਹੇ ਸਨ। ਉਨ੍ਹਾਂ ਸਾਰਿਆਂ ਦੇ ਇਤਿਹਾਸ ਅਤੇ ਹਸ਼ਰ ਤੋਂ ਵੀ ਉਹ ਨਹੀਂ ਸਿੱਖਣਾ ਚਾਹੁੰਦੇ ਤੇ ਹਾਲਾਤ ਇਹੋ ਜਿਹੇ ਬਣਾ ਰਹੇ ਹਨ, ਜਿਨ੍ਹਾਂ ਉੱਤੇ ਇੱਕ ਸਿੱਖ ਇਤਿਹਾਸਕਾਰ ਦਾ ਇਹ ਕਥਨ ਠੀਕ ਬੈਠੇਗਾ ''ਜਾਤ ਗੋਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰੂ 'ਤੇ ਮੰਗਾ।'' ਜੇ ਸੱਚਮੁੱਚ ਅਜਿਹੇ ਹਾਲਾਤ ਬਣਦੇ ਹਨ, ਇਹ ਸਿਰਫ਼ ਸਿੱਖ ਪੰਥ ਦਾ ਮਾਮਲਾ ਸ਼ਾਇਦ ਨਹੀਂ ਰਹੇਗਾ।***

ਪ੍ਰੋਫੈਸਰ ਦਰਸ਼ਨ ਸਿੰਘ ਨੇ ਇਕ ਪ੍ਰਸੰਗ ਦੀ ਵਿਆਖਿਆ ਕਰਦੇ ਸਮੇਂ ਟਪਲਾ ਖਾਧਾ ਤੇ ਕੁਝ ਦਾ ਕੁਝ ਕਹਿ ਗਏ। ਏਦਾਂ ਦੇ ਟਪਲੇ ਕਈ ਹੋਰਨਾਂ ਨੂੰ ਵੀ ਲੱਗੇ ਹਨ, ਜਿਨ੍ਹਾਂ ਨੇ ਪ੍ਰਸੰਗ ਨਾਲੋਂ ਕੱਟ ਕੇ ਗੁਰਬਾਣੀ ਜਾਂ ਇਤਿਹਾਸ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਫਿਰ ਵੀ ਇਹ ਗੱਲ ਬੱਜਰ ਕੁਰਹਿਤਾਂ ਦੇ ਖਾਤੇ ਵਿਚ ਆਉਣੀ ਨਹੀਂ ਬਣਦੀ, ਜਿਸ ਲਈ ਕਿਸੇ ਨੂੰ ਤਨਖਾਹੀਆ ਕਰਾਰ ਦੇ ਕੇ ਸਿੱਖੀ ਵਿਚੋਂ ਖਾਰਜ ਕਰ ਦਿੱਤਾ ਜਾਵੇ, ਸਗੋਂ ਹਰ ਸਿੱਖ ਦੀ ਅਰਦਾਸ ਵਿਚ 'ਅੱਖਰ ਵਾਧਾ-ਘਾਟਾ ਭੁੱਲ ਚੁੱਕ-ਮਾਫ ਕਰਨਾ' ਦੇ ਅਧਾਰ ਉੱਤੇ ਮਾਮਲਾ ਨਿਬੇੜ ਦੇਣਾ ਬਣਦਾ ਸੀ। ਬਿਨਾਂ ਵਜ੍ਹਾ ਤੂਲ ਦੇਕੇ ਹੁਣ ਇਹ ਮਾਮਲਾ ਮੌਜੂਦਾ ਜਥੇਦਾਰਾਂ ਵਲੋਂ ਅਕਾਲ ਤਖ਼ਤ ਸਾਹਿਬ ਦੇ ਇੱਕ ਸਾਬਕਾ ਜਥੇਦਾਰ ਨੂੰ ਸਿੱਖੀ 'ਚੋਂ ਖਾਰਜ ਕਰਨ ਦੇ ਮੋੜ ਤੱਕ ਪੁਚਾ ਦਿੱਤਾ ਗਿਆ ਹੈ।

ਅਸੀਂ ਨਹੀਂ ਜਾਣਦੇ ਕਿ ਆਉਂਦੀ 29 ਜਨਵਰੀ ਦੀ ਪੇਸ਼ੀ ਮੌਕੇ ਪ੍ਰੋਫੈਸਰ ਦਰਸ਼ਨ ਸਿੰਘ ਬਾਰੇ ਕੀ ਫੈਸਲਾ ਲਿਆ ਜਾਵੇਗਾ, ਪਰ ਇਹ ਜਾਣਦੇ ਹਾਂ ਕਿ ਉਸਨੂੰ ਸਿੱਖੀ 'ਚੋਂ ਖਾਰਜ ਕੀਤੇ ਜਾਣ ਤੋਂ ਪਹਿਲਾਂ ਹੀ ਉਸਦੇ ਖ਼ਿਲਾਫ ਹਰ ਹੱਥ-ਕੰਡਾ ਵਰਤਿਆ ਜਾਣ ਲੱਗ ਪਿਆ ਹੈ। ਅਜਨਾਲੇ ਨੇੜੇ ਇੱਕ ਪਿੰਡ ਵਿਚ ਉਸਦਾ ਕੀਰਤਨ ਪ੍ਰੋਗਰਾਮ ਸਰਕਾਰੀ ਹੁਕਮ ਨਾਲ ਬੰਦ ਕਰਵਾ ਦਿੱਤਾ ਗਿਆ। ਇਹ ਹੁਕਮ ਉਸ ਪੰਜਾਬ ਵਿਚ ਦਿੱਤਾ ਗਿਆ ਹੈ, ਜਿੱਥੇ ਸਿੱਖ ਜਥੇਬੰਦੀਆਂ ਦੀ ਅਗਾਊਂ ਧਮਕੀ ਦੇ ਬਾਵਜੂਦ ਨੂਰਮਹਿਲ ਵਾਲੇ ਬਾਬੇ ਆਸ਼ੂਤੋਸ਼ ਦਾ ਸਮਾਗਮ ਲੁਧਿਆਣੇ ਸ਼ਹਿਰ ਵਿਚ ਰੋਕਿਆ ਨਹੀਂ ਸੀ ਗਿਆ ਤੇ ਪੁਲਿਸ ਦੀ ਸੁਰੱਖਿਆ ਵਿਚ ਸਤਿਸੰਗ ਕਰਾਉਣ ਦੀ ਜ਼ਿਦ ਕਾਰਨ ਹੋਏ ਟਕਰਾਅ ਵਿਚ ਇਕ ਵਿਅਕਤੀ ਮਾਰਿਆ ਗਿਆ ਸੀ। ਬਾਬਾ ਪਿਆਰਾ ਸਿੰਘ ਭਨਿਆਰਾ ਵਾਲਾ ਹੋਵੇ ਜਾਂ ਨਿਰੰਕਾਰੀ ਹੋਣ, ਉਨ੍ਹਾਂ ਦੇ ਖਿਲਾਫ਼ ਵੀ ਅਕਾਲ ਤਖ਼ਤ ਤੋਂ ਹੁਕਮਨਾਮੇ ਜਾਰੀ ਕੀਤੇ ਜਾਂਦੇ ਰਹੇ ਹਨ। ਅਸੀਂ ਉਨ੍ਹਾਂ ਹੁਕਮਨਾਮਿਆਂ ਨੂੰ ਠੀਕ ਠਹਿਰਾਏ ਬਿਨਾਂ ਇਹ ਚੇਤਾ ਕਰਵਾਉਣਾ ਚਾਹੁੰਦੇ ਹਾਂ ਕਿ ਇੱਕ ਵਾਰੀ ਉਨ੍ਹਾਂ ਨੂੰ ਡਰਾ ਲੈਣ ਮਗਰੋਂ ਉਨ੍ਹਾਂ ਦੇ ਸਮਾਗਮ ਵੀ ਹੁਣ ਪੁਲਸ ਤੇ ਸਰਕਾਰ ਦੀ ਸਰਪ੍ਰਸਤੀ ਹੇਠ ਹੋਈ ਜਾਂਦੇ ਹਨ, ਪਰ ਪ੍ਰੋਫੈਸਰ ਦਰਸ਼ਨ ਸਿੰਘ ਦਾ ਸਮਾਗਮ ਰੋਕਣ ਲਈ ਮੈਜਿਸਟਰੇਟੀ ਹੁਕਮ ਜਾਰੀ ਕਰਵਾਇਆ ਜਾਂਦਾ ਹੈ। ਇਹੋ ਨਹੀਂ, ਉਸਦੇ ਸਮਾਗਮ ਰੋਕਣ ਲਈ ਹੁਸ਼ਿਆਰਪੁਰ ਸਮੇਤ ਕਈ ਥਾਂ ਅਕਾਲੀ ਵਰਕਰਾਂ ਨੂੰ ਲਾਮਬੰਦ ਕਰ ਕੇ ਅਮਨ ਕਾਨੂੰਨ ਦੀ ਅਜਿਹੀ ਸਥਿਤੀ ਪੈਦਾ ਕੀਤੀ ਜਾਂਦੀ ਹੈ ਕਿ ਪ੍ਰਸ਼ਾਸਨ ਉਸੇ ਸਮਾਗਮ ਨੂੰ ਬੰਦ ਕਰਵਾਉਣ ਦਾ ਫੈਸਲਾ ਕਰਨ ਲਈ ਮਜਬੂਰ ਹੋ ਜਾਵੇ।

ਹੁਣ ਇਹ ਗੱਲ ਪੰਜਾਬ ਤੋਂ ਪੱਛਮੀ ਬੰਗਾਲ ਤੱਕ ਪਹੁੰਚ ਗਈ ਹੈ। ਆਸਨਸੋਲ ਵਿਚ ਪ੍ਰੋਫੈਸਰ ਦਰਸ਼ਨ ਸਿੰਘ ਦਾ ਸਮਾਗਮ ਰੋਕਣ ਲਈ ਨੌਬਤ ਹੱਥੋ-ਪਾਈ ਤੱਕ ਦੀ ਵੀ ਆਈ ਤੇ ਗਾਤਰੇ ਵਾਲੀ ਕਿਰਪਾਨ ਕੱਢੇ ਜਾਣ ਤੱਕ ਦੀ ਵੀ। ਪੁਲਸ ਨੇ ਵੇਲੇ ਸਿਰ ਦਖ਼ਲ ਨਾ ਦਿੱਤਾ ਹੁੰਦਾ ਤਾਂ ਕੜਾਹ ਪ੍ਰਸ਼ਾਦ ਨੂੰ ਭੋਗ ਲਾਉਣ ਵੇਲੇ ਉਸ ਵਿਚ ਫੇਰੀ ਜਾਣ ਵਾਲੀ ਕ੍ਰਿਪਾਨ ਨੇ ਕਿਸੇ ਹੱਥੋਂ ਸਿੱਖ ਦਾ ਭੋਗ ਪਵਾ ਦੇਣਾ ਸੀ। ਮੱਤਭੇਦਾਂ ਦੇ ਹੁੰਦਿਆਂ ਵੀ ਆਮ ਕਰਕੇ ਇਹ ਕਿਹਾ ਜਾਂਦਾ ਹੈ ਕਿ ਵਿਚਾਰਾਂ ਦੀ ਲੜਾਈ ਲੜਨੀ ਹੈ, ਜਿਸਮਾਨੀ ਨਹੀਂ, ਪਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਹਮਲੇ ਨੂੰ ਵੀ ਰੱਬ ਦੀ ਰਜ਼ਾ ਕਰਾਰ ਦੇ ਕੇ ਜਾਇਜ਼ ਠਹਿਰਾ ਦਿੱਤਾ ਹੈ। ਇਹ ਉਹੋ ਮੱਕੜ ਹੈ, ਜਿਸ ਉੱਤੇ ਕੁਝ ਦਿਨ ਪਹਿਲਾਂ ਹਰਿਆਣੇ ਵਿਚ ਕੁਝ ਸਿੱਖਾਂ ਨੇ ਖਾਕੀ ਨਿੱਕਰ ਸੁੱਟੀ ਤਾਂ ਉਹ ਇਸ ਨੂੰ ਕਾਤਲਾਨਾ ਹਮਲਾ ਕਹਿਕੇ ਕਾਨੂੰਨੀ ਕਾਰਵਾਈ ਤੇ ਸਖ਼ਤ ਸਜ਼ਾ ਦੀ ਮੰਗ ਕਰ ਰਿਹਾ ਸੀ। ਰੱਬ ਦੀ ਰਜ਼ਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਮਰਜ਼ੀ ਮੁਤਾਬਕ ਤਾਂ ਨਹੀਂ ਚੱਲਦੀ। ਜਿਹੜੇ ਲੋਕ ਰੱਬ ਦੇ ਵਿਸ਼ਵਾਸੀ ਹਨ, ਉਹ ਤਾਂ ਰੁੱਖ ਦਾ ਪੱਤਾ ਹਿੱਲਣਾ ਵੀ ਰੱਬ ਦੀ ਰਜ਼ਾ ਹੀ ਮੰਨਦੇ ਹਨ। ਜੇ ਇਸ ਧਾਰਨਾ ਨੂੰ ਮੰਨ ਕੇ ਚੱਲਣਾ ਹੈ ਤਾਂ ਫਿਰ ਪ੍ਰੋਫੈਸਰ ਦਰਸ਼ਨ ਸਿੰਘ ਦੇ ਮੂੰਹੋਂ ਨਿਕਲੇ, ਠੀਕ ਜਾਂ ਗਲਤ, ਸ਼ਬਦ ਵੀ ਰੱਬ ਦੀ ਰਜ਼ਾ ਕਾਰਨ ਹੀ ਨਿਕਲੇ ਹੋਣਗੇ। ਪ੍ਰੋਫੈਸਰ ਦਰਸ਼ਨ ਸਿੰਘ ਉਤੇ ਹਮਲੇ ਨੂੰ ਰੱਬ ਦੀ ਰਜ਼ਾ ਕਹਿਣਾ ਹੈ ਤਾਂ ਅਵਤਾਰ ਸਿੰਘ ਮੱਕੜ ਉਤੇ ਹਮਲੇ ਦੀ ਵਾਰੀ ਵੀ ਰੱਬ ਛੁੱਟੀ ਨਹੀਂ ਸੀ ਗਿਆ ਹੋਇਆ, ਹਰਿਆਣੇ ਵਾਲਾ ਉਹ ਹਮਲਾ ਵੀ ਰੱਬ ਦੀ ਰਜ਼ਾ ਹੀ ਸੀ। ਆਸਨਸੋਲ ਵਾਲੀ ਘਟਨਾ ਪਿੱਛੋਂ ਸਬਕ ਸਿੱਖਣੇ ਚਾਹੀਦੇ ਸਨ ਤੇ ਤਣਾਅ ਘਟਾਇਆ ਜਾਣਾ ਚਾਹੀਦਾ ਸੀ, ਪਰ ਅਵਤਾਰ ਸਿੰਘ ਮੱਕੜ ਤੇ ਉਸਦੇ ਜੋਟੀਦਾਰ ਇਸਨੂੰ ਹੋਰ ਵਧਾਉਣ ਲੱਗੇ ਹੋਏ ਹਨ, ਜਿਸਦੇ ਨਤੀਜੇ ਵਜੋਂ ਜੇ ਕਲੂ-ਕਲੋਤਰ ਨੂੰ ਪ੍ਰੋਫੈਸਰ ਦਰਸ਼ਨ ਸਿੰਘ ਨੂੰ ਸਚਮੁੱਚ ਕੁਝ ਹੋ ਗਿਆ, ਇਹ ਉਸਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਣਗੇ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਏਦਾਂ ਦੀ ਬਿਆਨਬਾਜ਼ੀ ਨੇ ਇੱਕ ਵਾਰੀ ਅਕਾਲ ਤਖ਼ਤ ਸਾਹਿਬ ਦੇ ਇੱਕ ਸਾਬਕਾ ਜਥੇਦਾਰ ਗਿਆਨੀ ਪ੍ਰਤਾਪ ਸਿੰਘ ਦਾ ਕਤਲ ਕਰਵਾਇਆ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਵੀ ਸਿੱਖਾਂ ਦੇ ਆਗੂ ਸਨ ਤੇ ਉਨ੍ਹਾਂ ਨੂੰ ਵੀ ਪਿੰਡ ਦੇ ਗੁਰਦੁਆਰੇ ਤੋਂ ਲਿਆ ਕੇ ਪੰਥ ਦਾ ਲੀਡਰ ਉਨ੍ਹਾਂ ਨੇ ਹੀ ਬਣਾਇਆ ਸੀ, ਜਿਨ੍ਹਾਂ ਨੇ ਲੁਧਿਆਣੇ ਦੇ ਇੱਕ ਮੁਹੱਲੇ 'ਚੋਂ ਮੱਕੜ ਨੂੰ ਲਿਆ ਕੇ ਮੁਰਾਤਬਾ ਬਖ਼ਸ਼ਿਆ ਹੈ। ਰਾਜੀਵ ਗਾਂਧੀ ਨਾਲ ਪੰਜਾਬ ਸਮਝੌਤੇ ਉਤੇ ਸਹੀ ਪਾਉਣ ਪਿੱਛੋਂ ਸੰਤ ਲੌਂਗੋਵਾਲ ਨੂੰ ਪੰਥ ਦਾ ਗਦਾਰ ਗਰਦਾਨਿਆ ਜਾਣ ਲੱਗਾ ਤੇ ਫਿਰ ਇੱਕ ਦਿਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਦੇ ਵਕਤ ਉਸ ਨੂੰ ਦੋ ਸਿੱਖ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਮੱਕੜ ਸਾਹਿਬ ਉਸ ਕਮੇਟੀ ਦੇ ਪ੍ਰਧਾਨ ਹਨ, ਜਿਹੜੀ ਸੰਤ ਲੌਂਗੋਵਾਲ ਨੂੰ ਵੀ ਸ਼ਹੀਦ ਮੰਨੀ ਜਾਂਦੀ ਹੈ, ਤੇ ਉਸਦੇ ਕਾਤਲਾਂ ਦੇ ਕੇਸਾਂ ਦਾ ਖਰਚਾ ਵੀ ਦੇਂਦੀ ਰਹੀ ਹੈ। ਇਹ ਵੀ ਸ਼ਾਇਦ 'ਰੱਬ ਦੀ ਰਜ਼ਾ' ਹੈ।

....ਪਰ ਜਿਹੜੇ 'ਰੱਬ' ਦੀ ਰਜ਼ਾ ਅੰਦਰ ਇਸ ਵੇਲੇ ਅਵਤਾਰ ਸਿੰਘ ਮੱਕੜ ਸੱਤਵੇਂ ਅਸਮਾਨ ਉਤੇ ਫਿਰਦੇ ਹਨ, ਉਹਦੇ ਪ੍ਰਛਾਵੇਂ ਹੇਠ ਹੋਰ ਵੀ ਕਈ ਕੁਝ ਹੁੰਦਾ ਰਹਿੰਦਾ ਹੈ। ਬੀਬੀ ਜਗੀਰ ਕੌਰ ਵੀ ਕਦੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣੀ ਸੀ। ਜਦੋਂ ਉਹ ਲਾਹੀ ਗਈ, ਉਸਨੂੰ ਆਪਣੇ ਕੀਤੇ ਕੰਮ ਵੀ ਖੁਦ ਗਿਣਾਉਣੇ ਪਏ ਸਨ ਤੇ ਕਿਸੇ ਨੇ ਧੰਨਵਾਦ ਦਾ ਮਤਾ ਵੀ ਪੇਸ਼ ਨਹੀਂ ਸੀ ਕੀਤਾ। ਏਦਾਂ ਇੱਕ ਦਿਨ ਮੱਕੜ ਸਾਹਿਬ ਨਾਲ ਵੀ ਹੋਣੀ ਹੈ। ਏਥੇ ਬੜੇ ਪ੍ਰਧਾਨ ਆਏ ਤੇ ਬੜੇ ਗਏ, ਕਈ ਤਾਂ ਬੇਆਬਰੂ ਕਰ ਕੇ ਵੀ ਕੂਚੇ 'ਚੋਂ ਕੱਢੇ ਜਾਂਦੇ ਰਹੇ ਸਨ। ਉਨ੍ਹਾਂ ਸਾਰਿਆਂ ਦੇ ਇਤਿਹਾਸ ਅਤੇ ਹਸ਼ਰ ਤੋਂ ਵੀ ਉਹ ਨਹੀਂ ਸਿੱਖਣਾ ਚਾਹੁੰਦੇ ਤੇ ਹਾਲਾਤ ਇਹੋ ਜਿਹੇ ਬਣਾ ਰਹੇ ਹਨ, ਜਿਨ੍ਹਾਂ ਉੱਤੇ ਇੱਕ ਸਿੱਖ ਇਤਿਹਾਸਕਾਰ ਦਾ ਇਹ ਕਥਨ ਠੀਕ ਬੈਠੇਗਾ ''ਜਾਤ ਗੋਤ ਸਿੰਘਨ ਕੀ ਦੰਗਾ, ਦੰਗਾ ਹੀ ਇਨ ਗੁਰੂ 'ਤੇ ਮੰਗਾ।'' ਜੇ ਸੱਚਮੁੱਚ ਅਜਿਹੇ ਹਾਲਾਤ ਬਣਦੇ ਹਨ, ਇਹ ਸਿਰਫ ਸਿੱਖ ਪੰਥ ਦਾ ਮਾਮਲਾ ਸ਼ਾਇਦ ਨਹੀਂ ਰਹੇਗਾ, ਤੇ ਅਜਿਹੀ ਨੌਬਤ ਨਾ ਆ ਜਾਵੇ, ਇਹਦੇ ਲਈ ਉਨ੍ਹਾਂ ਧਿਰਾਂ ਨੂੰ ਵੀ ਕੁਝ ਕਰਨਾ ਚਾਹੀਦਾ ਹੈ, ਜਿਹੜੀਆਂ ਇਸਦੀ ਗੰਭੀਰਤਾ ਨੂੰ ਤਾਂ ਸਮਝਦੀਆਂ ਹਨ, ਪਰ ਇਹ ਸੋਚ ਕੇ ਚੁੱਪ ਬੈਠੀਆਂ ਹਨ ਕਿ ਸਾਡਾ ਇਸ ਮਸਲੇ ਨਾਲ ਕੋਈ ਵਾਸਤਾ ਹੀ ਨਹੀਂ।

# ਰਾਗੀ ਦਰਸ਼ਨ ਸਿੰਘ ਨਾਲ ਸਮਝੌਤੇ ਦੇ ਯਤਨ

**ਅੰਮ੍ਰਿਤਸਰ:** ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੂੰ ਤਨਖਾਹੀਆ ਕਰਾਰ ਦੇਣ ਅਤੇ ਸਿੱਖ ਸੰਗਤਾਂ ਨੂੰ ਸਹਿਯੋਗ ਨਾ ਦੇਣ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਕੀਤੀ ਗਈ ਹਦਾਇਤ ਤੋਂ ਬਾਅਦ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਸਮਾਗਮਾਂ ਦੌਰਾਨ ਹੋ ਰਹੇ ਵਿਰੋਧ ਦੇ ਕਾਰਨ ਸਿੱਖ ਕੌਮ ਵਿਚ ਬਣ ਰਹੀ ਧੜੇਬੰਦੀ ਅਤੇ ਤਣਾਅ ਵਾਲੇ ਮਾਹੌਲ ਨੂੰ ਸੁਖਾਲਾ ਬਣਾਉਣ ਲਈ ਕੁਝ ਪੰਥਕ ਧਿਰਾਂ ਵਲੋਂ ਉਪਰਾਲੇ ਸ਼ੁਰੂ ਕਰਨ ਦੀ ਸੂਚਨਾ ਮਿਲੀ ਹੈ, ਜਿਸ ਤਹਿਤ ਪ੍ਰੋ. ਦਰਸ਼ਨ ਸਿੰਘ ਵਲੋਂ ਅਗਲੇ ਦਿਨਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੇ ਜਾਣ ਦੀ ਸੰਭਾਵਨਾ ਹੈ। ਇੱਥੇ ਦੱਸਣਯੋਗ ਹੈ ਕਿ ਬੀਤੇ ਦਿਨ ਪੱਛਮੀ ਬੰਗਾਲ ਦੇ ਸ਼ਹਿਰ ਆਸਨਸੋਲ ਵਿਖੇ ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਸਮਾਗਮ ਦਾ ਕੁਝ ਸਿੱਖਾਂ ਨੇ ਵਿਰੋਧ ਕੀਤਾ ਸੀ। ਸਿੱਟੇ ਵਜੋਂ ਉਥੇ ਪ੍ਰਬੰਧਕਾਂ ਅਤੇ ਵਿਰੋਧ ਕਰ ਰਹੀਆਂ ਸੰਗਤਾਂ ਵਿਚਾਲੇ ਹੱਥੋ ਪਾਈ ਵੀ ਹੋਈ। ਇਸ ਘਟਨਾ ਵਿਚ ਪ੍ਰੋ. ਦਰਸ਼ਨ ਸਿੰਘ ਦੇ ਇਕ ਸਹਿਯੋਗੀ ਨੂੰ ਕੁਝ ਸੱਟਾਂ ਵੀ ਲੱਗੀਆਂ ਸਨ। ਪੁਲੀਸ ਦੀ ਦਖਲ ਅੰਦਾਜ਼ੀ ਨਾਲ ਇਹ ਝਗੜਾ ਰੋਕਿਆ ਗਿਆ ਸੀ। ਇਸ ਤੋਂ ਪਹਿਲਾਂ ਕੁਝ ਹੋਰ ਥਾਵਾਂ 'ਤੇ ਵੀ ਪ੍ਰੋ. ਦਰਸ਼ਨ ਸਿੰਘ ਦੇ ਸਮਾਗਮ ਦਾ ਵਿਰੋਧ ਹੋ ਚੁੱਕਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਜਾਰੀ ਕੀਤੇ ਆਦੇਸ਼ ਕਿ ਪ੍ਰੋ. ਦਰਸ਼ਨ ਸਿੰਘ ਜਦ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਤਨਖ਼ਾਹ ਨਹੀਂ ਲਗਵਾ ਲੈਂਦੇ, ਸਿੱਖ ਸੰਗਤ ਉਨ੍ਹਾਂ ਨੂੰ ਕਿਸੇ ਵੀ ਮੰਚ ਤੋਂ ਬੋਲਣ ਅਤੇ ਪ੍ਰੋਗਰਾਮ ਲਈ ਸਹਿਯੋਗ ਨਾ ਦੇਵੇ, ਤਹਿਤ ਸਿੱਖ ਸੰਗਤ ਵਲੋਂ ਹੋਰ ਥਾਵਾਂ 'ਤੇ ਵੀ ਸਾਬਕਾ ਜਥੇਦਾਰ ਦੇ ਸਮਾਗਮ ਦਾ ਵਿਰੋਧ ਕੀਤੇ ਜਾਣ ਦੀ ਵੱਡੀ ਸੰਭਾਵਨਾ ਹੈ। ਅਗਲੇ ਦਿਨਾਂ ਵਿਚ ਪ੍ਰੋ. ਦਰਸ਼ਨ ਸਿੰਘ ਵਲੋਂ ਨਾਗਪੁਰ ਵਿਖੇ ਇਕ ਧਾਰਮਿਕ ਸਮਾਗਮ ਕਰਨ ਦਾ ਪ੍ਰੋਗਰਾਮ ਹੈ। ਦੂਜੇ ਪਾਸੇ ਨਾਗਪੁਰ ਦੀ ਸਿੱਖ ਸੰਗਤ ਵੀ ਇਸ ਦਾ ਵਿਰੋਧ ਕਰਨ ਦਾ ਐਲਾਨ ਕਰ ਚੁੱਕੀ ਹੈ। ਅਜਿਹੀ ਸਥਿਤੀ ਕਾਰਨ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਜਾ ਰਹੀ ਹੈ ਅਤੇ ਆਪਸੀ ਤਣਾਅ ਵੀ ਵਧ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਕੁਝ ਧਿਰਾਂ ਵਲੋਂ ਇਸ ਮਾਮਲੇ ਵਿਚ ਵਧ ਰਹੇ ਤਣਾਅ ਨੂੰ ਘੱਟ ਕਰਨ ਲਈ ਉਪਰਾਲੇ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਉਪਰਾਲਿਆਂ ਤਹਿਤ ਪ੍ਰੋ. ਦਰਸ਼ਨ ਸਿੰਘ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਾਉਣ ਦੀ ਯੋਜਨਾ ਹੈ ਤਾਂ ਜੋ ਆਪਸੀ ਗੱਲਬਾਤ ਰਾਹੀਂ ਮਾਮਲੇ ਨੂੰ ਹੱਲ ਕਰਨ ਲਈ ਰਾਹ ਲੱਭਿਆ ਜਾ ਸਕੇ। ਇਸ ਸਬੰਧ ਵਿਚ ਗਿਆਨੀ ਗੁਰਬਚਨ ਸਿੰਘ ਕੋਲ ਮੁਲਾਕਾਤ ਲਈ ਪੇਸ਼ਕਸ਼ ਵੀ ਕੀਤੀ ਗਈ ਹੈ। ਇਥੇ ਜ਼ਿਕਰਯੋਗ ਹੈ ਕਿ ਪ੍ਰੋ. ਦਰਸ਼ਨ ਸਿੰਘ ਨੇ ਤਨਖਾਹ ਲਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਕ ਮੌਕਾ ਦਿੰਦਿਆਂ 29 ਜਨਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।




*ਗਿਆਨੀ ਗੁਰਬਚਨ ਸਿੰਘ ਅਤੇ ਪ੍ਰੋ. ਦਰਸ਼ਨ ਸਿੰਘ*

ਇਸ ਸਬੰਧੀ ਗੱਲਬਾਤ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੇਕਰ ਕੋਈ ਉਨ੍ਹਾਂ ਨੂੰ ਮਿਲਣ ਲਈ ਆਉਣਾ ਚਾਹੁੰਦਾ ਹੈ ਤਾਂ ਉਹ ਕਿਸੇ ਨੂੰ ਰੋਕਣਗੇ ਨਹੀਂ। ਗੁਰੂ ਘਰ ਦੇ ਦੁਆਰ ਮਿਲਣ ਲਈ ਹਮੇਸ਼ਾ ਹੀ ਖੁੱਲ੍ਹੇ ਹਨ। ਉਨ੍ਹਾਂ ਆਖਿਆ ਕਿ ਫਿਲਹਾਲ ਪ੍ਰੋ. ਦਰਸ਼ਨ ਸਿੰਘ ਵਲੋਂ ਕਿਸੇ ਨੇ ਵੀ ਮੁਲਾਕਾਤ ਦੀ ਪੇਸ਼ਕਸ਼ ਨਹੀਂ ਕੀਤੀ ਹੈ। ਦੂਜੇ ਪਾਸੇ ਪ੍ਰੋ. ਦਰਸ਼ਨ ਸਿੰਘ ਨੇ ਵੀ ਇਸ ਬਾਰੇ ਕੁਝ ਕਹਿਣ ਤੋਂ ਗੁਰੇਜ਼ ਕਰਦਿਆਂ ਕਿਹਾ ਕਿ ਇਸ ਬਾਰੇ ਕੁਝ ਵੀ ਕਹਿਣਾ ਸਮੇਂ ਤੋਂ ਪਹਿਲਾਂ ਕਹੀ ਗਈ ਗੱਲ ਹੋਵੇਗੀ। ਉਨ੍ਹਾਂ ਦੇ ਸਮਾਗਮਾਂ ਦੌਰਾਨ ਸਿੱਖਾਂ ਵਲੋਂ ਕੀਤੇ ਜਾ ਰਹੇ ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਇਹ ਹਮਲੇ ਕਰਵਾ ਕੇ ਉਨ੍ਹਾਂ ਨੂੰ ਦਬਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਪਰ ਉਹ ਅਜਿਹੇ ਹਮਲਿਆਂ ਤੋਂ ਭੈਅ-ਭੀਤ ਨਹੀਂ ਹਨ ਅਤੇ ਨਾ ਹੀ ਅਜਿਹੇ ਦਬਾਅ ਅੱਗੇ ਝੁਕਣਗੇ।

ਇਸ ਦੌਰਾਨ ਸ਼੍ਰੋਮਣੀ ਸਿੱਖ ਕੌਂਸਲ ਦੇ ਚੇਅਰਮੈਨ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ੍ਰੀ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਜੇ ਕੋਈ ਮਸਲਾ ਆਪਸੀ ਗੱਲਬਾਤ ਰਾਹੀਂ ਹੱਲ ਹੋ ਸਕਦਾ ਹੈ ਤਾਂ ਉਸਨੂੰ ਮਿਲ-ਬੈਠ ਕੇ ਜ਼ਰੂਰ ਹੱਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਧਾਰਮਿਕ ਮਾਮਲਿਆਂ ਵਿਚ ਸਿਰਫ ਵਿਰੋਧ ਕਰਨ ਵਾਲੀ ਇਕਪਾਸੜ ਸੋਚ ਨਹੀਂ ਅਪਣਾਉਣੀ ਚਾਹੀਦੀ।

ਯਾਦ ਰਹੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਪ੍ਰੋ. ਦਰਸ਼ਨ ਸਿੰਘ ਨੂੰ ਤਨਖਾਹੀਆਂ ਕਰਾਰ ਦਿੱਤੇ ਜਾਣ ਦੇ ਬਾਅਦ 29 ਜਨਵਰੀ ਤਕ ਇਕ ਹੋਰ ਮੌਕਾ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਪੇਸ਼ ਹੋਣ ਲਈ ਕਿਹਾ ਹੋਇਆ ਹੈ।

# ਚੁਰਾਸੀ ਦੇ ਦੰਗਿਆਂ ਬਾਰੇ ਕਮੇਟੀ ਬਣਾਈ ਜਾਵੇ

**ਜਲੰਧਰ :** '84 'ਚ ਹੋਏ ਸਿੱਖ ਕਤਲੇਆਮ ਵਿਰੁਧ ਪਿਛਲੇ 25 ਸਾਲਾਂ ਤੋਂ ਇਨਸਾਫ਼ ਦੀ ਲੜਾਈ ਲੜ ਰਹੇ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚ ਐਸ ਫੂਲਕਾ ਨੇ ਦੱਸਿਆ ਕਿ ਉਨ੍ਹਾਂ ਦਿੱਲੀ ਹਾਈਕੋਰਟ ਵਿਚ ਰਿੱਟ ਦਾਇਰ ਕਰਕੇ ਮੰਗ ਕੀਤੀ ਹੈ ਕਿ ਜਿਵੇਂ ਗੁਜਰਾਤ ਦੰਗਿਆਂ ਦੇ ਮਾਮਲੇ ਦੀ ਦੇਖ-ਰੇਖ ਲਈ ਸੁਪਰੀਮ ਕੋਰਟ ਨੇ ਇਕ ਕਮੇਟੀ ਬਣਾਈ ਹੈ, ਉਸੇ ਹੀ ਤਰਜ਼ 'ਤੇ '84 ਦੇ ਦੰਗਿਆਂ ਬਾਰੇ ਵੀ ਕਮੇਟੀ ਬਣਾਈ ਜਾਵੇ।

ਦੱਸਣਯੋਗ ਹੈ ਕਿ ਐਚ ਐਸ ਫੂਲਕਾ ਤੇ ਐਡਵੋਕੇਟ ਨਵਕਿਰਨ ਸਿੰਘ 23 ਜਨਵਰੀ ਨੂੰ ਇੱਥੇ ਪੰਜਾਬ ਪ੍ਰੈਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ '84 ਦੇ ਸਿੱਖ ਕਤਲੇਆਮ ਬਾਰੇ ਦਿੱਲੀ ਹਾਈ ਕੋਰਟ ਵਿਚ ਜਿਸ ਕਮੇਟੀ ਨੇ ਰਿੱਟ ਦਾਇਰ ਕੀਤੀ ਹੈ, ਉਸ 'ਚ ਕੁਲਦੀਪ ਨਈਅਰ, ਦਿੱਲੀ ਹਾਈਕੋਰਟ ਦੇ ਸਾਬਕਾ ਚੀਫ ਜਸਟਿਸ ਰਜਿੰਦਰ ਸੱਚਰ ਵਰਗੀਆਂ ਸ਼ਖ਼ਸੀਅਤਾਂ ਸ਼ਾਮਲ ਹਨ। ਉਨ੍ਹਾਂ ਸੀ ਬੀ ਆਈ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸੀ ਬੀ ਆਈ ਅੱਜ ਵੀ ਸੱਜਣ ਕੁਮਾਰ ਵਰਗੇ ਕਥਿਤ ਦੋਸ਼ੀ ਦੀ ਅਸਿੱਧੇ ਢੰਗ ਨਾਲ ਹਮਾਇਤ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਵਿਚ ਸੀ ਬੀ ਆਈ ਦੀ ਥਾਂ ਵਿਸ਼ੇਸ਼ ਸਰਕਾਰੀ ਵਕੀਲ ਖੜ੍ਹੇ ਕੀਤੇ ਜਾਣ, ਕਿਉਂਕਿ ਅਜਿਹੀ ਸਟੇਜ 'ਤੇ ਆ ਕੇ ਸੀ ਬੀ ਆਈ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਢਾਈ ਦਹਾਕੇ ਹੋ ਗਏ ਇਨਸਾਫ਼ ਲਈ ਲੜਾਈ ਲੜਦਿਆਂ, ਪਰ ਹੁਣ ਇਸ ਕੇਸ ਦੀ ਰੋਜ਼ਾਨਾ ਸੁਣਵਾਈ ਹੋਣੀ ਚਾਹੀਦੀ ਸੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਐਚਐਸ ਫੂਲਕਾ ਅਨੁਸਾਰ ਉਹ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾ ਕੇ ਹੀ ਦਮ ਲੈਣਗੇ ।

# ਪੰਜਾਬ ਟਾਈਮਜ਼

ਸਨਿਚਰਵਾਰ, 30 ਜਨਵਰੀ 2010


ਇਕ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ-ਸ੍ਰੀ ਗੁਰੂ ਗ੍ਰੰਥ ਸਾਹਿਬ

## ਧਰਤੀ 'ਤੇ ਠੰਡ ਦੀ ਲਹਿਰ

ਨਵਾਂ ਸਾਲ ਚੜ੍ਹਨ ਤੋਂ ਪਿਛੋਂ ਤਕਰੀਬਨ ਸਮੁੱਚਾ ਉੱਤਰ ਭਾਰਤ ਧੁੰਦ ਅਤੇ ਕੋਹਰੇ ਦੀ ਮਾਰ ਹੇਠ ਹੈ। 2 ਜਨਵਰੀ ਤੋਂ ਬਾਅਦ ਇਸ ਖਿੱਤੇ ਵਿਚ ਜ਼ਬਰਦਸਤ ਠੰਡ ਪੈ ਰਹੀ ਹੈ। ਠੰਡ ਨੇ ਤਕਰੀਬਨ ਪਿਛਲੇ 50 ਸਾਲ ਦੇ ਰਿਕਾਰਡ ਮਾਤ ਕਰ ਦਿੱਤੇ ਹਨ ਅਤੇ ਇਸ ਦੇ ਨਾਲ ਹੀ ਸੰਸਾਰ ਪੱਧਰ ਉਪਰ ਜਿੰਨੀ ਬਰਫ਼ਬਾਰੀ ਹੋਈ ਤੇ ਠੰਢ ਪਈ ਹੈ, ਉਸ ਦੇ ਸਿੱਟੇ ਵਜੋਂ ਪਿਛਲੇ ਤਕਰੀਬਨ 100 ਸਾਲ ਦੇ ਰਿਕਾਰਡ ਮਾਤ ਹੋ ਗਏ ਹਨ। ਕੋਹਰੇ ਅਤੇ ਠੰਡ ਦੀ ਇਸ ਲਹਿਰ ਨਾਲ ਮੌਸਮ ਵਿਗਿਆਨੀਆਂ ਵਲੋਂ ਕੀਤੀਆਂ ਕਿਆਸਅਰਾਈਆਂ ਹਾਲ ਦੀ ਘੜੀ ਉਲਟ-ਪੁਲਟ ਹੋ ਗਈਆਂ ਹਨ। ਮੌਸਮ ਵਿਗਿਆਨੀਆਂ ਦਾ ਅੰਦਾਜ਼ਾ ਸੀ ਕਿ ਧਰਤੀ ਦੇ ਵਧ ਰਹੇ ਤਾਪਮਾਨ ਦੇ ਸਿੱਟੇ ਵਜੋਂ ਠੰਡ ਵੀ ਘੱਟ ਪਵੇਗੀ ਅਤੇ ਬਰਫ਼ਬਾਰੀ ਵੀ ਘੱਟ ਹੋਵੇਗੀ। ਇਸ ਦੇ ਨਾਲ ਹੀ ਬਾਰਸ਼ ਦੇ ਘੱਟ ਹੋਣ ਦੀਆਂ ਸੰਭਾਵਨਾਵਾਂ ਵੀ ਪ੍ਰਗਟ ਕੀਤੀਆਂ ਗਈਆਂ ਸਨ। ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਦੀ ਅੰਤਰ-ਸਰਕਾਰੀ ਕਮੇਟੀ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਹਿਮਾਲਿਆ ਦੇ ਜ਼ਿਆਦਾ ਗਲੇਸ਼ੀਅਰ ਵਧਦੀ ਗਲੋਬਲ ਵਾਰਮਿੰਗ ਕਾਰਨ 2035 ਤਕ ਪਿਘਲ ਜਾਣਗੇ ਕਿਉਂਕਿ ਇਨ੍ਹਾਂ ਗਲੇਸ਼ੀਅਰਾਂ ਦਾ ਖੇਤਰ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ। ਕਮੇਟੀ ਨੇ ਆਪਣੀ ਇਹ ਰਿਪੋਰਟ ਹੁਣ ਵਾਪਸ ਲੈ ਲਈ ਹੈ। ਜ਼ਾਹਿਰ ਹੈ ਕਿ ਕੁਦਰਤ ਦੇ ਸੁਭਾਅ ਬਾਰੇ ਸੌ ਫੀਸਦੀ ਦਰੁਸਤ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਅਜਿਹੀ ਗਲਤੀ ਹੀ ਸੰਯੁਕਤ ਰਾਸ਼ਟਰ ਦੀ ਅੰਤਰ-ਸਰਕਾਰੀ ਕਮੇਟੀ ਨੇ ਕੀਤੀ। ਕਮੇਟੀ ਦੇ ਮੁਖੀ ਆਰ ਕੇ ਪਚੌਰੀ ਨੇ ਮੰਨਿਆ ਹੈ ਕਿ ਹਿਮਾਲਿਆ ਦੇ ਗਲੇਸ਼ੀਅਰਾਂ ਦੇ 2035 ਤਕ ਪੂਰੀ ਤਰ੍ਹਾਂ ਪਿਘਲ ਜਾਣ ਦੀ ਉਸ ਦੀ ਚੇਤਾਵਨੀ ਤੱਥ ਆਧਾਰਤ ਨਹੀਂ ਸੀ, ਇਸ ਦਾ ਉਸ ਨੂੰ ਅਫਸੋਸ ਹੈ।

ਹਾਲ ਹੀ ਵਿਚ ਹੋਏ 192 ਮੁਲਕਾਂ ਦੀ ਸ਼ਮੂਲੀਅਤ ਵਾਲੇ ਕੋਪਨਹੇਗਨ ਸੰਮੇਲਨ ਵਿਚ ਵੀ ਸੰਸਾਰ ਵਿਚ ਵਾਪਰ ਰਹੀਆਂ ਮੌਸਮੀ ਤਬਦੀਲੀਆਂ ਉਪਰ ਵਿਆਪਕ ਚਰਚਾ ਕੀਤੀ ਗਈ ਸੀ ਅਤੇ ਸੰਬੰਧਤ ਮਸਲਿਆਂ ਉਪਰ ਤਕਰੀਬਨ ਸਾਰੇ ਮੁਲਕਾਂ ਨੇ ਆਪੋ-ਆਪਣਾ ਪੱਖ ਰੱਖਿਆ ਸੀ। ਸਿਰ ਖੜ੍ਹੀਆਂ ਸਮੱਸਿਆਵਾਂ ਦੀ ਗੰਭੀਰ ਚੁਣੌਤੀ ਦੇ ਬਾਵਜੂਦ ਇਹ ਸਿਖਰ ਸੰਮੇਲਨ ਕਿਸੇ ਸਿੱਟੇ 'ਤੇ ਨਹੀਂ ਸੀ ਪਹੁੰਚ ਸਕਿਆ। ਵਿਕਸਿਤ ਦੇਸ਼ਾਂ ਵਲੋਂ ਚੀਨ, ਭਾਰਤ ਅਤੇ ਬ੍ਰਾਜ਼ੀਲ ਵਰਗੇ ਤੇਜ਼ੀ ਨਾਲ ਵਿਕਾਸ ਕਰ ਰਹੇ ਦੇਸ਼ਾਂ ਨੂੰ ਗਲੋਬਲ ਵਾਰਮਿੰਗ ਲਈ ਜ਼ਿੰਮੇਵਾਰ ਠਹਿਰਾਇਆ ਗਿਆ। ਜਦਕਿ 'ਬੇਸਿਕ ਗੁੱਟ' ਦੇ ਨਾਂ ਨਾਲ ਜਾਣੇ ਜਾਂਦੇ ਇਨ੍ਹਾਂ ਮੁਲਕਾਂ ਨੇ ਗਲੋਬਲ ਵਾਰਮਿੰਗ ਅਤੇ ਗਰੀਨ ਹਾਊਸ ਗੈਸਾਂ ਦੀ ਵਧੇਰੇ ਪੈਦਾਵਾਰ ਲਈ ਵਿਕਸਿਤ ਮੁਲਕਾਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਨਤੀਜਾ ਇਹ ਨਿਕਲਿਆ ਕਿ ਕਿਸੇ ਵੀ ਧਿਰ ਨੇ ਇਕ-ਦੂਜੇ ਦੀ ਗੱਲ ਮੰਨਣੀ ਠੀਕ ਨਾ ਸਮਝੀ। ਭਾਰਤ ਸਮੇਤ ਵਿਕਾਸਸ਼ੀਲ ਮੁਲਕ ਆਖ ਰਹੇ ਸਨ ਕਿ ਵਿਕਸਿਤ ਪੱਛਮੀ ਮੁਲਕ ਕਿਉਂਕਿ ਵਧੇਰੇ ਕਾਰਬਨ ਉਤਸਰਜਨ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਹੀ ਇਸ ਦੀ ਵਧੇਰੇ ਜ਼ਿੰਮੇਵਾਰੀ ਚੁੱਕਣੀ ਚਾਹੀਦੀ ਹੈ ਜਦੋਂਕਿ ਵਿਕਸਿਤ ਮੁਲਕ ਬੇਸਿਕ ਮੁਲਕਾਂ 'ਤੇ ਵੱਡੀ ਜ਼ਿੰਮੇਵਾਰੀ ਸੁੱਟ ਰਹੇ ਸਨ। ਇਸ ਤੋਂ ਇਲਾਵਾ ਸਮੁੰਦਰੀ ਕੰਢਿਆਂ 'ਤੇ ਵਸਣ ਵਾਲੇ ਛੋਟੇ-ਛੋਟੇ ਮੁਲਕ ਅਤੇ ਜ਼ਿਆਦਾ ਘੱਟ ਵਿਕਸਿਤ ਮੁਲਕ ਉਪਰੋਕਤ ਦੋਨਾਂ ਧਿਰਾਂ ਦੇ ਵਿਰੋਧ ਵਿਚ ਉਤਰ ਆਏ ਸਨ। ਜਦੋਂ ਗਲੋਬਲ ਵਾਰਮਿੰਗ ਉਪਰ ਕਾਬੂ ਪਾਉਣ ਦੇ ਨਿਸ਼ਾਨੇ ਤੋਂ ਕੋਪਨਹੇਗਨ ਕਾਨਫਰੰਸ ਅਸਫਲ ਰਹੀ ਤਾਂ ਇਸੇ ਦੌਰਾਨ ਕੁਦਰਤ ਨੇ ਹੀ ਇਸ ਉਪਰ ਹਾਲ ਦੀ ਘੜੀ ਕਾਬੂ ਪਾਉਣ ਦੀ ਜ਼ਿੰਮੇਵਾਰੀ ਨਿਭਾਈ ਹੈ। ਗਲੋਬਲ ਵਾਰਮਿੰਗ ਦੇ ਸੰਕਲਪ ਨੂੰ ਪੱਛਮੀ ਮੁਲਕਾਂ ਵਲੋਂ ਖੜ੍ਹਾ ਕੀਤਾ ਹਊਆ ਦੱਸ ਰਹੀਆਂ ਕੁਝ ਧਿਰਾਂ ਦਾ ਆਖਣਾ ਹੈ ਕਿ ਸੰਸਾਰ ਵਿਚ ਵਧ ਰਹੀ ਕਥਿਤ ਗਰਮੀ ਦਾ ਰੌਲਾ ਪਾ ਕੇ ਵਿਕਸਿਤ ਮੁਲਕ ਅਸਲ ਵਿਚ ਵਿਕਾਸਸ਼ੀਲ ਮੁਲਕਾਂ ਦੇ ਤੇਜ਼ੀ ਨਾਲ ਹੋ ਰਹੇ ਵਿਕਾਸ ਨੂੰ ਰੋਕਣਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਸਿਰਫ ਆਪਣੀਆਂ ਗੁਲਾਮ ਮੰਡੀਆਂ ਰੱਖਣਾ ਚਾਹੁੰਦੇ ਹਨ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਸੰਸਾਰ ਦੇ ਮੌਸਮਾਂ ਦੀ ਤਬਦੀਲੀ ਸੰਬੰਧੀ ਸੌ ਫੀਸਦੀ ਸਹੀ ਭਵਿੱਖਵਾਣੀ ਕੱਤਈ ਕੀਤੀ ਨਹੀਂ ਜਾ ਸਕਦੀ। ਇਸ ਲਈ ਪੱਛਮੀ ਮੁਲਕਾਂ ਦੇ ਡਰਾਵੇ ਵਿਚ ਆਉਣ ਦੀ ਲੋੜ ਨਹੀਂ ਹੈ।

ਦੂਜੇ ਪਾਸੇ ਵਾਤਾਵਰਣ ਵਿਗਿਆਨੀਆਂ ਦਾ ਆਖਣਾ ਹੈ ਕਿ ਮੌਸਮੀ ਤਬਦੀਲੀਆਂ ਦਾ ਮਕਸਦ ਸਿਰਫ ਦੁਨੀਆਂ ਪੱਧਰ 'ਤੇ ਗਰਮੀ ਦਾ ਵਧਣਾ ਹੀ ਨਹੀਂ ਹੈ ਸਗੋਂ ਜਿਥੇ ਗਰਮੀ ਅੱਤ ਦੀ ਪੈਂਦੀ ਹੈ,ਉਥੇ ਗਲੋਬਲ ਵਾਰਮਿੰਗ ਦੇ ਸਿੱਟੇ ਵਜੋਂ ਅੱਤ ਦੀ ਠੰਡ ਵੀ ਪੈ ਸਕਦੀ ਹੈ ਅਤੇ ਕਿਸੇ ਵੇਲੇ ਜ਼ਬਰਦਸਤ ਸੋਕਾ ਤੇ ਅੱਤ ਦੀ ਬਾਰਸ਼ ਪੈ ਸਕਦੀ ਹੈ। ਅਸਲ ਵਿਚ ਮਨੁੱਖ ਵਲੋਂ ਕੁਦਰਤ ਦੇ ਕੀਤੇ ਜਾ ਰਹੇ ਖਿਲਵਾੜ ਦੇ ਸਿੱਟੇ ਵਜੋਂ ਮੌਸਮ ਅਸੰਤੁਲਿਤ ਹੋ ਰਹੇ ਹਨ। ਇਹ ਠੀਕ ਹੈ ਕਿ ਇਸ ਵਾਰ ਯੂਰਪ ਅਤੇ ਅਮਰੀਕਾ ਸਮੇਤ ਜ਼ਬਰਦਸਤ ਬਰਫ਼ਬਾਰੀ ਹੋਈ ਹੈ ਪਰ ਗਰਮੀ ਦੇ ਮਹੀਨੇ ਵਿਚ ਜਿਉਂ ਹੀ ਹੱਦੋਂ ਵੱਧ ਗਰਮੀ ਪਵੇਗੀ, ਇਸ ਬਰਫ਼ ਨੇ ਤੇਜ਼ੀ ਨਾਲ ਪਿਘਲਣਾ ਵੀ ਹੈ।

ਇਸ ਲਈ ਮੌਸਮ ਵਿਚ ਅਸੰਤੁਲਨ ਜਾਰੀ ਰਹੇਗਾ। ਭਾਵੇਂ ਕੁਦਰਤ ਦੇ ਆਪਣੇ ਨਿਯਮ ਹਨ ਅਤੇ ਇਨ੍ਹਾਂ ਵਿਚ ਬਹੁਤੀ ਦਖ਼ਲਅੰਦਾਜ਼ੀ ਨਹੀਂ ਕੀਤੀ ਜਾ ਸਕਦੀ ਪਰ ਮਨੁੱਖੀ ਸਰਗਰਮੀ ਦੇ ਸਿੱਟੇ ਵਜੋਂ ਜਦੋਂ ਕੁਦਰਤ ਵਿਚ ਮਨੁੱਖ ਦਾ ਦਖ਼ਲ ਹੱਦੋਂ ਲੰਘਦਾ ਜਾ ਰਿਹਾ ਹੈ, ਮਨੁੱਖ ਜੇ ਇਸ ਮਾਮਲੇ ਵਿਚ ਵਿਵੇਕ ਤੋਂ ਕੰਮ ਨਹੀਂ ਲੈਂਦਾ ਤਾਂ ਕੁਦਰਤ ਆਪ ਦਖ਼ਲ ਦਿੰਦੀ ਹੈ। ਇਹ ਵੀ ਵੇਖਣ ਵਾਲੀ ਗੱਲ ਹੈ ਕਿ ਕੁਦਰਤ ਦੇ ਇਹ ਦਖ਼ਲ ਮਾਨਵੀ ਨਹੀਂ ਹੁੰਦੇ ਅਤੇ ਨਾ ਹੀ ਇਨ੍ਹਾਂ ਵਿਚ ਰਹਿਮ ਜਾਂ ਦਇਆ ਵਰਗੀ ਕੋਈ ਭਾਵਨਾ ਹੁੰਦੀ ਹੈ। ਮਿਸਾਲ ਵਜੋਂ ਹੱਦੋਂ ਵਧ ਰਹੀ ਮਨੁੱਖੀ ਆਬਾਦੀ ਵੱਡੀਆਂ ਆਫਤਾਂ ਨੂੰ ਜਨਮ ਦੇ ਸਕਦੀ ਹੈ। ਇਸ ਕਾਰਨ ਜਦੋਂ ਭਿਆਨਕ ਹਾਦਸੇ ਵਾਪਰੇ, ਕਰੋੜਾਂ ਦੀ ਗਿਣਤੀ ਵਿਚ ਮਨੁੱਖੀ ਮੌਤਾਂ ਹੋ ਸਕਦੀਆਂ ਹਨ। (ਹੈਤੀ ਤਾਂ ਇਕ ਟਰੇਲਰ ਮਾਤਰ ਹੈ) ਉਂਜ ਇਸ ਮਾਮਲੇ ਵਿਚ ਭਵਿੱਖਵਾਣੀਆਂ ਲਾਜ਼ਮੀ ਹੀ ਸੋਚ-ਸਮਝ ਕੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਕੈਲੰਡਰਾਂ ਦੀ ਗੱਲ!

ਸਾਹਿਬਾਂ ਵਾਂਗ ਪੰਜਾਬ ਉਧਾਲਿਆ ਏ, ਮਿਰਜ਼ਾ ਮਰਦਾ ਏ ਪੁੱਗਦੀ ਚੰਧੜਾਂ ਦੀ।
ਬੁੱਧੂ ਵੋਟਰਾਂ ਤਾਈਂ ਬਣਾਉਣ ਖਾਤਰ, ਛੇੜ ਛੇੜਦੇ ਨੇ ਮਸਜਿਦਾਂ-ਮੰਦਰਾਂ।
ਲਾ ਕੇ ਤੀਲ੍ਹੀਆਂ ਮਹਿਲੀਂ ਜਾ ਬੈਠਦੇ ਨੇ, ਖਿੱਲੀ ਪਾਵੇ ਉਜਾੜ ਤਦ ਖੰਡਰਾਂ ਦੀ।
ਲੋੜ ਲੋਕਾਂ ਨੂੰ ਪਸ਼ੂ ਦੁਧਾਰੂਆਂ ਦੀ, ਨੇਤਾ ਪੂਛ ਫੜਾਉਂਦੇ ਨੇ ਢੰਡਰਾਂ ਦੀ।
ਦਾਲਾਂ-ਸਬਜ਼ੀਆਂ ਛੂਹਣ ਅਸਮਾਨ, ਇਧਰ ਨਿਗ੍ਹਾ ਨਹੀਂ ਲੀਡਰਾਂ ਲੰਡਰਾਂ ਦੀ।
ਲੱਕ ਤੋੜ ਮਹਿੰਗਾਈ ਨੇ ਸਾਹ ਸੂਤੇ, ਸਾਥੋਂ ਪੁੱਛ ਨਾ ਗੱਲ ਕੈਲੰਡਰਾਂ ਦੀ!

# ਨਾਨਕਸ਼ਾਹੀ ਕੈਲੰਡਰ, ਅਕਾਲ ਤਖਤ ਤੇ ਸਿੱਖ ਰਹਿਤ ਮਰਯਾਦਾ

**ਡਾ. ਗੁਰਨਾਮ ਕੌਰ***

ਨਾਨਕਸ਼ਾਹੀ ਕੈਲੰਡਰ ਦਾ ਕੀਰਤਨ ਸੋਹਿਲਾ ਪੜ੍ਹ ਦਿੱਤਾ ਗਿਆ ਹੈ। ਏਨੇ ਸਾਲਾਂ ਦੀ ਮਿਹਨਤ ਨਾਲ, ਤਕਨੀਕੀ ਬਾਰੀਕੀਆਂ ਖਿਆਲ ਵਿਚ ਰੱਖ ਕੇ ਵਿਗਿਆਨਕ ਤਰੀਕੇ ਨਾਲ ਸ. ਪਾਲ ਸਿੰਘ ਪੁਰੇਵਾਲ ਵਲੋਂ ਤਿਆਰ ਕੀਤੇ ਗਿਆਰਾਂ ਮੈਂਬਰੀ ਕਮੇਟੀ ਦੀਆਂ ਅਨੇਕਾਂ ਮੀਟਿੰਗਾਂ ਵਿਚ ਵਿਚਾਰ-ਵਟਾਂਦਰੇ ਵਿਚੋਂ ਲੰਘ ਕੇ, ਵੱਖ-ਵੱਖ ਧਾਰਮਿਕ ਅਦਾਰਿਆਂ ਦੇ ਪ੍ਰਤੀਨਿਧੀਆਂ ਦੇ ਭਰਵੇਂ ਇਕੱਠ ਵਿਚ ਸਰਬ-ਸੰਮਤੀ ਨਾਲ ਪਾਸ ਕੀਤੇ ਕੈਲੰਡਰ ਨੂੰ ਖਤਮ ਕਰ ਦਿੱਤਾ ਗਿਆ ਹੈ। ਇਸ ਕੈਲੰਡਰ ਨੂੰ ਲਾਗੂ ਕਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਰੋਅਬ ਨਾਲ ਕਿਸੇ ਸੰਸਥਾ ਜਾਂ ਕਮੇਟੀ ਨੂੰ ਦਬਕਾ ਨਹੀਂ ਸੀ ਮਾਰਨਾ ਪਿਆ। ਸ੍ਰੀ ਅਕਾਲ ਤਖਤ ਦੇ ਫੈਸਲੇ ਨੂੰ ਦੇਸ-ਪਰਦੇਸ ਦੀਆਂ ਸਿੱਖ ਸੰਗਤਾਂ ਨੇ, ਪੰਜਾਬ ਅਤੇ ਭਾਰਤ ਸਰਕਾਰ ਨੇ, ਪਾਕਿਸਤਾਨ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਬੜੇ ਉਤਸ਼ਾਹ ਅਤੇ ਚਾਅ ਨਾਲ ਕਬੂਲ ਕਰ ਲਿਆ ਸੀ। ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਨੂੰ ਸ. ਅਵਤਾਰ ਸਿੰਘ ਮੱਕੜ ਵਾਂਗ ਪ੍ਰੈਸ-ਕਾਨਫਰੰਸਾਂ ਵਿਚ ਨਾਦਰਸ਼ਾਹੀ ਭਾਸ਼ਾ ਨਹੀਂ ਸੀ ਵਰਤਣੀ ਪਈ। ਸ੍ਰੀ ਅਕਾਲ ਤਖਤ ਨੂੰ ਕੋਈ ਸਖਤ ਰੁਖ ਨਹੀਂ ਸੀ ਅਪਨਾਉਣਾ ਪਿਆ। ਸਿੱਖ ਸੰਗਤਾਂ ਨੂੰ ਆਪਣੇ ਸੁਤੰਤਰ ਕੈਲੰਡਰ ਦਾ ਚਾਅ ਹੀ ਏਨਾ ਸੀ। ਸੰਗਤਾਂ ਤੋਂ ਇਹ ਚਾਅ ਸਾਂਭਿਆ ਹੀ ਨਹੀਂ ਸੀ ਜਾ ਰਿਹਾ ਜਿਸ ਦਿਨ ਅਕਾਲ ਤਖਤ ਵਲੋਂ ਭਰਵੇਂ ਇਕੱਠ ਵਿਚ 11 ਮੈਂਬਰੀ ਕਮੇਟੀ ਦੇ ਮੈਂਬਰਾਂ ਨੂੰ ਸਿਰੋਪਾਓ, ਮੋਮੈਂਟੋ ਅਤੇ ਸੁਨਹਿਰੀ ਰੰਗ ਦੀਆਂ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ ਸੀ।

ਨਾਨਕਸ਼ਾਹੀ ਕੈਲੰਡਰ ਬਾਰੇ ਹੁਣ ਤੱਕ ਭਰਪੂਰ ਜਾਣਕਾਰੀ ਛਪਦੀ ਰਹੀ ਹੈ। ਇਸ ਦੇ ਹੋਰ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ। ਨਾਨਕਸ਼ਾਹੀ ਕੈਲੰਡਰ ਨੂੰ ਖਤਮ ਕਰਕੇ ਉਸ ਦੀ ਥਾਂ ਤੇ ਬਿਕਰਮੀ ਕੈਲੰਡਰ ਨੂੰ ਲਾਗੂ ਕਰਕੇ ਇਸ ਨੂੰ ਸੋਧਾਂ ਦਾ ਨਾਮ ਦਿੱਤਾ ਗਿਆ ਹੈ। ਇਸ ਨਾਲ ਪੰਥਕ ਹਲਕਿਆਂ ਵਿਚ ਰੋਸ ਵੀ ਜਾਗਿਆ ਹੈ ਅਤੇ ਸਿੱਖ ਸੰਗਤਾਂ ਨੂੰ ਅਫਸੋਸ ਵੀ ਹੋਇਆ ਹੈ। ਆਪਣੀ ਗੱਲ ਕਹਿਣ ਲਈ ਮੈਂ ਇਸ ਪ੍ਰਤੀਕਿਰਿਆ ਦੀਆਂ ਦੋ-ਇਕ ਮਿਸਾਲਾਂ ਜ਼ਰੂਰ ਸਾਂਝੀਆਂ ਕਰਨਾ ਚਾਹਾਂਗੀ ਭਾਵੇਂ ਮੈਂ ਜਾਣਦੀ ਹਾਂ ਕਿ ਇਹ ਲੇਖ ਅਖ਼ਬਾਰਾਂ ਵਿਚ ਪਾਠਕਾਂ ਨੇ ਪੜ੍ਹੇ ਹੋਏ ਹਨ।

ਇਕ ਅਖਬਾਰ ਵਿਚ ਲਿਖਿਆ ਹੈ ਕਿ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਨਾ ਇਕ ਰਾਜਨੀਤਕ ਫੈਸਲਾ ਹੈ। ਅੰਤਰਿੰਗ ਕਮੇਟੀ ਦੇ ਤਿੰਨ ਮੈਂਬਰਾਂ ਨੇ ਵਾਕ-ਆਊਟ ਕੀਤਾ। ਇਹ ਫੈਸਲਾ ਸਰਬਸੰਮਤੀ ਨਾਲ ਨਹੀਂ ਹੋਇਆ। ਇਕ ਹੋਰ ਥਾਂ ਲਿਖਿਆ ਹੈ ਕਿ ਰਾਜਨੀਤਕ ਆਗੂਆਂ ਦੀ ਆਪਣੇ ਹਿੱਤਾਂ ਲਈ ਧਾਰਮਿਕ ਖੇਤਰ ਵਿਚ ਦਖ਼ਲਅੰਦਾਜ਼ੀ ਹੈ। ਇਸੇ ਤਰ੍ਹਾਂ ਇਕ ਥਾਂ ਲਿਖਿਆ ਹੈ ਕਿ ਨਾਨਕਸ਼ਾਹੀ ਕੈਲੰਡਰ ਦਾ ਭੋਗ ਪਾ ਦੇਣ ਤੋਂ ਬਾਅਦ ਇਸ ਨੂੰ ਸੋਧਾਂ ਦਾ ਨਾਮ ਦਿੱਤਾ ਜਾ ਰਿਹਾ ਹੈ। ਸਿਧਾਂਤ ਛੱਡ ਕੇ ਪੰਥਕ ਏਕਤਾ ਕਿਸ ਕੰਮ? ਹੁਣ ਬਿਕਰਮੀ ਕੈਲੰਡਰ ਦੇ ਤਾਬੂਤ ਨੂੰ "ਨਾਨਕਸ਼ਾਹੀ" ਦਾ ਨਾਮ ਦੇ ਕੇ ਕੌਮ ਵਿਚ ਵੱਡਾ ਬਿਖੇੜਾ ਕੀਤਾ ਜਾਵੇਗਾ। ਤੀਸਰੀ ਗੱਲ ਇਹ ਹੈ ਕਿ ਇਸ ਤਰ੍ਹਾਂ ਰੱਦ ਕਰਨ ਨਾਲ ਖੁਦ ਇਨ੍ਹਾਂ ਧਾਰਮਿਕ ਆਗੂਆਂ ਦੇ ਕਥਨਾਂ ਦਾ ਵੀ ਕਤਲ ਹੋ ਗਿਆ ਹੈ, ਜਿਨ੍ਹਾਂ ਪ੍ਰਵਚਨਾਂ ਰਾਹੀਂ ਹੁਣ ਤੱਕ ਅਕਾਲ ਤਖਤ ਦੇ ਹੁਕਮਾਂ ਨੂੰ ਸਰਬਉੱਚ ਤੇ ਰੱਬੀ ਫੁਰਮਾਨ ਆਖਦੇ ਆ ਰਹੇ ਹਨ।

ਉਠਾਏ ਗਏ ਨੁਕਤਿਆਂ ਵਿਚੋਂ ਇਹ ਕੁਝ ਨੁਕਤੇ ਹਨ ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਹੈ। ਪਹਿਲੀ ਗੱਲ ਜੋ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਹੀ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਲੰਬੇ ਵਿਚਾਰ-ਵਟਾਂਦਰੇ ਬਾਅਦ ਕੀਤੀਆਂ ਗਈਆਂ ਹਨ ਅਤੇ ਸਭ ਨੂੰ ਭਰੋਸੇ ਵਿਚ ਲਿਆ ਗਿਆ ਹੈ, ਬਿਲਕੁਲ ਗਲਤ ਬਿਆਨੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਅੰਤਰਿੰਗ ਕਮੇਟੀ ਦੇ "ਨੌਂ" ਮੈਂਬਰ ਇਸ ਤਬਦੀਲੀ ਨੂੰ ਕਾਹਲੀ ਵਾਲੀ ਦਸ ਰਹੇ ਸਨ। ਸਿਰਫ ਛੇ ਮੈਂਬਰ ਹੱਕ ਵਿਚ ਸਨ। ਰਿਪੋਰਟਾਂ ਅਨੁਸਾਰ ਜਦੋਂ ਮੈਂਬਰਾਂ ਨੂੰ ਅਕਾਲੀ ਦਲ ਦੀ ਹਾਈ ਕਮਾਂਡ ਦੇ ਹੁਕਮ ਸੁਣਾਏ ਗਏ ਤਾਂ ਹੀ ਆਪਣੇ ਆਪ ਨੂੰ ਬਚਾਉਣ ਲਈ ਕੁਝ ਮੈਂਬਰ ਹੱਕ ਵਿਚ ਹੋਏ। ਫਿਰ ਵੀ ਤਿੰਨ ਮੈਂਬਰਾਂ ਬੀਬੀ ਰਵਿੰਦਰ ਕੌਰ ਹਰਿਆਣਾ ਤੋਂ, ਸ. ਸੁਖਦੇਵ ਸਿੰਘ ਭੌਰ ਅਤੇ ਸ. ਕਰਨੈਲ ਸਿੰਘ ਪੰਜੋਲੀ ਨੇ ਨੌਂ ਨੁਕਤਿਆਂ ਵਾਲਾ ਅਸਿਹਮਤੀ ਨੋਟ ਦਿੱਤਾ, ਜਿਸ ਵਿਚ ਬੜੇ ਗੰਭੀਰ ਨੁਕਤੇ ਉਠਾਏ ਗਏ ਹਨ। ਇਸ ਨੋਟ ਨੂੰ ਕਾਰਵਾਈ ਦਾ ਹਿੱਸਾ ਬਣਾਉਣ ਲਈ ਕਿਹਾ ਅਤੇ ਮੀਟਿੰਗ ਵਿਚੋਂ ਵਾਕ ਆਊਟ ਕੀਤਾ। ਬੀਬੀ ਰਵਿੰਦਰ ਕੌਰ ਵਧਾਈ ਦੀ ਹੱਕਦਾਰ ਹੈ ਜਿਸ ਨੇ ਇਕ ਸੱਚੀ ਸਿੱਖ ਇਸਤਰੀ ਵਾਲਾ ਹੌਂਸਲਾ ਦਿਖਾਇਆ। ਸ. ਭੌਰ ਬਹੁਤ ਹੀ ਸੀਨੀਅਰ ਮੈਂਬਰ ਹਨ ਅਤੇ ਮਹੱਤਵਪੂਰਨ ਅਹੁਦਿਆਂ ਤੇ ਬਿਰਾਜਮਾਨ ਰਹੇ ਹਨ। ਉਨ੍ਹਾਂ ਨੂੰ ਕਮੇਟੀ ਦੇ ਫੈਸਲਿਆਂ ਦੀ ਅਹਿਮੀਅਤ ਦੀ ਸਮਝ ਸ. ਮੱਕੜ ਨਾਲੋਂ ਜ਼ਿਆਦਾ ਹੈ। ਉਹ ਸਿੱਖ ਜਗਤ ਦੀ ਨਬਜ਼ ਵੀ ਮੱਕੜ ਨਾਲੋਂ ਵੱਧ ਜਾਣਦੇ ਹਨ। ਪੰਥਕ ਸੂਝ ਦੇ ਮਾਲਕ ਹਨ। ਉਨ੍ਹਾਂ ਉੱਤੇ ਹੁਣ ਮੱਕੜ ਅਤੇ ਉਨ੍ਹਾਂ ਦੇ ਸਹਿਯੋਗੀ ਟੌਹੜਾਵਾਦੀ ਹੋਣ ਦਾ ਇਲਜ਼ਾਮ ਲਾ ਕੇ ਪਾਸੇ ਕਰ ਸਕਦੇ ਹਨ। ਇਹੀ ਇਲਜ਼ਾਮ ਲਾ ਕੇ ਪਾਰਟੀ ਵਿਚੋਂ ਕੱਢਿਆ ਵੀ ਜਾ ਸਕਦਾ ਹੈ। ਸੱਤਾ 'ਤੇ ਕਾਬਜ਼ ਅਕਾਲੀ ਦਲ ਦੀ ਹਮੇਸ਼ਾ ਇਹ ਨੀਤੀ ਰਹੀ ਹੈ ਕਿ ਜੋ ਉਨ੍ਹਾਂ ਦੀਆਂ ਨੀਤੀਆਂ, ਉਨ੍ਹਾਂ ਦੀ ਧੱਕੇਸ਼ਾਹੀ, ਪਾਲਿਸੀਆਂ ਦੀ ਹਾਂ ਵਿਚ ਹਾਂ ਨਹੀਂ ਮਿਲਾਉਂਦਾ ਉਸਨੂੰ ਕਾਂਗਰਸ ਜਾਂ ਕੇਂਦਰ ਸਰਕਾਰ ਦਾ ਏਜੰਟ ਕਹਿ ਕੇ ਅਤੇ ਪੰਥ ਵਿਰੋਧੀ ਕਹਿ ਕੇ ਪਾਸੇ ਕਰ ਦਿੱਤਾ ਜਾਂਦਾ ਹੈ। ਪਰ ਫੈਸਲਾ ਲੈਣ ਵੇਲੇ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਪਹਿਲੀ ਬੀਬੀ ਜਗੀਰ ਕੌਰ ਨੇ ਨਾਨਕਸ਼ਾਹੀ ਕੈਲੰਡਰ ਲਾਗੂ ਕੀਤਾ ਸੀ ਅਤੇ ਹੁਣ ਦੇ ਫੈਸਲੇ ਨੂੰ ਉਨ੍ਹਾਂ ਨੇ ਮੰਦਭਾਗਾ ਕਿਹਾ ਹੈ। ਦੂਸਰੀ ਵਾਰ ਨਾਨਕਸ਼ਾਹੀ ਕੈਲੰਡਰ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਦੀ ਪ੍ਰਧਾਨਗੀ ਵੇਲੇ, ਸ੍ਰੀ ਅਕਾਲ ਤਖਤ ਦੇ ਉਸ ਵੇਲੇ ਦੇ ਜਥੇਦਾਰ ਸ. ਜੋਗਿੰਦਰ ਸਿੰਘ ਵੇਦਾਂਤੀ ਦੀ ਅਗਵਾਈ ਵਿਚ ਡੂੰਘਾ ਅਧਿਐਨ ਕਰਨ ਉਪਰੰਤ ਲਾਗੂ ਕੀਤਾ ਗਿਆ ਸੀ। ਸ. ਪਰਮਜੀਤ ਸਿੰਘ ਸਰਨਾ, ਜੋ ਬਿਕਰਮੀ ਕੈਲੰਡਰ ਨੂੰ ਮੰਨਣ ਤੋਂ ਇਨਕਾਰੀ ਹਨ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ, 'ਤੇ ਇਹ ਇਲਜ਼ਾਮ ਲੱਗ ਵੀ ਗਿਆ ਹੈ। ਜਥੇਦਾਰ ਮੱਕੜ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਇੱਕ ਵਿਗਿਆਨਕ ਕੈਲੰਡਰ ਜੋ ਸੂਰਜੀ ਤਾਰੀਖਾਂ ਅਨੁਸਾਰ ਸੀ, ਨੂੰ ਦੁਬਾਰਾ ਬਿਕਰਮੀ ਕੈਲੰਡਰ ਵਿਚ ਬਦਲ ਕੇ ਉਨ੍ਹਾਂ ਨੇ ਇਹ ਪ੍ਰਭਾਵ ਦਿੱਤਾ ਹੈ ਕਿ ਇਹ ਸਾਰਾ ਕੁਝ ਸੱਤਾ 'ਤੇ ਕਾਬਜ਼ ਅਕਾਲੀ ਦੀ ਹਾਈ ਕਮਾਂਡ ਦੇ ਹੁਕਮਾਂ 'ਤੇ ਕੀਤਾ ਗਿਆ ਹੈ, ਜਿਸਨੂੰ ਸਰਕਾਰ ਚਲਾਉਣ ਲਈ ਭਾਜਪਾ ਦਾ ਆਸਰਾ ਲੈਣਾ ਪੈਂਦਾ ਹੈ। ਭਾਜਪਾ ਅਤੇ ਆਰ.ਐਸ.ਐਸ. ਇੱਕੋ ਚੀਜ਼ ਹਨ। ਨਾਨਕਸ਼ਾਹੀ ਕੈਲੰਡਰ ਸਿੱਖ ਧਰਮ ਦੀ ਵਿਲੱਖਣ ਪਹਿਚਾਣ ਦਾ ਚਿੰਨ੍ਹ ਹੋ ਕੇ ਉਭਰਿਆ ਸੀ। ਇਸ ਨੂੰ ਖਤਮ ਕਰਨ ਨਾਲ ਸਿੱਖ ਪਛਾਣ ਨੂੰ ਖੋਰਾ ਲੱਗਿਆ ਹੈ ਜਿਸ ਦਾ ਸਿਹਰਾ ਸ. ਮੱਕੜ ਅਤੇ ਸਹਿਯੋਗੀਆਂ ਨੂੰ ਜਾਂਦਾ ਹੈ। ਉਨ੍ਹਾਂ ਦਾ ਨਾਂ ਉਨ੍ਹਾਂ ਲੋਕਾਂ ਵਿਚ ਸ਼ਾਮਲ ਹੋ ਗਿਆ ਹੈ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਸਾਹਿਬ ਲਈ ਦਰਬਾਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ, ਪ੍ਰੋਫੈਸਰ ਗੁਰਮੁਖ ਸਿੰਘ ਨੂੰ ਤਨਖਾਹ ਲਾਈ ਸੀ ਜਾਂ ਜਨਰਲ ਡਾਇਰ ਦਾ ਸਨਮਾਨ ਕੀਤਾ ਸੀ।

ਜਥੇਦਾਰ ਮੱਕੜ ਦਾ ਕਹਿਣਾ ਹੈ ਕਿ ਇਸ ਨਾਲ ਕੌਮੀ ਏਕਤਾ ਹੋਈ ਹੈ। ਜਿਥੋਂ ਤੱਕ ਸਿੱਖ ਕੌਮ ਦਾ ਸੁਆਲ ਹੈ ਸਿੱਖ ਪੰਥ ਵਿਚ ਵਰਤਮਾਨ ਫੈਸਲੇ ਨਾਲ ਵੰਡੀਆਂ ਪਈਆਂ ਹਨ, ਖਾਸ ਕਿਸਮ ਦੀ ਕੁੜਿਤਣ ਪੈਦਾ ਹੋਈ ਹੈ। ਸਿੱਖ ਕੌਮ ਨਾਨਕਸ਼ਾਹੀ ਕੈਲੰਡਰ ਨੂੰ ਮੁੜ ਬਿਕਰਮੀ ਕੈਲੰਡਰ ਵਿਚ ਬਦਲੇ ਜਾਣ ਤੇ ਬੇਹੱਦ ਦੁਖੀ ਵੀ ਹੈ ਅਤੇ ਗੁੱਸੇ ਵਿਚ ਵੀ ਹੈ। ਸਿੱਖ ਪੰਥ ਦੇ ਗੁਰਪੁਰਬਾਂ ਅਤੇ ਸੰਗਰਾਂਦਾਂ ਦੀਆਂ ਤਰੀਕਾਂ ਬੜੀ ਡੂੰਘੀ ਸੋਚ-ਵਿਚਾਰ ਤੋਂ ਬਾਅਦ ਨਿਰਧਾਰਤ ਕੀਤੀਆਂ ਗਈਆਂ ਸਨ। ਸੰਗਰਾਂਦਾਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਰਾਂਮਾਹ ਦੀਆਂ ਦੋ ਬਾਣੀਆਂ (ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਰਚਿਤ) ਵਿਚ ਮਹੀਨਿਆਂ ਅਤੇ ਉਨ੍ਹਾਂ ਨਾਲ ਜੁੜੀਆਂ ਰੁੱਤਾਂ ਦੇ ਵਰਨਣ ਨੂੰ ਬਣਾਇਆ ਗਿਆ ਸੀ। ਸ. ਮੱਕੜ ਦਾ ਬਿਆਨ ਹੈ ਕਿ "ਇਨ੍ਹਾਂ ਸੋਧਾਂ ਤੇ ਸਾਰੇ ਧਾਰਮਿਕ ਅਤੇ ਇਨਸਾਨੀ ਭਲਾਈ ਲਈ ਕੰਮ ਕਰਨ ਵਾਲੇ ਬਹੁਤ ਖੁਸ਼ ਹਨ, ਸਿਰਫ ਕੁਝ (ਵਾਈ ਟੌਟਰੂ) ਧਰਮ ਵਿਰੋਧੀ ਲੋਕ ਆਪਣੀਆਂ ਰੋਟੀਆਂ ਸੇਕ ਰਹੇ ਹਨ...ਸਮੁੱਚਾ ਸੰਤ ਸਮਾਜ ਸ਼੍ਰੋਮਣੀ ਕਮੇਟੀ ਨਾਲ ਇਕ ਲੜੀ ਵਿਚ ਪਰੋਇਆ ਹੈ।"

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਧਾਰਮਿਕ ਕਹੇ ਜਾਣ ਵਾਲੇ ਲੋਕਾਂ ਨੂੰ ਖਾਸ ਕਰਕੇ ਸੰਤ ਸਮਾਜ ਨੂੰ ਅਕਾਲ ਤਖਤ ਵਲੋਂ ਪ੍ਰਵਾਨਤ ਸੂਰਜੀ ਕੈਲੰਡਰ ਨੂੰ ਮੰਨਣ ਵਿਚ ਕਿਉਂ ਇਤਰਾਜ਼ ਸੀ? ਇਹ ਇਸ ਲਈ ਸੀ ਕਿ ਸੰਤਾਂ ਦੇ ਡੇਰਿਆਂ 'ਤੇ ਇਕੱਠ ਪੂਰਨਮਾਸ਼ੀਆਂ ਅਤੇ ਮੱਸਿਆ 'ਤੇ ਹੁੰਦਾ ਹੈ। ਸ੍ਰੀ ਅਕਾਲ ਤਖਤ ਸਿੱਖੀ ਦੀ ਸਰਬ ਉੱਚ ਸੰਸਥਾ ਹੈ। ਸਿੱਖ ਕਹਾਉਣ ਵਾਲੇ ਡੇਰਿਆਂ ਨੂੰ ਅਕਾਲ ਤਖਤ ਦੇ ਨਾਲ ਆਪਣੇ ਆਪ ਹੀ ਲਗਣਾ ਚਾਹੀਦਾ ਸੀ। ਪਰ ਜੇ ਡੇਰੇ ਸ੍ਰੀ ਅਕਾਲ ਤਖਤ ਦੀ ਸਰਬਉੱਚਤਾ ਨੂੰ ਮੰਨਦੇ ਹਨ ਤਾਂ ਉਨ੍ਹਾਂ ਦੀ ਆਪਣੀ ਆਜ਼ਾਦੀ, ਆਪਣੀ ਖੁਦਮੁਖਤਿਆਰੀ ਖਤਮ ਹੁੰਦੀ ਹੈ। ਫਿਰ ਉਨ੍ਹਾਂ ਨੂੰ ਆਪਣੀ ਰਹਿਤ-ਮਰਯਾਦਾ ਛੱਡ ਕੇ ਅਕਾਲ ਤਖਤ ਵਲੋਂ ਪ੍ਰਵਾਨਿਤ ਰਹਿਤ ਮਰਿਯਾਦਾ ਮੰਨਣੀ ਪਵੇਗੀ। ਅਰਦਾਸ ਵੀ ਪ੍ਰਵਾਨਿਤ ਹੀ ਕਰਨੀ ਪਵੇਗੀ। ਉਨ੍ਹਾਂ ਨੂੰ ਆਪਣੇ ਨਾਲ ਰਾਜਨੀਤਕ ਖੇਡ ਕਾਰਨ ਲਾਇਆ ਗਿਆ ਹੈ ਨਾ ਕਿ ਧਾਰਮਿਕ ਕਾਰਨਾਂ ਕਰਕੇ। ਉਨ੍ਹਾਂ ਨੇ ਵੋਟਾਂ ਦੀ ਰਾਜਨੀਤੀ ਕਰਕੇ ਆਪਣੀ ਮਰਜ਼ੀ ਦਾ ਬਿਕਰਮੀ ਕੈਲੰਡਰ ਲਾਗੂ ਕਰਵਾਇਆ ਹੈ। ਡੇਰਿਆਂ 'ਤੇ ਜਾਣ ਵਾਲੀ ਸੰਗਤ ਵੋਟਾਂ ਕਿਸੇ ਦੀ ਨੀਤੀ ਅਨੁਸਾਰ ਪਾਉਂਦੀ ਹੈ। ਇਹ ਪਹਿਲਾਂ ਹੀ ਸਰਸਾ-ਡੇਰੇ ਤੋਂ ਸਾਬਤ ਹੋ ਚੁੱਕਾ ਹੈ। ਸੱਤਾ ਉਤੇ ਕਾਬਜ਼ ਅਕਾਲੀ ਦਲ ਨੇ ਵੋਟਾਂ ਸੁਰਖਿਅਤ ਰੱਖਣ ਲਈ ਇਹ ਸਾਰਾ ਕੁਝ ਕੀਤਾ ਹੈ। ਅਕਾਲੀ ਦਲ ਦੀ ਹਾਈਕਮਾਂਡ ਦੀ ਪਰਚੀ ਨਾਲ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਚੁਣਿਆ ਜਾਂਦਾ ਹੈ ਅਤੇ ਅਕਾਲ ਤਖਤ ਦੇ ਜਥੇਦਾਰ ਵੀ ਆਪਣੀ ਪਦਵੀ ਤੇ ਉਨ੍ਹਾਂ ਦੇ ਰਹਿਮੋ-ਕਰਮ ਨਾਲ ਹੀ ਕਾਇਮ ਰਹਿ ਸਕਦੇ ਹਨ। ਇਤਿਹਾਸ ਇਸ ਦਾ ਗਵਾਹ ਹੈ। ਸ਼੍ਰੋਮਣੀ ਕਮੇਟੀ ਦੀ ਮੈਂਬਰਸ਼ਿਪ ਜਾਂ ਅਹੁਦੇਦਾਰੀ ਅਸੈਂਬਲੀ ਅਤੇ ਪਾਰਲੀਮੈਂਟ ਵਿਚ ਜਾਣ ਵਾਲੀ ਪਉੜੀ ਦਾ ਪਹਿਲਾ ਡੰਡਾ ਹੈ। ਇਹ ਸਾਰੀ ਖੇਡ ਰਾਜਨੀਤਕ ਸੱਤਾ ਹਥਿਆਉਣ ਦੀ ਹੈ। ਇਹ ਧਾਰਮਿਕ ਵਰਤਾਰਾ ਨਹੀਂ ਹੈ।

ਭਾਈ ਗੁਰਦਾਸ ਨੇ ਕਲਯੁਗ ਦੇ ਉਲਟੇ ਵਰਤਾਰੇ ਦੀ ਗੱਲ ਕਰਦਿਆਂ ਆਪਣੀ ਪਹਿਲੀ ਵਾਰ ਦੀ ਤੀਹਵੀਂ ਪਉੜੀ ਵਿੱਚ ਲਿਖਿਆ ਹੈ;

ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।

ਚੇਲੇ ਬੈਠਨਿ ਘਰਾਂ ਵਿਚਿ ਗੁਰੂ ਉਠਿ ਘਰੀ ਤਿਨਾੜੇ ਜਾਈ।

ਇਹ ਸਿਧਾਂਤ ਦੇ ਬਿਲਕੁਲ ਉਲਟ ਵਰਤਾਰਾ ਹੈ ਜੋ ਵਾਪਰ ਰਿਹਾ ਹੈ। ਸਿੱਖ ਸੰਸਥਾਵਾਂ ਦਾ ਧਾਰਮਿਕ ਫਰਜ਼ ਹੈ ਕਿ ਸ੍ਰੀ ਅਕਾਲ ਤਖਤ ਦੀਆਂ ਅਨੁਸਾਰੀ ਹੋਣ ਨਾ ਕਿ ਸ੍ਰੀ ਅਕਾਲ ਤਖਤ ਇਨ੍ਹਾਂ ਸੰਸਥਾਵਾਂ ਮੁਤਾਬਿਕ ਚੱਲੇ? ਨਾਨਕਸ਼ਾਹੀ ਕੈਲੰਡਰ ਨੂੰ ਬਦਲਣ ਤੋਂ ਪਹਿਲਾਂ ਕਿਉਂ ਨਹੀਂ ਇਨ੍ਹਾਂ ਡੇਰਿਆਂ ਤੇ ਅਕਾਲ ਤਖਤ ਦੀ ਰਹਿਤ ਮਰਯਾਦਾ (ਸਮੇਤ ਨਿਹੰਗ ਸਿੰਘਾਂ ਦੇ) ਲਾਗੂ ਕਰਵਾਈ ਗਈ? ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਤਖਤਾਂ ਉਤੇ ਅੱਜ ਵੀ ਅਲੱਗ ਰਹਿਤ ਮਰਯਾਦਾ ਹੈ। ਉਥੇ ਟੱਲੀਆਂ ਵੱਜਦੀਆਂ ਹਨ, ਸੰਖ ਪੂਰੇ ਜਾਂਦੇ ਹਨ, ਆਰਤੀ ਉਤਾਰੀ ਜਾਂਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਹੁੰਦਾ ਹੈ। ਕਿਥੇ ਹੈ ਇਕ ਸਿੱਖ ਕੌਮ ਦਾ ਸੰਕਲਪ? ਇੱਕ ਪੰਥ, ਇਕ ਗ੍ਰੰਥ ਅਤੇ ਇਕ ਰਹਿਤ ਮਰਯਾਦਾ? ਜਥੇਦਾਰ ਇਕਬਾਲ ਸਿੰਘ ਵਧ ਚੜ੍ਹ ਕੇ ਸਮੁੱਚੇ ਦਸਮ ਗ੍ਰੰਥ ਨੂੰ ਦਸਮ ਪਿਤਾ ਦੀ ਰਚਨਾ ਮੰਨਦਾ ਹੈ। ਜਥੇਦਾਰ ਮੱਕੜ ਵਲੋਂ ਇਕ ਇਸ਼ਤਿਹਾਰ ਛਾਪਿਆ ਗਿਆ ਹੈ, "ਗੁਰ ਕੀ ਨਿੰਦਾ ਸੁਣੇ ਨ ਕਾਇ" ਜਿਸ ਵਿਚ ਅਕਾਲ ਤਖਤ ਦੇ ਸਾਬਕਾ ਜਥੇਦਾਰ ਰਾਗੀ ਦਰਸ਼ਨ ਸਿੰਘ ਨੂੰ ਰਜ ਕੇ ਕੋਸਿਆ ਹੈ ਅਤੇ ਅਪਸ਼ਬਦ ਵਰਤੇ ਹਨ। ਰਾਗੀ ਦਰਸ਼ਨ ਸਿੰਘ ਨੇ ਸੰਗਤਾਂ ਨੂੰ ਸੁਚੇਤ ਕਰਨ ਲਈ ਡਾ. ਜੋਧ ਸਿੰਘ ਦੇ ਦਸਮ ਗ੍ਰੰਥ ਦੇ ਕੀਤੇ ਅਨੁਵਾਦ ਵਿਚੋਂ ਉਦਾਹਰਣ ਦੇ ਕੇ ਕਿਹਾ ਹੈ ਕਿ ਅਜਿਹੀ ਕੋਝੀ ਲਿਖਤ ਗੁਰੂ ਮਹਾਰਾਜ ਦੀ ਨਹੀਂ ਹੋ ਸਕਦੀ। ਗੁਰੂ ਦੇ ਨਿੰਦਕ ਉਹ ਨਹੀਂ ਹਨ ਜਿਹੜੇ ਅਜਿਹੀ ਲਿਖਤ ਪ੍ਰਤੀ ਸੰਗਤਾਂ ਨੂੰ ਜਾਗਰਤ ਕਰ ਰਹੇ ਹਨ। ਗੁਰੂ ਨਿੰਦਕ ਉਹ ਹਨ ਜਿਹੜੇ 'ਚਰਿਤਰੋਪਖਿਆਨ" ਵਰਗੀ ਨੀਵੇਂ ਪੱਧਰ ਦੀ ਲਿਖਤ ਨੂੰ ਦਸਮ ਪਿਤਾ ਦੇ ਨਾਂ ਨਾਲ ਜੋੜਦੇ ਹਨ। ਉਹ ਗੁਰੂ ਜੋਤਿ ਜਿਨ੍ਹਾਂ ਦੇ ਮਨ ਵਿਚ ਇਸਤਰੀ ਦਾ ਬੇਹੱਦ ਸਤਿਕਾਰ ਹੈ, ਜਿਨ੍ਹਾਂ ਨੇ ਇਸਤਰੀ ਨੂੰ ਬਰਾਬਰ ਦਾ ਦਰਜਾ ਦਿੱਤਾ, ਇਸਤਰੀ ਪ੍ਰਤੀ ਅਜਿਹੀ ਗਿਰੀ ਹੋਈ ਰਚਨਾ ਕਿਵੇਂ ਕਰ ਸਕਦੇ ਹਨ, ਜਿਸ ਦਾ ਉਚਾਰਣ ਵੀ ਸੰਗਤਿ ਵਿਚ ਨਾ ਕੀਤਾ ਜਾ ਸਕੇ? ਆਪਣੇ ਗੁਰੂ ਦੇ ਨਾਂ ਨਾਲ ਅਜਿਹੀ ਰਚਨਾ ਜੋੜਨ ਦਾ ਇੱਕ ਸਮਰਪਿਤ ਸਿੱਖ ਕਿਵੇਂ ਹੌਸਲਾ ਕਰ ਸਕਦਾ ਹੈ?


ਮੇਰਾ ਸਿਰ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ ਦੇ ਸਤਿਕਾਰ ਵਿਚ ਝੁਕਦਾ ਹੈ ਜਿਨ੍ਹਾਂ ਨੇ ਆਪਣੀ ਜਥੇਦਾਰੀ ਦੀ ਪਰਵਾਹ ਨਾ ਕਰਦੇ ਹੋਏ ਨਾਨਕਸ਼ਾਹੀ ਕੈਲੰਡਰ ਵਿਚ ਸੋਧ ਕਰਨ ਦੀ ਵਿਰੋਧਤਾ ਕੀਤੀ। ਨਾਨਕਸ਼ਾਹੀ ਕੈਲੰਡਰ ਲਾਗੂ ਕਰਨ ਵਿਚ ਉਨ੍ਹਾਂ

(ਬਾਕੀ ਸਫਾ 26 'ਤੇ)

# ਭਾਜਪਾ:ਰੁੱਤ ਨਵਿਆਂ ਦੀ ਆਈ

**ਬੀ.ਐਸ. ਢੌਰ**

ਭਾਜਪਾ 'ਚ ਸਿਖਰਲੀਆਂ ਪਦਵੀਆਂ ਦੇ ਦੋਵੇਂ ਨੇਤਾ ਪਿਛਲੇ ਦਿਨੀਂ ਬਦਲ ਦਿੱਤੇ ਗਏ ਹਨ। ਦੋਵੇਂ ਨਵੇਂ ਆਗੂ ਹਾਲੇ ਜਾਣ ਵਾਲਿਆਂ ਦੇ ਤੁੱਲ ਨਹੀਂ ਲੱਗਦੇ ਪਰ ਉਮਰ ਦੇ ਲਿਹਾਜ਼ ਨਾਲ ਅਜੋਕੇ ਸਿਆਸੀ ਸਮੇਂ ਦੇ ਹਾਣ ਦੇ ਹਨ। ਬੇਸ਼ੱਕ ਕੁਝ ਸਾਲਾਂ ਤੋਂ ਅਡਵਾਨੀ ਦੇ ਰਾਜਸੀ ਪੱਤੇ ਸਿੱਧੇ ਨਹੀਂ ਪੈ ਰਹੇ ਸਨ ਪਰ ਉਨ੍ਹਾਂ ਦਾ ਤਜ਼ਰਬਾ ਅਤੇ ਪਾਰਟੀ ਪ੍ਰਤੀ ਪਰਪੱਕਤਾ 'ਤੇ ਕੋਈ ਸਵਾਲ ਨਹੀਂ ਕਰ ਸਕਦਾ। ਇਹ ਅਡਵਾਨੀ ਦੀ 'ਰਥ ਯਾਤਰਾ' ਦਾ ਹੀ ਰਾਜਸੀ ਪੈਂਤੜਾ ਸੀ ਜੋ ਭਾਜਪਾ ਨੂੰ ਲੋਕ ਸਭਾ




'ਚ ਨਿਗੂਣੀਆਂ ਦੋ ਸੀਟਾਂ ਤੋਂ ਇਕ ਲਖਤ 120 ਸੀਟਾਂ ਤਕ ਲੈ ਗਿਆ ਸੀ। ਇਸੇ ਰਥ ਯਾਤਰਾ ਦੇ ਪ੍ਰਭਾਵ 'ਚ ਪਾਰਟੀ ਨੂੰ ਕੇਂਦਰੀ ਸਰਕਾਰ ਦੀ ਅਗਵਾਈ ਲਈ ਰਾਜ ਗੱਦੀ ਮਿਲ ਗਈ। ਪਾਰਟੀ ਦੇ ਬਜ਼ੁਰਗ ਆਗੂ ਸ੍ਰੀ ਅਟਲ ਬਿਹਾਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ ਅਤੇ ਅਡਵਾਨੀ ਆਪ ਉਪ ਪ੍ਰਧਾਨ ਮੰਤਰੀ। ਉੱਧਰ ਨਵੇਂ ਪਾਰਟੀ ਪ੍ਰਧਾਨ ਗਡਕਰੀ ਉੱਕਾ ਹੀ ਨਵਾਂ ਨਾਂ ਅਤੇ ਨਵਾਂ ਚਿਹਰਾ ਹੈ। ਦੇਸ਼ ਦੇ ਰਾਜਸੀ ਅਤੇ ਜਨਤਕ ਹਲਕਿਆਂ ਵਿਚ ਗਡਕਰੀ ਦੀ ਕੋਈ ਪਛਾਣ ਨਹੀਂ ਹੈ। ਖਾਸਕਰ ਦਿੱਲੀ, ਉੱਤਰੀ ਅਤੇ ਦੱਖਣੀ ਤੇ ਪੂਰਬੀ ਭਾਰਤ ਵਿਚ। ਗਡਕਰੀ ਮਹਾਰਾਸ਼ਟਰ 'ਚ ਭਾਜਪਾ-ਸ਼ਿਵ ਸੈਨਾ ਮੰਤਰੀ ਮੰਡਲ 'ਚ ਮੰਤਰੀ ਰਿਹਾ ਹੈ। ਇਸ ਗੱਲ ਦਾ ਵੀ ਹੁਣ ਪਤਾ ਲੱਗਿਆ ਹੈ। ਗਡਕਰੀ ਦੇ ਮੁਕਾਬਲੇ ਰਾਜਨਾਥ ਸਿੰਘ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਰਿਹਾ ਹੈ ਅਤੇ ਚੰਗਾ ਬੁਲਾਰਾ ਹੈ। ਗਡਕਰੀ ਅਤੇ ਸੁਸ਼ਮਾ ਸਵਰਾਜ ਨੂੰ ਲਿਆਉਣ ਦਾ ਮਨੋਰਥ ਸਾਫ ਹੈ ਕਿ ਪਾਰਟੀ ਦੁਬਾਰਾ ਤਿੱਖੀ ਅਤੇ ਤਕੜੀ ਹੋ ਜਾਵੇ। ਇਹੋ ਜਿਹੀ ਤਬਦੀਲੀ ਦੀ ਚੋਖੀ ਦੇਰ ਤੋਂ ਸੰਭਾਵਨਾ ਸੀ ਅਤੇ ਤਬਦੀਲੀ ਦਾ ਮੁੱਦਾ ਬਹੁਤ ਦੇਰ ਤੋਂ ਚਰਚਾ ਵਿਚ ਰਿਹਾ ਵੀ ਸੀ।

ਅਸਲ 'ਚ ਸਾਲ 2004 ਦੀਆਂ ਲੋਕ ਸਭਾ ਚੋਣਾਂ ਭਾਜਪਾ ਦੇ ਕੇਂਦਰੀ ਸੱਤਾ 'ਚ ਹੁੰਦਿਆਂ ਲੜੀਆਂ ਗਈਆਂ। ਭਾਜਪਾ ਸੱਤਾ ਗੁਆ ਬੈਠੀ, ਇਸ ਤੋਂ ਬਾਅਦ ਭਾਜਪਾ ਦਾ ਪਤਨ ਸ਼ੁਰੂ ਹੋ ਗਿਆ ਅਤੇ ਹੁੰਦਾ ਹੀ ਗਿਆ। ਇਹ ਸੰਭਲ ਨਹੀਂ ਸਕੀ। ਫੇਰ 2009 ਦੀਆਂ ਲੋਕ ਸਭਾ ਚੋਣਾਂ 'ਚ ਹਾਰ ਨੇ ਤਾਂ ਭਾਜਪਾ ਦਾ ਲੱਕ ਹੀ ਤੋੜ ਦਿੱਤਾ। ਇਸ ਦੀ ਸਾਖ ਘਟਦੀ ਗਈ। ਸੋ ਲੀਡਰਸ਼ਿਪ 'ਚ ਤਬਦੀਲੀ ਤਾਂ ਅਤੀ ਲੋੜੀਂਦੀ ਸੀ। ਚੰਗਾ ਹੁੰਦਾ ਦੋਵੇਂ ਨੇਤਾ ਹਾਰ ਤੋਂ ਬਾਅਦ ਆਪ ਹੀ ਲਾਂਭੇ ਹੋ ਜਾਂਦੇ।

ਭਾਜਪਾ ਦੀ ਹਾਰ ਅਤੇ ਪਤਨ ਦੇ ਕਾਰਨ ਕਿੰਨੇ ਹੀ ਹਨ ਪਰ ਵੱਡੇ ਕਾਰਨ ਤਾਂ ਨੀਤੀ ਆਧਾਰਤ ਹੀ ਹਨ। ਜਿਵੇਂ ਅਯੁਧਿਆ 'ਚ ਰਾਮ ਮੰਦਰ ਬਣਾਉਣ ਦਾ ਰੇੜਕਾ, 2004 ਦੀਆਂ ਲੋਕ ਸਭਾ ਚੋਣਾਂ ਵਿਚ ਚਮਕਦਾ (ਖੁਸ਼ਹਾਲ) ਭਾਰਤ ਰਿਹਾ ਹੈ। ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸਮੇਂ ਕੁਝ ਅਜਿਹੀਆਂ ਹੌਲਨਾਕ ਘਟਨਾਵਾਂ ਵਾਪਰੀਆਂ, ਜਿਸ ਨਾਲ ਪਾਰਟੀ ਦੀ ਹਕੂਮਤ ਚਲਾਉਣ ਦੀ ਸਮਰੱਥਾ 'ਤੇ ਸਵਾਲੀਆ ਨਿਸ਼ਾਨ ਲੱਗ ਗਏ। ਜਿਹੜੀ ਪਾਰਟੀ ਅੰਦਰੂਨੀ ਸੁਰੱਖਿਆ ਦਾ ਨਾਅਰਾ ਲਾਉਂਦੀ ਨਹੀਂ ਸੀ ਥਕਦੀ ਅਤੇ ਅਡਵਾਨੀ ਨੂੰ ਲੋਹ-ਪੁਰਸ਼ ਵਜੋਂ ਪੇਸ਼ ਕਰਦੀ ਸੀ, ਉਸ ਆਪ ਅਤਿਵਾਦ ਅੱਗੇ ਗੋਡੇ ਟੇਕ ਦਿੱਤੇ ਸਨ। ਦੇਸ਼ ਦੇ ਸਰਵਉੱਚ ਸੰਸਥਾਨ ਸੰਸਦ ਭਵਨ ਉਪਰ ਅਤਿਵਾਦੀ ਹਮਲਾ, ਅਕਸ਼ਰਧਾਮ ਮੰਦਰ 'ਤੇ ਹਮਲਾ ਅਤੇ ਸਭ ਤੋਂ ਗੰਭੀਰ ਕੰਧਾਰ ਹਵਾਈ ਜਹਾਜ਼ ਕਾਂਡ ਜਦੋਂ ਕੇਂਦਰੀ ਵਿਦੇਸ਼ੀ ਮੰਤਰੀ ਜਸਵੰਤ ਸਿੰਘ ਖੂੰਖਾਰ ਅਤਿਵਾਦੀਆਂ ਨੂੰ ਤਿਹਾੜ ਜੇਲ੍ਹ 'ਚੋਂ ਰਿਹਾਅ ਕਰਵਾ ਕੇ ਆਪ ਛੱਡ ਕੇ ਆਇਆ। ਭਾਜਪਾ ਆਰਥਿਕ ਮੁਹਾਜ਼ 'ਤੇ ਆਪਣੇ ਰਾਜਕਾਲ 'ਚ ਕੋਈ ਨਵੇਂ ਪੂਰਨੇ ਤੇ ਨਿੱਗਰ ਕਾਰਗੁਜ਼ਾਰੀ ਨਹੀਂ ਦਿਖਾ ਸਕੀ। ਜਿਸ ਮੰਦਰ ਦਾ ਨਾਅਰਾ ਲਾ ਕੇ ਸੱਤਾ ਦੀ ਕੁਰਸੀ ਨਸੀਬ ਹੋਈ ਸੀ ਉਸ ਮੰਦਰ ਦੀ ਆਪਣੇ ਰਾਜਕਾਲ ਸਮੇਂ ਵੀ ਇਕ ਇੱਟ ਨਹੀਂ ਲੁਆ ਸਕੀ। ਲੋਕ ਭਾਜਪਾ ਦੇ ਫੋਕੇਪਣ ਨੂੰ ਦੁਤਕਾਰਨ ਲੱਗ ਪਏ ਸਨ। ਖਾਸਕਰ ਗਰੀਬ ਵਰਗ ਨੂੰ ਤਸੱਲੀ ਹੋ ਗਈ ਸੀ ਕਿ ਭਾਜਪਾ ਤਾਂ ਅਮੀਰ ਅਤੇ ਮੱਧ ਵਰਗ ਦੇ ਹਿੱਤਾਂ ਲਈ ਹੈ, ਜਿਹੜੇ ਖੁਸ਼ਹਾਲ ਤੇ ਚਮਕ ਰਹੇ ਹਨ। 2009 ਦੀਆਂ ਚੋਣਾਂ ਦੀ ਹਾਰ ਨੇ ਤਾਂ ਭਾਜਪਾ ਲੀਡਰਾਂ ਦੀ ਹੋਰ ਵੀ ਕੰਡ ਲਾ ਦਿੱਤੀ। ਅਡਵਾਨੀ ਕਥਿਤ ਲੋਹ ਪੁਰਸ਼ ਨੂੰ ਭਾਵੀ ਪ੍ਰਧਾਨ ਮੰਤਰੀ ਵਜੋਂ ਸ਼ਿੰਗਾਰ ਕੇ ਚੋਣ ਮੁਹਿੰਮ 'ਚ ਉਤਾਰਿਆ ਗਿਆ। ਅਡਵਾਨੀ ਨੇ ਵੱਡੀ ਗਲਤੀ ਕੀਤੀ ਕਿ ਡਾ. ਮਨਮੋਹਨ ਸਿੰਘ ਨੂੰ ਕਮਜ਼ੋਰ ਪ੍ਰਧਾਨ ਮੰਤਰੀ ਕਹਿ ਕੇ ਨਕਾਰਿਆ। ਹਰ ਭਾਸ਼ਣ ਤੇ ਹਰ ਬਿਆਨ 'ਚ ਸ. ਮਨਮੋਹਨ ਸਿੰਘ ਨੂੰ ਨਿਸ਼ਾਨਾ ਬਣਾਈ ਰੱਖਿਆ। ਸ਼ਾਇਦ ਲੋਕਾਂ ਨੇ ਇਸ ਭੰਡਣ ਦਾ ਬੁਰਾ ਮਨਾਇਆ। ਉਸੇ ਮਨਮੋਹਨ ਸਿੰਘ ਨੇ ਭਾਜਪਾ ਨੂੰ ਚਿੱਤ ਕਰ ਦਿੱਤਾ, ਜਿਸ ਦੀ ਸੱਟ ਅਡਵਾਨੀ ਦੇ ਅਜੇ ਵੀ ਰੜਕ ਰਹੀ ਹੈ। ਉਸ ਦੀਆਂ ਡਾ. ਮਨਮੋਹਨ ਸਿੰਘ ਅੱਗੇ ਅੱਖਾਂ ਨਹੀਂ ਖੁੱਲ੍ਹਦੀਆਂ। ਉਪਰਲੀ ਲੀਡਰਸ਼ਿਪ ਵਿਚ ਬਦਲਾਓ ਦੀਆਂ ਆਵਾਜ਼ਾਂ ਚੋਣਾਂ ਦੀ ਹਾਰ ਉਪਰੰਤ ਹੀ ਉਠਣੀਆਂ ਸ਼ੁਰੂ ਹੋ ਗਈਆਂ ਸਨ। ਅਡਵਾਨੀ ਅੜੇ ਰਹੇ। ਉੱਚ ਨੇਤਾ ਹੋਣ ਕਰਕੇ ਉਨ੍ਹਾਂ ਨੂੰ ਸਵਾਲ ਵੀ ਕੋਈ ਨਹੀਂ ਸੀ ਕਰ ਸਕਦਾ, ਹਾਲਾਂਕਿ ਪਾਰਟੀ ਕਾਰਕੁਨ ਅਤੇ ਆਮ ਜਨਤਾ ਅਡਵਾਨੀ ਦੇ ਕੁਰਸੀ ਨੂੰ ਚੰਬੜੇ ਰਹਿਣ ਨੂੰ ਤ੍ਰਿਸਕਾਰਦੀ ਰਹੀ। ਅਖੀਰ ਬਦਲਾਓ ਦਾ ਬੀੜਾ ਭਾਜਪਾ ਦੇ ਕਥਿਤ ਕਮਾਂਡਰ ਆਰ.ਐਸ.ਐਸ. ਸੰਚਾਲਕ ਮੋਹਨ ਭਾਗਵਤ ਨੂੰ ਚੁੱਕਣਾ ਪਿਆ, ਜਿਸ ਦੇ ਕਰਾਰੇ ਦਖਲ ਨਾਲ ਬਦਲਾਓ ਵਾਪਰਿਆ। ਪਾਰਟੀ ਦੀ ਹਾਰ ਦੇ ਜ਼ਿੰਮੇਵਾਰ ਦੋਵੇਂ ਆਗੂਆਂ ਨੂੰ ਕੁਰਸੀਆਂ ਛੱਡਣੀਆਂ ਪਈਆਂ। ਸ਼ਾਇਦ ਅਡਵਾਨੀ ਦੀ ਪਾਰਟੀ ਪ੍ਰਤੀ ਉਮਰਬੱਧੀ ਖਿਦਮਤ ਨੂੰ ਦੇਖਦੇ ਹੋਏ ਉਸ ਨੂੰ ਪਾਰਲੀਮੈਂਟਰੀ ਪਾਰਟੀ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ ਅਤੇ ਉਸ ਦੀ ਥਾਂ ਉਸ ਦੀ ਹਮਾਇਤੀ ਸਮਝੀ ਜਾਂਦੀ ਸੁਸ਼ਮਾ ਸਵਰਾਜ ਨੂੰ ਮਿਲ ਗਈ ਹੈ। ਸਵਾਲ ਇਹ ਉੱਠਦਾ ਹੈ ਕਿ ਕੀ ਉਪਰਲਿਆਂ ਦੋਵੇਂ ਵਿਅਕਤੀਆਂ ਦੇ ਬਦਲਾਓ ਨਾਲ ਪਾਰਟੀ ਦਾ ਵੱਕਾਰ, ਸਮਰੱਥਾ ਅਤੇ ਸਾਖ਼ ਬਹਾਲ ਹੋ ਜਾਵੇਗੀ। ਨਹੀਂ! ਕੇਵਲ ਕੁਝ ਜੁੰਬਸ ਆ ਸਕਦੀ ਹੈ। ਪਰ ਵੋਟਰ ਤਾਂ ਤਦ ਹੀ ਪ੍ਰਭਾਵਤ ਹੋਣਗੇ ਜੇ ਭਾਜਪਾ ਆਪਣੀ ਨੀਤੀ 'ਚ ਨਿੱਗਰ ਬਦਲਾਓ ਲਿਆਏ। ਸ਼ੁਰੂ ਤੋਂ ਹੀ ਭਾਜਪਾ ਦੇਸ਼ 'ਚ ਹਿੰਦੂਤਵ ਦੇ ਨਾਅਰੇ ਨਾਲ ਹਿੰਦੂਆਂ ਦੀਆਂ ਭਾਵਨਾਵਾਂ ਉਤੇਜਿਤ ਕਰ ਕੇ ਆਪਣੇ ਆਪ ਨੂੰ ਹਿੰਦੂ ਵੋਟ ਦਾ ਹੱਕਦਾਰ ਸਮਝਦੀ ਤੇ ਬਣਾਉਂਦੀ ਆ ਰਹੀ ਹੈ, ਪਰ ਵਿਸ਼ੇਸ਼ ਆਰਥਿਕ ਪ੍ਰੋਗਰਾਮ ਹਿੰਦੂ ਗਰੀਬ ਵਰਗ ਲਈ ਆਪਣੇ ਰਾਜਕਾਲ ਸਮੇਂ ਨਹੀਂ ਦੇ ਸਕੀ ਅਤੇ ਨਾ ਹੀ ਭਾਜਪਾ ਦੀਆਂ ਸੂਬਾ ਸਰਕਾਰਾਂ ਹਿੰਦੂਆਂ ਦੇ ਅਤੀ ਗਰੀਬ ਵਰਗ ਦਾ ਕਿਸੇ ਨਾ ਕਿਸੇ ਤਰ੍ਹਾਂ ਕੁਝ ਸੰਵਾਰ ਸਕੀਆਂ। ਗਰੀਬ ਕੇਵਲ ਪ੍ਰਮਾਣਿਤ ਘੱਟ ਗਿਣਤੀ ਲੋਕਾਂ 'ਚ ਹੀ ਤਾਂ ਨਹੀਂ। ਹਿੰਦੂਆਂ 'ਚ ਵੀ ਬਹੁਤ ਗਰੀਬ ਹਨ, ਪਰ ਭਾਜਪਾ ਨੂੰ ਤਾਂ ਉਪਰਲਾ ਅਤੇ ਮੱਧ ਵਰਗ ਹੀ ਹਿੰਦੂ ਦਿਸਿਆ ਹੈ। ਜਿਸ ਦੇਸ਼ ਵਿਚ 50 ਫੀਸਦੀ ਤੋਂ ਵੱਧ ਲੋਕ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹੋਣ, 77 ਫੀਸਦੀ ਲੋਕ 20 ਰੁਪਏ ਰੋਜ਼ 'ਤੇ ਗੁਜ਼ਾਰਾ ਕਰਨ ਅਤੇ ਕਰੀਬ 22 ਕਰੋੜ ਵਸੋਂ ਭੁੱਖਮਰੀ ਦਾ ਸ਼ਿਕਾਰ ਹੋਵੇ ਉੱਥੇ ਹਿੰਦੂਤਵ ਦਾ ਮੰਤਰ ਕਿਸ ਨੂੰ ਮੁਗਦ ਕਰ ਸਕਦਾ ਹੈ। 'ਭੁੱਖਿਆਂ ਭਗਤਿ ਨਾ ਹੋਏ' ਵਾਲੀ ਵਿਵਸਥਾ ਹੈ। ਭਾਜਪਾ ਦੀ ਮੁੱਢ ਤੋਂ ਸਿਆਸੀ ਸੋਚ ਰਹੀ ਹੈ ਕਿ ਭਾਰਤ 'ਚ ਕਰੀਬ 80 ਫੀਸਦੀ ਲੋਕ ਹਿੰਦੂ ਅਕੀਦੇ ਦੇ ਹਨ ਅਤੇ ਹਿੰਦੂਤਵ ਨੂੰ ਹੁਲਾਰਾ ਦੇ ਕੇ ਹਿੰਦੂਆਂ ਨੂੰ ਨਾਲ ਲਾ ਲਿਆ ਜਾਵੇ ਤਾਂ ਹਿੰਦੂ ਵੋਟਾਂ ਸਦਕਾ ਦੇਸ਼ ਦੀ ਹਕੂਮਤ ਸਦਾ ਲਈ ਹਥਿਆਈ ਜਾ ਸਕਦੀ ਹੈ। ਕਿੰਨਾ ਭੁਲੇਖਾ ਹੈ। ਭੁੱਖੇ ਗਰੀਬ ਹਿੰਦੂ ਨੂੰ ਵੀ ਢਿੱਡ ਤੇ ਸਰੀਰ ਪਹਿਲੋਂ ਧਰਮ ਪਿੱਛੋਂ।

ਅਸੀਂ ਇੱਕੀਵੀਂ ਸਦੀ 'ਚ ਢੁੱਕ ਗਏ ਹਾਂ। ਵਿਗਿਆਨਕ ਯੁੱਗ ਹੈ। ਨਿੱਤ ਨਵੀਆਂ ਖੋਜਾਂ ਹੋ ਰਹੀਆਂ ਹਨ। ਮਨੁੱਖ 'ਅਸਮਾਨ ਨੂੰ ਵੀ ਟਾਕੀ ਲਾਉਣ' ਦੇ ਸਮਰੱਥ ਹੋ ਗਿਆ ਹੈ। ਦੁੱਧ ਪੀਂਦੀ ਗਣੇਸ਼ ਦੀ ਪੱਥਰ ਮੂਰਤੀ, 'ਬਾਹਰਲੀ ਕਸਰ' ਭੂਤ ਪ੍ਰੇਤ ਆਦਿ ਦਾ ਸਮਾਂ ਲੱਦ ਗਿਆ ਹੈ। ਧਰਮ ਦਾ ਭਰਮ ਵੀ ਘਟਦਾ ਹੀ ਜਾ ਰਿਹਾ ਹੈ ਜਿਸ 'ਤੇ ਭਾਜਪਾ ਆਧਾਰ ਬਣਾਈ ਬੈਠੀ ਹੈ। ਅਜੋਕੇ ਹਾਲਾਤ 'ਚ ਸਮੇਂ ਦੇ ਹਾਣੀ ਹੋਣ ਲਈ ਭਾਜਪਾ ਦੀ ਗਤੀ ਆਪਣੀਆਂ ਨੀਤੀਆਂ 'ਚ ਨਿੱਗਰ ਤਬਦੀਲੀ ਲਿਆ ਕੇ ਹੀ ਹੋ ਸਕਦੀ ਹੈ। ਇਸਨੂੰ ਆਪਣੇ ਸਿਆਸੀ ਏਜੰਡੇ ਵਿਚ ਦੇਸ਼ ਦੀ ਅਰਥਵਿਵਸਥਾ ਨੂੰ ਪਹਿਲ ਦੇਣੀ ਹੋਵੇਗੀ। ਉਦਯੋਗ, ਖੇਤੀ ਅਤੇ ਸਬੰਧਤ ਸਰੋਕਾਰਾਂ, ਬਿਜਲੀ, ਪਾਣੀ, ਸੜਕਾਂ ਵਲ ਵਿਸ਼ੇਸ਼ ਧਿਆਨ ਦੇ ਕੇ ਇਨ੍ਹਾਂ ਖੇਤਰਾਂ ਦੀ ਤਰੱਕੀ ਯਕੀਨੀ ਬਣਾਉਣੀ ਪਵੇਗੀ। ਮਸ਼ੀਨਾਂ ਦੇ ਆਟੋਮੇਸ਼ਨ ਨਾਲ ਮਜ਼ਦੂਰਾਂ ਦੀ ਛਾਂਟੀ, ਬਦਲਵੇਂ ਰੁਜ਼ਗਾਰ ਦਾ ਪ੍ਰਬੰਧ, ਲਘੂ ਉਦਯੋਗ, ਪੜ੍ਹੇ-ਲਿਖੇ, ਸਿੱਖਿਅਤ ਬੇਰੁਜ਼ਗਾਰਾਂ ਦੀ ਵਧਦੀ ਤਾਦਾਦ, ਪਿੰਡਾਂ ਦੀ ਹਾਲਤ ਸੁਧਾਰਨਾ ਆਦਿ ਸਮੱਸਿਆਵਾਂ ਦੇਸ਼ 'ਚ ਅਤੇ ਸਰਕਾਰ ਦੇ ਸਨਮੁੱਖ ਹਨ। ਇਨ੍ਹਾਂ ਦਾ ਹੱਲ ਕਿਸੇ ਵੀ ਸਰਕਾਰ ਨੂੰ ਕਰਨਾ ਬਣਦਾ ਹੈ। ਭਾਜਪਾ ਨੂੰ ਵਿਸ਼ੇਸ਼ ਪ੍ਰੋਗਰਾਮ ਰਾਹੀਂ ਸਿੱਧ ਕਰਨਾ ਪਵੇਗਾ ਕਿ ਇਹ ਕੇਵਲ ਸ਼ਹਿਰੀਆਂ ਦੀ ਪਾਰਟੀ ਨਹੀਂ ਹੈ, ਕਿਉਂਕਿ ਹਾਲੇ ਤਕ ਲੋਕਾਂ ਦਾ ਤੇ ਪੇਂਡੂ ਤਬਕੇ ਦਾ ਇਹੋ ਵਿਸ਼ਵਾਸ ਹੈ। ਇਸ ਲਈ ਪਿੰਡਾਂ ਵਿਚ ਪਾਰਟੀ ਆਧਾਰ ਜ਼ਰੂਰੀ ਹੈ, ਜਿੱਥੇ 75 ਫੀਸਦੀ ਆਬਾਦੀ ਵਸਦੀ ਹੈ। ਇਹ ਇਕ ਹਕੀਕਤ ਹੈ ਕਿ ਭਾਜਪਾ ਦੀ ਪਿਤਰੀ ਪਾਰਟੀ ਰਾਸ਼ਟਰੀ ਸੇਵਕ ਸੰਘ ਹੀ ਹੈ। ਇਸ ਪਿਤਰ ਦੇ ਹੋਰ ਵੀ ਕਿੰਨੇ ਸੰਗਠਨ ਹਨ, ਜੋ ਵੱਖ-ਵੱਖ ਖੇਤਰਾਂ ਵਿਚ ਕੰਮ ਕਰਦੇ ਹਨ, ਜਿਵੇਂ ਵਿਸ਼ਵ ਹਿੰਦੂ ਪ੍ਰੀਸ਼ਦ, ਭਾਰਤੀ ਵਿਕਾਸ ਪ੍ਰੀਸ਼ਦ, ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ, ਭਾਰਤੀ ਖੇਤ ਮਜ਼ਦੂਰ ਸੰਗਠਨ ਆਦਿ। ਇਹ ਹਕੀਕਤ ਆਰ.ਐਸ.ਐਸ. ਅਤੇ ਭਾਜਪਾ ਮੰਨਣ ਨੂੰ ਤਿਆਰ ਨਹੀਂ ਕਿ ਕੋਈ ਸਬੰਧ ਹਨ।

ਮੁੱਕਦੀ ਗੱਲ, ਭਾਜਪਾ ਨੂੰ ਹਿੰਦੂਤਵ ਦੀ ਠੇਕੇਦਾਰੀ ਛੱਡ ਕੇ ਕਾਂਗਰਸ ਦੇ ਮੁਕਾਬਲੇ ਗੈਰ ਧਾਰਮਿਕ ਮੁੱਦੇ ਲੈ ਕੇ ਸਿਆਸਤ ਕਰਨੀ ਪਵੇਗੀ। ਕਾਂਗਰਸ ਪਾਰਟੀ ਦੀ ਦੇਸ਼ ਪ੍ਰਤੀ ਘਾਲਣਾ ਦਾ ਇਤਿਹਾਸ ਬਹੁਤ ਪੁਰਾਣਾ ਤੇ ਲੰਮਾ ਹੈ। ਫੇਰ ਵੀ ਭਾਜਪਾ ਨੇ ਬਹੁਤ ਛੇਤੀ ਵੱਡੀਆਂ ਪੁਲਾਂਘਾਂ ਮਾਰੀਆਂ ਹਨ ਅਤੇ ਕਾਂਗਰਸ ਦੇ ਮੁਕਾਬਲੇ ਵੱਡੀ ਧਿਰ ਵਜੋਂ ਉਭਰ ਕੇ ਆਈ ਹੈ। ਹੋਰ ਕੋਈ ਵੀ ਪੁਰਾਣੀ ਪਾਰਟੀ ਇਸ ਲਾਇਕ ਨਹੀਂ ਬਣ ਸਕੀ। ਸੋ ਭਾਜਪਾ ਦੀ ਨਵੀਂ ਲੀਡਰਸ਼ਿਪ ਨੂੰ ਨਵੇਂ ਪਾਰਟੀ ਪ੍ਰੋਗਰਾਮ ਨਾਲ ਨਿੱਠ ਕੇ ਲੋਕਾਂ ਨਾਲ ਜੁੜਨਾ ਹੋਵੇਗਾ। 'ਸਿਆਸਤ' 'ਚ ਉਤਰਾਅ ਚੜ੍ਹਾਅ ਤਾਂ ਆਉਂਦੇ ਹੀ ਹਨ। ਕੰਮ ਕਰਨ ਲਈ ਦੇਸ਼ ਦੇ ਹਾਲਾਤ ਢੁੱਕਵੇਂ ਹਨ।



*ਸ੍ਰੀ ਐਲ ਕੇ ਅਡਵਾਨੀ, ਗਡਕਰੀ ਅਤੇ ਰਾਜ ਨਾਥ*

# ਮਹਿੰਗਾਈ ਰੋਕਣ ਲਈ ਖੱਬੀਆਂ ਪਾਰਟੀਆਂ ਮੈਦਾਨ 'ਚ ਨਿੱਤਰਨ

**ਵਿਜੇ ਮਿਸ਼ਰਾ**

ਦੁਨੀਆ ਦੇ ਤਿੰਨ ਦੇਸ਼ਾਂ ਨੂੰ ਛੱਡ ਕੇ ਭਾਰਤ ਵਿਚ ਮਹਿੰਗਾਈ ਦਰ ਸਭ ਤੋਂ ਵੱਧ ਹੈ। ਮਈ 2009 ਵਿਚ ਮੁੜ ਬਣੀ ਕੇਂਦਰ ਦੀ ਯੂ.ਪੀ.ਏ. ਸਰਕਾਰ ਦੇ ਰਾਜਕਾਲ ਵਿਚ ਮਹਿੰਗਾਈ ਵਿਚ ਬੇਤਹਾਸ਼ਾ ਵਾਧਾ ਹੋਇਆ ਹੈ। ਅਨਾਜ ਅਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੇ ਵਾਧੇ ਨੇ ਆਮ ਜਨਤਾ ਦੇ ਪਰਿਵਾਰਕ ਬਜਟ 'ਤੇ ਭਾਰੀ ਸੱਟ ਮਾਰੀ ਹੈ। ਅਨਾਜ ਦੀ ਪੈਦਾਵਾਰ ਵਿਚ ਕਮੀ ਕਾਰਨ ਅਨਾਜ ਸੁਰੱਖਿਆ ਦਾ ਸਵਾਲ ਗੰਭੀਰ ਰੂਪ ਧਾਰਨ ਕਰਕੇ ਚੁਣੌਤੀ ਬਣ ਗਿਆ ਹੈ। ਭਾਰਤ, ਜਿੱਥੇ 42 ਪ੍ਰਤੀਸ਼ਤ ਪੇਂਡੂ ਅਤੇ 26 ਪ੍ਰਤੀਸ਼ਤ ਸ਼ਹਿਰੀ ਗਰੀਬੀ ਰੇਖਾ ਤੋਂ ਹੇਠ ਹਨ, ਦੀ ਜਨਤਾ ਦੇ ਪਰਿਵਾਰ ਬਜਟ ਦਾ ਮੁੱਖ ਹਿੱਸਾ ਜ਼ਰੂਰੀ ਵਸਤਾਂ ਦੀ ਖਰੀਦ ਵਿਚ ਚਲਿਆ ਜਾਂਦਾ ਹੈ। ਬੇਤਹਾਸ਼ਾ ਵਧੀ ਮਹਿੰਗਾਈ ਨੇ ਕਰੋੜਾਂ ਹੋਰ ਲੋਕਾਂ ਨੂੰ ਗਰੀਬੀ ਰੇਖਾ ਤੋਂ ਹੇਠ ਲਿਆ ਖੜ੍ਹਾ ਕੀਤਾ ਹੈ। ਤੇਜ਼ੀ ਨਾਲ ਵਧ ਰਹੀ ਮਹਿੰਗਾਈ ਦੇ ਕਾਰਨਾਂ ਦੀ ਜਾਣਕਾਰੀ ਜਦੋਂ ਵੀ ਪ੍ਰੈਸ ਜਾਂ ਲੋਕ ਮੰਗਦੇ ਹਨ ਤਾਂ ਕੇਂਦਰ ਸਰਕਾਰ ਅਤੇ ਉਸਦੇ ਮੰਤਰੀ ਬੇਤੁਕਾ ਜਵਾਬ ਦਿੰਦੇ ਹਨ। ਪਿਛਲੇ ਦਿਨੀਂ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਕੋਲੋਂ ਖੰਡ ਦੀ ਕੀਮਤ ਇਕ ਸਾਲ ਦੇ ਸਮੇਂ ਦੌਰਾਨ ਸੌ ਪ੍ਰਤੀਸ਼ਤ ਵਧ ਜਾਣ ਦੇ ਕਾਰਨਾਂ ਬਾਰੇ ਪੁੱਛੇ ਸਵਾਲ ਬਾਰੇ ਉਸ ਦਾ ਜਵਾਬ ਸੀ 'ਮੈਂ ਕੋਈ ਜੋਤਸ਼ੀ ਨਹੀਂ ਜੋ ਦਸ ਸਕਾਂ ਕੀਮਤਾਂ ਕਦੋਂ ਘਟਣਗੀਆਂ।' ਮੰਤਰੀ ਦਾ ਇਹ ਬਿਆਨ ਗੈਰ-ਜ਼ਿੰਮੇਵਾਰਾਨਾ ਅਤੇ ਬੁਖਲਾਹਟ ਵਾਲਾ ਹੈ। ਸਰਕਾਰ ਜ਼ਖ਼ੀਰੇਬਾਜ਼ਾਂ ਵਿਰੁਧ ਸਖਤ ਕਦਮ ਚੁੱਕਣ ਦੀ ਥਾਂ ਉਨ੍ਹਾਂ ਨੂੰ ਜਨਤਾ ਦੀ ਲੁੱਟ ਕਰਨ ਦੀ ਹੱਲਾਸ਼ੇਰੀ ਦੇ ਰਹੀ ਹੈ।

ਭਾਰਤ ਵਿਚ ਤੇਜ਼ੀ ਨਾਲ ਵੱਧ ਰਹੀ ਮਹਿੰਗਾਈ ਦੇ ਚਾਰ ਕਾਰਨ ਹਨ। ਇਕ ਨਵਉਦਾਰੀਕਰਨ ਦੀਆਂ ਨੀਤੀਆਂ, ਜਿਨ੍ਹਾਂ ਕਾਰਨ ਖੇਤੀ ਸੰਕਟ ਪੈਦਾ ਹੋਇਆ ਅਤੇ ਅਨਾਜ ਦੀ ਪੈਦਾਵਾਰ ਘਟੀ ਹੈ, ਦੂਜਾ ਜਨਤਕ ਵੰਡ ਪ੍ਰਣਾਲੀ (ਪੀ.ਡੀ.ਐਸ) ਦਾ ਕਮਜ਼ੋਰ ਹੋਣਾ, ਤੀਜਾ ਜਮ੍ਹਾਖੋਰੀ ਅਤੇ ਸੱਟਾ ਬਾਜ਼ਾਰੀ ਨੂੰ ਰੋਕ ਨਾ ਪਾਉਣਾ, ਚੌਥਾ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ। ਇਹ ਸਾਰੇ ਕਾਰਨ ਕਾਂਗਰਸ ਦੀ ਯੂ.ਪੀ.ਏ. ਅਤੇ ਉਸ ਤੋਂ ਪਹਿਲਾਂ ਭਾਜਪਾ ਦੀ ਐਨ.ਡੀ.ਏ. ਸਰਕਾਰ ਦੀਆਂ ਨਵ-ਉਦਾਰਵਾਦੀ ਨੀਤੀਆਂ ਦਾ ਸਿੱਟਾ ਹੈ। ਇਨ੍ਹਾਂ ਸਰਕਾਰਾਂ ਨੇ ਅਰਥਚਾਰੇ ਵਿਚੋਂ ਰਾਜ ਦੀ ਭੂਮਿਕਾ ਨੂੰ ਹੌਲੀ-ਹੌਲੀ ਘੱਟ ਕੀਤਾ, ਪੂੰਜੀਪਤੀਆਂ ਦੇ ਨਿੱਜੀ ਹਿੱਤਾਂ ਦੇ ਪ੍ਰਭਾਵ ਨੂੰ ਵਧਾਉਣ ਅਤੇ ਵਿਸ਼ੇਸ਼ ਰੂਪ ਵਿਚ ਕਾਰਪੋਰੇਟ ਸੈਕਟਰ ਦੇ ਹਿੱਤਾਂ ਨੂੰ ਵਧਾਉਣ ਵਿਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਨੀਤੀਆਂ 'ਤੇ ਅਮਲ ਕਰਦੇ ਹੋਏ ਅਨਾਜ ਵਰਗੇ ਮਹੱਤਵਪੂਰਨ ਮੁੱਦੇ 'ਤੇ ਆਤਮ ਨਿਰਭਰਤਾ ਦੇ ਸਿਧਾਂਤ ਨੂੰ ਛੱਡ ਦਿੱਤਾ, ਦਰਾਮਦ 'ਤੇ ਨਿਰਭਰਤਾ ਵਧਾਈ, ਨਤੀਜਨ ਸਰਕਾਰ ਦੀ ਕੀਮਤਾਂ ਨੂੰ ਕੰਟਰੋਲ ਕਰਨ ਦੀ ਸਮਰੱਥਾ ਕਮਜ਼ੋਰ ਪੈ ਗਈ। ਕੇਂਦਰ ਸਰਕਾਰ ਨਵ-ਉਦਾਰਵਾਦੀ ਨੀਤੀਆਂ 'ਤੇ ਅਮਲ ਨੂੰ ਰੋਕਣ ਦੀ ਥਾਂ ਬੇਤੁਕੀ ਬਿਆਨਬਾਜ਼ੀ ਕਰ ਰਹੀ ਹੈ।

ਮਹਿੰਗਾਈ ਦਾ ਮੁਕਾਬਲਾ ਕਰਨ ਲਈ ਜਨਤਕ ਵੰਡ ਪ੍ਰਣਾਲੀ ਦਾ ਮਜ਼ਬੂਤ ਹੋਣਾ ਬੁਨਿਆਦੀ ਸ਼ਰਤ ਹੈ। ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਅਨਾਜ ਅਤੇ ਜ਼ਰੂਰੀ ਵਸਤਾਂ 'ਤੇ ਆਤਮ-ਨਿਰਭਰ ਹੋਣਾ ਹੋਵੇਗਾ। ਜਨਤਕ ਵੰਡ ਪ੍ਰਣਾਲੀ ਨੂੰ ਕਮਜ਼ੋਰ ਕਰਨ ਲਈ ਕੇਂਦਰ ਸਰਕਾਰ ਨੇ 1996 'ਚ ਇਕ ਨਵਾਂ ਸਿਧਾਂਤ ਪੇਸ਼ ਕੀਤਾ 'ਸਭ ਨੂੰ ਨਹੀਂ ਕੁਝ ਨੂੰ' ਜਨਤਕ ਵੰਡ ਪ੍ਰਣਾਲੀ ਵਿਚ ਰੱਖਿਆ ਜਾਵੇ। ਸਰਬਵਿਆਪੀ ਰਾਸ਼ਨ ਡਿੱਪੂ ਸਕੀਮ ਦੀ ਥਾਂ ਏ.ਪੀ.ਐਲ., ਬੀ.ਪੀ.ਐਲ., ਅਨਤੋਦਿਆ ਆਦਿ ਤੇ ਹੋਰ ਸ਼੍ਰੇਣੀਆਂ ਵਿਚ ਵੰਡ ਕੀਤੀ ਗਈ। ਇਸ ਗਲਤ ਨੀਤੀ ਕਾਰਨ ਜਨਤਕ ਵੰਡ ਪ੍ਰਣਾਲੀ ਦਾ ਆਧਾਰ ਸੁੰਗੜ ਗਿਆ। ਇਸ ਸਕੀਮ ਨੇ ਜਨਤਕ ਵੰਡ ਪ੍ਰਣਾਲੀ ਦੀਆਂ ਚਲ ਰਹੀਆਂ ਦੁਕਾਨਾਂ ਨੂੰ ਬੰਦ ਕਰਵਾਉਣ ਵਿਚ ਯੋਗਦਾਨ ਪਾਇਆ। ਗਰੀਬਾਂ ਨੂੰ ਮਿਲਣ ਵਾਲੀ ਰਾਹਤ ਤੋਂ ਵੰਚਿਤ ਕਰ ਦਿੱਤਾ। ਸਰਬਵਿਆਪਕ ਜਨਤਕ ਵੰਡ ਪ੍ਰਣਾਲੀ ਨੂੰ ਕਮਜ਼ੋਰ ਕਰਨ ਲਈ ਸਰਕਾਰ ਤੇ ਉਸ ਦੇ ਮੰਤਰੀਆਂ ਵਲੋਂ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਹ ਪਿੰਡ-ਪਿੰਡ, ਮੁਹੱਲੇ-ਮੁਹੱਲੇ ਅੰਦਰ ਰਾਸ਼ਨ ਦੀ ਦੁਕਾਨ ਨਹੀਂ ਖੋਲ੍ਹ ਸਕਦੇ, ਜਦੋਂਕਿ ਕੇਰਲ ਅਤੇ ਤਾਮਿਲਨਾਡੂ ਦੀਆਂ ਸਰਕਾਰਾਂ ਦਾ ਰਾਸ਼ਨ ਦੀਆਂ ਦੁਕਾਨਾਂ ਚਲਾਉਣ ਦਾ ਰਿਕਾਰਡ ਬੇਹਤਰ ਹੈ। ਪੰਜਾਬ ਸਰਕਾਰ ਦਾ ਜਨਤਕ ਵੰਡ ਪ੍ਰਣਾਲੀ ਨੂੰ ਲਾਗੂ ਕਰਨ ਦਾ ਰਿਕਾਰਡ ਤਸੱਲੀਬਖਸ਼ ਨਹੀਂ ਰਿਹਾ। ਪੰਜਾਬ ਅੰਦਰ ਰਾਸ਼ਨ ਦੀਆਂ ਦੁਕਾਨਾਂ ਲਗਭਗ ਬੰਦ ਹਨ। ਪੰਜਾਬ ਸਰਕਾਰ ਨੇ ਆਟਾ-ਦਾਲ ਸਕੀਮ ਵਿਚ ਕੋਟਾ ਘੱਟ ਕੀਤਾ ਹੈ। ਇਹ ਗਰੀਬਾਂ ਨੂੰ ਦਿੱਤੀ ਨਿਗੂਣੀ ਰਾਹਤ ਤੋਂ ਮੂੰਹ ਮੋੜਨਾ ਹੈ।


ਕੇਂਦਰ ਸਰਕਾਰ ਕੋਲ ਸਾਧਨਾਂ ਦੀ ਘਾਟ ਨਹੀਂ ਹੈ। ਫਿਰ ਵੀ ਦੇਸ਼ ਅੰਦਰ ਸਰਬਵਿਆਪੀ ਜਨਤਕ ਵੰਡ ਪ੍ਰਣਾਲੀ ਲਾਗੂ ਨਹੀਂ ਕੀਤੀ ਜਾ ਰਹੀ। ਕਾਰਨ ਦੇਸ਼ ਦੇ ਹਾਕਮਾਂ ਵਿਚ ਰਾਜਨੀਤਕ ਸ਼ਕਤੀ ਦੀ ਘਾਟ ਹੈ। ਕੇਂਦਰ ਦੀ ਆਮ ਜਨਤਾ ਪ੍ਰਤੀ ਪਹੁੰਚ 2009-10 ਦੇ ਬਜਟ ਦੀਆਂ ਦੋ ਮੱਦਾਂ ਤੋਂ ਸਪਸ਼ਟ ਨਜ਼ਰ ਆਉਂਦੀ ਹੈ। ਯੂ.ਪੀ.ਏ. ਸਰਕਾਰ ਨੇ ਬਜਟ ਵਿਚ ਅਨਾਜ ਸਬਸਿਡੀ ਲਈ 52,489 ਕਰੋੜ ਰੁਪਏ ਰੱਖੇ ਜਦੋਂਕਿ ਪੂੰਜੀਪਤੀਆਂ ਨੂੰ ਟੈਕਸਾਂ ਵਿਚ ਦਿੱਤੀ ਛੋਟ 4,18,000 ਕਰੋੜ ਰੁਪਏ ਦੀ ਹੈ ਜੋ ਕਿ ਅਨਾਜ ਸਬਸਿਡੀ ਵਿਚ ਦਿੱਤੀ ਰਕਮ ਤੋਂ ਕਈ ਗੁਣਾ ਹੈ। ਜੇਕਰ ਟੈਕਸਾਂ ਵਿਚ ਦਿੱਤੀਆਂ ਛੋਟਾਂ ਦਾ ਇਕ ਛੋਟਾ ਹਿੱਸਾ ਅਨਾਜ ਸਬਸਿਡੀ ਵਿਚ ਜੋੜ ਦਿੱਤਾ ਜਾਂਦਾ ਤਾਂ ਸਹਿਜੇ ਹੀ ਸਰਬਵਿਆਪੀ ਜਨਤਕ ਵੰਡ ਪ੍ਰਣਾਲੀ ਨੂੰ ਅਮਲ 'ਚ ਲਿਆਂਦਾ ਜਾ ਸਕਦਾ ਸੀ। ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਜਨਤਕ ਸੰਘਰਸ਼ ਮਜ਼ਬੂਤ ਕਰਨਾ ਹੋਵੇਗਾ।

ਜ਼ਖੀਰੇਬਾਜ਼ੀ ਅਤੇ ਸੱਟਾ ਬਜ਼ਾਰੀ ਨੂੰ ਰੋਕਣ ਲਈ ਜ਼ਰੂਰੀ ਵਸਤਾਂ 'ਤੇ ਵਾਅਦਾ ਵਪਾਰ ਕਾਨੂੰਨ 1952 ਨੂੰ ਲਾਗੂ ਕਰਨਾ ਸਮੇਂ ਦੀ ਲੋੜ ਹੈ। ਇਸ ਕਾਨੂੰਨ ਦਾ 1952 ਵਿਚ ਹੋਂਦ 'ਚ ਆਉਣ ਦਾ ਪਿਛੋਕੜ ਇਹ ਹੈ ਕਿ ਆਜ਼ਾਦੀ ਦੇ ਮੁੱਢਲੇ ਸਾਲਾਂ ਵਿਚ ਦੇਸ਼ ਦੀ ਵੰਡ ਕਾਰਨ ਭਾਰਤ ਆਰਥਿਕ ਸੰਕਟ ਦਾ ਸ਼ਿਕਾਰ ਹੋ ਗਿਆ ਸੀ। ਅਨਾਜ ਸੰਕਟ ਗੰਭੀਰ ਰੂਪ ਧਾਰਨ ਕਰ ਗਿਆ।

ਉਪਰੋਕਤ ਕਾਰਨਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਸੀ.ਪੀ.ਆਈ. (ਐਮ) ਅਤੇ ਦੂਜੀਆਂ ਖੱਬੀਆਂ ਪਾਰਟੀਆਂ ਵੱਲੋਂ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਵਿਰੁਧ, ਅਨਾਜ ਸੁਰੱਖਿਆ ਲਈ, ਖੇਤੀ ਵਿਚ ਵਧ ਨਿਵੇਸ਼ ਕਰਨ, ਜਨਤਕ ਵੰਡ ਪ੍ਰਣਾਲੀ ਨੂੰ ਮਜ਼ਬੂਤ ਕਰਨ, ਵਾਅਦਾ ਵਪਾਰ ਕਾਨੂੰਨ 1952 ਨੂੰ ਕਾਰਗਰ ਢੰਗ ਨਾਲ ਲਾਗੂ ਕਰਨ, ਜਮ੍ਹਾਖੋਰਾਂ ਵਿਰੁਧ ਸਖ਼ਤ ਕਦਮ ਚੁਕਣ ਅਤੇ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਘਟਾਉਣ ਆਦਿ ਮੰਗਾਂ ਨੂੰ ਲੈ ਕੇ ਜਨਤਕ ਲਾਮਬੰਦੀ ਕੀਤੀ ਜਾ ਰਹੀ ਹੈ।

# ਧਰਤੀ ਹੇਠਲਾ ਇਕ ਹੋਰ ਬਲਦ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਮੋਹਲੇਧਾਰ ਵਰ੍ਹਦੇ ਮੀਂਹ ਦਾ ਪਾਣੀ ਕੱਚੇ ਕੋਠਿਆਂ ਦੇ ਬਾਹਰ ਵਲ ਵਧਵੇਂ ਪਰਨਾਲਿਆਂ ਥਾਣੀਂ ਵਹਿੰਦਾ, ਟਿਊਬਵੈਲ ਦੀ ਧਾਰ ਵਾਂਗ ਪੱਕੀ ਗਲੀ ਵਿਚ ਡਿਗਦਾ 'ਤਾੜ ਤਾੜ' ਦੀ ਆਵਾਜ਼ ਪੈਦਾ ਕਰ ਰਿਹਾ ਸੀ। ਚੱਲ ਰਹੀ ਤੇਜ ਹਵਾ 'ਸ਼ੂੰ-ਸ਼ੂੰ' ਦਾ ਸ਼ੋਰ ਮਚਾ ਰਹੀ ਸੀ। ਵਾਛੜ ਅੰਦਰ ਆਉਣ ਕਾਰਨ ਦਰਵਾਜ਼ਾ ਭੇੜ ਦਿੱਤਾ ਗਿਆ। ਦਲਾਨ ਦੇ ਬਾਹਰ ਵਾਰ ਬਣਾਏ ਹੋਏ ਛਤੜੇ ਵਲ ਖੁਲ੍ਹਦੀ ਤਾਕੀ ਵਿਚੋਂ ਇੰਨੀ ਕੁ ਰੋਸ਼ਨੀ ਆ ਰਹੀ ਸੀ ਕਿ ਅੰਦਰ ਬੈਠਿਆਂ ਨੂੰ ਇੱਕ ਦੂਸਰੇ ਦੇ ਚਿਹਰੇ ਦਿਖਾਈ ਦੇ ਰਹੇ ਸਨ। ਕੰਧ ਨਾਲ ਡੱਠੇ ਹੋਏ ਵੱਡੇ ਮੰਜੇ ਉੱਪਰ ਸਾਡੇ ਭਾਈਆ ਜੀ ਨਾਲ ਬੈਠਾ ਹੋਇਆ, ਉਹ ਆਪਣੀ ਦਰਦਨਾਕ ਦਾਸਤਾਂ ਛੋਹੀ ਬੈਠਾ ਸੀ। ਭਾਈਆ ਜੀ ਤਾਂ ਠਰੰਮੇ ਵਾਲਾ ਸੁਭਾਅ ਹੋਣ ਕਾਰਨ ਸਿਰਫ 'ਚੁੱਚ-ਚੁੱਚ..ਚੁਅ' ਕਰਦਿਆਂ ਕਰੁਣਾ ਦਾ ਇਜ਼ਹਾਰ ਕਰ ਰਹੇ ਸਨ, ਪਰ ਸਾਡੀ ਮਾਂ ਆਪਣੇ ਦੁਪੱਟੇ ਨਾਲ ਵਾਰ-ਵਾਰ ਅੱਖਾਂ ਪੂੰਝੀ ਜਾਂਦੀ ਸੀ। ਅਸੀਂ ਸਾਰੇ ਭੈਣ ਭਰਾ ਡਰੇ ਸਹਿਮੇ ਹੋਏ ਟਿਕ-ਟਿਕੀ ਲਾ ਕੇ ਰਾਖਸ਼ਾਂ ਦੇ ਕਾਰਿਆਂ ਵਰਗੀ ਭੈਅ-ਭੀਤ ਕਰ ਦੇਣ ਵਾਲੀ ਸੱਚੀ ਕਹਾਣੀ ਸੁਣ ਰਹੇ ਸਾਂ। ਇਉਂ ਜਾਪਦਾ ਸੀ ਜਿਵੇਂ ਛੱਤ ਉੱਪਰ ਲਾਠੀਆਂ ਵਾਂਗ ਵਰ੍ਹਦੇ ਮੀਂਹ ਦੀ 'ਥਾਪੜ-ਥਾਪੜ, ਦੱਗੜ-ਦੱਗੜ' ਦੀ ਆਵਾਜ਼, ਦੁੱਖੜਾ ਫੋਲ ਰਹੇ ਦੇ ਅੰਦਰ ਜੰਮੇ ਪਏ ਮਣਾਂਮੂੰਹੀ ਦਰਦ ਉੱਤੇ ਹਥੌੜੇ ਵਾਂਗ ਵੱਜ ਰਹੀ ਹੋਵੇ ਤੇ ਲਹੂ ਭਿੱਜੀਆਂ ਕੰਕਰਾਂ ਆਲੇ ਦੁਆਲੇ ਵਲ ਡਿਗ ਰਹੀਆਂ ਹੋਣ।

ਇਸ ਤੋਂ ਪਹਿਲਾਂ ਅਸੀਂ ਉਸ ਨੂੰ ਕਦੇ ਇੰਨਾ ਦ੍ਰਵਿਆ-ਪਿਘਲਿਆ ਹੋਇਆ ਨਹੀਂ ਸੀ ਦੇਖਿਆ। ਸਗੋਂ ਅਸੀਂ ਉਸ ਨੂੰ ਅੜਬ ਜਾਂ ਕਰੱਖਤ ਸੁਭਾਅ ਵਾਲਾ ਜ਼ਿਦੀਆ ਜਿਹਾ ਘੁਮੰਡੀ ਬੰਦਾ ਹੀ ਸਮਝਦੇ ਹੁੰਦੇ ਸਾਂ। ਚਿੱਠੀ-ਪੱਤਰ ਦੇ ਸਿਰਨਾਵੇਂ 'ਤੇ ਲਿਖਿਆ ਨਾਮ ਬੋਲ ਕੇ ਉਸ ਨੇ ਆਪਣੇ ਸਾਈਕਲ ਦੀ ਘੰਟੀ ਨੱਪਣੀ ਅਤੇ ਤੁਰਦਿਆਂ ਤੁਰਦਿਆਂ ਹੀ ਚਿੱਠੀ ਅਗਲੇ ਦੇ ਹੱਥ ਫੜਾ ਦੇਣੀ। ਜੇ ਘਰ ਦਾ ਕੋਈ ਹੋਰ ਮੈਂਬਰ ਉਹਦੇ ਕੋਲ ਚਿੱਠੀ ਲੈਣ ਗਲੀ 'ਚ ਆਉਂਦਾ ਤਾਂ ਉਹ ਮੱਥੇ ਉੱਪਰ ਸੌ ਤਿਊੜੀਆਂ ਪਾ ਕੇ ਖਿੱਝ ਕੇ ਆਖਦਾ-"ਤੈਂਡੇ ਹੱਥ ਨਾ ਦੇਸਾਂ...ਫਲਾਣਾ ਕਿੱਧਰ ਵੰਞ ਟੁਰਿਆ ਜੇ?"

ਇਸ ਨਿਯਮ ਦੀ ਉਹ ਇੰਨੀ ਸਖਤੀ ਨਾਲ ਪਾਲਣਾ ਕਰਦਾ ਸੀ ਕਿ ਕਈ ਵਾਰ ਸਿਰਨਾਵੇਂ ਵਾਲਾ ਜੀਅ ਕਿਤੇ ਵਾਂਢੇ ਪ੍ਰਾਹੁਣਚਾਰੀ ਗਿਆ ਹੁੰਦਾ ਤਾਂ ਉਹ ਔਖਾ ਹੋ ਕੇ ਵੀ ਤਿੰਨ-ਚਾਰ ਦਿਨ ਗੇੜੇ ਮਾਰਦਾ ਪਤਾ ਕਰਦਾ ਰਹਿੰਦਾ ਸੀ ਕਿ ਚਿੱਠੀ ਦਾ ਮਾਲਕ ਆਇਆ ਕਿ ਨਹੀਂ। ਕਈ ਵਾਰੀ ਚਿੱਠੀ ਸੁਆਹ ਵੀ ਨਾ ਹੋਣੀ ਪਰ ਉਸਨੇ ਕਈ-ਕਈ ਦਿਨ ਰੋਤਕਾ ਪਾਈ ਰੱਖਣਾ। ਜੇ ਕਿਸੇ ਦਾ ਮਨੀ-ਆਰਡਰ ਆ ਜਾਣਾ ਤਾਂ ਸਾਰੇ ਟੱਬਰ ਦੀ ਕੰਬਖਤੀ ਆ ਜਾਂਦੀ ਸੀ। ਕਿਉਂਕਿ ਗਵਾਹੀ ਪੁਆਉਣ ਲਈ ਕਿਸੇ ਤੀਸਰੇ ਬੰਦੇ ਦੀ ਲੋੜ ਹੁੰਦੀ ਸੀ। ਘਰ ਵਿਚੋਂ ਹੀ ਕਿਸੇ ਦੂਜੇ ਬੰਦੇ ਦੀ ਗਵਾਹੀ ਨੂੰ ਉਹ ਮੰਨਦਾ ਨਹੀਂ ਸੀ। ਅਨਪੜ੍ਹਤਾ ਦੇ ਉਸ ਜ਼ਮਾਨੇ ਵਿਚ ਗਵਾਹੀ ਪਾਉਣੋਂ ਵੀ ਲੋਕੀਂ ਕੰਨੀ ਕਤਰਾਉਂਦੇ ਰਹਿੰਦੇ ਸਨ। ਹੱਟੀ ਵਾਲੇ ਸੋਹਣ ਨੂੰ ਸੱਦ ਕੇ ਲਿਆਉਣਾ ਤਾਂ ਕਿਤੇ ਜਾ ਕੇ ਮਨੀ-ਆਰਡਰ ਦਾ ਭੁਗਤਾਨ ਹੋਣਾ।

ਲਾਲੀ ਦੀ ਭਾਅ ਮਾਰਦਾ ਗੋਰਾ ਰੰਗ, ਬਨਦਾ-ਫੱਬਦਾ ਗਠੀਲਾ ਸਰੀਰ, ਖਾਕੀ ਕਮੀਜ ਪਜਾਮਾ, ਸਿਰ ਤੇ ਛੋਟੀ ਜਿਹੀ ਖਾਕੀ ਪੱਗ, ਜਿਸਦਾ ਪਿਛਲਾ ਲੜ ਲੱਕ ਦੇ ਥੱਲੇ ਤੱਕ ਲਮਕਦਾ ਰਹਿੰਦਾ, ਪੈਰੀਂ ਧੌੜੀ ਦੀ ਜੁੱਤੀ ਅਤੇ ਹੱਥਾਂ ਵਿਚ ਫੜਿਆ 'ਹਰਕੂਲੀਸ' ਮਾਰਕਾ ਸਾਈਕਲ। ਇਹ ਹੁਲੀਆ ਸੀ ਜਾਡਲੇ ਤੋਂ ਸਾਡੇ ਪਿੰਡ ਡਾਕ ਵੰਡਣ ਆਉਂਦੇ ਡਾਕੀਆ ਸੋਨਾ ਰਾਮ ਦਾ। ਲੋਹੇ ਦੀਆਂ ਤਾਰਾਂ ਦੀ ਬਣੀ ਹੋਈ ਉਸ ਦੇ ਸਾਈਕਲ ਦੀ ਟੋਕਰੀ ਵਿਚ ਚਿੱਠੀਆਂ ਵਾਲਾ ਬੈਗ ਪਿਆ ਹੁੰਦਾ ਸੀ। ਹੈਂਡਲ ਨਾਲ ਲਟਕਦੇ ਖਾਕੀ ਝੋਲੇ ਵਿਚ ਪੰਚਰ ਲਾਉਣ ਦੇ ਸਮਾਨ ਸਮੇਤ ਇੱਕ ਪੰਪ ਵੀ ਰੱਖਿਆ ਹੁੰਦਾ ਸੀ ਉਸਨੇ। ਉਸਦੇ ਖਰ੍ਹਵੇਪਣ ਦੀਆਂ ਮਸ਼ਹੂਰ ਗੱਲਾਂ ਵਿਚ ਇਕ ਇਹ ਵੀ ਸੀ ਕਿ ਜੇ ਰਾਹ ਵਿਚ ਪੈਦਲ ਤੁਰਿਆ ਆ ਰਿਹਾ ਕੋਈ ਰਾਹੀ ਮੁਸਾਫਿਰ ਉਸ ਤੋਂ 'ਰਾਈਡ' ਮੰਗਦਾ ਸੀ ਤਾਂ ਸੋਨਾ ਰਾਮ ਅੱਗਿਉਂ ਕੂੰਦਾ ਤੱਕ ਨਹੀਂ ਸੀ ਹੁੰਦਾ। ਇਸੇ ਤਰ੍ਹਾਂ ਜੇ ਕਿਸੇ ਸਾਈਕਲ ਵਾਲੇ ਨੂੰ ਉਹਦੇ ਪੰਪ ਦੀ ਲੋੜ ਪੈਂਦੀ ਤਾਂ ਉਹ ਠੋਕ ਕੇ ਜਵਾਬ ਦੇ ਦਿੰਦਾ। ਫਿਰ ਵੀ ਸਾਡੇ ਪਿੰਡ ਵਾਸੀ 'ਸਰਕਾਰੀ ਬੰਦਾ' ਹੋਣ ਕਾਰਨ ਉਹਤੋਂ ਭੈਅ ਵੀ ਖਾਂਦੇ ਸਨ ਤੇ ਉਸਦਾ ਅਦਬ ਵੀ ਕਰਦੇ ਸਨ।

ਸਾਵਣ-ਭਾਦੋਂ ਦੇ ਹੁੰਮਸ ਭਰੇ ਦਿਨਾਂ ਵਿਚ ਅਸੀਂ ਭੈਣ-ਭਰਾ ਕੋਠੇ ਦੀ ਛੱਤ ਉੱਪਰ ਬਹਿ ਕੇ ਸਕੂਲ ਦਾ ਕੰਮ ਨਿਪਟਾ ਲੈਂਦੇ ਹੁੰਦੇ ਸਾਂ। ਗਵਾਂਢ ਦੇ ਸੰਗੀ ਸਾਥੀ ਵੀ ਸਾਡੇ ਹੀ ਕੋਠੇ 'ਤੇ ਆ ਜਾਇਆ ਕਰਦੇ ਸਨ ਕਿਉਂਕਿ ਸਾਡੇ ਘਰ ਦੇ ਵਿਹੜੇ 'ਚ ਖੜ੍ਹੀ ਭਾਰੀ ਨਿੰਮ ਦੇ ਦੋ ਤਿੰਨ ਡਾਹਣੇ ਕੋਠੇ ਦੀ ਛੱਤ ਉੱਤੇ ਫੈਲੇ ਹੋਏ ਸਨ। ਲਿਖਾਈ ਪੜ੍ਹਾਈ ਮੁਕਾ ਕੇ ਸਾਡੇ 'ਚੋਂ ਕਈ ਜਣੇ ਨਿੰਮ 'ਤੇ ਚੜ੍ਹ ਕੇ ਪੱਕੀਆਂ ਹੋਈ ਨਮੋਲੀਆਂ ਖਾਣ ਲੱਗ ਪੈਂਦੇ ਸਨ। ਜਿਨ੍ਹਾਂ ਨੂੰ ਨਮੋਲੀਆਂ ਚੰਗੀਆਂ ਨਹੀਂ ਸਨ ਲੱਗਦੀਆਂ, ਉਹ ਕੋਠੇ ਉੱਪਰ 'ਘਰ' ਬਣਾਉਣ ਵਿਚ ਰੁੱਝ ਜਾਂਦੇ। ਥੱਲੇ ਵਗਦੀ ਗਲੀ ਵਲ੍ਹ ਦੇ ਖੂੰਜੇ ਕੋਠੇ ਦੀ ਛੱਤ ਉਪਰ ਨਾਨਕਸ਼ਾਹੀ ਇੱਟਾਂ ਦੀ ਕਾਚਰ-ਪੀਚਰ, ਰੋੜੇ, ਨੁਕੀਲੇ ਖਿੰਘਰਾਂ ਦੀ ਇੱਕ ਢੇਰੀ ਲੱਗੀ ਹੁੰਦੀ ਸੀ ਜਿਨ੍ਹਾਂ ਦੀ ਵਰਤੋਂ ਕਰਦਿਆਂ ਸਾਰੇ ਨਿਆਣੇ ਆਪੋ-ਆਪਣੇ 'ਘਰ' ਬਣਾਇਆ ਕਰਦੇ ਸਨ।

ਅਜਿਹੇ ਹੀ ਮੌਸਮ ਦੇ ਦਿਨੀਂ ਅਸੀਂ ਕੋਠੇ ਉੱਪਰ ਬੈਠੇ ਦੀਨ-ਦੁਨੀਆਂ ਭੁਲਾ ਕੇ ਖੇਡਣ-ਮੱਲ੍ਹਣ 'ਚ ਮਸਤ ਹੋਏ ਪਏ ਸਾਂ, ਕਿ ਦੇਖਦਿਆਂ ਹੀ ਦੇਖਦਿਆਂ ਲਹਿੰਦੀ ਗੁੱਠ 'ਚੋਂ ਉੱਠੀਆਂ ਕਾਲੀਆਂ ਘਟਾਵਾਂ ਨੇ ਦਿਨ ਨੂੰ ਰਾਤ ਵਿਚ ਹੀ ਬਦਲ ਕੇ ਰੱਖ ਦਿੱਤਾ। ਦਰਿਆ ਵਲੋਂ ਆਉਂਦੇ ਠੰਢੇ-ਠਾਰ ਬੁੱਲਿਆਂ ਦੇ ਨਾਲ ਕਾਲੇ ਅਸਮਾਨ 'ਤੇ ਉਡਦੇ ਆ ਰਹੇ ਦੁੱਧ-ਚਿੱਟੇ ਬਗਲਿਆਂ ਨੇ ਮਾਨੋ ਭਾਰਾ ਮੀਂਹ ਆਉਣ ਦਾ 'ਸਿਗਨਲ' ਦੇ ਦਿੱਤਾ। ਘਰ ਦੇ ਸਿਆਣੇ ਜੀਅ ਨਾਲੇ ਤਾਂ ਮੰਜੇ-ਬਿਸਤਰੇ, ਪੱਠੇ-ਦੱਥੇ ਅਤੇ ਹੋਰ ਕਈ ਤਰ੍ਹਾਂ ਦਾ ਸੰਦ-ਸੰਦੇੜਾ ਚੁੱਕ ਚੁੱਕ ਅੰਦਰ ਰੱਖਣ ਲੱਗ ਪਏ ਨਾਲੇ ਹਫੜਾ-ਦਫੜੀ ਜਿਹੀ ਮਚਾਉਂਦਿਆਂ ਸਾਨੂੰ ਕੋਠੇ ਤੋਂ ਹੇਠਾਂ ਆ ਜਾਣ ਦੀਆਂ 'ਵਾਜਾਂ ਮਾਰਨ ਲੱਗ ਪਏ। ਹੁੱਬ ਹੁੱਬ ਕੇ, ਇੱਕ ਦੂਸਰੇ ਨਾਲ ਜ਼ਿਦ-ਜ਼ਿਦ ਕੇ ਬਣਾਏ ਹੋਏ 'ਸੋਹਣੇ ਘਰ' ਅੱਖ ਦੇ ਫੋਰ ਵਿਚ ਪੈਰਾਂ ਨਾਲ ਢਾਹ ਕੇ ਅਸੀਂ ਫੱਟੀ-ਬਸਤੇ ਕੱਛਾਂ 'ਚ ਸਾਂਭਦਿਆਂ ਹੇਠਾਂ ਆ ਗਏ। ਪਲਾਂ ਵਿਚ ਹੀ ਇਉਂ ਤਾਬੜ ਤੋੜ ਮੀਂਹ ਵਰਸਣਾ ਸ਼ੁਰੂ ਹੋ ਗਿਆ ਜਿਦਾਂ ਕਿਤੇ ਉਹ ਸਾਡੇ ਅੰਦਰ ਵੜ ਜਾਣ ਦੀ ਹੀ ਉਡੀਕ ਕਰ ਰਿਹਾ ਸੀ। ਵਿਹੜੇ ਵਿਚ ਬਣੇ ਹੋਏ ਚੁੱਲ੍ਹੇ-ਭੱਠੀਆਂ ਉੱਪਰ ਭੱਜ ਭੱਜ ਕੇ ਬੱਠਲ ਜਾਂ ਬਾਲਟੀਆਂ ਮੂਧੀਆਂ ਮਾਰਦੀ ਹੋਈ ਸਾਡੀ ਮਾਂ 'ਤੇ ਕਾਫੀ ਛਰਾਟਾ ਪੈ ਗਿਆ। ਕੋਠੇ ਦੀ ਛੱਤ ਉੱਪਰ ਪਏ ਇੱਟਾਂ-ਰੋੜਿਆਂ ਦੇ ਢੇਰ ਨਾਲ ਅਸੀਂ ਭਾਵੇਂ ਰੋਜ਼ਾਨਾ ਹੀ ਖੇਡਦੇ ਰਹਿੰਦੇ ਸਾਂ, ਪਰ ਉਸ ਦਿਨ ਸਾਨੂੰ ਪਤਾ ਨਹੀਂ ਕੀ ਖੜਕੀ! ਅਸੀਂ ਆਪਣੇ ਮਾਂ-ਬਾਪ ਨੂੰ ਪੁੱਛਣ ਲੱਗ ਪਏ ਕਿ ਸਾਡੇ ਕੋਠੇ ਤਾਂ ਸਾਰੇ ਕੱਚੇ ਹਨ, ਕਿਤੇ ਇੱਕ ਵੀ ਪੱਕੀ ਇੱਟ ਨਹੀਂ ਲੱਗੀ ਹੋਈ। ਫਿਰ ਸਾਡੀ ਛੱਤ ਉੱਤੇ ਇਹ ਇੱਟਾਂ-ਰੋੜੇ ਕਿੱਥੋਂ ਆ ਗਏ?

"ਓ ਪੁੱਤ,...ਇਹ ਉਨ੍ਹਾਂ ਚੰਦਰੇ ਦਿਨਾਂ ਦੀਆਂ ਗੱਲਾਂ...।" ਭਾਈਆ ਜੀ ਦੇ ਮੂੰਹੋਂ ਇੰਨਾ ਵਾਕ ਹੀ ਨਿਕਲਿਆ ਸੀ ਕਿ ਬਾਹਰੋਂ 'ਛੜੱਪ-ਛੜੱਪ' ਦੀ ਆਵਾਜ਼ ਆਈ। ਨਾਲ ਹੀ ਸਾਈਕਲ ਦੀ ਘੰਟੀ ਖੜਕੀ! ਛਤੜੇ ਵਿਚ ਸਾਈਕਲ ਖੜ੍ਹਾ ਕਰਕੇ, ਕਾਲੀ ਛਤਰੀ ਨੂੰ ਇਕੱਠੀ ਕਰਦਾ ਹੋਇਆ ਡਾਕੀਆ ਸੋਨਾ ਰਾਮ ਅੰਦਰ ਆ ਵੜਿਆ। ਆ ਜਾਓ ਬਾਬੂ ਜੀ...ਆਓ-ਆਓ! ਆਖਦਿਆਂ ਭਾਈਆ ਜੀ ਨੇ ਸਤਿਕਾਰ ਨਾਲ ਉਸ ਨੂੰ ਮੰਜੇ 'ਤੇ ਬਹਾਇਆ। ਨੁੱਚੜਦੀ ਛਤਰੀ ਦੀ ਮੁੱਠ ਦਰਵਾਜੇ ਦੇ ਕੁੰਡੇ ਨਾਲ ਟੰਗ ਕੇ ਉਸਨੇ ਆਪਣੀ ਸ਼ੇਵ ਕੀਤੀ ਹੋਈ ਗੱਲ ਤੋਂ ਲੈ ਕੇ ਠੋਡੀ ਤੱਕ ਉਂਗਲੀ ਫੇਰਦਿਆਂ ਗਿੱਲਾ ਹੋਇਆ ਮੂੰਹ ਸਾਫ ਕੀਤਾ। ਜੇਬ੍ਹ 'ਚੋਂ ਕਾਗਜ ਪੱਤਰ, ਪੈਨ ਬਟੂਆ ਕੱਢ ਕੇ ਮੇਜ ਉੱਪਰ ਟਿਕਾਇਆ। ਸਰਦਲ ਕੋਲ ਖੜ੍ਹ ਕੇ ਗਲ ਪਈ ਕਮੀਜ਼ ਦੇ ਦੋਵੇਂ ਪੱਲੇ ਨਚੋੜ ਕੇ ਛੰਡਕਾ ਮਾਰਿਆ। ਉਹ ਮੰਜੇ 'ਤੇ ਬੈਠ ਗਿਆ।

ਗੁੜ ਵਾਲੀ ਚਾਹ ਪਿੱਤਲ ਦੇ ਗਲਾਸਾਂ ਵਿਚ ਵਰਤਾਈ ਗਈ। ਵਾਧੂ ਚਾਹ ਦੀ ਗੜਵੀ ਕਰਕੇ ਛੋਟੇ ਮੇਜ ਉੱਪਰ ਰੱਖ ਦਿੱਤੀ ਗਈ। ਬਾਹਰ ਮੀਂਹ ਦੀ ਝੜੀ ਰੁਕਣ ਦਾ ਨਾਂ ਨਹੀਂ ਸੀ ਲੈ ਰਹੀ ਅਤੇ ਅੰਦਰ ਗੱਲਾਂ ਦੀ ਲੜੀ ਨਹੀਂ ਸੀ ਟੁੱਟ ਰਹੀ। ਸੋਨਾ ਰਾਮ ਨੇ ਹੀ ਠੰਢੇ ਹੋਏ ਹੱਥਾਂ ਨੂੰ ਚਾਹ ਵਾਲੇ ਗਰਮ ਗਲਾਸ ਨਾਲ ਨਿੱਘੇ ਕਰਦਿਆਂ ਗੱਲ ਤੋਰੀ- "ਕਿੰਝ ਦੀਆਂ ਗੱਲਾਂ ਕਰੇਂਦੇ ਪਏ ਸਾਓ ਗਿਆਨੀ ਜੀ?" ਡਾਕੀਏ ਦੇ ਅੰਦਰ ਆਉਣ ਤੋਂ ਪਹਿਲਾਂ ਸ਼ੁਰੂ ਹੋਈ 'ਚੰਦਰੇ ਦਿਨਾਂ' ਦੀ ਗੱਲ ਪੂਰੀ ਕਰਦਿਆਂ ਭਾਈਆ ਜੀ ਨੇ ਦੱਸਿਆ ਕਿ ਸੰਨ ਸੰਤਾਲੀ ਦੇ ਰੌਲਿਆਂ ਵੇਲੇ ਜਦ ਚਾਰੇ ਤਰਫ ਕਤਲੋਗਾਰਤ ਮਚੀ ਹੋਈ ਸੀ ਤਾਂ ਕਿਸੇ ਸੰਭਾਵੀ ਖਤਰੇ ਨਾਲ ਨਜਿੱਠਣ ਲਈ ਘਰੋ ਘਰੀਂ ਕਿਰਪਾਨਾਂ, ਬਰਛੇ, ਟਕੂਏ ਵਗੈਰਾ ਹਥਿਆਰ ਤਿਆਰ ਕਰਕੇ ਰੱਖੇ ਗਏ ਸਨ। ਸੁਆਣੀਆਂ, ਨੌਜਵਾਨ ਕੁੜੀਆਂ ਅਤੇ ਬੱਚਿਆਂ ਨੂੰ ਇਹ ਸਿਖਾਇਆ ਗਿਆ ਸੀ ਕਿ ਉਹ ਹੱਲਾ ਹੋਣ ਦੀ ਸੂਰਤ ਵਿਚ ਝੱਟਪੱਟ ਕੋਠਿਆਂ 'ਤੇ ਚੜ੍ਹ ਜਾਣ। ਗਲੀਆਂ ਵਿਹੜਿਆਂ ਵਿਚ ਆਏ ਬੁਰਛਾਗਰਦਾਂ ਨੂੰ ਨਿਸ਼ਾਨਾ ਬਣਾਉਣ ਲਈ ਕੋਠਿਆਂ ਉੱਪਰ ਇੱਟਾਂ-ਰੋੜੇ ਜਮ੍ਹਾਂ ਕੀਤੇ ਗਏ ਸਨ।

ਬਾਹਰ ਜ਼ੋਰਦਾਰ ਮੀਂਹ ਦੇ ਨਾਲ ਨਾਲ ਬੱਦਲਾਂ ਦੀ ਭਿਆਨਕ ਗੜ-ਗੜਾਹਟ ਹੋਰ ਤਿੱਖੀ ਹੋ ਗਈ। ਫਿਰ ਸਾਡੀ ਬੀਬੀ ਨੇ ਸਰਗੋਧੇ ਜ਼ਿਲ੍ਹੇ ਦੇ ਸਿੱਖਾਂ ਵਾਲੇ 'ਟੇਸ਼ਨ ਤੋਂ ਚੱਲੇ ਕਾਫਲੇ ਦੀ ਗਾਥਾ ਸ਼ੁਰੂ ਕਰ ਲਈ। ਜਿਸ ਕਾਫਲੇ ਦੇ ਗੱਡਿਆਂ ਵਿਚ ਲੱਦੇ ਹੋਏ ਸਮਾਨ ਦੀਆਂ ਤਹਿਾਂ 'ਚ ਸਾਡੀਆਂ ਮਾਸੀਆਂ ਤੇ ਮਾਮੇ ਲੁਕਾ ਕੇ ਇੱਧਰ ਲਿਆਂਦੇ ਗਏ ਸਨ।

ਉਨੀ ਚੱਕ ਤੋਂ ਉੱਠ ਕੇ ਪੰਜਾਬ ਆਏ ਸਾਡੇ ਨਾਨਕਾ ਪਰਿਵਾਰ ਦਾ ਜਾਨੀ ਨੁਕਸਾਨ ਤਾਂ ਭਾਵੇਂ ਕੋਈ ਨਹੀਂ ਸੀ ਹੋਇਆ ਲੇਕਿਨ ਬੀਬੀ ਮੂੰਹੋਂ ਰਾਹ ਦੇ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੇ ਦਰਦਨਾਕ ਦ੍ਰਿਸ਼ਾਂ ਦਾ ਵਰਨਣ ਸੁਣ ਸੁਣ ਕੇ ਅਸੀਂ ਡਰ ਸਹਿਮ ਨਾਲ ਸੁੰਗੜੇ ਹੋਏ ਸਾਹ ਰੋਕ ਕੇ ਗੱਲਾਂ ਸੁਣ ਰਹੇ ਸਾਂ।

ਸਾਡੇ ਪਿੰਡ ਦੇ ਬਾਹਰ ਵਾਰ ਸੋਢੀਆਂ ਦੇ ਬਾਗ ਵਿਚ ਹੋਇਆ ਵਾਕਿਆ, ਭਾਈਆ ਜੀ ਦੀ ਜ਼ੁਬਾਨੀ ਸੁਣਦਿਆਂ ਸਾਡੇ ਮੂੰਹ ਖੁੱਲ੍ਹੇ ਰਹਿ ਗਏ। ਭੁੱਲੀ ਭਟਕੀ ਕਿਸੇ ਮੁਸਲਮਾਨ ਖੂਬਸੂਰਤ ਜਵਾਨ ਕੁੜੀ ਦੀ ਇੱਕ ਸਈਅਲ ਜਿਹੇ ਬੁੱਢੇ ਛੜੇ ਨੂੰ ਬਾਂਹ ਫੜਾਉਂਦਿਆਂ ਹੁਕਮ ਕੀਤਾ ਗਿਆ ਕਿ ਉਹ ਉਸ ਬੁੱਢੇ ਦੇ ਘਰ ਵੱਸਣ ਦੀ ਹਾਂ ਕਰੇ। ਨਹੀਂ ਤਾਂ ਨੰਗੀ ਕਿਰਪਾਨ ਲਈ ਖੜ੍ਹੇ...ਸਿੰਘ ਕੋਲੋਂ ਗਰਦਨ ਕਟਾਉਣ ਲਈ ਤਿਆਰ ਰਹੇ। ਕਹਿੰਦੇ ਉਸ ਗੋਰੀ ਨਿਛੋਹ ਮੁਟਿਆਰ ਨੇ ਕਿਰਪਾਨ ਫੜੀ ਖੜ੍ਹੇ ਕਸਾਈ ਮੋਹਰੇ ਧੌਣ ਝੁਕਾ ਦਿੱਤੀ। ਉਸ ਜ਼ਾਲਮ ਨੇ ਬਦਨਸੀਬ ਕੁੜੀ ਦਾ ਸਿਰ ਲਾਹ ਕੇ ਔਹ ਮਾਰਿਆ!

ਇਹ ਤਾਂ ਰੌਲਿਆਂ ਦੇ ਦਿਨਾਂ ਵਿਚ ਦੂਸਰਿਆਂ ਨਾਲ ਹੋਈਆਂ ਬੀਤੀਆਂ ਘਟਨਾਵਾਂ ਦੇ ਹੌਲਨਾਕ ਵੇਰਵੇ ਸਨ, ਪਰ ਜਿਹੜੀ ਖੂਨੀ ਹੱਡਬੀਤੀ ਸੋਨਾ ਰਾਮ ਡਾਕੀਏ ਨੇ ਸੁਣਾਈ, ਉਸਨੇ ਸਾਨੂੰ ਸਾਰਿਆਂ ਨੂੰ ਰੁਆ ਦਿੱਤਾ। ਸੋਨਾ ਰਾਮ ਸਿੰਧ ਸੂਬੇ ਵਿਚ ਵੀ ਡਾਕ ਵੰਡਣ ਦੀ ਹੀ ਨੌਕਰੀ ਕਰਦਾ ਸੀ। ਹਿੰਦੂਆਂ-ਸਿੱਖਾਂ-ਮੁਸਲਮਾਨਾਂ ਦੀ ਆਪਸ ਵਿਚ ਤਣਾ-ਤਣੀ ਚੱਲ ਹੀ ਰਹੀ ਸੀ। ਇੱਕਾ-ਦੁੱਕਾ ਘਟਨਾਵਾਂ ਵਾਪਰੀਆਂ ਵੀ ਸਨ, ਪਰ ਕੋਈ ਦਰਿੰਦਾ ਚੁੱਪ-ਚੁਪੀਤੇ ਅਜਿਹਾ ਕਾਰਾ ਵੀ ਕਰ ਦੇਵੇਗਾ? ਇਸ ਦੀ ਕਿਸੇ ਨੂੰ ਆਸ ਨਹੀਂ ਸੀ। ਰੋਜ਼ ਦੀ ਤਰ੍ਹਾਂ ਸੋਨਾ ਰਾਮ ਆਪਣੇ ਇਲਾਕੇ ਵਿਚ ਡਾਕ ਵੰਡ ਕੇ ਦੁਪਹਿਰੋਂ ਬਾਅਦ ਘਰੇ ਪਰਤ ਆਇਆ। ਡਿਉਟੀ ਦੇ ਖੁੱਲ੍ਹੇ ਪਏ ਦਰਵਾਜੇ ਰਾਹੀਂ ਉਹ ਅੰਦਰ ਚਲਾ ਗਿਆ। ਅੰਦਰ ਬਣੇ ਵੱਡੇ ਕਮਰੇ ਦੇ ਦਰਵਾਜ਼ੇ ਦਾ ਬਾਹਰਲਾ ਕੁੰਡਾ ਅੜਿਆ ਹੋਇਆ ਸੀ। ਆਪਣੀ ਪਤਨੀ, ਜਵਾਨ ਧੀਆਂ ਅਤੇ ਛੋਟੇ ਪੁੱਤਰਾਂ ਦੀ ਗੈਰ ਮੌਜੂਦਗੀ ਨੇ ਸੋਨਾ ਰਾਮ ਦੇ ਦਿਲ ਨੂੰ ਧੂੜਕੂ ਲਾ ਦਿੱਤਾ। ਦਰਵਾਜ਼ੇ ਦਾ ਕੁੰਡਾ ਖੋਲ੍ਹਣ ਦੀ ਥਾਂ ਉਸਨੇ ਖੁਲ੍ਹੀ ਪਈ ਇਕ ਤਾਕੀ ਥਾਣੀਂ ਅੰਦਰ ਨੂੰ ਝਾਕਿਆ। ਸੰਦੂਕ, ਬਕਸੇ, ਚਾਟੀਆਂ, ਭੜੋਲੇ ਸਭ ਚੌੜ ਚੱਪਟ ਖੁੱਲ੍ਹੇ ਪਏ ਸਨ। ਅੰਦਰ ਖੂਨ ਦੇ ਛੱਪੜ ਲੱਗੇ ਹੋਏ ਸਨ। ਉਸ ਦੀ ਪਤਨੀ ਦਾ ਸਿਰ ਕਿਤੇ, ਧੜ ਕਿਤੇ!! ਧੀਆਂ ਪੁੱਤਰਾਂ ਦੀਆਂ ਅੱਧ-ਨੰਗੀਆਂ ਲਾਸ਼ਾਂ ਇਉਂ ਖਿਲਰੀਆਂ ਪਈਆਂ ਸਨ ਜਿਵੇਂ ਇੱਥੇ ਕੋਈ ਭਿਆਨਕ ਜੰਗ ਹੋਈ ਹੋਵੇ!!! ਖੂਨ-ਮਿੱਝ ਦੇ ਗਾਰੇ ਵਿਚ ਉਸ ਦਾ ਜੀਆ-ਜੰਤ ਗੜੁੱਚ ਹੋਇਆ ਪਿਆ ਸੀ।

"ਕੇਡਾ ਚੰਗਾ ਹੋਂਦਾ, ਮੈਨੂੰ ਵੀ ਕੋਈ ਓਥੇ ਈ ਵੱਢ ਧਰਦਾ!" ਬੜੀ ਮੁਸ਼ਕਿਲ ਨਾਲ ਉਹਦੇ ਗਲੇ ਵਿਚੋਂ ਇਹ ਵਾਕ ਨਿਕਲਿਆ।

ਉਨ੍ਹਾਂ ਹੀ ਦਿਨਾਂ ਵਿਚ ਅਸੀਂ ਆਪਣੇ ਸਲੇਬਸ ਵਿਚ ਲੱਗੀ ਪੰਜਾਬੀ ਦੀ ਕਿਤਾਬ ਵਿਚ ਕੁਲਵੰਤ ਸਿੰਘ 'ਵਿਰਕ' ਦੀ ਮਾਰਮਿਕ ਕਹਾਣੀ 'ਧਰਤੀ ਹੇਠਲਾ ਬਲਦ' ਪੜ੍ਹੀ ਸੀ ਜਿਸ ਵਿਚ ਇਕ ਐਸੇ ਸਿਦਕੀ ਬਾਪ ਨੂੰ ਦਰਸਾਇਆ ਗਿਆ ਹੈ ਜੋ ਆਪਣੇ ਸ਼ਹੀਦ ਹੋ ਚੁੱਕੇ ਫੌਜੀ ਪੁੱਤਰ ਦੀ ਖਬਰ, ਆਪਣੇ ਪੁੱਤ ਦੇ ਹੀ ਛੁੱਟੀ ਕਟਣ ਆਏ ਹੋਏ ਇਕ ਫੌਜੀ ਮਿੱਤਰ ਤੋਂ ਇਸੇ ਕਰਕੇ ਲੁਕਾਈ ਰੱਖਦਾ ਹੈ, ਮਤਾਂ ਉਸ ਦੀ ਛੁੱਟੀ ਦਾ ਮਜ਼ਾ ਕਿਰਕਿਰਾ ਨਾ ਹੋ ਜਾਏ! ਕਹਾਣੀਕਾਰ ਵਿਰਕ, ਉਸ ਬਜ਼ੁਰਗ ਦੀ ਤੁਲਨਾ, ਧਰਤੀ ਹੇਠਲੇ ਬਲਦ ਨਾਲ ਕਰਦਾ ਹੈ ਜੋ ਮਿੱਥ ਅਨੁਸਾਰ ਪ੍ਰਿਥਵੀ ਨੂੰ ਆਪਣੇ ਸਿੰਗ 'ਤੇ ਚੁੱਕੀ ਖੜ੍ਹਾ ਹੈ। ਰਿਟਾਇਰਮੈਂਟ ਤੱਕ ਸੋਨਾ ਰਾਮ ਡਾਕੀਆ ਸਾਡੇ ਪਿੰਡਾਂ ਵਿਚ ਡਾਕ ਵੰਡਦਾ ਰਿਹਾ। ਉਸਦੀ ਦਰਦ-ਕਹਾਣੀ ਸੁਣਨ ਤੋਂ ਬਾਅਦ ਜਦ ਵੀ ਉਹ ਸਾਨੂੰ ਕਿਤੇ ਨਜ਼ਰੀ ਪੈਂਦਾ, ਤਾਂ ਅਸੀਂ ਮਨ ਹੀ ਮਨ ਸੋਚਦੇ ਕਿ ਵਿਰਕ ਦੀ ਕਹਾਣੀ ਵਿਚਲੇ ਹਠੀਏ ਬਾਪੂ ਵਾਂਗ ਸੋਨਾ ਰਾਮ ਵੀ ਧਰਤੀ ਹੇਠਲਾ ਇਕ ਬਲਦ ਹੀ ਹੈ!

# ਮੱਠਿਆਂ ਦੇ ਲੱਦ ਗਏ ਜ਼ਮਾਨੇ, ਭੰਬੀਰੀ ਵਾਂਗ ਘੁੰਮਦੀ ਨਵੇਲੀ ਦੁਨੀਆਂ

**ਸੁਖਵਿੰਦਰ ਕੌਰ ਖੋਸਾ**

ਅੱਜ ਦੇ ਮਨੁੱਖ ਨੇ ਜਿੰਨੀ ਕਾਹਲੀ ਮਚਾਈ ਹੋਈ ਹੈ, ਲੱਗਦਾ ਹੈ ਕਿ 'ਸਹਿਜ ਪੱਕੇ ਸੋ ਮੀਠਾ ਹੋਏ' ਵਾਲੀ ਕਹਾਵਤ ਤਾਂ ਬਹੁਤ ਹੀ ਪਿਛਾਂਹ ਧੱਕ ਦਿੱਤੀ ਗਈ ਹੈ। ਹੜਬੜੀ ਦਾ ਰੂਪ ਲੈ ਚੁੱਕੀ ਇਸ ਕਾਹਲ ਨੇ ਬੜੇ ਨੁਕਸਾਨ ਕਰਵਾਏ ਹਨ, ਸੜਕਾਂ 'ਤੇ ਵਾਹਨ ਭਜਾ ਕੇ ਇਕ-ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਨਾਲ ਪਰਿਵਾਰ ਦੇ ਪਰਿਵਾਰ ਮੌਤ ਦੇ ਮੂੰਹ ਚਲੇ ਗਏ ਨੇ। ਅੱਜ ਕਲ੍ਹ ਛੋਟੇ ਪਰਿਵਾਰ ਹਨ। ਘਰ ਦੀ ਗੱਡੀ ਦਾ ਫਾਇਦਾ ਲੈ ਕੇ ਸਾਰਾ ਪਰਿਵਾਰ ਬੈਠ ਜਾਂਦਾ ਹੈ ਤੇ ਕਈ ਵਾਰੀ ਇਹ ਤੇਜ਼ ਰਫਤਾਰੀ ਸਾਰਿਆਂ ਨੂੰ ਹੀ ਨਿਗਲ ਲੈਂਦੀ ਹੈ। 'ਤੇਜ਼ ਰਫਤਾਰੀ ਮੌਤ ਦੀ ਤਿਆਰੀ' ਵਾਲੇ ਸੜਕ 'ਤੇ ਲੱਗੇ ਚੇਤਾਵਨੀ ਬੋਰਡਾਂ ਨੂੰ ਇਹ ਮਨਚਲੇ ਮਖੌਲਾਂ ਕਰਕੇ ਕੋਲੋਂ ਲੰਘਦਿਆਂ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੂੰ ਕੋਈ ਅਗਲਾ-ਪਿਛਲਾ ਉਡੀਕ ਵੀ ਰਿਹਾ ਹੈ। ਨੌਜਵਾਨਾਂ ਅੰਦਰ ਵਿਦੇਸ਼ ਜਾਣ ਦੀ ਕਾਹਲ ਨੇ ਸਹਿਜ ਮਤੇ ਚੱਲਣ ਵਾਲੇ ਮਾਂ-ਬਾਪ ਦੀਆਂ ਜ਼ਮੀਨਾਂ ਗਿਰਵੀ ਕਰਵਾ ਕੇ, ਵਿਕਵਾ ਕੇ ਟਰੈਵਲ ਏਜੰਟਾਂ ਦੇ ਘਰ ਭਰ ਦਿੱਤੇ ਹਨ। ਸੋਨੇ ਵਰਗੀ ਜ਼ਮੀਨ ਵੇਚ ਕੇ ਇਹ ਨੌਜਵਾਨ ਜਹਾਜ਼ੇ ਚੜ੍ਹਨ ਦੀ ਕਾਹਲ 'ਚ ਹੁੰਦੇ ਹਨ। ਪਰ ਇਹ ਜਹਾਜ਼ ਉਨ੍ਹਾਂ ਨੂੰ ਜਿੱਥੇ ਜਾ ਕੇ ਉਤਾਰਦਾ ਹੈ, ਉੱਥੇ ਜਾਂ ਤਾਂ ਖੱਜਲ ਖੁਆਰੀ ਦੇ ਹਨ੍ਹੇਰੇ ਖੂਹ ਹੁੰਦੇ ਹਨ ਜਾਂ ਫਿਰ ਜੇਲ੍ਹਾਂ, ਜਿੱਥੋਂ ਸਾਲਾਂਬੱਧੀ ਉਹ ਬਾਹਰ ਨਹੀਂ ਨਿਕਲ ਸਕਦੇ।

ਧੀਆਂ ਦੇ ਰਿਸ਼ਤੇ ਵਿਦੇਸ਼ੀ ਲਾੜਿਆਂ ਨਾਲ ਕਰਨ ਦੀ ਕਾਹਲ ਨੇ ਸੈਂਕੜੇ ਮੁਟਿਆਰਾਂ ਦੀ ਜ਼ਿੰਦਗੀ ਨਰਕ ਬਣਾ ਛੱਡੀ ਹੈ। ਰਿਸ਼ਤਾ ਕਰਨ ਵੇਲੇ ਇਕੋ ਰੱਟ ਹੁੰਦੀ ਹੈ ਕਿ ਮੁੰਡਾ ਥੋੜ੍ਹੇ ਦਿਨਾਂ ਲਈ ਇੰਡੀਆ ਆਇਆ ਹੈ। ਫਿਰ ਬੱਸ ਛੇਤੀ-ਛੇਤੀ ਬਿਨਾਂ ਅੱਗਾ-ਪਿੱਛਾ ਪੜਤਾਲਿਆਂ ਇਹੋ ਜਿਹੇ ਲਾੜੇ ਨਾਲ ਵਿਦੇਸ਼ ਜਾ ਵੱਸਣ ਦੀ ਲਾਲਸਾ ਵਿਚ ਕਾਹਲੀ ਕਰਕੇ ਕੂੰਜ ਵਰਗੀ ਮੁਟਿਆਰ ਧੀ ਨੂੰ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਮਗਰੋਂ ਪਤਾ ਲੱਗਦਾ ਹੈ ਕਿ ਉਹ ਤਾਂ ਦੁਹਾਜੂ ਹੈ ਤੇ ਦੋ-ਤਿੰਨ ਬੱਚਿਆਂ ਦਾ ਬਾਪ ਹੈ।

ਕਾਹਲੀ ਨੂੰ ਹਮੇਸ਼ਾ ਮੁਸੀਬਤ ਜਾਂ ਔਖੇ ਸਮੇਂ ਨਾਲ ਜੋੜ ਕੇ ਵੇਖਿਆ ਜਾਂਦਾ ਸੀ। ਇਥੋਂ ਤਕ ਕਿ ਕਾਹਲੀ ਨਾਲ ਚੱਲਦੇ ਕਿਸੇ ਵਿਅਕਤੀ ਨੂੰ ਵੇਖ ਕੇ ਸਮਝਿਆ ਜਾਂਦਾ ਸੀ ਕਿ ਉਹ ਜ਼ਰੂਰ ਕਿਸੇ ਮੁਸੀਬਤ ਵਿਚ ਹੈ ਨਹੀਂ ਤਾਂ ਉਹ ਸਹਿਜ ਮਤੇ ਤੁਰਦਾ। ਪਰ ਜੇ ਕਿਸੇ ਨੂੰ ਸੁਭੈਕੀ ਕਾਹਲੀ ਕਾਹਲੀ ਤੁਰਨ ਦੀ ਆਦਤ ਹੋਵੇ ਤਾਂ ਦੇਖਣ ਵਾਲੇ ਉਸ ਨੂੰ ਮਖੌਲਾਂ ਕਰਦੇ, "ਦੇਖ ਕਿਵੇਂ ਸ਼ੂਟ ਵੱਟੀ ਜਾਂਦਾ, ਜਿਵੇਂ ਕਿਤੇ ਅੱਗ ਲੱਗੀ ਹੋਵੇ"। ਕਈ ਵਾਰ ਮੂੰਹ ਫੱਟ ਆਖ ਦਿੰਦੇ, "ਕਿਉਂ, ਅੱਗ ਬੁਝਾਉਣ ਚੱਲਿਐਂ?"

ਕਾਹਲੀ ਨੂੰ ਇਸ ਹੱਦ ਤਕ ਬੁਰਾ ਸਮਝਣ ਵਾਲਿਆਂ ਦਾ ਆਪਣਾ ਹਾਲ ਇਹ ਹੋ ਚੁੱਕਿਆ ਹੁੰਦਾ ਹੈ ਕਿ ਉਹ ਘੋਲੀ ਜਿਹੇ ਬਣ ਜਾਂਦੇ ਹਨ। ਕੋਈ ਵੀ ਕੰਮ ਕਰਨ ਵੇਲੇ ਇਹ ਆਖ ਦੇਣਾ, "ਚਲੋ ਕੀ ਕਾਹਲੀ ਐ?" ਨਤੀਜਾ ਇਹ ਹੁੰਦਾ ਹੈ ਕਿ ਇਸ ਤਰ੍ਹਾਂ ਦੀ ਮਾਨਸਿਕਤਾ ਵਾਲਿਆਂ ਦੇ ਜ਼ਿਆਦਾਤਰ ਕੰਮ ਲਟਕੇ ਹੀ ਰਹਿੰਦੇ ਹਨ। ਅੱਜ ਕਲ੍ਹ-ਅੱਜ ਕਲ੍ਹ ਕਰਦਿਆਂ ਕਈਆਂ ਮੁੰਡਿਆਂ ਕੁੜੀਆਂ ਦੇ ਰਿਸ਼ਤੇ ਵੀ ਹੱਥਾਂ 'ਚੋਂ ਨਿਕਲ ਜਾਂਦੇ ਹਨ। ਘੋਲੀ ਬੰਦੇ ਦੇ ਪਹਿਲਾਂ ਇਕ ਦੂਜੇ ਨੂੰ ਆਖਦੇ 'ਏਨੀ ਕੀ ਕਾਹਲ ਐ?' ਬਾਅਦ ਵਿਚ ਗੱਲ ਹੱਥੋਂ ਨਿਕਲ ਗਈ ਵੇਖ ਕੇ ਕੋਈ ਜ਼ਮਾਨਾਸਾਜ਼ ਉਨ੍ਹਾਂ ਨੂੰ ਸਤਾਉਂਦਾ, ਭਾਈ ਇਹੋ ਜਿਹੇ ਕੇਸਾਂ 'ਚ ਦੇਰੀ ਨਹੀਂ ਕਰੀਦੀ।"

ਅੱਜ ਕਲ੍ਹ ਬੱਸਾਂ ਵਿਚ ਸਫਰ ਕਰਨ ਵੇਲੇ ਹਰ ਕੋਈ ਚਾਹੁੰਦਾ ਹੈ ਕਿ ਉਸ ਨੂੰ 'ਨਾਨ ਸਟਾਪ' ਬੱਸ ਹੀ ਮਿਲੇ। ਇਹ ਸੋਚ ਕੇ ਮੈਨੂੰ ਆਪਣੀ ਲਿੰਕ ਰੋਡ 'ਤੇ ਚਲਦੀ ਬੱਸ ਦਾ ਡਰਾਈਵਰ ਚੇਤੇ ਆ ਜਾਂਦਾ ਹੈ, ਜਿਹੜਾ ਕਦੇ ਵੀ ਕਾਹਲੀ ਨਹੀਂ ਕਰਦਾ। 'ਵਾਜਾਂ ਮਾਰ ਮਾਰ ਕੇ ਸਵਾਰੀਆਂ ਬਿਠਾਉਂਦਾ ਤੇ ਭੱਜੀ ਆਉਂਦੀ ਸਵਾਰੀ ਨੂੰ ਲਿਜਾਣ ਖਾਤਰ ਮਿੰਟ-ਦੋ ਮਿੰਟ ਬੱਸ ਬੰਦ ਵੀ ਕਰ ਦਿੰਦਾ। ਇਥੋਂ ਤਕ ਕਿ ਗਰਮੀਆਂ ਵਿਚ ਕਿਸੇ ਨਲਕੇ ਕੋਲ ਬੱਸ ਖੜ੍ਹੇ ਕਰਕੇ ਨਿੱਕੇ ਨਿਆਣੇ ਦੀ ਪਿਆਸ ਬੁਝਾਉਣ ਵਿਚ ਮਦਦ ਵੀ ਕਰਦਾ। ਜੇਕਰ ਕਿਸੇ ਨੂੰ ਕਾਹਲ ਵੀ ਹੁੰਦੀ, ਛੇਤੀ ਪਹੁੰਚਣ ਦੀ ਤੇ ਯਾਰ ਤੇਜ਼ ਵੀ ਕਰਲੈ, ਅਸੀਂ ਵੀ ਤਣ ਪੱਤਣ ਲੱਗਣਾ, ਤੇ ਉਹ ਕਹਿੰਦਾ, "ਬਾਈ ਏਨੀ ਕਾਹਲ ਸੀ ਤਾਂ ਕਾਰ ਕਰ ਲੈਂਦਾ।"

ਤਕਰੀਬਨ ਚਾਲੀਆਂ ਦੀ ਜਮਾਤ ਵਿਚ ਅਸੀਂ 15 ਕੁ ਕੁੜੀਆਂ ਸਾਂ। ਜਦ ਵੀ ਅੰਗਰੇਜ਼ੀ ਵਾਲੀ ਅਧਿਆਪਕ ਕਾਪੀਆਂ ਇਕੱਠੀਆਂ ਕਰਨ ਨੂੰ ਕਹਿੰਦੀ ਤਾਂ ਸੀਮਾ ਗਰਗ, ਜੋ ਮਨੀਟਰ ਸੀ, ਕਾਪੀਆਂ ਇਕੱਠੀਆਂ ਕਰਨ ਲੱਗ ਪੈਂਦੀ। ਕੰਮ ਨਾ ਕਰਕੇ ਆਉਣ ਵਾਲੀਆਂ ਕੁੜੀਆਂ ਨੂੰ ਛੱਡ ਕੇ ਹਰ ਇਕ ਕੁੜੀ ਨੂੰ ਹੁੰਦਾ ਸੀ ਕਿ ਉਸ ਦੀ ਕਾਪੀ ਉਪਰ ਆਵੇ ਤੇ ਪਹਿਲਾਂ ਚੈਕ ਹੋਵੇ। ਪੰਮੀ, ਜੋ ਕਿ ਬਹੁਤ ਹੀ ਸਹਿਜ ਸੁਭਾਅ ਤੇ ਠੰਢੇ ਮਤ ਦੀ ਸੀ, ਕਾਪੀ ਸਭ ਤੋਂ ਪਹਿਲਾਂ ਰੱਖ ਦਿੰਦੀ ਪਰ ਉਸ ਦੀ ਕਾਪੀ ਸਭ ਤੋਂ ਬਾਅਦ 'ਚ ਚੈਕ ਹੁੰਦੀ। ਉਸ ਨੇ ਇਕ ਦਿਨ ਗੱਲ ਸੁਣਾਈ ਕਿ ਗਾਂ ਅਤੇ ਵੱਛੀ ਨੂੰ ਅੰਦਰੀਂ ਛਤੜੇ ਅੰਦਰ ਕਰਨ ਦੀ ਵਾਰੀ ਉਸ ਦੀ ਸੀ, ਅਗੋਂ ਉਸ ਦੇ ਭਰਾ ਦੀ ਹੁੰਦੀ ਸੀ। ਇਕ ਦਿਨ ਉਹ ਬੰਨ੍ਹਦੀ ਤੇ ਇਕ ਦਿਨ ਉਸ ਦਾ ਭਰਾ। ਇਕ ਦਿਨ ਪੰਮੀ ਨੇ ਰੋਟੀ ਬਿਸਤਰੇ 'ਚ ਹੀ ਖਾਧੀ ਅਤੇ ਕੁਝ ਚਿਰ ਲੇਟਾ ਮਾਰਨ ਰਜ਼ਾਈ ਵਿਚ ਪੈ ਗਈ। ਘੌਲ ਕਰਨ ਲੱਗੀ ਉਠਦੀ ਹਾਂ, ਗਾਂ ਤੇ ਵੱਛੀ ਨੂੰ ਅੰਦਰ ਕਰਦੀ ਹਾਂ ਪਰ ਇੰਝ ਹੀ ਪਈ ਰਹੀ। ਨਾ ਨੀਂਦ ਆਵੇ, ਬਿਨਾਂ ਗਾਂ ਵੱਛੀ ਨੂੰ ਅੰਦਰ ਕੀਤਿਆਂ। ਸੌਂ ਵੀ ਕਿਵੇਂ ਸਕਦੀ ਸੀ। ਰਾਤ ਦੇ ਪਹਿਰ ਵਧੀ ਜਾਣ। ਬਸ ਉਠਣ ਦੀ ਘੌਲ, ਦੋ ਘੰਟੇ ਇਸੇ ਕਸ਼ਮਕਸ਼ 'ਚ ਬੀਤ ਗਏ। ਮਾਂ ਨੂੰ ਜਾਗ ਆਈ ਤਾਂ ਬੋਲੀ, "ਕੁੜੇ ਗਾਂ-ਵੱਛੀ ਅੰਦਰ ਨਹੀਂ ਕੀਤੀਆਂ'।" ਦੋ ਘੰਟਿਆਂ 'ਚ ਸੋਚੀਂ ਪਾਉਣ ਵਾਲਾ ਕੰਮ ਮਾਂ ਨੇ ਦੋ ਮਿੰਟਾਂ 'ਚ ਕਰਵਾ ਦਿੱਤਾ।

ਹੁਣ ਤਾਂ ਲੱਗਦਾ ਸਹਿਜ ਦਾ ਜ਼ਮਾਨਾ ਹੀ ਨਹੀਂ ਰਿਹਾ। ਕਾਹਲੀ ਅੱਗੇ ਬੇਸ਼ੱਕ ਟੋਏ ਹੀ ਕਿਉਂ ਨਾ ਹੋਣ, ਹੁਣ ਤਾਂ ਕਾਹਲੀ ਕਰਨ ਵਾਸਤੇ ਹੀ ਜ਼ੋਰ ਪਾਇਆ ਜਾਂਦਾ ਹੈ। ਸੜਕਾਂ 'ਤੇ ਤੁਸੀਂ ਵਾਹਨ ਹੌਲੀ ਚਲਾ ਕੇ ਵੇਖੋ, ਪਿੱਛੋਂ ਤੇਜ਼ ਰਫਤਾਰੀਏ ਹਾਰਨ ਵਜਾ-ਵਜਾ ਕੇ ਤੁਹਾਡੀ ਜਾਨ ਲੈਣੀ ਕਰ ਦੇਣਗੇ। ਹੁਣ ਤਾਂ ਲੱਗਦਾ, ਕਈ ਦੁਰਘਟਨਾਵਾਂ ਸਹੀ ਤੇ ਸੁਸਤ ਰਫਤਾਰ ਵਾਹਨ ਕਾਰਨ ਵੀ ਹੁੰਦੀਆਂ ਹਨ। ਚਲੋ, ਸਾਡੇ ਤਾਂ ਸੜਕਾਂ ਹੀ ਖਸਤਾ ਹਾਲ ਹਨ, ਪਰ ਸੁਣੀਦਾ ਹੈ ਕਿ ਬਾਹਰਲੇ ਮੁਲਕਾਂ ਵਿਚ ਇਕ ਨਿਸ਼ਚਿਤ ਰਫਤਾਰ ਤੋਂ ਘੱਟ ਤੁਸੀਂ ਆਪਣਾ ਵਾਹਨ ਚਲਾ ਹੀ ਨਹੀਂ ਸਕਦੇ। ਕਾਹਲੀ ਜੀਵਨ ਜਾਚ ਬਣ ਗਈ ਹੈ। ਸਾਵਧਾਨੀਆਂ ਤਾਂ ਵਰਤਣੀਆਂ ਹੀ ਪੈਣਗੀਆਂ ਪਰ ਸਹਿਜ ਵਿਚ ਚੱਲ ਰਹੇ ਉਨ੍ਹਾਂ ਲੋਕਾਂ ਨੂੰ ਵੀ ਨਾਲ ਲੈ ਕੇ ਚੱਲਣ ਦੀ ਲੋੜ ਹੋਵੇਗੀ, ਜਿਹੜੇ ਭੀੜ ਭੜੱਕੇ ਵਾਲੀ ਸੜਕ ਪਾਰ ਕਰਨ ਖੁਣੋਂ ਕਈ ਤਾਂ ਇਹ ਸੋਚ ਕੇ ਘਰ ਨੂੰ ਮੁੜ ਆਉਂਦੇ ਹਨ ਕਿ ਉੱਥੇ ਤਾਂ ਲੋਕਾਂ ਨੂੰ ਭਾਜੜ ਪੈ ਗਈ ਹੈ।

ੴ ਸਤਿਗੁਰ ਪ੍ਰਸਾਦਿ

# ਗੁਰੂ ਘਰ ਦੇ ਨਵੇਂ ਉਸਾਰੀ ਪ੍ਰਾਜੈਕਟ ਲਈ ਰੈਫਰੈਂਡਮ

## 21 ਫਰਵਰੀ, 2010-ਸਵੇਰੇ 8 ਵਜੇ ਤੋਂ 4 ਵਜੇ ਤੱਕ




# ਅਪੀਲ

ਗੁਰਦੁਆਰਾ ਪੈਲਾਟਾਈਨ ਦੀ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਗੁਰੂ ਮਹਾਰਾਜ ਦੀ ਮਿਹਰ ਨਾਲ ਗੁਰੂ ਘਰ ਵਿਚ ਸੁੱਖ-ਆਸਨ ਅਸਥਾਨ, ਅਖੰਡ ਪਾਠ ਲਈ ਇਕ ਕਮਰਾ, ਇਕ ਛੋਟਾ ਦੀਵਾਨ ਹਾਲ ਅਤੇ ਗੁਰੂ ਘਰ ਦੀ ਪਹਿਚਾਣ ਗੁੰਬਦ ਆਦਿ ਬਣਾਉਣ ਲਈ ਸਿੱਖ ਰਿਲੀਜੀਅਸ ਸੁਸਾਇਟੀ ਦੇ ਮੌਜੂਦਾ ਪ੍ਰਬੰਧਕਾਂ ਵਲੋਂ ਬਣਾਏ ਗਏ ਉਸਾਰੀ ਪ੍ਰਾਜੈਕਟ ਲਈ ਸੰਗਤ ਤੋਂ ਇਜਾਜ਼ਤ ਲੈਣ ਵਾਸਤੇ ਇਕ ਰੈਫਰੈਂਡਮ (ਰਾਇਸ਼ੁਮਾਰੀ) 21 ਫਰਵਰੀ, 2010 ਨੂੰ ਸਵੇਰੇ 8 ਵਜੇ ਤੋਂ 4 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਆਪ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਰੈਫਰੈਂਡਮ ਵਿਚ ਹਿੱਸਾ ਲੈ ਕੇ ਧੰਨਵਾਦੀ ਬਣਾਓ ਜੀ। ਇਮਾਰਤ ਦਾ ਨਕਸ਼ਾ ਗੁਰੂ ਘਰ ਵਿਚ ਸੰਗਤ ਦੇ ਕਿਸੇ ਵੀ ਮੈਂਬਰ ਦੇ ਦੇਖਣ ਲਈ ਹਾਜ਼ਰ ਹੈ। ਸੰਗਤ ਆਪਣੇ ਸਵਾਲਾਂ ਦਾ ਜਵਾਬ ਲੈਣ ਲਈ ਗੁਰੂ ਘਰ ਦੇ ਦਫਤਰ ਨਾਲ ਸੰਪਰਕ ਕਰ ਸਕਦੀ ਹੈ।

ਇਸ ਪ੍ਰਾਜੈਕਟ ਦਾ ਖਰਚਾ ਤਕਰੀਬਨ 5 ਲੱਖ ਡਾਲਰ ਹੈ। ਪ੍ਰਬੰਧਕਾਂ ਦੀ ਕੋਸ਼ਿਸ਼ ਹੈ ਕਿ ਗੁਰੂ ਦੀ ਮਿਹਰ ਨਾਲ ਇਸ ਸਾਰੇ ਖਰਚੇ ਦਾ ਪ੍ਰਬੰਧ ਸੰਗਤਾਂ ਦੇ ਦਸਵੰਧ ਦੀ ਕਮਾਈ ਵਿਚੋਂ ਅਗਾਊਂ ਹੀ ਕਰ ਲਿਆ ਜਾਵੇ। ਇਤਿਹਾਸ ਗਵਾਹ ਹੈ ਕਿ ਸੰਗਤਾਂ ਨੇ ਗੁਰੂ ਘਰ ਦਾ ਕੋਈ ਵੀ ਕਾਰਜ ਮਾਇਆ ਦੀ ਕਮੀ ਕਰਕੇ ਰੁਕਣ ਨਹੀਂ ਦਿੱਤਾ। ਸਾਡੀ ਕੋਸ਼ਿਸ਼ ਇਹ ਹੈ ਕਿ ਇਸ ਪ੍ਰਾਜੈਕਟ ਲਈ ਕੋਈ ਕਰਜ਼ਾ ਨਾ ਲਿਆ ਜਾਵੇ ਅਤੇ ਜੇ ਲਿਆ ਜਾਵੇ ਤਾਂ ਇਹ ਰਕਮ ਘੱਟ ਤੋਂ ਘੱਟ ਹੋਵੇ ਅਤੇ ਕਿਸੇ ਵੀ ਸੂਰਤ ਵਿਚ ਇਹ ਕਰਜ਼ਾ ਪ੍ਰਾਜੈਕਟ ਦੀ ਕੁੱਲ ਲਾਗਤ ਦੇ 50% ਤੋਂ ਵੱਧ ਨਾ ਹੋਵੇ।

ਅਸੀਂ ਨਾਈਲਜ਼ ਵਾਸੀ ਉਸ ਗੁਰ ਸਿੱਖ ਪਰਿਵਾਰ ਦੇ ਧੰਨਵਾਦੀ ਹਾਂ ਜਿਸ ਪਾਸੋਂ ਗੁਰੂ ਮਹਾਰਾਜ ਨੇ ਆਪਣੀ ਅਪਾਰ ਕਿਰਪਾ ਰਾਹੀਂ ਗੁਰੂ ਮਹਾਰਾਜ ਦੇ ਸੁੱਖ-ਆਸਨ ਦੀ ਸੇਵਾ ਲਈ ਹੈ।

**ਦਾਸਰੇ:ਗੁਰੂਘਰ ਦੇ ਝਾੜੂਬਰਦਾਰ**

## Sikh Religious Society of Chicago, Palatine

1280, Winnetka St. Palatine, IL 60067 Ph. 847-358-1117

# ਭਾਈ ਲੁਹਾਰਾ ਡੇਰਾਵਾਦ ਵਿਰੁਧ 20ਵੀਂ ਸਦੀ ਦਾ ਚੌਥਾ ਸ਼ਹੀਦ ਕਰਾਰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਇਥੇ ਗੁਰਦੁਆਰਾ ਸਿੱਖ ਸੈਂਟਰ ਰਿਚਮੰਡ ਹਿਲ ਵਿਖੇ ਵਖ ਵਖ ਪੰਥਕ ਜਥੇਬੰਦੀਆਂ ਵਲੋਂ ਲੁਧਿਆਣਾ ਕਾਂਡ ਦੇ ਸ਼ਹੀਦ ਭਾਈ ਦਰਸ਼ਨ ਸਿੰਘ ਲੁਹਾਰਾ ਨੂੰ ਸਿੱਖੀ ਵਿਰੋਧੀ ਡੇਰੇਵਾਦ ਦੇ ਖਿਲਾਫ ਵਿੱਢੇ ਸੰਘਰਸ਼ ਦਾ 20ਵੀਂ ਸਦੀ ਦਾ ਚੌਥਾ ਸ਼ਹੀਦ ਕਰਾਰ ਦਿੱਤਾ ਗਿਆ। ਲੁਧਿਆਣਾ ਕਾਂਡ ਦੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਜ਼ਖਮੀਆਂ ਦੀ ਚੜ੍ਹਦੀ ਕਲਾ ਲਈ ਕੀਤੇ ਗਏ ਇਸ ਅਰਦਾਸ ਸਮਾਗਮ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਬਾਦਲ ਸਰਕਾਰ ਵਲੋਂ ਲੁਧਿਆਣਾ ਵਿਖੇ ਸਿੱਖਾਂ 'ਤੇ ਚਲਾਈਆਂ ਗੋਲੀਆਂ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਭਾਈ ਦਰਸ਼ਨ ਸਿੰਘ ਲੁਹਾਰਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਸ ਗੋਲੀ ਕਾਂਡ ਵਿਚ ਜ਼ਖਮੀ ਹੋਏ ਸਿੰਘਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ।

ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਅਮੈਰੀਕਨ ਸਿੱਖ ਆਰਗੇਨਾਈਜੇਸ਼ਨ (ਏ ਐਸ ਓ) ਦੇ ਸੀਨੀਅਰ ਆਗੂ ਅਤੇ ਸਿੱਖ ਸੈਂਟਰ, ਫਲੱਸ਼ਿੰਗ ਦੇ ਸਾਬਕਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਸਰਪੰਚ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਿੱਖ ਕੌਮ ਵਿਚ ਆਏ ਨਿਘਾਰ ਦਾ ਮੂਲ ਕਾਰਨ ਸਿੱਖ ਆਵਾਮ ਦਾ ਸਿੱਖ ਸਿਧਾਂਤਾਂ ਨਾਲੋਂ ਟੁਟਣਾ ਹੈ। ਇਸ ਨਿਘਾਰ ਵਿਚੋਂ ਨਿਕਲਣ ਲਈ ਸਾਨੂੰ ਸਭ ਨੂੰ ਵਡੇ ਪੱਧਰ 'ਤੇ ਗੁਰਮਤਿ ਲਹਿਰ ਉਸਾਰਨ ਲਈ ਹੰਭਲਾ ਮਾਰਨ ਦੀ ਲੋੜ ਹੈ। ਉਨ੍ਹਾਂ ਕੌਮ ਨੂੰ ਅਪੀਲ ਕੀਤੀ ਕਿ ਪੰਜਾਬ ਵਿਚ ਗੁਰਮਤਿ ਪ੍ਰਚਾਰ ਲਈ ਨਿਰੰਤਰ ਯਤਨਸ਼ੀਲ ਸ਼੍ਰੋਮਣੀ ਤੱਤ ਖਾਲਸਾ ਨੂੰ ਭਰਵਾਂ ਸਹਿਯੋਗ ਦਿਤਾ ਜਾਵੇ। ਉਨ੍ਹਾਂ ਕਿਹਾ ਕਿ ਪੰਥ ਦੋਖੀ ਤਾਕਤਾਂ ਅੱਜ ਵਖੋ-ਵਖਰੇ ਢੰਗਾਂ ਨਾਲ ਸਿੱਖ ਕੌਮ ਦੀ ਅਦੁੱਤੀ ਨਿਆਰੀ ਹਸਤੀ ਨੂੰ ਢਾਹ ਲਾਉਣ ਲਈ ਹਮਲੇ ਕਰ ਰਹੀਆਂ ਹਨ। ਨਾਨਕਸ਼ਾਹੀ ਕੈਲੰਡਰ 'ਤੇ ਹਮਲਾ ਇਸੇ ਹੀ ਕੜੀ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਨੂੰ ਇਸਦੇ ਮੂਲ ਰੂਪ ਵਿਚ ਹੀ ਅਪਨਾਈ ਰਖਣਾ ਚਾਹੀਦਾ ਹੈ ਅਤੇ ਕੀਤੀਆਂ ਗਈਆਂ ਸੋਧਾਂ ਨਜ਼ਰਅੰਦਾਜ਼ ਕਰ ਦੇਣੀਆਂ ਚਾਹੀਦੀਆਂ ਹਨ।

ਕੈਲੀਫੋਰਨੀਆ ਤੋਂ ਹੀ ਆਏ ਏ ਐਸ ਓ ਦੇ ਇਕ ਹੋਰ ਆਗੂ ਭਾਈ ਦਵਿੰਦਰ ਸਿੰਘ ਨੇ ਸਿੱਖ ਕੌਮ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਦਾ ਵੇਰਵਾ ਬਹੁਪੱਖੀ ਦ੍ਰਿਸ਼ਟੀਕੋਣ ਤੋਂ ਦਿੰਦਿਆਂ ਆਖਿਆ ਕਿ ਸਿੱਖ ਕੌਮ ਅੱਜ ਆਪਣੇ ਕਰਤਾਰੀ ਗੁਣਾਂ ਤੋਂ ਟੁਟ ਚੁਕੀ ਹੈ। ਇਸੇ ਕਰਕੇ ਹੀ ਪੰਥ ਦੋਖੀ ਤਾਕਤਾਂ ਇਸ ਦੀਆਂ ਬਰੂਹਾਂ 'ਤੇ ਆ ਕੇ ਲਲਕਾਰਦੀਆਂ ਹਨ ਪਰ ਸਿੱਖ ਕੌਮ ਦੇ ਜਿਹੜੇ ਸੂਰਮੇ ਅਜ ਵੀ ਕਰਤਾਰੀ ਗੁਣਾਂ ਦੇ ਧਾਰਨੀ ਹਨ ਉਹ ਪੰਥ ਦੋਖੀਆਂ ਦੀਆਂ ਗੋਲੀਆਂ ਅੱਗੇ ਹਿੱਕਾਂ ਡਾਹ ਕੇ ਮੁਕਾਬਲਾ ਕਰਦੇ ਹਨ। ਲੁਧਿਆਣਾ ਵਿਚ ਆਸੂਤੋਸ਼ ਦੇ ਕੁਫਰ ਦਾ ਟਾਕਰਾ ਇਸ ਗੱਲ ਦਾ ਗਵਾਹ ਹੈ। ਉਨ੍ਹਾਂ ਸਿੱਖ ਕੌਮ ਅੰਦਰ ਡੇਰਾਵਾਦੀ ਦੀ ਵੱਧ ਰਹੀ ਵਬਾਅ ਉਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਬਾਹਰ ਨਾਲੋਂ ਅੰਦਰੋਂ ਖਤਰਾ ਕੋਈ ਘੱਟ ਨਹੀਂ ਹੈ। ਨਾਨਕਸ਼ਾਹੀ ਕੈਲੰਡਰ ਅਤੇ ਦਸਮ ਗ੍ਰੰਥ ਦੇ ਵਿਵਾਦ ਵਿਚ ਉਲਝੀ ਸਿੱਖ ਕੌਮ ਨੂੰ ਉਨ੍ਹਾਂ ਪੰਥ ਦੋਖੀ ਤਾਕਤਾਂ ਦੀਆਂ ਚਾਲਾਂ ਪਛਾਨਣ ਦੀ ਅਪੀਲ ਕੀਤੀ।

ਮਨੁੱਖੀ ਅਧਿਕਾਰ ਜਥੇਬੰਦੀ ਸਿੱਖ ਫਾਰ ਜਸਟਿਸ ਦੇ ਬੁਲਾਰੇ ਭਾਈ ਅਵਤਾਰ ਸਿੰਘ ਪੰਨੂੰ ਨੇ ਆਖਿਆ ਕਿ ਬਾਦਲ ਸਰਕਾਰ ਨੂੰ ਪੰਥਕ ਸਰਕਾਰ ਕਹਿਣਾ ਸਰਾਸਰ ਗਲਤ ਹੈ ਕਿਉਂਕਿ 1978 ਤੋਂ ਲੈ ਕੇ ਡੇਰਾਵਾਦੀਆਂ ਵਲੋਂ ਜਿੰਨੇ ਵੀ ਹਮਲੇ ਹੋਏ, ਉਹ ਬਾਦਲ ਸਰਕਾਰ ਦੇ ਸਮੇਂ ਵਿਚ ਹੀ ਹੋਏ ਹਨ। ਇਨ੍ਹਾਂ ਵਿਚ ਮੰਦਭਾਗਾ ਲੁਧਿਆਣਾ ਕਾਂਡ ਵੀ ਸ਼ਾਮਲ ਹੈ।














ਸਮਾਗਮ ਨੂੰ ਸੰਬੋਧਨ ਕਰਦਿਆਂ ਸਿੱਖ ਕਲਚਰਲ ਸੁਸਾਇਟੀ ਦੇ ਮੁਖ ਸੇਵਾਦਾਰ ਭਾਈ ਟਹਿਲ ਸਿੰਘ ਨੇ ਬਾਹਰੋਂ ਆਏ ਪੰਥਕ ਵਿਦਵਾਨਾਂ ਅਤੇ ਵਿਚਾਰਵਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਪੰਜਾਬ ਵਿਚ ਫੈਲੇ ਡੇਰੇ ਅਸਲ ਵਿਚ ਅਖੌਤੀ ਪੰਥਕ ਸਰਕਾਰ ਦਾ ਵੋਟ ਬੈਂਕ ਹਨ। ਇਨ੍ਹਾਂ ਡੇਰਿਆਂ ਤੋਂ ਸਿਆਸੀ ਤਾਕਤ ਹਾਸਲ ਕਰਕੇ ਇਹ ਲੋਕ ਕੌਮ ਨਾਲ ਖਿਲਵਾੜ ਕਰ ਰਹੇ ਹਨ। ਉਨ੍ਹਾਂ ਸਮੂਹ ਸਿੱਖ ਸੁਸਾਇਟੀਆਂ, ਜਥੇਬੰਦੀਆਂ ਅਤੇ ਸੰਗਤ ਨੂੰ ਅਪੀਲ ਕੀਤੀ ਕਿ ਲੁਧਿਆਣਾ ਕਾਂਡ ਦੇ ਸੂਰਮਿਆਂ ਦੀ ਵੱਧ ਤੋਂ ਵੱਧ ਆਰਥਕ ਮਦਦ ਕੀਤੀ ਜਾਵੇ।

ਸਮਾਗਮ ਨੂੰ ਭਾਈ ਧਰਮ ਸਿੰਘ (ਫਿਲਾਡੈਲਫੀਆ), ਭਾਈ ਜਸਵੀਰ ਸਿੰਘ (ਸਿੱਖ ਯੂਥ ਆਫ ਅਮਰੀਕਾ), ਭਾਈ ਬਲਵਿੰਦਰ ਸਿੰਘ ਬਾਜਵਾ, ਗਿਆਨੀ ਗੁਰਚਰਨ ਸਿੰਘ (ਕੁਨੈਕਟੀਕਟ) ਭਾਈ ਵੀਰ ਸਿੰਘ (ਕੁਨੈਕਟੀਕਟ) ਅਤੇ ਹੋਰ ਕਈ ਬੁਲਾਰਿਆਂ ਨੇ ਸੰਬੋਧਨ ਕੀਤਾ। ਇਸਤੋਂ ਪਹਿਲਾਂ ਕਥਾਵਾਚਕ ਭਾਈ ਜਸਵੰਤ ਸਿੰਘ (ਫਿਲਾਡੈਲਫੀਆ) ਨੇ ਪੁਰਾਤਨ ਸਿੱਖ ਇਤਿਹਾਸ ਦਾ ਹਵਾਲਾ ਦਿੰਦਿਆਂ ਆਖਿਆ ਕਿ ਅਜੋਕੀ ਸਿੱਖ ਕੌਮ ਅੰਦਰੂਨੀ ਕਮਜ਼ੋਰੀਆਂ ਦਾ ਸ਼ਿਕਾਰ ਹੈ। ਭਾਈ ਅਜੀਤ ਸਿੰਘ ਨੇ ਮਤੇ ਪੇਸ਼ ਕੀਤੇ ਜਿਨ੍ਹਾਂ ਨੂੰ ਸੰਗਤ ਨੇ ਜੈਕਾਰਿਆਂ ਦੀ ਗੂੰਜ ਨਾਲ ਪ੍ਰਵਾਨਗੀ ਦਿੱਤੀ।

ਪਾਸ ਕੀਤੇ ਗਏ ਮਤਿਆਂ ਵਿਚ ਕਤਲੇਆਮ ਦੇ ਕਥਿਤ ਦੋਸ਼ੀ ਪੁਲਿਸ ਅਧਿਕਾਰੀਆਂ, ਭਾਜਪਾ ਵਿਧਾਇਕ ਹਰੀਸ਼ ਬੇਦੀ ਅਤੇ ਆਸ਼ੂਤੋਸ਼ ਦੇ ਖਿਲਾਫ ਧਾਰਾ 302 ਅਧੀਨ ਮੁਕੱਦਮਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰੀ ਕਰਨ ਦੀ ਮੰਗ ਕੀਤੀ ਗਈ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੋਂ ਮੰਗ ਕੀਤੀ ਗਈ ਕਿ ਆਸ਼ੂਤੋਸ਼, ਸੌਦਾ ਸਾਧ ਅਤੇ ਭਨਿਆਰੇਵਾਲੇ ਵਰਗੇ ਵਾਮਪੰਥੀਆਂ ਨੂੰ ਸ਼ਹਿ ਦੇ ਕੇ 13 ਅਪਰੈਲ 1978 ਦੀ ਖੂਨੀ ਵਿਸਾਖੀ ਦੇ ਕਾਂਡ ਨੂੰ ਦੁਹਰਾਉਣ ਅਤੇ ਪੰਥਦੋਖੀਆਂ ਦੀਆਂ ਵੋਟਾਂ ਲੈਣ ਲਈ ਪੰਥ ਦਾ ਘਾਣ ਕਰਨ ਲਈ ਪ੍ਰਕਾਸ਼ ਸਿੰਘ ਬਾਦਲ ਦੇ ਖਿਲਾਫ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕੀਤਾ ਜਾਏ ਅਤੇ ਉਸ ਦਾ ਸਮਾਜਿਕ ਅਤੇ ਧਾਰਮਿਕ ਬਾਈਕਾਟ ਕੀਤਾ ਜਾਏ। ਪੰਥਕ ਜਥੇਬੰਦੀਆਂ ਨੂੰ ਬੇਨਤੀ ਕੀਤੀ ਗਈ ਕਿ ਆਪਸੀ ਧੜੇਬੰਧੀ ਤੋਂ ਉਪਰ ਉਠ ਕੇ ਡੇਰਾਵਾਦ ਵਿਰੁਧ ਸਾਂਝੀ ਮੁਹਿੰਮ ਚਲਾਈ ਜਾਵੇ। ਇਹ ਮਹਿਸੂਸ ਕੀਤਾ ਗਿਆ ਕਿ ਪੰਥਕ ਸੰਕਟ ਦਾ ਇਕੋ ਹੀ ਕਾਰਨ ਪੰਥ ਵਿਚ ਧੜੇਬੰਦੀ ਅਤੇ ਜਾਗ੍ਰਿਤੀ ਦੀ ਘਾਟ ਹੈ ਇਸ ਲਈ ਨਸ਼ਿਆਂ ਅਤੇ ਹੋਰ ਸਮਾਜਿਕ ਕੁਰੀਤੀਆਂ ਨੂੰ ਠੱਲ ਪਾਉਣ ਲਈ ਸਿੱਖਾਂ ਦੀ ਨਵੀ ਪੀੜ੍ਹੀ ਨੂੰ ਖਾਲਸਈ ਰੰਗ ਵਿਚ ਰੰਗਣ ਲਈ ਨਿੱਗਰ ਉਪਰਾਲੇ ਕੀਤੇ ਜਾਣ ਅਤੇ ਅੰਮ੍ਰਿਤ ਸੰਚਾਰ ਨੂੰ ਹਰ ਪੰਥਕ ਪ੍ਰੋਗਰਾਮ ਵਿਚ ਅਹਿਮ ਸਥਾਨ ਦਿੱਤਾ ਜਾਏ।

ਇਕ ਹੋਰ ਮਤੇ ਰਾਹੀਂ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਆਪਣੇ ਸਾਰੇ ਗੁਰਪੁਰਬ, ਸ਼ਹੀਦੀ ਦਿਵਸ ਤੇ ਹੋਰ ਇਤਿਹਾਸਕ ਦਿਹਾੜੇ 14 ਅਪ੍ਰੈਲ 2003 ਨੂੰ ਜਾਰੀ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਉਣ। ਇਕ ਮਤੇ ਵਿਚ ਕਿਹਾ ਗਿਆ ਕਿ ਅਕਾਲ ਤਖਤ ਸਾਹਿਬ ਦੀ ਮਰਯਾਦਾ ਅਨੁਸਾਰ ਤੇ ਗੁਰੂ ਮਾਨਿਓ ਗ੍ਰੰਥ ਦੇ ਹੁਕਮ 'ਤੇ ਚਲਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕਿਸੇ ਗ੍ਰੰਥ ਦਾ ਪ੍ਰਕਾਸ਼ ਨਹੀ ਹੋ ਸਕਦਾ। ਅਕਾਲ ਤਖਤ ਦੀ ਪੰਥ ਪ੍ਰਮਾਣਤ ਰਹਿਤ ਮਰਯਾਦਾ ਨੂੰ ਮੰਨਣ ਤੋਂ ਇਨਕਾਰੀ ਡੇਰੇ ਜਾਂ ਸੰਸਥਾਵਾਂ ਦੇ ਕਹਿਣ 'ਤੇ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਨੂੰ ਕਿਸੇ ਵੀ ਕੀਮਤ ਤੇ ਪ੍ਰਵਾਨ ਨਹੀ ਕੀਤਾ ਜਾਵੇਗਾ। ਹਰ ਗੁਰਦੁਆਰੇ ਵਿਚ ਪੰਥਕ ਰਹਿਤ ਮਰਯਾਦਾ ਹੀ ਲਾਗੂ ਹੋਣੀ ਚਾਹੀਦੀ ਹੈ।

# ਨਹਿਰੂ-ਐਡਵਿਨਾ ਦੇ ਪ੍ਰੇਮ ਪੱਤਰ ਨਸ਼ਰ ਕੀਤੇ ਜਾਣ ਦੀ ਮੰਗ

**ਜੈਪੁਰ:** ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਐਡਵਿਨਾ ਮਾਉਂਟਬੇਟਨ (ਆਖਰੀ ਗਵਰਨਰ ਜਨਰਲ ਲਾਰਡ ਮਾਉਂਟਬੇਟਨ ਦੀ ਪਤਨੀ) ਦੇ ਪ੍ਰੇਮ ਪ੍ਰਸੰਗ ਤੇ ਲਿਖੀ ਗਈ ਕਿਤਾਬ 'ਏਡਬਿਨਾ ਐਂਡ ਨਹਿਰੂ' ਇਕ ਬਾਰ ਫਿਰ ਚਰਚਾ ਦੇ ਕੇਂਦਰ ਵਿਚ ਹੈ। ਜੈਪੁਰ ਸਾਹਿਤ ਉਤਸਵ ਵਿਚ ਪਹੁੰਚੀ ਲੇਖਿਕਾ ਕੈਥਰੀਨ ਕਲੇਮੇਂਟ ਅਤੇ ਨਹਿਰੂ ਦੀ ਭਾਣਜੀ ਨਯਨਤਾਰਾ ਸਹਗਲ ਨੇ ਚਰਚਾ ਦੌਰਾਨ ਕਿਹਾ ਕਿ ਨਹਿਰੂ-ਏਡਵਿਨਾ ਦੇ ਪ੍ਰੇਮ ਪੱਤਰਾਂ ਦਾ ਪ੍ਰਕਾਸ਼ਨ ਹੋਣਾ ਚਾਹੀਦਾ ਹੈ ਕਿਉਂਕਿ ਉਹ ਸਿਰਫ ਦੋ ਆਦਮੀਆਂ ਦੇ ਵਿਚ ਦਾ ਸੰਵਾਦ ਨਹੀਂ, ਬਲਕਿ ਸਾਹਿਤ ਦਾ ਬਿਹਤਰੀਨ ਨਮੂਨਾ ਹੈ।

ਨਯਨਤਾਰਾ ਦੇ ਮੁਤਾਬਿਕ ਭਾਰਤ ਵਿਚ ਅੱਜ ਵੀ ਇਤਿਹਾਸ ਵਿਚ ਚਰਚਿਤ ਹਸਤੀਆਂ ਦੀ ਨਿਜੀ ਜ਼ਿੰਦਗੀ ਦਾ ਜਿਕਰ ਨਹੀਂ ਕੀਤਾ ਜਾਂਦਾ, ਪਰ ਬਹੁਤ ਸਾਰੇ ਬਦਲਾਅ ਆ ਚੁੱਕੇ ਹਨ। ਭਾਰਤ ਅਤੇ ਫ੍ਰਾਂਸ ਦੇ ਸਾਹਿਤ ਦੇ ਵਿਚ ਮੂਲ ਅੰਤਰ ਤਾਂ ਇਹੀ ਹੈ ਕਿ ਫਰਾਂਸ ਵਿਚ ਇਤਿਹਾਸਕ ਹਸਤੀਆਂ ਤੇ ਵੀ ਉਪਨਿਆਸ ਲਿਖੇ ਜਾਂਦੇ ਹਨ, ਜਦਕਿ ਭਾਰਤ ਵਿਚ ਪਾਤਰ ਕਾਲਪਨਿਕ ਹੁੰਦੇ ਹਨ। ਨਯਨਤਾਰਾ ਨੇ ਕਿਹਾ ਕਿ ਹਰ ਵਿਅਕਤੀ ਦੀ ਵਿਅਕਤੀਗਤ ਜ਼ਿੰਦਗੀ ਅਤੇ ਸੰਬੰਧ ਹੁੰਦੇ ਹਨ, ਉਨਾਂ ਦੇ ਮਾਮਾ ਨਹਿਰੂ ਦੇ ਵੀ ਸਨ। ਨਯਨਤਾਰਾ ਦੇ ਮੁਤਾਬਿਕ ਲਾਰਡ ਮਾਉਂਟਬੇਟਨ ਨੂੰ ਵੀ ਇਸ ਰਿਸ਼ਤੇ ਵਿਚ ਕੋਈ ਇਤਰਾਜ ਨਹੀਂ ਸੀ। ਇਸ ਗੱਲ ਦਾ ਪਤਾ ਇਸ ਗੱਲ ਤੋਂ ਚਲਦਾ ਹੈ ਕਿ 1952 ਵਿਚ ਇਕ ਵਾਰ ਏਡਵਿਨਾ ਨੇ ਮਾਉਂਟਬੇਟਨ ਨੂੰ ਕਿਹਾ ਸੀ ਕਿ ਮੈਂ ਤੈਨੂੰ ਆਪਣੇ ਕੁਝ ਪ੍ਰੇਮ ਪੱਤਰ ਦੇਵਾਂਗੀ ਕਿਉਂਕਿ ਤੁਸੀਂ ਹੀ ਇਨਾਂ ਨੂੰ ਸੰਭਾਲ ਕੇ ਰੱਖ ਸਕਦੇ ਹੋ। ਜਦ ਬੋਰਨਿਆਂ ਵਿਚ ਏਡਵਿਨਾ ਨੇ ਆਖਰੀ ਸਾਹ ਲਿਆ ਸੀ, ਉਸ ਵਕਤ ਵੀ ਨਹਿਰੂ ਦੁਆਰਾ ਲਿਖੇ ਗਏ ਪੱਤਰ ਉਨਾਂ ਦੇ ਹੱਥ ਵਿਚ ਸਨ। ਉਥੇ, ਕੈਥਰੀਨ ਕਲੇਮੇਂਟ ਦਾ ਕਹਿਣਾ ਸੀ ਕਿ ਦੋਵਾਂ ਦੇ ਨਿਜੀ ਸੰਬੰਧਾਂ ਨੂੰ ਸਪਿਰਿਚੁਅਲ ਲਵ ਤੋਂ ਅਲਗ ਨਹੀਂ ਕੀਤਾ ਜਾ ਸਕਦਾ।

## ਨਹਿਰ ਨੂੰ 'ਬਦਤਮੀਜ਼' ਮੰਨਦਾ ਸੀ ਚੀਨ

**ਚੀਨ ਨਹਿਰੂ ਨੂੰ ਬਦਤਮੀਜ਼ ਸਮਝਦਾ ਸੀ:** ਇਸ ਦੌਰਾਨ ਜਵਾਹਰ ਲਾਲ ਨਹਿਰੂ ਨੇ ਭਾਵੇਂ 'ਹਿੰਦੀ-ਚੀਨੀ ਭਾਈ-ਭਾਈ' ਦਾ ਨਾਅਰਾ ਦਿਤਾ ਪਰ ਚੀਨ ਨੇ ਉਨ੍ਹਾਂ ਨੂੰ ਬਦਤਮੀਜ਼ ਸਮਝਿਆ। ਭਾਰਤ ਨੂੰ ਚੀਨ ਵਿਦੇਸ਼ੀ ਮਦਦ ਦੇ ਮਾਮਲੇ 'ਚ ਅੰਨ੍ਹਾ ਖੂਹ ਮੰਨਦਾ ਸੀ। ਚੀਨ ਦਾ ਇਹ ਵੀ ਨਜ਼ਰੀਆ ਸੀ ਕਿ ਇਹ ਕਾਫ਼ੀ ਅਫ਼ਸੋਸਨਾਕ ਹੈ ਕਿ ਇੰਦਰਾ ਗਾਂਧੀ ਨੇ ਵੀ ਆਪਣੇ ਪਿਤਾ ਤੋਂ ਉਨ੍ਹਾਂ ਦੀ ਪੁਸਤਕ 'ਭਾਰਤ ਏਕ ਖੋਜ' ਵਿਚ ਪ੍ਰਗਟਾਏ ਫ਼ਲਸਫੇ ਦੀ ਵਿਰਾਸਤ ਨੂੰ ਅਪਣਾਇਆ। ਚੀਨ ਦਾ ਮੰਨਣਾ ਸੀ ਕਿ 'ਭਾਰਤ ਏਕ ਖੋਜ' ਨਹਿਰੂ ਦੇ ਇਸ ਵਿਚਾਰ ਨੂੰ ਜ਼ਾਹਰ ਕਰਦੀ ਹੈ ਕਿ ਮਹਾਨ ਭਾਰਤ ਦਾ ਸਾਮਰਾਜ ਮਲੇਸ਼ੀਆ, ਸੀਲੋਨ (ਸ੍ਰੀਲੰਕਾ) ਅਤੇ ਹੋਰਨਾਂ ਖੇਤਰਾਂ ਤਕ ਫੈਲਿਆ ਹੋਇਆ ਸੀ। ਇਹ ਟਿੱਪਣੀ ਚੀਨ ਦੇ ਸਾਬਕਾ ਪ੍ਰਧਾਨ ਮੰਤਰੀ ਚਾਊ ਐਨ ਲਾਈ ਨੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਰਿਚਰਡ ਨਿਕਸਨ ਕੋਲ ਕੀਤੀ ਸੀ। ਉਹ ਨਿਕਸਨ ਹੀ ਸਨ ਜਿਨ੍ਹਾਂ ਨੇ ਇੰਦਰਾ ਗਾਂਧੀ ਨੂੰ 'ਕੁੱਤੀ ਅਤੇ ਡੈਣ' ਕਿਹਾ ਸੀ ਜਦਕਿ ਉਨ੍ਹਾਂ ਦੇ ਕੌਮੀ ਸੁਰਖਿਆ ਸਲਾਹਕਾਰ ਹੈਨਰੀ ਕਸਿੰਗਰ ਨੇ ਭਾਰਤੀ ਲੋਕਾਂ ਨੂੰ 'ਹਰਾਮੀ' ਕਿਹਾ ਸੀ। ਇਹ ਟਿੱਪਣੀਆਂ ਇਕ ਪੁਸਤਕ 'ਨਿਕਸਨ, ਇੰਦਰਾ ਐਂਡ ਇੰਡੀਆ ਪੌਲਿਟਿਕਸ ਐਂਡ ਬਿਔਂਡ' ਦਾ ਹਿੱਸਾ ਹਨ। ਇਸਦੇ ਲੇਖਕ ਸੀਨੀਅਰ ਪੱਤਰਕਾਰ ਕਲਿਆਣੀ ਸ਼ੰਕਰ ਹਨ। ਪੁਸਤਕ ਵਿਚ ਨਿਕਸਨ ਦੇ ਦੌਰੇ ਅਤੇ ਬਾਅਦ ਵਿਚ ਖੁਫੀਆ ਸ਼੍ਰੇਣੀ ਵਿਚੋਂ ਹਟਾਏ ਗਏ ਦਸਤਾਵੇਜ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਦਸਤਾਵੇਜ਼ਾਂ ਵਿਚ ਅਮਰੀਕਾ, ਚੀਨ ਅਤੇ ਪਾਕਿਸਤਾਨ ਦਾ ਭਾਰਤੀ ਸਿਆਸੀ ਪ੍ਰਣਾਲੀ ਅਤੇ ਜੰਮੂ-ਕਸ਼ਮੀਰ ਵਰਗੇ ਵਿਵਾਦਤ ਮੁੱਦਿਆਂ ਸਣੇ ਭਾਰਤ ਦੇ ਭਵਿੱਖ ਬਾਰੇ ਅਪਣਾਇਆ ਗਿਆ ਨਜ਼ਰੀਆ ਸ਼ਾਮਲ ਸੀ। ਨਿਕਸਨ ਨੇ 23 ਫਰਵਰੀ 1972 ਨੂੰ ਚੀਨ ਦੀ ਆਪਣੀ ਇਤਿਹਾਸਕ ਯਾਤਰਾ ਦੌਰਾਨ ਭਾਰਤ ਉਪਰ ਰੂਸ ਤੋਂ ਹਥਿਆਰ ਖਰੀਦਣ ਲਈ ਅਮਰੀਕੀ ਮਦਦ ਵਰਤਣ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਕਿਹਾ ਸੀ ਕਿ ਉਹ ਪਾਕਿਸਤਾਨ ਨੂੰ ਲੋੜੀਂਦੀ ਆਰਥਕ ਮਦਦ ਭੇਜਣਗੇ, ਜਿਸ ਦੀ ਵਰਤੋਂ ਉਹ ਹੋਰ ਸਰੋਤਾਂ ਤੋਂ ਹਥਿਆਰ ਖਰੀਦਣ ਲਈ ਕਰ ਸਕੇਗਾ। ਨਿਕਸਨ ਨੇ ਕਿਹਾ ਸੀ, "ਸਮੱਸਿਆ ਇਕ ਅਜਿਹਾ ਰਾਹ ਲੱਭਣ ਦੀ ਹੈ ਜਿਸ ਰਾਹੀਂ ਪਾਕਿਸਤਾਨ ਕੁੱਝ ਫੌਜੀ ਸਾਜ਼ੋ-ਸਾਮਾਨ ਅਤੇ ਮਦਦ ਹਾਸਲ ਕਰ ਸਕੇ। ਅਸੀਂ ਇਹ ਕੋਸ਼ਿਸ਼ ਕਰਾਂਗੇ ਕਿ ਜਿਸ ਰਾਹੀਂ ਪਾਕਿਸਤਾਨ ਕੁਝ ਫੌਜੀ ਸਾਜ਼ੋ ਸਾਮਾਨ ਅਤੇ ਮਦਦ ਹਾਸਲ ਕਰ ਸਕੇ। ਅਸੀਂ ਇਹ ਕੋਸ਼ਿਸ਼ ਕਰਾਂਗੇ ਕਿ ਪਾਕਿਸਤਾਨ ਨੂੰ ਆਰਥਕ ਮਦਦ ਪਹੁੰਚਾਈਏ। ਇਸ ਨਾਲ ਪਾਕਿਸਤਾਨ ਆਪਣੀ ਸੁਰਖਿਆ ਪ੍ਰਣਾਲੀ ਨੂੰ ਮਜ਼ਬੂਤ ਕਰ ਸਕੇਗਾ। ਅਸੀਂ ਪਿਛਲੇ 20 ਸਾਲਾਂ ਵਿਚ ਭਾਰਤ ਨੂੰ ਮਦਦ ਵਜੋਂ ਲਗਭਗ 10 ਅਰਬ ਡਾਲਰ ਦਿਤੇ ਇਸ ਵਿਚੋਂ ਬਹੁਤ ਘੱਟ ਹਿੱਸਾ ਫ਼ੌਜੀ ਮਦਦ ਦਾ ਸੀ। ਬਾਕੀ ਹਿੱਸਾ ਆਰਥਕ ਮਦਦ ਵਜੋਂ ਦਿਤਾ ਗਿਆ ਸੀ। ਇਹ ਇਸ ਲਈ ਨਹੀਂ ਸੀ ਕਿ ਭਾਰਤ, ਸੋਵੀਅਤ ਸੰਘ ਤੋਂ ਹਥਿਆਰ ਖ਼ਰੀਦ ਸਕੇ ਜਾਂ ਹਥਿਆਰ ਬਣਾ ਸਕੇ। ਸਾਡਾ ਇਹ ਇਰਾਦਾ ਨਹੀਂ ਸੀ ਪਰ ਅਜਿਹਾ ਹੀ ਹੋਇਆ। ਹੁਣ ਭਾਰਤ ਨੂੰ ਮਦਦ ਦੀ ਗੱਲ ਆਉਣ 'ਤੇ ਅਮਰੀਕਾ ਸੋਚ-ਸਮਝ ਕੇ ਕਦਮ ਚੁੱਕੇਗਾ।" ਉਸ ਸਮੇਂ ਦੇ ਅਮਰੀਕੀ ਰਾਸ਼ਟਰਪਤੀ ਨਿਕਸਨ ਨੇ ਕਿਹਾ ਸੀ ਕਿ ਜੇ ਭਾਰਤ ਪੂਰਬੀ ਬੰਗਾਲ (ਹੁਣ ਬੰਗਲਾਦੇਸ਼) ਨੂੰ ਹਥਿਆਰ ਪੁਚਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸਨੂੰ ਬਦਹਜ਼ਮੀ ਹੋ ਸਕਦੀ ਹੈ।


ਐਡਬਿਨਾ ਮਾਉਂਟਬੇਟਨ ਨਾਲ ਹਾਸਾ-ਠੱਠਾ ਕਰਦੇ ਨਹਿਰੂ।

# ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੂੰ ਪਦਮਸ੍ਰੀ ਐਵਾਰਡ

**ਜਸਵੀਰ ਸਿੰਘ ਸ਼ੀਰੀ**

**ਅੰਮ੍ਰਿਤਸਰ:** ਹੋਰ ਬਹੁਤ ਸਾਰੀਆਂ ਸ਼ਖਸੀਅਤਾਂ ਦੇ ਨਾਲ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੂੰ ਇਸ ਵਾਰ ਪਦਮਸ੍ਰੀ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ ਹੈ। ਸੂਤਰਾਂ ਤੋਂ ਮਿਲੀ



ਜਾਣਕਾਰੀ ਅਨੁਸਾਰ ਉਨ੍ਹਾਂ ਨੂੰ ਇਨਾਮ ਦੇਣ ਦੀ ਸਿਫਾਰਿਸ਼ ਇਸ ਇਲਾਕੇ ਨਾਲ ਸੰਬੰਧਤ ਕੇਂਦਰੀ ਖੇਡ ਮੰਤਰੀ ਸ੍ਰੀ ਐਮ.ਐਸ. ਗਿੱਲ ਨੇ ਕੀਤੀ ਹੈ। ਯਾਦ ਰਹੇ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੇ ਵਾਤਾਵਰਣ, ਖੇਡਾਂ ਅਤੇ ਸਿੱਖਿਆ ਦੇ ਖੇਤਰ ਵਿਚ ਉੱਘਾ ਕੰਮ ਕੀਤਾ ਹੈ। ਵਿਸ਼ੇਸ਼ ਕਰਕੇ ਸਿੱਖਿਆ ਅਤੇ ਵਾਤਾਵਰਣ ਦੇ ਖੇਤਰ ਵਿਚ ਉਨ੍ਹਾਂ ਦੀ ਸੇਵਾ ਬੇਮਿਸਾਲ ਹੈ।

ਉਨ੍ਹਾਂ ਨੇ ਪਿਛਲੇ ਕੁਝ ਹੀ ਸਾਲਾਂ ਵਿਚ ਖਡੂਰ ਸਾਹਿਬ ਨੂੰ ਆਉਂਦੀਆਂ ਪੰਜ ਸੜਕਾਂ ਦਾ ਤਕਰੀਬਨ 20-20 ਕਿਲੋਮੀਟਰ ਦਾ ਖੇਤਰ ਪੂਰੀ ਤਰ੍ਹਾਂ ਹਰਿਆ ਭਰਿਆ ਕਰ ਦਿੱਤਾ ਹੈ। ਪੰਜਾਬ ਦਾ ਸਿਰਫ਼ ਇਹ ਇਲਾਕਾ ਹੀ ਹੈ ਜਿਥੇ ਲਿੰਕ ਸੜਕਾਂ ਦੁਆਲੇ ਦੋਵੇਂ ਪਾਸੇ ਸੰਘਣੇ ਦਰਖਤ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਇਸ ਇਲਾਕੇ ਵਿਚ ਸ਼ਮਸ਼ਾਨਘਾਟਾਂ, ਸਕੂਲਾਂ ਸਮੇਤ ਹੋਰ ਖਾਲੀ ਥਾਵਾਂ 'ਤੇ ਵੱਡੇ ਪੱਧਰ 'ਤੇ ਦਰਖ਼ਤ ਲਵਾਏ ਹਨ। ਖਡੂਰ ਸਾਹਿਬ ਵਿਖੇ ਉਨ੍ਹਾਂ ਵਲੋਂ ਇੱਕ ਹਾਕੀ ਅਕੈਡਮੀ ਵੀ ਚਲਾਈ ਜਾ ਰਹੀ ਹੈ। ਬਾਬਾ ਸੇਵਾ ਸਿੰਘ ਨੇ ਆਪਣੇ ਪ੍ਰਬੰਧ ਹੇਠਲੇ ਖਡੂਰ ਸਾਹਿਬ ਦੇ ਇਤਿਹਾਸਕ ਗੁਰਦੁਆਰਿਆਂ ਨੂੰ ਵੀ ਕੁਦਰਤ ਦੇ ਨਜ਼ਦੀਕ ਰੱਖਿਆ ਹੈ ਅਤੇ ਸ਼ਾਨਦਾਰ ਬਾਗਬਾਨੀ ਵੀ ਕੀਤੀ ਹੈ। ਇੱਥੇ ਉਨ੍ਹਾਂ ਨੇ ਸਿੱਖ ਵਿਦਵਾਨ ਡਾ. ਰਘਵੀਰ ਸਿੰਘ ਬੈਂਸ ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਪੱਧਰ ਦਾ ਹਾਈਟੈਕ ਸਿੱਖ ਮਿਊਜ਼ੀਅਮ ਸਥਾਪਿਤ ਕੀਤਾ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਆਈ ਏ ਐਸ ਸਮੇਤ ਉੱਚੇ ਪ੍ਰੋਫੈਸ਼ਨਲ ਕੋਰਸਾਂ ਲਈ ਸਿੱਖਿਆ ਦੇਣ ਵਾਸਤੇ ਨਿਸ਼ਾਨ-ਏ-ਸਿੱਖੀ ਦੀ ਇੱਕ ਵੱਡੀ ਇਮਾਰਤ ਦੀ ਉਸਾਰੀ ਵੀ ਉਨ੍ਹਾਂ ਵਲੋਂ ਕਰਵਾਈ ਜਾ ਰਹੀ ਹੈ। ਬਾਬਾ ਸੇਵਾ ਸਿੰਘ ਪੰਜਾਬ ਦੇ ਸੰਤ ਸਮਾਜ ਵਿਚ ਇਕ ਸਾਊ, ਸੱਚੀ ਸੁੱਚੀ ਤੇ ਸਿਰੇ ਦੀ ਹਲੀਮ ਸ਼ਖਸ਼ੀਅਤ ਵਜੋਂ ਜਾਣੇ ਜਾਂਦੇ ਹਨ।

ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੇ ਭਾਰਤ ਸਰਕਾਰ ਵਲੋਂ ਸਮਾਜ ਸੇਵਾ ਦੇ ਖੇਤਰ ਵਿਚ 'ਪਦਮਸ੍ਰੀ' ਐਵਾਰਡ ਦਿੱਤੇ ਜਾਣ 'ਤੇ ਕਿਹਾ ਕਿ ਇਸ ਸਨਮਾਨ ਲਈ ਉਹ ਪਰਮਾਤਮਾ ਅਤੇ ਸੰਗਤ ਦਾ ਸ਼ੁਕਰਾਨਾ ਕਰਦੇ ਹਨ। 'ਪੰਜਾਬ ਟਾਈਮਜ਼' ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜਿਨ੍ਹਾਂ ਸੇਵਾਵਾਂ ਲਈ ਉਨ੍ਹਾਂ ਨੂੰ ਇਹ ਸਨਮਾਨ ਦਿੱਤਾ ਜਾ ਰਿਹਾ ਹੈ, ਉਨ੍ਹਾਂ ਨੂੰ ਉਹ ਭਵਿੱਖ ਵਿਚ ਵੀ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਅਸਲ ਸਨਮਾਨ ਤਾਂ ਭਾਵੇਂ ਸੰਗਤ ਦੀ ਸ਼ਾਬਾਸ਼ੇ ਹੀ ਹੁੰਦੀ ਹੈ ਫਿਰ ਵੀ ਕੇਂਦਰ ਸਰਕਾਰ ਵਲੋਂ ਦਿੱਤੇ ਗਏ ਇਸ ਇਨਾਮ ਨਾਲ ਸੰਗਤ ਦੇ ਉਤਸ਼ਾਹ ਨੂੰ ਹੋਰ ਬਲ ਮਿਲੇਗਾ। ਉਨ੍ਹਾਂ ਕਿਹਾ, "ਭਾਵੇਂ ਉਹ ਸਰਕਾਰੀ ਇਨਾਮਾਂ ਦੇ ਮਹੱਤਵ ਨੂੰ ਘਟਾ ਕੇ ਨਹੀਂ ਵੇਖਦੇ, ਪਰ ਸਾਨੂੰ ਆਪਣੇ ਕਾਰਜਾਂ ਦੀ ਸਫਲਤਾ ਲਈ ਗੁਰੂ ਦਾ ਓਟ ਆਸਰਾ ਹੀ ਤੱਕਣਾ ਚਾਹੀਦਾ ਹੈ।"

ਬਾਬਾ ਸੇਵਾ ਸਿੰਘ ਵਲੋਂ ਤਿੰਨ ਸੀਨੀਅਰ ਸੈਕੰਡਰੀ ਸਕੂਲ ਮੱਧ ਪ੍ਰਦੇਸ਼ ਦੇ ਗਵਾਲੀਅਰ ਇਲਾਕੇ ਦੇ ਆਲੇ ਦੁਆਲੇ ਬਣਾਏ ਗਏ ਹਨ। ਇਸ ਤੋਂ ਇਲਾਵਾ ਖਡੂਰ ਸਾਹਿਬ ਅਤੇ ਕਰਤਾਰਪੁਰ ਸਾਹਿਬ ਵਿਖੇ ਇਕ-ਇਕ ਸਕੂਲ ਚੱਲ ਰਿਹਾ ਹੈ। ਖਡੂਰ ਸਾਹਿਬ ਵਿਖੇ ਉਚੇਰੀ ਸਿਖਿਆ ਲਈ ਬੀ.ਐਡ ਕਾਲਜ ਅਤੇ ਡਿਗਰੀ ਕਾਲਜ ਵੱਖਰੇ ਰੂਪ ਵਿਚ ਚਲ ਰਹੇ ਹਨ। ਉਨ੍ਹਾਂ ਹੁਣ ਤੱਕ 200 ਕਿਲੋਮੀਟਰ ਤੋਂ ਵਧੇਰੇ ਸੜਕਾਂ ਦੇ ਦੁਆਲੇ ਪੌਦੇ ਲਾਏ ਹਨ। ਦਰਖਤ ਲਾਉਣ ਦੀ ਇਹ ਮੁਹਿੰਮ ਖਾਲਸਾ ਪੰਥ ਦੇ 300 ਸਾਲਾ ਸਿਰਜਣਾ ਦਿਵਸ ਮੌਕੇ 1999 ਵਿਚ ਆਰੰਭ ਕੀਤੀ ਗਈ ਸੀ। ਇਹ ਮੁਹਿੰਮ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਆਗਮਨ ਪੁਰਬ (18 ਅਪ੍ਰੈਲ 2004) ਨੂੰ ਸਮਰਪਿਤ ਕੀਤੀ ਗਈ। ਮੁਹਿੰਮ ਦੌਰਾਨ ਖਡੂਰ ਸਾਹਿਬ ਨੂੰ ਆਉਣ ਵਾਲੇ 5 ਵੱਖ-ਵੱਖ ਰਸਤਿਆਂ ਨੂੰ ਹਰਾ-ਭਰਾ ਬਣਾਉਣ ਲਈ ਨਿੰਮ, ਜਾਮਣ, ਚਕਰਸੀਆ ਤੇ ਵੱਖ-ਵੱਖ ਕਿਸਮਾਂ ਦੇ ਪੌਦੇ ਲਾਏ ਗਏ।

ਇਸ ਤੋਂ ਇਲਾਵਾ ਮੱਧ ਪ੍ਰਦੇਸ਼ ਦੇ ਗਵਾਲੀਅਰ ਅਤੇ ਰਾਜਸਥਾਨ ਦੇ ਜੈਪੁਰ ਇਲਾਕੇ ਵਿਚ ਗੁਰਧਾਮਾਂ ਦੇ ਨੇੜੇ ਉਨ੍ਹਾਂ ਨੇ ਵੱਡੀ ਪੱਧਰ 'ਤੇ ਦਰਖਤ ਲਾਏ ਹਨ। ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਵੀ ਉਨ੍ਹਾਂ ਦਰਖਤ ਲਾਉਣ ਦੀ ਸੇਵਾ ਨਿਭਾਈ ਹੈ।

ਯਾਦ ਰਹੇ ਬਾਬਾ ਸੇਵਾ ਸਿੰਘ ਵਲੋਂ ਖਡੂਰ ਸਾਹਿਬ ਤੋਂ ਇਲਾਵਾ ਡੇਰਾ ਬਾਬਾ ਨਾਨਕ, ਬਟਾਲਾ, ਉਠੀਆ, ਕਰਤਾਰਪੁਰ, ਵਡਾਲਾ, ਬਠਿੰਡਾ, ਕਾਲੇਕੇ, ਨਰੈਣਾ (ਰਾਜਸਥਾਨ) ਅਤੇ ਗਵਾਲੀਅਰ ਨੇੜੇ ਤਿੰਨ-ਚਾਰ ਇਤਿਹਾਸਕ ਗੁਰਧਾਮਾਂ ਦੀ ਸਾਂਭ ਸੰਭਾਲ ਵੀ ਕੀਤੀ ਜਾ ਰਹੀ ਹੈ।

# ਪ੍ਰੋ. ਦਰਸ਼ਨ ਸਿੰਘ ਉਤੇ ਹਮਲੇ ਦੀ ਨਿਖੇਧੀ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਬਾਬਾ ਬੰਦਾ ਸਿੰਘ ਬਹਾਦਰ ਸੁਸਾਇਟੀ ਨੇ ਪੱਛਮੀ ਬੰਗਾਲ ਦੇ ਸ਼ਹਿਰ ਆਸਨਸੋਲ ਵਿਚ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਉਪਰ ਕੀਤੇ ਗਏ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ।

ਇਥੇ ਸੁਸਾਇਟੀ ਦੇ ਮੈਂਬਰਾਂ ਦੀ ਕਨਵੀਨਰ ਭਾਈ ਟਹਿਲ ਸਿੰਘ ਅਤੇ ਪ੍ਰਧਾਨ ਭਾਈ ਰਾਜਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਦੋਸ਼ ਲਾਇਆ ਗਿਆ ਕਿ ਇਹ ਹਮਲਾ ਕਥਿਤ ਤੌਰ 'ਤੇ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ 'ਅਖੌਤੀ ਵਿਦਵਾਨ' ਗੁਰਚਰਨਜੀਤ ਸਿੰਘ ਲਾਂਬਾ ਦੇ ਭਰਾਵਾਂ ਹਰਭਜਨ ਸਿੰਘ ਤੇ ਹਰਪਾਲ ਸਿੰਘ ਵਲੋਂ ਆਪਣੇ ਸਾਥੀਆਂ ਨਾਲ ਕੀਤਾ ਗਿਆ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਆਮ ਸਿੱਖਾਂ ਨੇ ਜਗ੍ਹਾ ਜਗ੍ਹਾ ਉਤੇ ਪ੍ਰੋਫੈਸਰ ਸਾਹਿਬ ਦੇ ਕੀਰਤਨ ਸਮਾਗਮ ਕਰਵਾ ਕੇ ਇਹ ਸਾਬਤ ਕਰ ਦਿੱਤਾ ਹੈ ਕਿ ਸਿੱਖਾਂ ਦੀ ਜਮੀਰ ਅਜੇ ਜਿਊਂਦੀ ਹੈ ਅਤੇ ਉਹ ਆਰ ਐਸ ਐਸ ਦੇ ਇਸ਼ਾਰੇ 'ਤੇ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਪ੍ਰਵਾਨ ਨਹੀਂ ਕਰਨਗੇ। ਬਿਆਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਹਮਲਾ ਪ੍ਰੋ. ਦਰਸ਼ਨ ਸਿੰਘ ਵਿਰੁਧ ਜਥੇਬੰਦ ਹੋਈਆਂ ਬ੍ਰਾਹਮਣਵਾਦੀ ਤਾਕਤਾਂ ਦੀ ਇਖਲਾਕੀ ਹਾਰ ਹੈ।

ਭਾਈ ਬੁਧ ਸਿੰਘ, ਮਨਜੀਤ ਸਿੰਘ ਰੰਧਾਵੇ ਵਾਲੇ, ਅਮਰਜੀਤ ਸਿੰਘ, ਚਰਨਜੀਤ ਸਿੰਘ, ਨਸੀਬ ਸਿੰਘ, ਕੁਲਦੀਪ ਸਿੰਘ, ਅਜੀਤ ਸਿੰਘ ਤੇ ਸਤਿਪ੍ਰਕਾਸ਼ ਸਿੰਘ ਵਲੋਂ ਜਾਰੀ ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੋਸ਼ਟਿ ਰਾਹੀਂ ਸਾਰੇ ਮਸਲੇ ਵਿਚਾਰਨ ਦੀ ਸਿੱਖਿਆ ਦਿੱਤੀ ਸੀ ਪਰ ਅੱਜ ਇਸ ਦੇ ਉਲਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਸਿੰਘ ਸਾਹਿਬਾਨ ਤਾਕਤ ਦੇ ਜ਼ੋਰ ਨਾਲ ਆਪਣੀ ਈਨ ਮਨਵਾਉਣ ਉਤੇ ਉਤਾਰੂ ਹਨ।

## ਦਸ਼ਮੇਸ਼ ਪਿਤਾ ਦਾ ਗੁਰਪੁਰਬ ਮਨਾਇਆ

**ਲਾਸ ਏਂਜਲਸ:** ਗੁਰਦੁਆਰਾ ਵਰਮੌਂਟ ਦੀ ਸੰਗਤ ਵਲੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 23 ਜਨਵਰੀ ਨੂੰ ਮਨਾਇਆ ਗਿਆ। ਵਖ ਵਖ ਗੁਰੂਘਰਾਂ ਦੇ ਖਾਲਸਾ ਸਕੂਲਾਂ ਦੇ ਬੱਚਿਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਬਾਰੇ ਵਖ ਵਖ ਬੁਲਾਰਿਆਂ ਨੇ ਚਾਨਣਾ ਪਾਉਂਦਿਆਂ ਉਨ੍ਹਾਂ ਵਲੋਂ ਖੰਡੇ-ਬਾਟੇ ਦੇ ਅਮ੍ਰਿਤ ਰਾਹੀਂ ਸਾਜੇ ਗਏ ਨਿਰਾਲੇ ਖਾਲਸਾ ਪੰਥ ਦੀ ਗੱਲ ਕੀਤੀ। ਬੁਲਾਰਿਆਂ ਨੇ ਕਿਹਾ ਕਿ ਪੰਥ ਤੋਂ ਸਰਬੰਸ ਵਾਰਨ ਦੀ ਧਰਮਾਂ ਦੇ ਇਤਿਹਾਸ ਵਿਚ ਹੋਰ ਘੱਟ ਹੀ ਕੋਈ ਮਿਸਾਲ ਮਿਲਦੀ ਹੈ।

ਵਖ ਵਖ ਗੁਰੂਘਰਾਂ ਦੇ ਹਜ਼ੂਰੀ ਰਾਗੀ ਜੱਥਿਆਂ ਨੇ ਸ਼ਬਦ ਕੀਰਤਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਭਾਈਚਾਰੇ ਦੇ ਕਈ ਸੀਨੀਅਰ ਮੈਂਬਰਾਂ ਦਾ ਇਸ ਮੌਕੇ ਮਾਣ-ਸਨਮਾਨ ਕੀਤਾ ਗਿਆ। ਗੁਰੂ ਕਾ ਲੰਗਰ ਅਤੁਟ ਵਰਤਿਆ।

## ਭਾਰਤੀ ਦੀ ਡੁੱਬਣ ਨਾਲ ਮੌਤ

**ਸ਼ਿਕਾਗੋ:** ਕੰਮਕਾਜ ਦੇ ਸਬੰਧ ਵਿਚ ਇਥੇ ਆਏ ਇਕ ਭਾਰਤੀ ਦੀ ਤਲਾਬ ਵਿਚ ਡੁੱਬਣ ਕਾਰਨ ਮੌਤ ਹੋ ਗਈ। ਆਸ਼ੀਸ਼ ਕੁਮਾਰ ਨਾਂ ਦਾ ਇਹ ਵਿਅਕਤੀ ਨਾਰਥਵੈਸਟ ਵਿਚ ਇਕ ਅਪਾਰਟਮੈਂਟ ਵਿਚ ਰੁਕਿਆ ਹੋਇਆ ਸੀ। ਉਸਦੀ ਬੀਤੀ 23 ਜਨਵਰੀ ਨੂੰ ਕੈਂਪਸ ਦੇ ਤਲਾਬ ਵਿਚੋਂ ਲਾਸ਼ ਮਿਲੀ।

ਕੁੱਕ ਕਾਊਂਟੀ ਦੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਇਸ ਭਾਰਤੀ ਦੀ ਮੌਤ ਡੁੱਬਣ ਨਾਲ ਹੋਈ ਹੈ। ਪੁਲੀਸ ਮੁਤਾਬਕ ਤਲਾਬ ਦੇ ਆਲੇ-ਦੁਆਲੇ ਲੱਗੇ ਕੈਮਰਿਆਂ ਦੀ ਫੁਟੇਜ ਦੇਖਣ ਤੋਂ ਸਾਫ ਪਤਾ ਲੱਗਦਾ ਹੈ ਕਿ ਆਸ਼ੀਸ਼ ਤਲਾਬ ਵਿਚ ਡਿੱਗਿਆ। ਉਹ ਤੈਰਨ ਦੀ ਕੋਸ਼ਿਸ਼ ਕਰਦਾ ਨਜ਼ਰ ਆਇਆ ਤੇ ਫੇਰ ਡੁੱਬ ਗਿਆ। ਘਟਨਾ ਸਮੇਂ ਉਹ ਤਲਾਬ ਖੇਤਰ 'ਚ ਇਕੱਲਾ ਸੀ। ਪੁਲੀਸ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ।




## ਹਿਟਲਰ ਦੀ ਫੋਟੋ ਲਗਾਉਣ ਤੇ 2 ਸਾਲ ਦੀ ਹੋਈ ਜੇਲ੍ਹ




**ਵਾਰਸਾ :** ਨਾਈਟ ਕਲੱਬ ਦੇ ਪ੍ਰਮੋਸ਼ਨ ਦੇ ਲਈ ਜਰਮਨ ਤਾਨਾਸ਼ਾਹ ਏਡੋਲਫ ਹਿਟਲਰ ਦੀ ਤਸਵੀਰ ਦਾ ਇਸਤੇਮਾਲ ਕਰਨ ਵਾਲੇ ਕਲੱਬ ਦੇ ਮਾਲਿਕਾਂ ਨੂੰ 2 ਸਾਲ ਜੇਲ ਦੀ ਸਜ਼ਾ ਸੁਣਾਈ ਗਈ ਹੈ। ਵਾਰਸਾ ਸਥਿਤ ਸਕਲਾਟ ਰਾਕ ਕਲਬ ਦੇ ਮਾਲਿਕਾਂ ਨੇ ਕਲਬ ਦੀ ਪਾਰਟੀ ਨਾਈਟਸ ਨੂੰ ਪ੍ਰਮੋਦ ਕਰਨ ਦੇ ਲਈ ਕਲਬ ਵਿਚ ਹਿਟਲਰ ਦੀ ਸਨਗਲਾਸੇਸ ਵਾਲੀ ਇਕ ਤਸਵੀਰ ਲਾਈ ਸੀ। ਪਰ ਉਨਾਂ ਨੂੰ ਪਤਾ ਨਹੀਂ ਸੀ ਕਿ ਇਦਾਂ ਕਰਕੇ ਉਥੇ ਫਾਸ਼ੀਵਾਦ ਨੂੰ ਉਗਾਸਾ ਦੇਣ ਦੇ ਦੋਸ਼ੀ ਬਣ ਜਾਣਗੇ। ਪਤਾ ਹੋਵੇ ਕਿ ਦੂਜੇ ਵਿਸ਼ਵ ਯੁੱਧ ਦੇ ਦੌਰਾਨ ਜਰਮਨ ਫੌਜ ਨੇ ਪੋਲੈਂਡ ਵਿਚ ਕਬਜ਼ਾ ਕਰ ਲਿਆ ਸੀ ਅਤੇ ਉਥੇ ਫਾਸ਼ੀਵਾਦ ਨੂੰ ਭੜਕਾਉਣ ਦੇਣਾ ਗੈਰ ਕਾਨੂੰਨੀ ਹੈ। ਵਾਰਸਾ ਦੇ ਪ੍ਰਾਸੀਕਿਊਟਰ ਆਫਿਸ ਦੀ ਰੇਨੇਟਾ ਮਾਜੁਰ ਨੇ ਕਿਹਾ, ਨਾਈਟਕਲਬ ਵਿਚ ਹਿਟਲਰ ਦੀ ਲਾਈ ਗਈ ਤਸਵੀਰ ਵਿਚ ਇਸਤੇਮਾਲ ਸਮਗਰੀ ਫਾਸ਼ੀਵਾਦ ਨੂੰ ਵਧਾਉਣ ਵਾਲੀ ਹੈ। ਹਾਲਾਂਕਿ ਕਲੱਬ ਦੇ ਮਾਲਿਕਾਂ ਦਾ ਕਹਿਣਾ ਹੈ ਕਿ ਇਸ ਤਸਵੀਰ 'ਤੇ ਕੁਝ ਜ਼ਿਆਦਾ ਹੀ ਵਿਵਾਦ ਹੋ ਗਿਆ ਹੈ। ਕਲੱਬ ਦੀ ਪ੍ਰਵਕਤਾ ਕੈਲਿਨਾ ਕੋਸਲਿਨਸਕਾ ਨੇ ਕਿਹਾ, ਤਸਵੀਰ ਲਗਾਉਣ ਦਾ ਸਾਡਾ ਵਿਚਾਰ ਇਹ ਹੈ ਕਿ ਹਿਟਲਰ ਵਾਰਸਾ ਦੇ ਕਲਬਾਂ ਦੀ ਸਥਿਤੀ ਤੋਂ ਖੁਸ਼ ਨਹੀਂ ਸਨ।

## ਰਹਿਮਾਨ ਦਾ ਗੀਤ ਆਸਕਰ ਦੀ ਦੌੜ ਵਿਚ



**ਮੁੰਬਈ :** ਏ ਆਰ ਰਹਿਮਾਨ ਦੇ ਸੰਗੀਤ ਨਾਲ ਸਜੀ ਹਾਲੀਵੁੱਡ ਫਿਲਮ ''ਕਪਲਸ ਰੀਟਰੀਟ'' ਦੇ ਇਕ ਗਾਣੇ ''ਨਾ ਨਾ'' ਨੂੰ ਆਸਕਰ ਐਵਾਰਡ ਲਈ ਚੁਣੀ ਗਈ ਲਿਸਟ 'ਚ ਸ਼ਾਮਲ ਕੀਤਾ ਗਿਆ ਹੈ। ਇਸ ਗਾਣੇ ਨੂੰ ਬੈਸਟ ਓਰਿਜਨਲ ਸਾਂਗ ਕੈਟਾਗਰੀ 'ਚ ਚੁਣਿਆ ਗਿਆ ਹੈ। ਇਥੇ ਇਹ ਗਾਣਾ 62 ਦੂਸਰੇ ਹੋਰ ਗਾਣਿਆਂ ਦੇ ਨਾਲ ਆਸਕਰ ਨਾਮਜ਼ਦਗੀ ਲਈ ਸੰਘਰਸ਼ ਕਰੇਗਾ। ਆਸਕਰ ਇਨਾਮਾਂ ਦੀ ਨਾਮਜ਼ਦਗੀ ਦਾ ਐਲਾਨ ਦੋ ਫਰਵਰੀ ਨੂੰ ਕੀਤਾ ਜਾਏਗਾ। ਰਹਿਮਾਨ ਨੇ ਇਸ ਗਾਣੇ ਦੇ ਆਸਕਰ ਸੂਚੀ 'ਚ ਲਏ ਜਾਣ 'ਤੇ ਕਿਹਾ, ''ਮੈਨੂੰ ਨਹੀਂ ਪਤਾ ਕਿ ਇਸ ਗਾਣੇ ਨੂੰ ਨਾਮਜ਼ਦਗੀ ਮਿਲੇਗੀ ਜਾਂ ਨਹੀਂ, ਕਿਉਂਕਿ ਅਸੀਂ ਇਸ ਗਾਣੇ ਦਾ ਕੋਈ ਪ੍ਰਚਾਰ ਤਾਂ ਕੀਤਾ ਹੀ ਨਹੀਂ ਹੈ।'' ਦਿਲਚਸਪੀ ਵਾਲੀ ਗੱਲ ਇਹ ਹੈ ਕਿ ''ਨਾ ਨਾ'' ਗਾਣੇ ਦੇ ਰਹਿਮਾਨ ਨੇ ਆਪਣੇ ਸਾਢੇ 6 ਸਾਲ ਦੇ ਬੇਟੇ ਲਿਮ ਕੋਲੋਂ ਵੀ ਕੁਝ ਸ਼ਬਦ ਬੁਲਵਾਏ ਹਨ। 'ਕਪਲਸ ਰੀਟਰੀਟ'' ਦਾ ਸੰਗੀਤ ਭਾਰਤ ਵਿਚ ਵੀ ਰੀਲੀਜ਼ ਕੀਤਾ ਗਿਆ ਹੈ। ਇਸ ਐਲਬਮ 'ਚ 'ਕੁਰੂ ਕੁਰੂ' ਨਾਂਅ ਦਾ ਤਾਮਿਲ ਗਾਣਾ ਵੀ ਹੈ, ਜਿਸਨੂੰ ਰਹਿਮਾਨ ਨੇ ਲਿਖਿਆ ਵੀ ਹੈ। ਇਸਤੋਂ ਇਲਾਵਾ ''ਕਪਲਸ ਰੀਟਰੀਟ'' ਦੀ ਐਲਬਮ 'ਚ ਸੰਸਕ੍ਰਿਤੀ, ਸਪੈਨਿਸ਼ ਅਤੇ ਹਿੰਦੀ 'ਚ ਵੀ ਗਾਣੇ ਹਨ। ਕੁਰੂ-ਕੁਰੂ ਬਾਰੇ ਗੱਲ ਕਰਦੇ ਹੋਏ ਰਹਿਮਾਨ ਨੇ ਦੱਸਿਆ ਕਿ ''ਮੈਂ ਉਹਨਾਂ ਦਿਨਾਂ 'ਚ ਕਾਫੀ ਤਾਮਿਲ ਸੰਗੀਤ ਸੁਣ ਰਿਹਾ ਸੀ ਅਤੇ ਮੈਂ ਪਿਛਲੇ ਸਾਲ ਕੋਈ ਤਾਮਿਲ ਫਿਲਮ ਵੀ ਨਹੀਂ ਕਰ ਰਿਹਾ ਸੀ। ਮੈਂ ਕੁਝ ਅਜਿਹਾ ਕਰਨਾ ਚਾਹੁੰਦਾ ਸੀ ਜਿਹੜਾ ਥੋੜ੍ਹਾ ਵੱਖਰਾ ਹੋਵੇ।

## ਮਹਿਮਾਨ ਬਣ ਕੇ ਮੋਦੀ ਨੇ ਕਮਾਏ 23 ਕਰੋੜ



**ਅਹਿਮਦਾਬਾਦ :** ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਲੋਕਪ੍ਰਿਅਤਾ ਬਾਲੀਵੁੱਡ ਦੇ ਕਿਸੇ ਵੀ ਸਿਤਾਰੇ ਤੋਂ ਘੱਟ ਨਹੀਂ ਹੈ। ਮੋਦੀ ਨੂੰ ਵੀ ਆਪਣੇ ਇਸ ਸੈਲੀਬ੍ਰਿਟੀ ਰੁਤਬੇ ਦਾ ਅੰਦਾਜ਼ਾ ਹੈ ਅਤੇ ਉਹ ਇਸਨੂੰ ਭੁਨਾਉਣ ਵਿਚ ਕੋਈ ਕਸਰ ਵੀ ਨਹੀਂ ਛੱਡਦੇ। ਬਾਲੀਵੁੱਡ ਸਿਤਾਰਿਆਂ ਦੀ ਤਰਜ਼ 'ਤੇ ਉਹ ਵੀ ਕਿਸੇ ਸਮਾਗਮ ਵਿਚ ਸ਼ਾਮਲ ਹੋਣ ਦੇ ਪੈਸੇ ਲੈਂਦੇ ਹਨ। ਫਰਕ ਕੇਵਲ ਏਨਾ ਹੈ ਕਿ ਉਹ ਇਹ ਪੈਸੇ ਭਲਾਈ ਦੇ ਕੰਮਾਂ ਲਈ ਲੈਂਦੇ ਹਨ। ਮੋਦੀ ਦੇ ਆਲੋਚਕ ਭਾਵੇਂ ਇਹ ਕਹਿੰਦੇ ਰਹਿਣ ਕਿ ਉਹ ਸੁਰਖੀਆਂ ਵਿਚ ਬਣੇ ਰਹਿਣ ਲਈ ਕਿਧਰੇ ਵੀ ਪਹੁੰਚ ਜਾਂਦੇ ਹਨ, ਪਰ ਇਸਦੇ ਕਾਰਨ ਮੁੱਖ ਮੰਤਰੀ ਦਫਤਰ ਪਿਛਲੇ 5 ਸਾਲਾਂ ਵਿਚ 23 ਕਰੋੜ ਰੁਪਏ ਕਮਾ ਚੁੱਕਿਆ ਹੈ। ਇਸ ਪੈਸੇ ਦਾ ਇੱਕ ਵੱਡਾ ਹਿੱਸਾ ਕੰਨਿਆ ਕਲਿਆਣ ਫੰਡ ਵਿਚ ਗਿਆ ਹੈ। ਇਸ ਫੰਡ ਦੀ ਵਰਤੋਂ ਲੜਕੀਆਂ ਦੀ ਸਿੱਖਿਆ ਲਈ ਕੀਤੀ ਜਾਂਦੀ ਹੈ। ਇਸ ਫੰਡ ਦਾ ਜ਼ਿਆਦਾਤਰ ਹਿੱਸਾ ਤਾਂ ਦਾਨ ਤੋਂ ਹੀ ਆਉਂਦਾ ਹੈ ਪਰ ਕਾਫੀ ਪੈਸਾ ਉਨ੍ਹਾਂ ਚੀਜ਼ਾਂ ਦੀ ਨਿਲਾਮੀ ਕਰਕੇ ਇਕੱਠਾ ਕੀਤਾ ਗਿਆ ਹੈ ਜੋ ਮੋਦੀ ਨੂੰ ਤੋਹਫੇ ਦੇ ਤੌਰ 'ਤੇ ਮਿਲਦੀਆਂ ਹਨ। ਇਸ ਵਸੂਲੀ ਦਾ ਇੱਕ ਹਿੱਸਾ ਮੁੱਖ ਮੰਤਰੀ ਰਾਹਤ ਫੰਡ ਵਿਚ ਜਾਂਦਾ ਹੈ। ਮੋਦੀ ਜਦ ਤੋਂ ਮੁੱਖ ਮੰਤਰੀ ਬਣੇ ਹਨ ਇਸ ਫੰਡ ਵਿਚ 104 ਕਰੋੜ ਰੁਪਏ ਜਮ੍ਹਾ ਹੋਏ ਹਨ। ਹਾਲ ਹੀ ਵਿਚ ਇਕ ਉਦਯੋਗਿਕ ਘਰਾਣੇ ਨੇ ਮੋਦੀ ਨੂੰ ਉਦਘਾਟਨ ਲਈ ਬੁਲਾਇਆ ਸੀ ਤਾਂ ਉਸਨੇ ਮੁੱਖ ਮੰਤਰੀ ਰਾਹਤ ਫੰਡ ਵਿਚ 11 ਲੱਖ ਰੁਪਏ ਦਿੱਤੇ ਸੀ। ਇਸ ਤਰ੍ਹਾਂ ਕਿੰਨਾ ਫੰਡ ਦੇਣਾ ਹੈ ਇਹ ਪ੍ਰਬੰਧਕ 'ਤੇ ਨਿਰਭਰ ਕਰਦਾ ਹੈ। ਇਸ ਮਹੀਨੇ ਵਿਚ ਮੋਦੀ ਅਜਿਹੇ 10 ਸਮਾਗਮਾਂ ਵਿਚ ਹਿੱਸਾ ਲੈ ਚੁੱਕੇ ਹਨ। ਪਿਛਲੇ ਪੰਜ ਸਾਲਾਂ ਵਿਚ ਤਾਂ ਉਨ੍ਹਾਂ ਨੇ ਅਜਿਹੇ ਸੈਂਕੜੇ ਸਮਾਗਮਾਂ ਵਿਚ ਹਿੱਸਾ ਲਿਆ ਹੈ। ਮੋਦੀ ਦੇ ਇਕ ਸਹਿਯੋਗੀ ਦੇ ਅਨੁਸਾਰ ਇਹ ਸਭ 2006 ਵਿਚ ਸ਼ੁਰੂ ਹੋਇਆ। ਇਸ ਵਿਚ ਦਿੱਤੇ ਜਾਣ ਵਾਲਾ ਦਾਨ ਪੂਰੀ ਤਰ੍ਹਾਂ ਦੇਣ ਵਾਲੇ 'ਤੇ ਨਿਰਭਰ ਕਰਦਾ ਹੈ। ਉਸ ਤਰ੍ਹਾਂ ਅਧਿਕਾਰੀ ਸਮਾਗਮ ਕਰਾਉਣ ਵਾਲੇ ਵਿਅਕਤੀ ਦੀ ਸਮਰੱਥਾ ਦਾ ਅੰਦਾਜ਼ਾ ਪਹਿਲਾਂ ਹੀ ਲਗਾ ਲੈਂਦੇ ਹਨ ਤੇ ਉਸੇ ਹਿਸਾਬ ਨਾਲ ਉਸ ਨੂੰ ਦਾਨ ਦੇਣ ਬਾਰੇ ਸੰਕੇਤ ਦੇ ਦਿੱਤਾ ਜਾਂਦਾ ਹੈ। ਇਸ ਫੰਡ ਰਾਹੀਂ ਕਈ ਲੜਕੀਆਂ ਨੂੰ 1-1 ਹਜ਼ਾਰ ਰੁਪਏ ਦੇ ਵਜ਼ੀਫੇ ਦਿੱਤੇ ਗਏ ਹਨ। ਇਸ ਤੋਂ ਇਲਾਵਾ ਲੱਖਾਂ ਲੜਕੀਆਂ ਦੀ ਪੜ੍ਹਾਈ ਲਈ ਵੀ ਇਸ ਫੰਡ ਦੀ ਵਰਤੋਂ ਹੁੰਦੀ ਹੈ।

## ਲਾਦੇਨ ਮਾਰ ਕੇ ਫਸ ਜਾਵੇਗਾ ਅਮਰੀਕਾ-ਪੁੱਤਰ



**ਲੰਦਨ :** ਜਾਰਜ ਡਬਲਯੂ ਬੁਸ਼ 2001 ਵਿਚ ਜਦੋਂ ਅਮਰੀਕਾ ਦੇ ਰਾਸ਼ਟਰਪਤੀ ਬਣੇ ਤਾਂ ਅਲਕਾਇਦਾ ਮੁਖੀ ਓਸਾਮਾ ਬਿਨ ਲਾਦੇਨ ਕਾਫੀ ਖੁਸ਼ ਸੀ ਕਿਉਂਕਿ ਉਹ ਅਜਿਹਾ ਨੇਤਾ ਚਾਹੁੰਦਾ ਸੀ ਜੋ ਅੱਤਵਾਦ ਦੇ ਵਿਰੁਧ ਜੰਗ ਵਿਚ ਅਰਬਾਂ ਡਾਲਰ ਖਰਚ ਕਰ ਕੇ ਦੇਸ਼ ਨੂੰ ਤੋੜ ਦੇਵੇ। ਇਹ ਦਾਅਵਾ ਉਸਦੇ ਚੌਥੇ ਪੁੱਤਰ ਉਮਰ ਬਿਨ ਲਾਦੇਨ ਨੇ ਕੀਤਾ। ਉਮਰ ਨੇ ਚਿਤਾਵਨੀ ਦਿਤੀ ਕਿ ਜਿਊਂਦੇ ਓਸਾਮਾ ਦੀ ਅਮਰੀਕਾ ਨੂੰ ਮਰੇ ਓਸਾਮਾ ਨਾਲੋਂ ਜ਼ਿਆਦਾ ਲੋੜ ਹੈ ਕਿਉਂਕਿ ਉਸਦੀ ਮੌਤ ਨਾਲ ਲੜਾਕੇ ਬਹੁਤ ਹੀ ਭਿਆਨਕ ਹਮਲਾ ਕਰਨਗੇ। ਉਮਰ ਨੇ ਰੋਲਿੰਗ ਸਟੋਨ ਪੱਤ੍ਰਿਕਾ ਨੂੰ ਕਿਹਾ ਕਿ ਮੇਰਾ ਪਿਤਾ ਕਾਫੀ ਖੁਸ਼ ਸੀ। ਉਹ ਇਸ ਤਰ੍ਹਾਂ ਦਾ ਰਾਸ਼ਟਰਪਤੀ ਚਾਹੁੰਦਾ ਸੀ ਜੋ ਹਮਲਾ ਕਰਕੇ ਪੈਸਾ ਖਰਚ ਕਰੇ ਅਤੇ ਦੇਸ਼ ਨੂੰ ਤੋੜ ਦੇਵੇ। ਮੇਰਾ ਵਿਚਾਰ ਹੈ ਕਿ ਮੇਰਾ ਪਿਤਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਮੁਕਾਬਲੇ ਮੈਕਕੇਨ ਨੂੰ ਪਸੰਦ ਕਰਦਾ ਹੈ ਕਿਉਂਕਿ ਮੈਕਕੇਨ ਦੀ ਮਾਨਸਿਕਤਾ ਬਿਲਕੁਲ ਬੁਸ਼ ਵਰਗੀ ਹੈ। ਓਬਾਮਾ ਦੇ ਅਹੁਦਾ ਹਾਸਲ ਕਰਨ 'ਤੇ ਉਹ ਕਾਫੀ ਨਿਰਾਸ਼ ਹੋਏ। ਉਮਰ ਨੇ ਇਹ ਵੀ ਕਿਹਾ ਕਿ ਉਹ ਸਿਆਣੇ ਫੈਸਲੇ ਲਈ ਬਿਲ ਕਲਿੰਟਨ ਦਾ ਆਦਰ ਕਰਦਾ ਹੈ।

## ਆਮਿਰ ਨੇ ਦਿੱਤੇ ਸੁਪਰ ਆਈਡਲਸ ਅਵਾਰਡਸ



**ਮੁੰਬਈ :** ਸ਼ਰੀਰਕ ਕਮਜ਼ੋਰੀ ਦੇ ਬਾਵਜੂਦ ਆਪਣੀ ਦਮ ਤੇ ਮਿਸਾਲ ਬਣ ਚੁੱਕੇ 18 ਲੋਕਾਂ ਨੂੰ ਫਿਲਮ ਅਭਿਨੇਤਾ ਆਮਿਰ ਖਾਨ ਨੇ 'ਆਈ ਬੀ ਐਨ 7 ਬਜਾਜ ਆਲਿਯਾਂਜ ਸੁਪਰ ਆਈਡਲਸ ਅਵਾਰਡਸ' ਨਾਲ ਸਨਮਾਨਿਤ ਕੀਤਾ। ਇਹ ਪੁਰਸਕਾਰ ਨਿਊਜ਼ ਚੈਨਲ ਆਈ ਬੀ ਐਨ-7 ਅਤੇ ਇੰਸ਼ੋਰੈਂਸ ਕੰਪਨੀ ਬਜਾਜ ਆਲਿਯਾਂਜ ਨੇ ਦੈਨਿਕ ਭਾਸਕਰ ਦੀ ਮਦਦ ਨਾਲ ਦਿੱਤੇ ਹਨ। ਪੁਰਸਕਾਰ ਪਾਉਣ ਵਾਲਿਆਂ ਵਿਚ ਉਹ ਲੋਕ ਸ਼ਾਮਿਲ ਹਨ ਜਿਨਾਂ ਨੇ ਸ਼ਰੀਰਿਕ ਅਸਮਰੱਥਾ ਤੋਂ ਹਾਰ ਨਾ ਮੰਨਦੇ ਹੋਏ ਸਮਾਜ ਵਿਚ ਵਿਸ਼ੇਸ਼ ਉਪਲਬਧੀਆਂ ਹਾਸਿਲ ਕੀਤੀਆਂ ਅਤੇ ਆਪਣੇ ਜਿਹੇ ਦੂਜੇ ਲੋਕਾਂ ਦੀ ਮਦਦ ਦੇ ਲਈ ਵੀ ਅੱਥਕ ਕੋਸ਼ਿਸ਼ ਕੀਤੀ।

ਹੋਟਲ ਤਾਜ ਲੈਂਡਸ ਐਂਡ ਵਿਚ ਆਯੋਜਿਤ ਇਸ ਪੁਰਸਕਾਰ ਸਮਾਰੋਹ ਵਿਚ ਆਮਿਰ ਖਾਨ ਨੇ ਵਿਜੇਤਾਵਾਂ ਨੂੰ ਇਕ-ਇਕ ਲੱਖ ਰੁਪਏ ਦੀ ਪੁਰਸਕਾਰ ਰਾਸ਼ੀ ਅਤੇ ਟਰਾਫੀ ਨਾਲ ਨਵਾਜਿਆ। ਇਹ ਪੁਰਸਕਾਰ 9 ਸ਼੍ਰੇਣੀਆਂ ਵਿਚ ਦਿੱਤੇ ਗਏ। ਸਪੋਰਟਸ ਸ਼੍ਰੇਣੀ ਵਿਚਦੋ ਲੋਕਾਂ ਨੂੰ ਇਨਾਮਾਂ ਨਾਲ ਨਿਵਾਜਿਆ ਗਿਆ। ਇਨਾਂ ਵਿਚੋਂ ਇਕ ਦਿੱਲੀ ਨਿਵਾਸੀ ਪ੍ਰਦੀਪ ਰਾਜ ਹੈ ਜੋ ਡੇਢ ਸਾਲ ਦੀ ਉਮਰ ਵਿਚ ਪੋਲੀਓਗ੍ਰਸਤ ਹੋ ਗਏ ਸਨ। ਪਰ ਸ਼ਰੀਰਿਕ ਅਸਮਰੱਥਾ ਉਨ੍ਹਾਂ ਨੂੰ ਟੇਬਲ ਟੇਨਸ ਖਿਡਾਰੀ ਬਨਣ ਤੋਂ ਨਹੀਂ ਰੋਕ ਸਕੀ। ਅੱਜ ਉਹ 'ਐਸੋਸੀਏਸ਼ਨ ਫੌਰ ਡਿਸਏਬਲਡ ਪੀਪਲ' ਅਤੇ 'ਪੈਰਾ ਓਲੰਪਿਕਸ' ਦੇ ਲਈ ਕੰਮ ਕਰਦੇ ਹਨ।

ਸਿਖਿਆ ਸ਼੍ਰੇਣੀ ਵਿਚ ਸਮਾਨਿਤ ਕੀਤੇ ਗਏ ਦੋ ਲੋਕਾਂ ਵਿਚ ਜੋਧਪੁਰ ਦੀ ਡਾ. ਕੁਸੁਮ ਲਤਾ ਭੰਡਾਰੀ ਵੀ ਸ਼ਾਮਿਲ ਹੈ। ਉਹ ਪੋਲੀਓਗ੍ਰਸਤ ਹੈ, ਪਰ ਐਮਏ ਕਰਕੇ ਕਾਲੇਜ ਵਿਚ ਲੈਕਚਰਾਰ ਬਣੀ। ਉਨ੍ਹਾਂ ਨੇ ਸ਼ਰੀਰਕ ਰੂਪ ਤੋਂ ਵਿਕਲਾਂਗ ਅੱਠ ਵਿਦਿਆਰਥੀਆਂ ਦੀ ਸਹਾਇਤਾ ਨਾਲ 'ਪ੍ਰਗਿਆ ਨਿਕੇਤਨ' ਸ਼ੁਰੂ ਕੀਤਾ, ਜੋ ਬੁੱਧਵਾਰ ਨੂੰ 100 ਵਿਕਲਾਂਗਾਂ ਨੂੰ ਬਿਨਾਂ ਪੈਸਿਆਂ ਤੋਂ ਸਿਖਾ ਰਿਹਾ ਹੈ। ਨੈਸ਼ਨਲ ਸਰਵਿਸ ਸ਼੍ਰੇਣੀ ਵਿਚ ਤਿੰਨ ਲੋਕਾਂ ਨੂੰ ਇਨਾਮਾਂ ਨਾਲ ਸੁਸ਼ੋਭਿਤ ਕੀਤਾ ਗਿਆ। ਇਨਾਂ ਵਿਚੋਂ ਇਕ ਚੰਡੀਗੜ੍ਹ ਨਿਵਾਸੀ ਹਰਮਨ ਸਿੰਘ ਸਿੱਧੂ ਹੈ। ਇਕ ਸੜਕ ਦੁਰਘਟਨਾ ਵਿਚ ਵਹੀਲ ਚੇਅਰ ਤੇ ਜੀਵਨ ਬਿਤਾਉਣ ਨੂੰ ਮਜਬੂਰ ਹੋਏ ਸਿੱਧੂ ਦੂਜੇ ਲੋਕਾਂ ਨੂੰ ਸੜਕ ਦੁਰਘਟਨਾ ਨਾਲ ਬਚਾਉਣ ਦੇ ਪ੍ਰਯਾਸ ਵਿਚ ਜੁਟ ਗਏ। ਉਹ ਸੜਕ ਸੁਰਖਿਆ ਜਾਗਰੂਕਤਾ ਦੇ ਤਰ੍ਹਾਂ ਤਰ੍ਹਾਂ ਦੇ ਅਭਿਯਾਨ ਚਲਾਉਂਦੇ ਰਹੇ ਹਨ। ਇਸੇ ਤਰ੍ਹਾਂ ਬਿਜਨੇਸ ਐਂਡ ਐਂਪਲਾਇਮੈਂਟ, ਏਂਟਰਟੇਨਮੈਂਟ, ਪੁਰਨਵਾਸ, ਸਪੈਸ਼ਲ ਆਈਡਲ ਅਤੇ ਆਈਡਲ ਮੇਕਰ ਸ਼੍ਰੇਣੀਆਂ ਵਿਚ ਦੋ-ਦੋ ਲੋਕਾਂ ਨੂੰ ਸਨਮਾਨਿਤ ਕੀਤਾ ਗਿਆ। ਉਥੇ ਦੇਸ਼ ਵਿਚ ਪਹਿਲੀ ਬਾਰ ਡਿਸੇਬਲ ਐਕਟ ਬਨਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਦਿੱਲੀ ਨਿਵਾਸੀ ਜਾਵੇਦ ਆਬਿਦੀ ਨੂੰ ਲਾਈਫ ਟਾਈਮ ਅਚੀਵਮੈਂਟ ਅਵਾਰਡ ਨਾਲ ਨਿਵਾਜਿਆ ਗਿਆ।

ਸਮਾਰੋਹ ਵਿਚ ਆਈਬੀਐਨ7 ਦੇ ਏਡੀਟਰ ਇਨਚੀਫ ਰਾਜਦੀਪ ਸਰਦੇਸਾਈ, ਮੈਨੇਜਿੰਗ ਏਡੀਟਰ ਆਸ਼ੁਤੋਸ਼, ਦੈਨਿਕ ਭਾਸਕਰ ਦੇ ਵਾਇਸ ਪ੍ਰੈਸੀਡੈਂਟ-ਮਾਰਕੇਟਿੰਗ ਏਂਡ ਕਮਿਊਨਿਕੇਸ਼ਨ ਸੰਜੀਵ ਕੋਟਨਾਲਾ, ਬਜਾਜ ਆਲਿਯਾਂਜ ਦੇ ਕੰਟਰੀ ਮੈਨੇਜਰ ਤੇ ਸੀਈਓ ਕਮਲੇਸ਼ ਗੋਇਲ, ਏਬਿਲਿਟੀ ਫਾਊਂਡੇਸ਼ਨ ਦੀ ਫਾਊਂਡਰ ਅਤੇ ਮੈਨੇਜਿੰਗ ਟ੍ਰਸਟੀ ਜੈ ਸ੍ਰੀ ਰਵੀਂਦਰ ਅਤੇ ਫਿਲਮ ਉਦਯੋਗ ਨਾਲ ਅਨੁਮਲਿਕ, ਲਲਿਤ ਪੰਡਿਤ, ਆਦੇਸ਼ ਸ਼੍ਰੀਵਾਸਤਵ, ਤੱਬੂ, ਮੌਜੂਦ ਸੀ। ਸਮਾਰੋਹ ਦੇ ਮੁੱਖ ਮਹਿਮਾਨ ਆਮਿਰਖਾਨ ਨੇ ਸਾਰੇ ਸੁਪਰ ਆਈਡਲਸ ਦੀ ਕਹਾਣੀ ਬਹੁਤ ਗੰਭੀਰਤਾ ਨਾਲ ਸੁਣੀ ਅਤੇ ਉਨਾਂ ਦੇ ਵਿਚਾਰਾਂ ਤੇ ਆਪਣੀ ਪ੍ਰਤੀਕ੍ਰਿਆ ਵੀ ਦਿੱਤੀ।

## ਓਬਾਮਾ ਨੇ ਕਿਹਾ,ਅਮਰੀਕੀ ਵੋਟਰ ਗੁੱਸੇ 'ਚ ਹਨ



**ਵਾਸ਼ਿੰਗਟਨ :** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਹੁਦਾ ਸੰਭਾਲਣ ਤੋਂ ਬਾਅਦ ਵ੍ਹਾਈਟ ਹਾਊਸ ਵਿਚ ਇਕ ਸਾਲ ਪੂਰਾ ਹੋਣ ਤੋਂ ਇਕ ਦਿਨ ਬਾਅਦ ਮੰਨਿਆ ਹੈ ਕਿ ਉਨ੍ਹਾਂ ਨੇ ਅਮਰੀਕੀ ਲੋਕਾਂ ਨਾਲ ਸਿੱਧਾ ਸੰਪਰਕ ਨਹੀਂ ਰੱਖਿਆ, ਇਸ ਲਈ ਵੋਟਰ ਨਾਰਾਜ਼ ਅਤੇ ਗੁੱਸੇ ਵਿਚ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦਾ ਬਿਆਨ ਮੈਸਾਚੂਸੇਟ ਵਿਚ ਰਿਪਬਲੀਕਨ ਪਾਰਟੀ ਦੀ ਜਿੱਤ ਤੋਂ ਇਕ ਦਿਨ ਬਾਅਦ ਆਇਆ। ਉਨ੍ਹਾਂ ਇਹ ਵੀ ਕਿਹਾ ਕਿ ਡੈਮੋਕਰੇਟਿਕ ਪਾਰਟੀ ਨੂੰ ਕਾਂਗਰਸ ਵਿਚ ਸਿਹਤ ਬਿੱਲ ਜਲਦਬਾਜ਼ੀ ਵਿਚ ਪਾਸ ਕਰਵਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਮੈਸਾਚੂਸੇਟ ਵਿਚ ਵੋਟਰਾਂ ਵਲੋਂ ਤਕੜਾ ਝਟਕਾ ਦੇਣ ਤੋਂ ਬਾਅਦ ਓਬਾਮਾ ਨੇ ਮੰਨਿਆ ਹੈ ਕਿ ਕੁਝ ਸੰਕਟਾਂ ਨੂੰ ਨਜਿੱਠਣ ਵਿਚ ਉਲਝੇ ਹੋਣ ਕਰਕੇ ਉਨ੍ਹਾਂ ਦਾ ਲੋਕਾਂ ਨਾਲ ਸੰਪਰਕ ਟੁੱਟ ਗਿਆ ਸੀ। ਜਿਸਦਾ ਇਹ ਸਿੱਟਾ ਹੈ ਕਿ ਰਿਪਬਲੀਕਨ ਉਮੀਦਵਾਰ ਦੀ ਜਿੱਤ 'ਹੋਈ ਹੈ। ਇਸ ਸੀਟ 'ਤੇ ਲੱਗਭੱਗ ਪੰਜ ਦਹਾਕੇ ਤੱਕ ਡੈਮੋਕਰੇਟਿਕ ਪਾਰਟੀ ਦੇ ਐਡਵਰਡ ਕਨੇਡੀ ਦਾ ਕਬਜ਼ਾ ਰਿਹਾ ਸੀ।

ਅਮਰੀਕੀ ਟੀ ਵੀ ਚੈਨਲ ਏ ਬੀ ਸੀ ਨੈੱਟਵਰਕ ਨੂੰ ਦਿੱਤੀ ਇੰਟਰਵਿਊ ਵਿਚ ਓਬਾਮਾ ਨੇ ਕਿਹਾ, ਜਿਸ ਤਰ੍ਹਾਂ (ਰਿਪਬਲੀਕਨ) ਸਕਾਉਟ ਬਰਾਊਨ ਜਿੱਤੇ ਹਨ। ਮੈਂ ਵੀ ਉਸੇ ਤਰ੍ਹਾਂ ਜਿੱਤਿਆ ਸੀ, ਪਰ ਲੋਕ ਗੁੱਸੇ ਅਤੇ ਨਿਰਾਸ਼ ਹਨ। ਇਹ ਕੇਵਲ ਪਿਛਲੇ ਇੱਕ ਜਾਂ ਦੋ ਸਾਲ ਵਿਚ ਨਹੀਂ ਹੋਇਆ ਹੈ। ਬਲਕਿ ਜੋ ਕੁਝ ਪਿਛਲੇ 8 ਸਾਲਾਂ ਵਿਚ ਹੋਇਆ ਹੈ, ਉਸਦੇ ਕਾਰਨ ਨਿਰਾਸ਼ ਹਨ। ਮੈਸਾਚੂਸੇਟ ਤੋਂ ਜਿੱਤੇ ਸਕਾਟ ਬਰਾਊਨ ਨੇ ਪੰਜ ਦਹਾਕਿਆਂ ਤੱਕ ਸੂਬੇ ਦੇ ਪ੍ਰਤੀਨਿਧੀ ਰਹੇ ਡੈਮੋਕਰੇਟਿਕ ਪਾਰਟੀ ਦੇ ਐਡਵਰਡ ਕਨੇਡੀ ਦੀ ਥਾਂ ਲਈ ਜਿਨ੍ਹਾਂ ਦਾ ਪਿਛਲੇ ਸਾਲ ਦੇਹਾਂਤ ਹੋ ਗਿਆ ਸੀ। ਇਸ ਤੋਂ ਬਾਅਦ ਰਿਪਬਲੀਕਨ ਪਾਰਟੀ ਦੇ ਸੈਨੇਟ ਵਿਚ 41 ਪ੍ਰਤੀਨਿਧੀ ਹੋ ਗਏ ਹਨ ਅਤੇ ਉਹ ਸਿਹਤ ਖੇਤਰ ਨਾਲ ਸੰਬੰਧਤ ਬਿੱਲ ਨੂੰ ਰੋਕ ਸਕਦੇ ਹਨ ਜਾਂ ਡੈਮੋਕਰੇਟਿਕ ਪਾਰਟੀ ਨੂੰ ਉਸ ਵਿਚ ਤਬਦੀਲੀ ਕਰਨ ਲਈ ਮਜਬੂਰ ਕਰ ਸਕਦੇ ਹਨ। ਰਾਸ਼ਟਰਪਤੀ ਓਬਾਮਾ ਦਾ ਕਹਿਣਾ ਹੈ ਕਿ ਸਿਹਤ ਖੇਤਰ ਸਬੰਧਤ ਬਿੱਲ 'ਤੇ ਵੋਟਾਂ ਤਦ ਪੈਣੀਆਂ ਚਾਹੀਦੀਆਂ ਹਨ ਜਦ ਸਕਾਟ ਬਰਾਊਨ ਸਹੁੰ ਚੁੱਕ ਲੈਣ ਅਤੇ ਡੈਮੋਕਰੇਟਿਕ ਪਾਰਟੀ ਨੂੰ ਇਸ ਵਿਧਾਇਕ 'ਤੇ ਆਮ ਰਾਏ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬੀ ਬੀ ਸੀ ਪੱਤਰਕਾਰ ਪਾਲ ਐਡਮ ਦਾ ਕਹਿਣਾ ਹੈ ਕਿ ਇਹ ਡੈਮੋਕਰੇਟਿਕ ਪਾਰਟੀ ਦੀ ਲਈ ਇਹ ਹੈਰਾਨ ਤੋੜਨ ਵਾਲੀ ਹਾਰ ਹੈ, ਜਿਸ ਨਾਲ ਉਨ੍ਹਾਂ ਦਾ 60 ਸੀਟਾਂ ਦਾ ਬਹੁਮਤ ਖਤਮ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਰਾਸ਼ਟਰਪਤੀ ਓਬਾਮਾ ਦੇ ਸੱਤਾ ਸੰਭਾਲਣ ਦੇ ਇੱਕ ਸਾਲ ਦੇ ਮੌਕੇ 'ਤੇ ਇੱਕ ਨਾ ਸਵੀਕਾਰ ਕਰਨ ਯੋਗ ਤੋਹਫਾ ਹੈ।

ਇਹ ਪਿਛਲੇ ਕਈ ਸਾਲ ਦੀ ਸਭ ਤੋਂ ਵੱਡੀ ਸਿਆਸੀ ਉੱਥਲ-ਪੁਥਲ ਹੈ, ਕਿਉਂਕਿ ਡੈਮੋਕਰੇਟਿਕ ਪਾਰਟੀ ਦੇ ਐਡਵਰਡ ਕਨੇਡੀ ਨੇ ਇਸ ਸੂਬੇ ਦੀ ਲੱਗਭਗ 50 ਸਾਲ ਤੱਕ ਪ੍ਰਤੀਨਿਧਤਾ ਕੀਤੀ ਸੀ। ਰਾਸ਼ਟਰਪਤੀ ਦੇ ਇਕ ਸੀਨੀਅਰ ਸਲਾਹਕਾਰ ਨੇ ਮੰਨਿਆ ਹੈ ਕਿ ਰਾਸ਼ਟਰਪਤੀ ਦਫਤਰ ਨੂੰ ਸਿਹਤ ਖੇਤਰ ਦੇ ਸੁਧਾਰ ਬਿੱਲ 'ਤੇ ਹੁਣ ਆਪਣੀ ਰਣਨੀਤੀ ਬਾਰੇ ਫਿਰ ਤੋਂ ਵਿਚਾਰ ਕਰਨਾ ਹੋਵੇਗਾ। ਪਰ ਉਨ੍ਹਾਂ ਇਹ ਜ਼ੋਰ ਦੇ ਕੇ ਕਿਹਾ ਕਿ ਰਾਸ਼ਟਰਪਤੀ ਓਬਾਮਾ ਆਪਣੇ ਏਜੰਡੇ 'ਤੇ ਕਾਇਮ ਰਹਿਣਗੇ। ਰਾਸ਼ਟਰਪਤੀ ਬਰਾਕ ਓਬਾਮਾ ਨੇ ਕਿਹਾ ਕਿ ਤੁਸੀਂ ਸਾਰੇ ਦੇਸ਼ ਵਿਚ ਸਖਤ ਮਿਹਨਤੀ ਲੋਕ ਹੋ ਅਤੇ ਤੁਸੀਂ ਦੇਸ਼ ਵਿਚ ਆਇਆ ਵਿੱਤੀ ਸੰਕਟ ਦੇਖਿਆ ਹੈ ਅਤੇ ਕਈਆਂ ਦੀਆਂ ਨੌਕਰੀਆਂ ਵੀ ਚਲੀਆਂ ਗਈਆਂ। ਉਹ ਆਪਣੇ ਆਪ ਨੂੰ ਬਹੁਤ ਸੁਰੱਖਿਅਤ ਮਹਿਸੂਸ ਕਰਦੇ ਸਨ ਅਤੇ ਅਚਾਨਕ ਵਿੱਤੀ ਸੰਕਟ ਆ ਜਾਣ ਕਾਰਨ ਉਨ੍ਹਾਂ ਦੇ ਬੈਂਕਾਂ ਵਿਚ ਪਏ ਪੈਸੇ ਖਤਮ ਹੋਣੇ ਸ਼ੁਰੂ ਹੋ ਗਏ। ਬਰਾਕ ਓਬਾਮਾ ਨੇ ਕਿਹਾ ਕਿ ਉਹ ਇਸ ਕਰਕੇ ਹੈਰਾਨ ਨਹੀਂ ਸੀ ਕਿ ਮੈਸਾਚੂਸੇਟ ਵਿਚ ਕੀ ਵਾਪਰਿਆ ਹੈ, ਮੈਂ ਵੀ ਬਹੁਤ ਦੁਖੀ ਹਾਂ ਮੈਂ ਇਸ ਸੱਚਾਈ ਤੋਂ ਦੁਖੀ ਹਾਂ ਕਿ ਪਿਛਲੇ ਇਕ ਦਹਾਕੇ ਤੋਂ ਵਧ ਸਮੇਂ ਤੱਕ ਅਸੀਂ ਦਰਮਿਆਨੇ ਵਰਗ 'ਚ ਕਿਸੇ ਵੀ ਕਿਸਮ ਦੀ ਪ੍ਰਗਤੀ ਨਹੀਂ ਦੇਖੀ, ਜਿਸ ਦੀ ਬਹੁਤ ਸਖਤ ਲੋੜ ਸੀ ਅਤੇ ਮੈਂ ਇਸ ਬਾਰੇ ਆਪਣੇ ਚੋਣ ਪ੍ਰਚਾਰ ਦੌਰਾਨ ਵਾਅਦਾ ਵੀ ਕੀਤਾ ਸੀ। ਅਮਰੀਕੀ ਰਾਸ਼ਟਰਪਤੀ ਨੇ ਕਿਹਾ, 'ਹੁਣ ਉਹ ਦੇਸ਼ ਦੇ ਭਵਿੱਖ ਬਾਰੇ ਜ਼ਿਆਦਾ ਆਸਵੰਦ ਹਨ।

## ਸਾਡੀ ਆਪਣੀ ਗਰੰਟੀ ਨਹੀਂ, ਥੋਡੀ ਕੀ ਲਈਏ - ਗਿਲਾਨੀ

**ਇਸਲਾਮਾਬਾਦ :** 'ਜਦੋਂ ਸਾਨੂੰ ਰੋਜ਼ਾਨਾ ਹੀ ਆਪਣੇ ਦੇਸ਼ 'ਚ ਆਤਮਘਾਤੀ ਹਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਅਸੀਂ ਦੂਜੇ ਦੇਸ਼ 'ਚ ਇਸ ਤਰ੍ਹਾਂ ਦਾ ਹਮਲਾ ਨਾ ਹੋਣ ਦੀ ਗਰੰਟੀ ਕਿਵੇਂ ਦੇ ਸਕਦੇ ਹਾਂ?' ਇਹ ਗੱਲ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਯੂਸਫ਼ ਰਜ਼ਾ ਗਿਲਾਨੀ ਦੇ ਹਵਾਲੇ ਨਾਲ ਇਕ ਸਥਾਨਕ ਅਖ਼ਬਾਰ 'ਚ ਛਪੀ ਹੈ। ਇਸ ਖ਼ਬਰ 'ਚ ਜਨਾਬ ਗਿਲਾਨੀ ਤੇ ਅਮਰੀਕਾ ਦੇ ਰੱਖਿਆ ਮੰਤਰੀ ਰੌਬਰਟ ਗੇਟਸ ਦਰਮਿਆਨ ਹੋਏ ਵਿਚਾਰ-ਵਟਾਂਦਰੇ ਦਾ ਜ਼ਿਕਰ ਕੀਤਾ ਗਿਆ ਹੈ। ਖ਼ਬਰ ਮੁਤਾਬਕ ਜਨਾਬ ਗਿਲਾਨੀ ਨੇ ਗੇਟਸ ਨੂੰ ਕਿਹਾ ਕਿ ਪਾਕਿਸਤਾਨ ਤਾਂ ਆਪਣੇ ਨਾਗਰਿਕਾਂ ਦੀ ਰੱਖਿਆ ਕਰਨ 'ਚ ਅਸਮਰੱਥ ਹੋ ਚੁੱਕਿਆ ਹੈ, ਤਾਂ ਅਸੀਂ ਦੂਜੇ ਦੀ ਰੱਖਿਆ ਕਿਵੇਂ ਕਰ ਸਕਦੇ ਹਾਂ? ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਇਕੋ-ਇਕ ਤਰੀਕਾ ਇਹ ਹੈ ਕਿ ਦੁਵੱਲੀ ਗੱਲਬਾਤ ਦੀ ਪ੍ਰਕਿਰਿਆ ਨੂੰ ਦਹਿਸ਼ਤਵਾਦ ਖ਼ਿਲਾਫ਼ ਕਾਰਵਾਈ ਨਾਲ ਨਾ ਜੋੜਿਆ ਜਾਵੇ ਅਤੇ ਗੱਲਬਾਤ ਛੇਤੀ ਤੋਂ ਛੇਤੀ ਸ਼ੁਰੂ ਕੀਤੀ ਜਾਵੇ। ਦ ਡਾਨ ਨੇ ਆਪਣੀ ਰਿਪੋਰਟ 'ਚ ਕਿਹਾ ਹੈ ਕਿ ਜਨਾਬ ਗਿਲਾਨੀ ਨੇ ਗੇਟਸ ਨੂੰ ਦਹਿਸ਼ਤਗਰਦਾਂ ਖ਼ਿਲਾਫ਼ ਉਠਾਏ ਕਦਮਾਂ ਖ਼ਿਲਾਫ਼ ਜਾਣਕਾਰੀ ਵੀ ਦਿੱਤੀ। ਪਾਕਿਸਤਾਨ ਦਹਿਸ਼ਤਗਰਦ ਜਥੇਬੰਦੀਆਂ ਨੂੰ ਨੱਥ ਪਾਉਣ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਮੁੰਬਈ ਹਮਲਿਆਂ ਦੇ ਸੂਤਰਧਾਰ ਤੇ ਜਮਾਤ-ਉਦ-ਦਾਅਵਾ ਦੇ ਮੁਖੀ ਹਾਫ਼ਿਜ਼ ਮੁਹੰਮਦ ਸਈਦ ਵਿਰੁਧ ਭਾਰਤ ਵਲੋਂ ਦਿੱਤੇ ਸਬੂਤਾਂ ਬਾਰੇ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸਬੂਤ ਬੇਬੁਨਿਆਦ ਹਨ ਤੇ ਅਸੀਂ ਬੇਬੁਨਿਆਦ ਸਬੂਤਾਂ ਨੂੰ ਆਧਾਰ ਬਣਾ ਕੇ ਕਾਰਵਾਈ ਨਹੀਂ ਕਰ ਸਕਦੇ। ਰਿਪੋਰਟ ਮੁਤਾਬਕ ਜਨਾਬ ਗਿਲਾਨੀ ਨੇ ਅਮਰੀਕਾ ਨੂੰ ਪਾਕਿਸਤਾਨ ਤੇ ਭਾਰਤ ਨਾਲ ਇਕੋ ਜਿਹਾ ਵਰਤਾਅ ਕਰਨ ਦੀ ਮੰਗ ਵੀ ਕੀਤੀ ਹੈ।



ਜ਼ਿਕਰਯੋਗ ਹੈ ਕਿ ਇਕ ਦਿਨ ਪਹਿਲਾਂ ਹੀ ਅਮਰੀਕੀ ਰੱਖਿਆ ਮੰਤਰੀ ਨੇ ਭਾਰਤੀ ਆਗੂਆਂ ਨਾਲ ਗੱਲਬਾਤ ਕੀਤੀ ਸੀ।

# ਖਿਆਲ ਰੱਖੋ, ਵਿਆਜ ਦੀਆਂ ਇਹ ਸਸਤੀਆਂ ਦਰਾਂ ਹਮੇਸ਼ਾ ਨਹੀਂ ਰਹਿਣਗੀਆਂ

**ਸੁਨੀਤਾ ਚੋਪੜਾ***

ਪਿਛਲੇ ਕਰੀਬ ਇਕ ਸਾਲ ਤੋਂ ਮਾਰਟਗੇਜ ਕਰਜ਼ੇ 'ਤੇ ਵਿਆਜ ਦੀਆਂ ਦਰਾਂ 5% ਦੇ ਆਸ ਪਾਸ ਚੱਲ ਰਹੀਆਂ ਹਨ ਅਤੇ ਪਿਛਲੇ ਕੁਝ ਹਫਤਿਆਂ ਵਿਚ ਤਾਂ ਇਸ ਤੋਂ ਵੀ ਹੇਠਾਂ ਚਲੀਆਂ ਗਈਆਂ ਸਨ ਜੋ ਆਪਣੇ ਆਪ ਵਿਚ ਰਿਕਾਰਡ ਹੈ। ਪਰ ਜਾਪਦਾ ਹੈ ਕਿ ਹਵਾ ਦਾ ਰੁਖ ਜਲਦੀ ਹੀ ਬਦਲਣ ਵਾਲਾ ਹੈ। ਬਲੂਮਬਰਗ ਵਿਚ ਛਪੇ ਇਕ ਲੇਖ ਵਿਚ ਮਾਰਗਨ ਸਟੈਨਲੀ ਦੇ ਅਰਥ ਸਾਸ਼ਤਰੀ ਦੀ ਹੇਠਾਂ ਦਰਜ ਟਿੱਪਣੀ ਦਿੱਤੀ ਗਈ ਹੈ:

"ਬੁਨਿਆਦੀ 10 ਸਾਲਾ ਰਿਣਪੱਤਰਾਂ ਉਤੇ ਵਿਆਜ ਦੀਆਂ ਦਰਾਂ 40 ਫੀਸਦ ਵਧ ਕੇ 5.5% ਹੋ ਜਾਣ ਦੀ ਸੰਭਾਵਨਾ ਹੈ ਜੋ ਕਿ 1999 ਤੋਂ ਬਾਅਦ ਸਭ ਤੋਂ ਵੱਡਾ ਵਾਧਾ ਹੋਵੇਗਾ। ਵਿਆਜ ਵਿਚ ਇਸ ਵਾਧੇ ਨਾਲ ਮਾਰਟਗੇਜ ਦਰਾਂ ਵਧ ਕੇ 7.5 ਤੋਂ 8% ਤੱਕ ਪਹੁੰਚ ਜਾਣ ਦੀ ਸੰਭਾਵਨਾ ਹੈ ਜੋ ਕਿ ਇਸ ਦਹਾਕੇ ਦਾ ਸਭ ਤੋਂ ਉਚਾ ਭਾਅ ਹੋਵੇਗਾ।"

## ਪਤੇ ਦੀ ਗੱਲ

ਕੀ ਇਹ ਸਚਮੁਚ ਸੰਭਵ ਹੈ ਕਿ ਮਾਰਟਗੇਜ ਦਰਾਂ ਜੋ ਕਿ ਪਿਛਲੇ ਕਈ ਸਾਲਾਂ ਤੋਂ ਇੰਨੀਆਂ ਘੱਟ ਸਨ ਹੁਣ ਝੱਟਪਟ ਹੀ 2.5 ਤੋਂ 3% ਵਧ ਜਾਣਗੀਆਂ? ਇਹ ਕਿਸ ਤਰ੍ਹਾਂ ਹੋ ਸਕਦਾ ਹੈ? ਇਕ ਵੱਡਾ ਸਵਾਲ ਹੈ। ਪਰ ਇਹ ਭਵਿੱਖਵਾਣੀ ਇਨ੍ਹੀਂ ਦਿਨੀਂ ਕਈ ਅਰਥ ਸਾਸ਼ਤਰੀਆਂ ਵਲੋਂ ਕੀਤੀ ਜਾ ਰਹੀ ਹੈ। ਵਿਆਜ ਦਰਾਂ ਵਿਚ ਇਸ ਵਾਧੇ ਦੀ ਸੰਭਾਨਵਾ ਪਿਛੇ ਕਈ ਗੱਲਾਂ ਹਨ ਜਿਨ੍ਹਾਂ ਵਿਚ ਫੈਡਰਲ ਬੈਂਕ ਵਲੋਂ ਰਿਣਪੱਤਰਾਂ ਦੀ ਮੁੜ ਖਰੀਦ ਪ੍ਰੋਗਰਾਮ ਦਾ ਅੰਤ ਹੋਣਾ ਅਤੇ ਅਮਰੀਕੀ ਰਿਣਪੱਤਰਾਂ ਨੂੰ ਵੇਚਣ ਵਿਚ ਆ ਰਹੀ ਮੁਸ਼ਕਿਲ ਸ਼ਾਮਲ ਹਨ। ਫੈਡਰਲ ਰਿਜ਼ਰਵ ਬੈਂਕ ਪਿਛਲੇ ਸਾਲ ਭਰ ਤੋਂ ਬਾਜ਼ਾਰ ਵਿਚੋਂ ਖਰਾਬ ਮਾਰਟਗੇਜ ਆਧਾਰਤ ਰਿਣਪੱਤਰ ਖਰੀਦਦਾ ਆ ਰਿਹਾ ਹੈ ਤਾਂ ਜੋ ਨਿਜੀ ਨਿਵੇਸ਼ਕਾਰਾਂ ਨੂੰ ਹੋਰ ਨੁਕਸਾਨ ਨਾ ਹੋਵੇ। ਪਰ ਫੈਡਰਲ ਬੈਂਕ ਨੇ 31 ਮਾਰਚ ਤੋਂ ਇਹ ਰਿਣਪੱਤਰ ਖਰੀਦਣਾ ਬੰਦ ਕਰਨ ਦਾ ਫੈਸਲਾ ਕੀਤਾ ਹੈ। ਫੈਡਰਲ ਬੈਂਕ ਦੇ ਇਸ ਫੈਸਲੇ ਦਾ ਇਕ ਨਤੀਜਾ ਤਾਂ ਇਹ ਹੋਵੇਗਾ ਕਿ ਮਾਰਟਗੇਜ ਆਧਾਰਤ ਰਿਣਪੱਤਰਾਂ ਵਿਚ ਪੈਸਾ ਲਾਉਣ ਵਾਲੇ ਪ੍ਰਾਈਵੇਟ ਨਿਵੇਸ਼ਕਾਰ ਬਹੁਤ ਘੱਟ ਜਾਣਗੇ।

ਮਾਰਟਗੇਜ ਆਧਾਰਤ ਰਿਣਪੱਤਰਾਂ ਵਿਚ ਨਿਵੇਸ਼ ਹਾਊਸਿੰਗ ਮਾਰਕਿਟ ਦਾ ਭੁਕਾਨਾ ਫਟਣ ਕਰਕੇ ਬਹੁਤ ਹੀ ਘਾਟੇਵੰਦਾ ਸੌਦਾ ਬਣ ਗਿਆ ਸੀ ਅਤੇ ਫੈਡਰਲ ਬੈਂਕ ਵਲੋਂ ਜੋਖਿਮ ਵਾਲੇ ਰਿਣਪੱਤਰ ਖਰੀਦਣ ਦੇ ਭਰੋਸੇ ਤੋਂ ਬਿਨਾ, ਹਾਊਸਿੰਗ ਮਾਰਕਿਟ ਉਪਰ ਫੋਰਕਲੋਜ਼ਰ ਦੀ ਤਲਵਾਰ ਅਜੇ ਵੀ ਲਟਕਦੀ ਹੋਣ ਕਰਕੇ ਬਹੁਤ ਹੀ ਘਾਟੇਵੰਦਾ ਸੌਦਾ ਹੋਵੇਗਾ। ਨਿਜੀ ਨਿਵੇਸ਼ਕਾਰ ਇਨ੍ਹਾਂ ਰਿਣਪੱਤਰਾਂ ਵਿਚ ਮੁੜ ਪੈਸਾ ਲਾਉਣ ਇਸ ਲਈ ਵਿਆਜ ਦੀਆਂ ਦਰਾਂ ਕਾਫੀ ਆਕ੍ਰਸ਼ਕ ਹੋਣੀਆਂ ਚਾਹੀਦੀਆਂ ਹਨ। ਇਸੇ ਕਰਕੇ ਕੁਝ ਵਿਸ਼ਲੇਸ਼ਕਾਂ ਦਾ ਖਿਆਲ ਹੈ ਕਿ ਵਿਆਜ ਦਰਾਂ ਵਿਚ ਇਸੇ ਸਾਲ ਹੀ ਬੜੀ ਤੇਜੀ ਨਾਲ ਵਾਧਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਕੁਝ ਵਿਸ਼ਲੇਸ਼ਕ ਇਹ ਵੀ ਕਹਿੰਦੇ ਹਨ ਕਿ ਜੇ ਮਾਰਟਗੇਜ ਵਿਆਜਦਰਾਂ 6 ਫੀਸਦੀ 'ਤੇ ਵੀ ਪਹੁੰਚਦੀਆਂ ਹਨ ਤਾਂ ਘਰਾਂ ਦੀਆਂ ਕੀਮਤਾਂ ਆਉਣ ਵਾਲੇ ਸਾਲ ਵਿਚ 10% ਹੇਠਾਂ ਡਿੱਗ ਪੈਣਗੀਆਂ। ਕੋਈ ਵੀ ਹਾਊਸਿੰਗ ਮਾਰਕਿਟ ਦੀ ਅਜਿਹੀ ਦਸ਼ਾ ਦਾ ਕਿਆਸ ਨਹੀਂ ਕਰ ਰਿਹਾ।

ਇਕ ਹੋਰ ਮੁੱਦਾ ਸਰਕਾਰੀ ਕਰਜ਼ਾ ਹੈ। ਮਾਰਟਗੇਜ ਦਰਾਂ ਮੋਟੇ ਤੌਰ 'ਤੇ ਬਾਂਡ ਦਰਾਂ ਦਾ ਪਿੱਛਾ ਕਰਦੀਆਂ ਹਨ ਅਤੇ ਸਾਲ 2009 ਦੌਰਾਨ ਵਿਦੇਸ਼ੀ ਕੇਂਦਰੀ ਬੈਂਕਾਂ ਦੀ ਤਰਫੋਂ ਅਮਰੀਕੀ ਰਿਣਪੱਤਰਾਂ ਦੀ ਕਾਫੀ ਮੰਗ ਰਹੀ ਹੈ। ਇਸ ਕਰਕੇ ਵਿਆਜ ਦੀਆਂ ਦਰਾਂ ਸਸਤੀਆਂ ਰਹੀਆਂ ਪਰ ਇਹ ਮੰਗ ਸਾਲ 2010 ਵਿਚ ਜੇ ਡਾਲਰ ਲਗਾਤਾਰ ਹੇਠਾਂ ਡਿਗਦਾ ਰਿਹਾ ਤਾਂ ਬਹੁਤ ਘਟ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜੇ ਵਿਦੇਸ਼ੀ ਬੈਂਕ ਅਮਰੀਕੀ ਰਿਣਪੱਤਰ ਖਰੀਦਣ ਤੋਂ ਪਾਸਾ ਵੱਟਦੇ ਹਨ ਤਾਂ ਵਿਆਜ ਦਰਾਂ ਲਾਜ਼ਮੀ ਵਧਣਗੀਆਂ। ਉਚੀਆਂ ਵਿਆਜ ਦਰਾਂ ਦਾ ਮਤਲਬ ਹੈ ਹਾਊਸਿੰਗ ਮਾਰਕਿਟ ਲਈ ਹੋਰ ਔਖਾ ਸਮਾਂ। ਘਰਾਂ ਦੀ ਵਿਕਰੀ ਹੋਰ ਘਟ ਸਕਦੀ ਹੈ ਜਿਸ ਨਾਲ ਘਰਾਂ ਦੀਆਂ ਕੀਮਤਾਂ ਹੋਰ ਵੀ ਘਟਣਗੀਆਂ। ਜਦੋਂ ਆਰਮ ਰੇਟ ਨਵੇਂ ਸਿਰਿਓਂ ਤੈਅ ਹੋਣਗੇ ਤਾਂ ਉਚੀਆਂ ਵਿਆਜ ਦਰਾਂ ਕਈ ਮਕਾਨ ਮਾਲਕਾਂ ਦੇ ਬਜਟ ਹਿਲਾ ਦੇਣਗੀਆਂ ਅਤੇ ਦੇਸ਼ ਵਿਚ ਫੋਰਕਲੋਜ਼ਰ ਦੀ ਇਕ ਨਵੀਂ ਲਹਿਰ ਸ਼ੁਰੂ ਹੋ ਜਾਏਗੀ।

ਜਦੋਂਕਿ ਇਸ ਅਮਲ ਨੂੰ ਰੋਕਣ ਲਈ ਕੁਝ ਵੀ ਨਹੀਂ ਕੀਤਾ ਜਾ ਸਕਦਾ, ਵਿਅਕਤੀਗਤ ਮਕਾਨ ਖਰੀਦਦਾਰਾਂ ਨੂੰ ਇਸ ਵੇਲੇ ਇਹੋ ਸਲਾਹ ਦਿੱਤੀ ਜਾ ਸਕਦੀ ਹੈ ਕਿ ਉਹ ਵਿਆਜ ਦਰਾਂ ਦੇ ਹੋਰ ਵਧਣ ਤੋਂ ਪਹਿਲਾਂ ਹੀ ਮੌਜੂਦਾ ਦਰਾਂ 'ਤੇ ਹੀ ਲਾਕ ਕਰ ਲੈਣ।

*ਸੁਨੀਤਾ ਚੋਪੜਾ ਨਾਲ ਫੋਨ 773-370-7106 'ਤੇ ਗੱਲ ਕੀਤੀ ਜਾ ਸਕਦੀ ਹੈ।

**Editing & Translation**

1. For Professional Translation Work (Academic, Technical and Creative) from Punjabi and Hindi to English and from English to Punjabi and Hindi
2. For Professional Text Editing in English

Prithvi Raj
prithviraj46@yahoo.com
shaprithvi@gmail.com
Cell (India)-94173-50789
90418-82353

*Visit us on the web:*
***punjabtimesusa.com***

**Business Directory**

**India Desi Bazaar**
11304 NE Fourth Plain Rd.,
Vancouver WA 98662
**Ph:(360) 882-7703**

***To Advertise with Punjab Times***
***Call:847-359-0746***
***Fax:847-705-9388***

# ਸਾਊਦੀ ਅਰਬ 'ਚ ਪੰਜਾਬੀਆਂ ਦੀ ਨਰਕ ਭਰੀ ਜ਼ਿੰਦਗੀ

**ਪਟਿਆਲਾ :** ਸਾਊਦੀ ਅਰਬ ਅਤੇ ਹੋਰ ਮੁਸਲਿਮ ਮੁਲਕਾਂ ਵਿਚ ਰੋਜ਼ੀ-ਰੋਟੀ ਲਈ ਗਏ ਪੰਜਾਬੀ ਨੌਜਵਾਨਾਂ ਵਿਚੋਂ ਕਈ ਜਣੇ ਮਜਬੂਰੀ ਵੱਸ, ਧੱਕੇ ਨਾਲ ਜਾਂ ਲਾਲਚ ਅਧੀਨ ਸਿੱਖ ਧਰਮ ਨੂੰ ਤਿਆਗ ਕੇ ਮੁਸਲਮਾਨ ਬਣ ਚੁਕੇ ਹਨ। ਕੁਝ ਨੇ ਪਿਛਲੇ ਸਮੇਂ ਦੌਰਾਨ ਆਤਮ-ਹਤਿਆਵਾਂ ਵੀ ਕੀਤੀਆਂ ਜਦਕਿ ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਜੇਲ੍ਹਾਂ ਵਿਚ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜ਼ਬੂਰ ਹਨ।

ਇਹ ਪ੍ਰਗਟਾਵਾ ਤਿੰਨ ਦਹਾਕਿਆਂ ਤੋਂ ਸਾਊਦੀ ਅਰਬ ਵਿਚ ਰਹਿ ਰਹੇ ਦੋ ਦਰਜਨ ਦੇ ਕਰੀਬ ਪੰਜਾਬੀਆਂ ਨੇ ਕੀਤਾ। ਇਨ੍ਹਾਂ ਪੰਜਾਬੀਆਂ ਨੇ ਅਪਣਾ ਇਹ ਦੁਖੜਾ ਵੀ ਰੋਇਆ ਕਿ ਉਨ੍ਹਾਂ ਦੀ ਮੁਸਲਿਮ ਦੇਸ਼ਾਂ ਵਿਚ ਕੋਈ ਸੁਣਵਾਈ ਨਹੀਂ ਹੋ ਰਹੀ। ਇਥੋਂ ਤਕ ਕਿ ਭਾਰਤੀ ਸਫ਼ਾਰਤਖ਼ਾਨਿਆਂ ਵਿਚ ਵੀ ਭਾਰਤੀ ਅਧਿਕਾਰੀ ਉਨ੍ਹਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੇ। ਇਧਰ ਰਹਿੰਦੇ ਪਰਵਾਰਾਂ ਦੇ ਪਾਲਣ-ਪੋਸਣ ਲਈ ਚਿੰਤਤ ਅਤੇ ਉਧਰਲੇ ਦੁੱਖਾਂ ਦੇ ਮਾਰੇ ਇਹ ਪੰਜਾਬੀ ਸਿੱਖ ਭਾਰਤੀ ਪੰਜਾਬ ਅੰਦਰ ਸਿੱਖੀ ਵਿਚ ਦਿਨੋ-ਦਿਨ ਆ ਰਹੇ ਨਿਘਾਰ ਤੋਂ ਵੀ ਚਿੰਤਤ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਪੰਜਾਬ ਵਿਚ ਪੈਦਾ ਹੋ ਰਹੇ ਡੇਰਾਵਾਦ ਨੇ ਸਿੱਖ ਨੌਜਵਾਨਾਂ ਨੂੰ ਧਾਰਮਕ ਤੌਰ 'ਤੇ ਕਮਜ਼ੋਰ ਕਰ ਦਿਤਾ ਹੈ।

ਸਾਊਦੀ ਅਰਬ ਵਿਚ ਜਾਰਡਨ ਦੇਸ਼ ਦੀ ਹੱਦ ਨਾਲ ਲਗਦੇ ਸ਼ਹਿਰ ਨਜਰਾਨ ਦੇ ਇਕ ਕਮਰੇ ਅੰਦਰ ਤੂੜੀ ਵਾਂਗ ਤੁੰਨੇ ਹੋਏ 25 ਪੰਜਾਬੀ ਨੌਜਵਾਨਾਂ ਨੇ ਦਸਿਆ ਕਿ ਉਹ ਸਾਊਦੀ ਅਰਬ ਵਿਚ ਪਿਛਲੇ 25-30 ਸਾਲਾਂ ਤੋਂ ਰਹਿ ਰਹੇ ਹਨ ਪਰ ਇਥੇ ਭਾਰਤੀ ਸਫ਼ਾਰਤਖ਼ਾਨੇ ਵਿਚ ਕਦੇ ਵੀ ਪੰਜਾਬੀ ਅਧਿਕਾਰੀ ਨਿਯੁਕਤ ਨਹੀਂ ਕੀਤੇ ਗਏ। ਕੇਵਲ ਕੇਰਲਾ ਜਾਂ ਹੋਰ ਰਾਜਾਂ ਦੇ ਅਧਿਕਾਰੀ ਹੀ ਇਥੇ ਆਉਂਦੇ ਹਨ ਜਿਹੜੇ ਪੰਜਾਬੀ ਤੋਂ ਅਣਜਾਣ ਹੋਣ ਕਰ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਨਹੀਂ ਸਮਝ ਸਕਦੇ। ਉਨ੍ਹਾਂ ਦਸਿਆ ਕਿ ਮੁਸਲਿਮ ਦੇਸ਼ ਹੋਣ ਕਰ ਕੇ ਗ਼ੈਰ-ਮੁਸਲਮਾਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਥੋਂ ਤਕ ਕਿ ਉਨ੍ਹਾਂ ਨੂੰ ਮਜਬੂਰੀ ਵੱਸ, ਲਾਲਚ ਦੇ ਕੇ ਜਾਂ ਧੱਕੇ ਨਾਲ ਸਿੱਖਾਂ ਤੋਂ ਮੁਸਲਮਾਨ ਬਨਾਉਣ ਤਕ ਦੀਆਂ ਵੀ ਘਟਨਾਵਾਂ ਵਾਪਰੀਆਂ ਹਨ।

ਹੁਸ਼ਿਆਰਪੁਰ ਦੇ ਦੋ ਸਿੱਖ, ਜਲੰਧਰ ਅਤੇ ਨਵਾਂਸ਼ਹਿਰ ਦੇ ਇਕ-ਇਕ ਸਿੱਖ ਨੂੰ ਮੁਸਲਮਾਨ ਬਣਾ ਲਿਆ ਗਿਆ ਹੈ। ਉਨ੍ਹਾਂ ਇਹ ਵੀ ਪ੍ਰਗਟਾਵਾ ਕੀਤਾ ਕਿ ਇਥੋਂ ਦੀਆਂ ਵੱਖ-ਵੱਖ ਜੇਲਾਂ ਵਿਚ 1300 ਤੋਂ ਉਪਰ ਪੰਜਾਬੀ ਬੰਦ ਹਨ ਜਦਕਿ ਉਹ ਖ਼ੁਦ ਵੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹਨ।

**ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ**

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੂਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**Surajvanshi Pharmacy (R)**
*MANUFACTURE & EXPORTER OF HERBAL PRODUCTS*
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

**Law Office of Navdeep S. Jhaj**

**Immigration Law Attorney**

**General Legal Practice**



Navdeep S. Jhaj
Member, American Immigration Lawyers Association

**Estate Planning**
**Personal Injury**
**Bankruptcy**

ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ

- ਇਮੀਗਰੇਸ਼ਨ
- ਜਨਰਲ ਲਾਅ
- ਪਰਸਨਲ ਇੰਜਰੀ
- ਬੈਂਕਰਪਸੀ
- ਐਸਟੇਟ ਪਲਾਨਿੰਗ

1930 W Hubbard, 2nd Floor, Chicago, IL 60622
**Voice: 312.404.8893, Fax: 312.243.2277**
email: navjhaj@me.com

# ਮਿਹਨਤਕਸ਼ਾਂ ਦੇ ਹੱਕ ਵਿਚ ਧਰਮ ਨਾਲ ਸਾਂਝ ਦਰੁਸਤ

**ਕਮਿਊਨਿਸਟ ਤੇ ਧਰਮ -ਇਕ ਬਹਿਸ-**

**ਪ੍ਰਕਾਸ਼ ਕਾਰਤ**

ਕੇਰਲ ਤੋਂ ਸੀ ਪੀ ਆਈ (ਐਮ) ਦੇ ਸਾਬਕਾ ਐਮ ਪੀ ਡਾ. ਕੇ. ਐਸ. ਮਨੋਜ ਨੇ ਪਿੱਛੇ ਜਿਹੇ ਪਾਰਟੀ ਤੋਂ ਅਲੱਗ ਹੋਣ ਦਾ ਐਲਾਨ ਕੀਤਾ ਹੈ। ਇਸ ਦਾ ਕਾਰਨ ਉਨ੍ਹਾਂ ਨੇ ਇਹ ਦੱਸਿਆ ਹੈ ਕਿ ਪਾਰਟੀ ਨੇ ਆਪਣੇ ਦਰੁਸਤੀ ਦੇ ਦਸਤਾਵੇਜ਼ 'ਚ ਪਾਰਟੀ ਮੈਂਬਰਾਂ ਨੂੰ ਧਾਰਮਿਕ ਸਮਾਰੋਹਾਂ ਵਿਚ ਸ਼ਾਮਲ ਨਾ ਹੋਣ ਦੀ ਸੇਧ ਦਿੱਤੀ ਹੈ। ਕਿਉਂਕਿ ਉਸ ਦਾ ਧਰਮ ਵਿਚ ਪੱਕਾ ਵਿਸ਼ਵਾਸ ਹੈ ਇਸ ਲਈ ਇਹ ਚੀਜ਼ ਉਸ ਦੇ ਧਰਮ ਖ਼ਿਲਾਫ਼ ਜਾਂਦੀ ਹੈ। ਇਸ ਲਈ ਉਸ ਨੇ ਪਾਰਟੀ ਦੀ ਮੈਂਬਰਸ਼ਿਪ ਤਿਆਗ ਦੇਣ ਦਾ ਫੈਸਲਾ ਕੀਤਾ ਹੈ। ਡਾ. ਮਨੋਜ ਦੀ ਇਸ ਕਾਰਵਾਈ ਨੂੰ ਮੀਡੀਆ ਦੇ ਇਕ ਹਿੱਸੇ ਨੇ ਇਸ ਤਰ੍ਹਾਂ ਉਛਾਲਿਆ ਹੈ ਜਿਵੇਂ ਸ ਪੀ ਆਈ (ਐਮ) ਦਾ ਮੈਂਬਰ ਹੋਣਾ ਕਿਸੇ ਵਿਅਕਤੀ ਦੇ

***ਸੀ ਪੀ ਆਈ (ਐਮ) ਨੂੰ ਉਨ੍ਹਾਂ ਧਾਰਮਿਕ ਲੋਕਾਂ ਅਤੇ ਧਾਰਮਿਕ ਆਗੂਆਂ ਨਾਲ ਹੱਥ ਮਿਲਾਉਣ 'ਚ ਕੋਈ ਝਿਜਕ ਨਹੀਂ ਜਿਹੜੇ ਗਰੀਬਾਂ ਦੇ ਮਸਲਿਆਂ ਨੂੰ ਪਰਨਾਏ ਹਨ ਜਾਂ ਕਿਰਤੀ ਜਮਾਤ ਦੇ ਅਧਿਕਾਰਾਂ ਦੀ ਰੱਖਿਆ ਦੇ ਕੰਮ ਕਰਦੇ ਹਨ।***

ਧਾਰਮਿਕ ਵਿਸ਼ਵਾਸ ਨਾਲ ਮੇਲ ਨਹੀਂ ਖਾਂਦਾ। ਸਭ ਤੋਂ ਪਹਿਲਾਂ ਧਾਰਮਿਕ ਲੋੜਾਂ ਬਾਰੇ ਸੀ ਪੀ ਆਈ (ਐਮ) ਦੇ ਬੁਨਿਆਦੀ ਪੈਂਤੜੇ ਨੂੰ ਬਿਆਨ ਕਰਨਾ ਜ਼ਰੂਰੀ ਹੈ। ਇਕ ਪਾਰਟੀ ਵਜੋਂ ਸੀ ਪੀ ਆਈ (ਐਮ) ਮਾਰਕਸਵਾਦੀ ਦ੍ਰਿਸ਼ਟੀਕੋਣ ਰੱਖਦੀ ਹੈ। ਮਾਰਕਸਵਾਦ ਇਕ ਪਦਾਰਥਵਾਦੀ ਫ਼ਲਸਫ਼ਾ ਹੈ ਅਤੇ ਧਰਮ ਬਾਰੇ ਇਸ ਦੇ ਵਿਚਾਰ 18ਵੀਂ ਸਦੀ ਦੇ ਰੌਸ਼ਨ ਦਿਮਾਗ ਫ਼ਲਾਸਫਰਾਂ ਦੇ ਵਿਚਾਰਾਂ ਨਾਲ ਮੇਲ ਖਾਂਦੇ ਹਨ। ਇਸ ਲਈ ਮਾਰਕਸਵਾਦ ਚਾਹੁੰਦਾ ਹੈ ਕਿ ਰਾਜ ਧਰਮ ਨੂੰ ਨਿੱਜੀ ਮਾਮਲੇ ਵਜੋਂ ਲਵੇ। ਧਰਮ ਅਤੇ ਰਾਜ ਦਾ ਨਿਖੇੜਾ ਹੋਣਾ ਚਾਹੀਦਾ ਹੈ।

ਮਾਰਕਸਵਾਦੀ ਨਾਸਤਿਕ ਹਨ ਭਾਵ ਇਹ ਕਿ ਉਹ ਕਿਸੇ ਧਰਮ ਵਿਚ ਵਿਸ਼ਵਾਸ ਨਹੀਂ ਰੱਖਦੇ। ਪਰ ਮਾਰਕਸਵਾਦ ਧਰਮ ਅਤੇ ਇਸ ਦੁਆਰਾ ਸਮਾਜ ਵਿਚ ਨਿਭਾਈ ਜਾਂਦੀ ਭੂਮਿਕਾ ਨੂੰ ਸਮਝਦਾ ਹੈ। ਜਿਵੇਂ ਮਾਰਕਸ ਨੇ ਕਿਹਾ "ਧਰਮ ਦੱਬੇ-ਕੁਚਲੇ ਲੋਕਾਂ ਦਾ ਹੋਕਾ ਹੈ, ਇਹ ਦਿਲ ਵਿਹੂਣੇ ਜਗਤ ਦਾ ਦਿਲ ਹੈ ਜਿਸ ਤਰ੍ਹਾਂ ਕਿ ਇਹ ਰੂਹ ਰਹਿਤ ਸਥਿਤੀਆਂ ਦੀ ਰੂਹ ਹੈ।"

ਧਰਮ ਬਾਰੇ ਮਾਰਕਸਵਾਦੀ ਪੈਂਤੜੇ ਅਤੇ ਇਸ ਦੇ ਨਾਸਤਿਕ ਦ੍ਰਿਸ਼ਟੀਕੋਣ ਦੀ ਵਿਆਖਿਆ ਕਰਦੇ ਹੋਏ ਲੈਨਿਨ ਨੇ ਇਹ ਸਵਾਲ ਖੜ੍ਹੇ ਕੀਤੇ ਸਨ, "ਜੇ ਇਸ ਤਰ੍ਹਾਂ ਹੀ ਹੈ ਤਾਂ ਅਸੀਂ ਆਪਣੇ ਪ੍ਰੋਗਰਾਮ ਵਿਚ ਇਹ ਐਲਾਨ ਕਿਉਂ ਨਹੀਂ ਕਰਦੇ ਕਿ ਅਸੀਂ ਨਾਸਤਿਕ ਹਾਂ? ਅਸੀਂ ਇਸਾਈਆਂ ਅਤੇ ਦੂਸਰੇ ਧਰਮ ਮੰਨਣ ਵਾਲਿਆਂ ਨੂੰ ਪਾਰਟੀ ਵਿਚ ਸ਼ਾਮਲ ਹੋਣ ਤੋਂ ਕਿਉਂ ਨਹੀਂ ਰੋਕਦੇ?" ਲੈਨਿਨ ਨੇ ਇਹ ਸਪੱਸ਼ਟ ਕਰਦਿਆਂ ਇਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਤੇ ਧਰਮ ਪ੍ਰਤੀ ਵਤੀਰਾ ਜਮਾਤੀ ਸੰਘਰਸ਼ ਦੀਆਂ ਠੋਸ ਹਾਲਤਾਂ ਦੁਆਰਾ ਨਿਰਧਾਰਤ ਹੈ। ਕਿਰਤੀ ਜਮਾਤ ਦੀ ਪਾਰਟੀ ਦੀ ਤਰਜੀਹ ਦਮਨਕਾਰੀ ਪੂੰਜੀਵਾਦੀ ਵਿਵਸਥਾ ਵਿਰੁਧ ਜਮਾਤੀ ਸੰਘਰਸ਼ 'ਚ ਹਰ ਧਰਮ ਦੇ ਕਾਮਿਆਂ ਨੂੰ ਏਕਤਾਬੱਧ ਕਰਨਾ ਹੈ ਜਿਵੇਂ ਲੈਨਿਨ ਨੇ ਕਿਹਾ, 'ਇਸ ਧਰਤੀ 'ਤੇ ਸਵਰਗ ਪੈਦਾ ਕਰਨ ਲਈ ਦੱਬੀ-ਕੁਚਲੀ ਜਮਾਤ ਦੇ ਅਸਲੋਂ ਇਨਕਲਾਬੀ ਸੰਘਰਸ਼ ਵਿਚ ਏਕਤਾ, ਸਾਡੇ ਲਈ ਆਸਮਾਨ 'ਚ ਸਵਰਗ ਬਾਰੇ ਕਾਮਿਆਂ ਦੀ ਰਾਇ ਦੀ ਏਕਤਾ ਨਾਲੋਂ ਵਧੇਰੇ ਮਹੱਤਵਪੂਰਨ ਹੈ।"

ਇਸ ਲਈ ਸੀ ਪੀ ਆਈ (ਐਮ) ਜਿੱਥੇ ਪਦਾਰਥਵਾਦੀ ਦ੍ਰਿਸ਼ਟੀਕੋਣ ਰੱਖਦੀ ਹੈ ਇਹ ਧਾਰਮਿਕ ਵਿਸ਼ਵਾਸ ਰੱਖਣ ਵਾਲੇ ਲੋਕਾਂ ਨੂੰ ਪਾਰਟੀ ਵਿਚ ਆਉਣ ਤੋਂ ਮਨਾਹੀ ਨਹੀਂ ਕਰਦੀ। ਪਾਰਟੀ ਦਾ ਮੈਂਬਰ ਬਣਨ ਲਈ ਇਕੋ-ਇਕ ਸ਼ਰਤ ਪਾਰਟੀ ਦੇ ਪ੍ਰੋਗਰਾਮ, ਪਾਰਟੀ ਦੇ ਸੰਵਿਧਾਨ ਨੂੰ ਪ੍ਰਵਾਨ ਕਰਨਾ ਅਤੇ ਪਾਰਟੀ ਦੀ ਜਥੇਬੰਦਕ ਇਕਾਈ 'ਚ ਪਾਰਟੀ ਅਨੁਸ਼ਾਸਨ ਅਧੀਨ ਕੰਮ ਕਰਨ ਨੂੰ ਮੰਨਣਾ ਹੈ।

ਅਜੋਕੀਆਂ ਭਾਰਤੀ ਹਾਲਤਾਂ ਵਿਚ ਸੀ ਪੀ ਆਈ (ਐਮ) ਧਰਮ ਖ਼ਿਲਾਫ਼ ਨਹੀਂ ਸਗੋਂ ਧਾਰਮਿਕ ਪਹਿਚਾਣ 'ਤੇ ਆਧਾਰਤ ਫ਼ਿਰਕਾਪ੍ਰਸਤੀ ਵਿਰੁਧ ਲੜ ਰਹੀ ਹੈ। ਸੀ ਪੀ ਆਈ (ਐਮ) ਧਾਰਮਿਕ ਘੱਟ ਗਿਣਤੀਆਂ ਦੇ ਹੱਕਾਂ ਦੀ ਲਗਾਤਾਰ ਵਕਾਲਤ ਕਰਦੀ ਰਹੀ ਹੈ। ਪਾਰਟੀ ਵਿਚ ਧਰਮ ਨੂੰ ਮੰਨਣ ਵਾਲੇ ਲੋਕ ਸ਼ਾਮਲ ਹਨ। ਉਹ ਕਿਰਤੀ ਜਮਾਤ, ਕਿਸਾਨੀ ਅਤੇ ਕਿਰਤੀ ਲੋਕਾਂ ਦੇ ਦੂਸਰੇ ਤਬਕਿਆਂ ਨਾਲ ਸਬੰਧਤ ਹਨ। ਉਨ੍ਹਾਂ 'ਚੋਂ ਕੁਝ ਪੂਜਾ ਲਈ ਮੰਦਰ, ਮਸਜਿਦ ਜਾਂ ਗਿਰਜਾਘਰ ਜਾਂਦੇ ਹਨ। ਉਹ ਜਿਵੇਂ ਕਿ ਖੁਦ ਡਾ. ਮਨੋਜ ਨੇ ਕਿਹਾ, ਆਪਣੇ ਧਾਰਮਿਕ ਵਿਸ਼ਵਾਸ ਅਤੇ ਗਰੀਬਾਂ ਅਤੇ ਦੱਬੇ-ਕੁਚਲੇ ਲੋਕਾਂ ਦਰਮਿਆਨ ਆਪਣੇ ਕੰਮ



ਦਾ ਸੁਮੇਲ ਬਣਾਉਂਦੇ ਹਨ।

ਸੀ ਪੀ ਆਈ (ਐਮ) ਨੂੰ ਉਨ੍ਹਾਂ ਧਾਰਮਿਕ ਲੋਕਾਂ ਅਤੇ ਧਾਰਮਿਕ ਆਗੂਆਂ ਨਾਲ ਹੱਥ ਮਿਲਾਉਣ 'ਚ ਕੋਈ ਝਿਜਕ ਨਹੀਂ ਜਿਹੜੇ ਗਰੀਬਾਂ ਦੇ ਮਸਲਿਆਂ ਨੂੰ ਪਰਨਾਏ ਹਨ ਜਾਂ ਕਿਰਤੀ ਜਮਾਤ ਦੇ ਅਧਿਕਾਰਾਂ ਦੀ ਰੱਖਿਆ ਦੇ ਕੰਮ ਕਰਦੇ ਹਨ।

ਖੁਦ ਕੇਰਲਾ 'ਚ ਅਜਿਹੇ ਸਹਿਯੋਗ ਦਾ ਇਕ ਲੰਮਾ ਇਤਿਹਾਸ ਹੈ। ਈ ਐਮ ਐਸ ਨੰਬੂਦਰੀਪਾਦ ਨੇ ਮਾਰਕਸਵਾਦੀਆਂ ਅਤੇ ਇਸਾਈਆਂ ਦਰਮਿਆਨ ਸਹਿਯੋਗ ਦੇ ਖੇਤਰਾਂ ਬਾਰੇ ਲਿਖਿਆ ਸੀ ਅਤੇ ਉਸ ਨੇ ਚਰਚ ਦੇ ਕੁਝ ਆਗੂਆਂ ਨਾਲ ਸੰਵਾਦ ਵੀ ਰਚਾਇਆ ਸੀ। ਇਸ ਤੋਂ ਬਾਅਦ ਮੌਜੂਦਾ ਮਾਮਲਾ ਧਰਮ ਅਤੇ ਪਾਰਟੀ 'ਚ ਆਉਂਦੇ ਧਾਰਮਿਕ ਲੋਕਾਂ ਪ੍ਰਤੀ ਸੀ ਪੀ ਆਈ (ਐਮ) ਦਾ ਬੁਨਿਆਦੀ ਪੈਂਤੜਾ ਨਹੀਂ ਹੈ। ਇਸ ਦਾ ਪਾਰਟੀ ਦੁਆਰਾ ਚਲਾਈ ਜਾ ਰਹੀ ਦਰੁਸਤੀ ਦੀ ਮੁਹਿੰਮ ਨਾਲ ਸਬੰਧ ਹੈ।

ਪਾਰਟੀ ਆਪਣੇ ਮੋਹਰੀ ਕਾਡਰ ਤੋਂ ਦਵੰਦਵਾਦੀ ਪਦਾਰਥਵਾਦ 'ਤੇ ਆਧਾਰਤ ਮਾਰਕਸਵਾਦੀ ਵਿਸ਼ਵ ਦ੍ਰਿਸ਼ਟੀਕੋਣ ਅਪਨਾਉਣ ਦੀ ਮੰਗ ਕਰਦੀ ਹੈ। ਇਸ ਨਾਲ ਮਾਰਕਸਵਾਦੀ ਬਣਨ ਦੀ ਪ੍ਰਕਿਰਿਆ ਵਿਚ ਪਾਰਟੀ ਮੈਂਬਰ ਵਿਗਿਆਨਕ ਵਿਸ਼ਵ ਦ੍ਰਿਸ਼ਟੀਕੋਣ ਅਪਨਾਉਂਦੇ ਹਨ ਅਤੇ ਧਾਰਮਿਕ ਵਿਸ਼ਵਾਸ ਛੱਡ ਦਿੰਦੇ ਹਨ। ਕੇਂਦਰੀ ਕਮੇਟੀ ਦੁਆਰਾ ਅਪਨਾਏ ਗਏ ਦਰੁਸਤੀ ਦੇ ਦਸਤਾਵੇਜ਼ ਵਿਚ ਧਾਰਮਿਕ ਸਰਗਰਮੀ ਦੇ ਦੋ ਪੱਖਾਂ ਦਾ ਜ਼ਿਕਰ ਕੀਤਾ ਗਿਆ ਹੈ।

ਇਕ ਤਾਂ ਸੇਧ ਇਹ ਦਿੱਤੀ ਗਈ ਹੈ ਕਿ ਪਾਰਟੀ ਮੈਂਬਰਾਂ ਨੂੰ ਤਮਾਮ ਸਮਾਜਿਕ, ਜਾਤੀਗਤ ਅਤੇ ਧਾਰਮਿਕ ਰੀਤਾਂ, ਜੋ ਕਮਿਊਨਿਸਟ ਧਾਰਨਾ ਲਈ ਓਪਰੀਆਂ ਹਨ, ਤੋਂ ਬਚਣ ਲਈ ਸਿੱਖਿਅਤ ਕੀਤਾ ਜਾਵੇ। ਪਾਰਟੀ ਮੈਂਬਰਾਂ ਨੂੰ ਆਪਣਾ ਧਰਮ ਜਾਂ ਰਹੁ-ਰੀਤਾਂ ਦਾ ਤਿਆਗ ਕਰਨ ਲਈ ਨਹੀਂ ਕਿਹਾ ਜਾ ਰਿਹਾ। ਪਰ ਜੇਕਰ ਕੋਈ ਧਾਰਮਿਕ ਰੀਤੀ ਜਾਂ ਰਿਵਾਜ਼ ਕਮਿਊਨਿਸਟ ਧਾਰਨਾ ਦੇ ਵਿਰੁਧ ਜਾਂਦਾ ਹੈ ਜਿਵੇਂ ਕਿ ਛੂਤਛਾਤ ਔਰਤਾਂ ਨੂੰ ਬਰਾਬਰ ਦੇ ਹੱਕ ਨਾ ਦੇਣਾ, ਵਿਧਵਾ ਨੂੰ ਮੁੜ ਵਿਆਹ ਤੋਂ ਰੋਕਣਾ ਆਦਿ, ਜਿਨ੍ਹਾਂ ਨੂੰ ਧਾਰਮਿਕ ਪ੍ਰਵਾਨਗੀ ਹਾਸਲ ਹੈ ਤਾਂ ਇਨ੍ਹਾਂ ਨੂੰ ਛੱਡਣਾ ਪਵੇਗਾ। ਸੇਧ ਇਹ ਦਿੱਤੀ ਗਈ ਹੈ ਕਿ ਪਾਰਟੀ ਮੈਂਬਰ ਉਹ ਸਮਾਜਿਕ ਜਾਂ ਧਾਰਮਿਕ ਰਸਮਾਂ ਨਾ ਨਿਭਾਉਣ ਜਿਨ੍ਹਾਂ ਨਾਲ ਜਾਤੀ, ਜਿਣਸੀ ਜਾਂ ਸਮਾਜਿਕ ਵਿਤਕਰੇ ਨੂੰ ਸ਼ਹਿ ਮਿਲਦੀ ਹੈ।

ਦੂਸਰਾ ਪੱਖ ਪਾਰਟੀ ਦੇ ਆਗੂਆਂ ਅਤੇ ਚੁਣੇ ਹੋਏ ਨੁਮਾਇੰਦਿਆਂ ਦੇ ਵਿਵਹਾਰ ਬਾਰੇ ਸੇਧ ਨਾਲ ਸਬੰਧਤ ਹੈ। ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਟੱਬਰ ਦੇ ਵਿਆਹਾਂ 'ਚ ਖੁੱਲ੍ਹੇ ਖ਼ਰਚੇ ਨਾ ਕਰਨ ਅਤੇ ਦਾਜ ਲੈਣ ਤੋਂ ਦੂਰ ਰਹਿਣ। ਉਨ੍ਹਾਂ ਨੂੰ ਇਹ ਵੀ ਕਿਹਾ ਗਿਆ ਹੈ ਕਿ ਉਹ ਧਾਰਮਿਕ ਸਮਾਰੋਹ ਜਥੇਬੰਦ ਨਾ ਕਰਨ ਅਤੇ ਨਾ ਹੀ ਖੁਦ ਧਾਰਮਿਕ ਰਹੁਰੀਤਾਂ ਅਦਾ ਕਰਨ। ਪਾਰਟੀ ਦੇ ਆਗੂ, ਕਾਡਰ, ਜਿਵੇਂ ਕਿ ਸੂਬਾ ਕਮੇਟੀ, ਜ਼ਿਲ੍ਹਾ ਕਮੇਟੀ, ਖੇਤਰੀ ਜਾਂ ਖੇਤਰ ਕਮੇਟੀ ਆਦਿ ਦੇ ਮੈਂਬਰਾਂ ਤੋਂ ਉਮੀਦ ਕੀਤੀ ਗਈ ਹੈ ਕਿ ਉਹ ਆਪਣੇ ਨਿੱਜੀ ਅਤੇ ਸਮਾਜਿਕ ਜੀਵਨ ਵਿਚ ਅਗਾਂਹਵਧੂ ਕਦਰਾਂ-ਕੀਮਤਾਂ ਅਪਨਾਉਣਗੇ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਦੂਸਰਿਆਂ ਵਲੋਂ ਜਥੇਬੰਦ ਕੀਤੇ ਸਮਾਜਿਕ ਤੇ ਧਾਰਮਿਕ ਸਮਾਰੋਹਾਂ ਵਿਚ ਸ਼ਾਮਲ ਹੋਣਾ ਪੈ ਸਕਦਾ ਹੈ ਖਾਸ ਤੌਰ 'ਤੇ ਜਦੋਂ ਉਹ ਵਿਧਾਇਕ, ਪੰਚਾਇਤ ਮੈਂਬਰ ਆਦਿ ਚੁਣੇ ਗਏ ਹੋਣ। ਇਹ ਨਹੀਂ ਹੋ ਸਕਦਾ ਕਿ ਕਮਿਊਨਿਸਟ ਆਗੂ ਜਨਤਕ ਜੀਵਨ ਵਿਚ ਕੁਝ ਕਹਿੰਦੇ ਫ਼ਿਰਨ ਅਤੇ ਨਿੱਜੀ ਜ਼ਿੰਦਗੀ ਵਿਚ ਕੁਝ ਹੋਰ ਕਰਦੇ ਰਹਿਣ।

ਮੁੱਕਦੀ ਗੱਲ ਇਹ ਹੈ, ਕਮਿਊਨਿਸਟ ਪਾਰਟੀ ਧਾਰਮਿਕ ਵਿਸ਼ਵਾਸ ਰੱਖਦੇ ਲੋਕਾਂ ਨੂੰ ਪਾਰਟੀ ਵਿਚ ਸ਼ਾਮਲ ਹੋਣ ਤੋਂ ਨਹੀਂ ਵਰਜਦੀ। ਉਹ ਆਪਣਾ ਧਰਮ ਨਿਭਾ ਸਕਦੇ ਹਨ ਪਰ ਉਨ੍ਹਾਂ ਨੂੰ ਧਰਮ ਨਿਰਪੱਖਤਾ ਨੂੰ ਅਪਨਾਉਣਾ ਪਵੇਗਾ ਅਤੇ ਧਰਮ ਦੇ ਰਾਜ ਦੇ ਮਾਮਲਿਆਂ ਵਿਚ ਦਖ਼ਲ ਦਾ ਵਿਰੋਧ ਕਰਨਾ ਪਵੇਗਾ।

ਦਰੁਸਤੀ ਦੀਆਂ ਸੇਧਾਂ ਪਾਰਟੀ ਦੇ ਮੈਂਬਰਾਂ ਨੂੰ ਕਮਿਊਨਿਸਟ ਅਸੂਲਾਂ ਅਤੇ ਕਦਰਾਂ-ਕੀਮਤਾਂ ਮੁਤਾਬਿਕ ਜੀਵਨ ਜਿਊਣ 'ਚ ਮਦਦ ਕਰਨ ਦਾ ਮੰਤਵ ਰੱਖਦੀਆਂ ਹਨ। ਜਿੱਥੋਂ ਤੱਕ ਆਗੂ ਕਾਡਰ ਦਾ ਸਵਾਲ ਹੈ ਤਾਂ ਪਾਰਟੀ ਉਨ੍ਹਾਂ ਤੋਂ ਆਸ ਰੱਖਦੀ ਹੈ ਕਿ ਉਹ ਨਿੱਜੀ ਅਤੇ ਜਨਤਕ ਜੀਵਨ ਵਿਚ ਮਾਰਕਸਵਾਦੀਆਂ ਵਾਂਗ ਵਿਚਰੇ।

ਡਾ. ਮਨੋਜ ਦਾ ਇਹ ਕਹਿਣਾ ਦਰੁਸਤ ਨਹੀਂ ਕਿ ਆਪਣੇ ਆਗੂ ਕਾਡਰ ਨੂੰ ਦਿੱਤੀਆਂ ਸੀ ਪੀ ਆਈ (ਐਮ) ਦੀਆਂ ਸੇਧਾਂ ਭਾਰਤੀ ਸੰਵਿਧਾਨ ਦੇ ਵਿਰੁਧ ਹਨ। ਸੰਵਿਧਾਨ ਇਕ ਧਰਮ ਨਿਰਪੱਖ ਰਾਜ ਨੂੰ ਪ੍ਰਵਾਨਗੀ ਦਿੰਦਾ ਹੈ ਜਿਹੜਾ ਨਾਗਰਿਕ ਨੂੰ ਆਪਣਾ ਧਰਮ ਮੰਨਣ ਦੀ ਜ਼ਾਮਨੀ ਦਿੰਦਾ ਹੈ। ਸੰਵਿਧਾਨ ਨਾਗਰਿਕ ਨੂੰ ਧਰਮ ਨਾ ਮੰਨਣ ਦਾ ਵੀ ਅਧਿਕਾਰ ਦਿੰਦਾ ਹੈ। ਸੀ ਪੀ ਆਈ (ਐਮ) ਇਕ ਅਜਿਹੀ ਜਥੇਬੰਦੀ ਹੈ ਜਿਸ ਵਿਚ ਨਾਗਰਿਕ ਇਸ ਦੇ ਫਲਸਫੇ ਨੂੰ ਮੰਨ ਕੇ ਸ਼ਾਮਲ ਹੁੰਦੇ ਹਨ।

ਇਹ ਸੇਧਾਂ ਕੋਈ ਨਵੀਂ ਚੀਜ਼ ਨਹੀਂ ਹਨ। ਇਨ੍ਹਾਂ ਨੂੰ 1996 ਵਿਚ ਨਿਰਧਾਰਤ ਕੀਤਾ ਗਿਆ ਸੀ ਜਦੋਂ ਪਾਰਟੀ ਅੰਦਰ ਦਰੁਸਤੀ ਲਿਆਉਣ ਲਈ ਪਹਿਲਾ ਦਸਤਾਵੇਜ਼ ਅਪਣਾਇਆ ਗਿਆ ਸੀ। ਬਹਰਹਾਲ, ਕਿਉਂਕਿ ਇਹ ਮੁੱਦਾ ਉਠਾਇਆ ਗਿਆ ਹੈ ਇਸ ਵਾਸਤੇ ਸਾਡੇ ਲਈ ਧਰਮ ਅਤੇ ਕਮਿਊਨਿਸਟ ਦ੍ਰਿਸ਼ਟੀਕੋਣ ਬਾਰੇ ਪਾਰਟੀ ਦਾ ਪੈਂਤੜਾ ਸਪੱਸ਼ਟ ਕਰਨਾ ਜ਼ਰੂਰੀ ਹੈ।

# ਇਕ ਜਵਾਬ: ਕਮਿਊਨਿਸਟਾਂ ਵਲੋਂ ਸਮਾਜਵਾਦ ਤੇ ਸਮਾਨਤਾ ਦੇ ਨਾਂ 'ਤੇ ਫਰੇਬ

**ਬਲਬੀਰ ਪੁੰਜ**

ਕਮਿਊਨਿਸਟ ਇਨ੍ਹੀਂ ਦਿਨੀਂ ਪ੍ਰੇਸ਼ਾਨੀ 'ਚ ਹਨ। ਪਿਛਲੇ ਦਿਨੀਂ ਸੀ ਪੀ ਐਮ ਦੀ ਕੇਂਦਰੀ ਕਮੇਟੀ ਨੇ ਪਾਰਟੀ 'ਚ ਭ੍ਰਿਸ਼ਟਾਚਾਰ, ਅਨੈਤਿਕਤਾ ਅਤੇ ਬੁਰਜੂਆ ਰੁਝਾਨਾਂ ਨੂੰ ਰੋਕਣ ਲਈ 'ਸੁਧਾਰ ਪ੍ਰੋਗਰਾਮ' ਤਹਿਤ ਹਦਾਇਤਾਂ ਜਾਰੀ ਕੀਤੀਆਂ ਸਨ। ਸੁਭਾਵਿਕ ਸੀ ਕਿ ਨਾਸਤਿਕਤਾ ਦਾ ਸੰਦੇਸ਼ ਦੇਣ ਵਾਲੇ ਮਾਕਪਾਈਆਂ ਨੇ ਇਸ ਵਿਚ ਆਪਣੇ ਮੈਂਬਰਾਂ ਨੂੰ ਪੂਜਾ-ਪਾਠ ਅਤੇ ਕਰਮ-ਕਾਂਡਾਂ ਤੋਂ ਦੂਰ ਰਹਿਣ ਲਈ ਵੀ ਕਿਹਾ ਸੀ ਪਰ ਇਸ ਵਿਰੁਧ ਮੈਂਬਰਾਂ-ਸਮਰਥਕਾਂ ਦੇ ਵਿਆਪਕ ਵਿਰੋਧ ਨੂੰ ਦੇਖ ਕੇ ਸੀ ਪੀ ਐਮ ਲੀਡਰਸ਼ਿਪ ਦੇ ਹੋਸ਼ ਉੱਡੇ ਹੋਏ ਹਨ। ਪਾਰਟੀ ਪ੍ਰਧਾਨ ਪ੍ਰਕਾਸ਼ ਕਾਰਤ ਹੁਣ ਸਾਮਵਾਦੀ ਵਿਚਾਰਧਾਰਾ ਦੇ ਨਾਸਤਿਕ ਦਰਸ਼ਨ ਤੋਂ ਹਟਦੇ ਹੋਏ ਇਹ ਕਹਿ ਰਹੇ ਹਨ ਕਿ ਪਾਰਟੀ ਕਿਸੇ ਧਰਮ ਜਾਂ ਪਰਮਾਤਮਾ 'ਚ ਸ਼ਰਧਾ (ਆਸਥਾ) ਦੇ ਖ਼ਿਲਾਫ ਨਾ ਹੋ ਕੇ ਫਿਰਕਾਪ੍ਰਸਤੀ ਦੇ ਖ਼ਿਲਾਫ਼ ਹੈ। ਸੀ ਪੀ ਐਮ ਦੇ ਮਲਿਆਲੀ ਮੁੱਖ ਪੱਤਰ 'ਦੇਸ਼ਾਭਿਮਾਨੀ' ਵਿਚ ਪ੍ਰਕਾਸ਼ ਕਾਰਤ ਨੇ ਇਸ ਸੰਦਰਭ ਵਿਚ ਲਿਖਿਆ ਹੈ, "ਗਰੀਬ ਤੇ ਮਜ਼ਦੂਰ ਵਰਗ ਦੇ ਉਥਾਨ ਲਈ ਸੀ ਪੀ ਐਮ ਨੂੰ ਆਸਤਿਕਤਾ ਜਾਂ ਮਜ਼ਬੀ ਨੇਤਾਵਾਂ ਨਾਲ ਕੰਮ ਕਰਨ 'ਚ ਕੋਈ ਪ੍ਰੇਸ਼ਾਨੀ ਨਹੀਂ ਹੈ। ਸੁਧਾਰ ਪ੍ਰੋਗਰਾਮ ਨੂੰ ਅੰਤਿਮ ਰੂਪ ਦੇਣ ਵਾਲੀ ਕਮੇਟੀ ਇੰਨਾ ਹੀ ਯਕੀਨੀ ਬਣਾਉਣਾ ਚਾਹੁੰਦੀ ਸੀ ਕਿ ਪਾਰਟੀ ਦੇ ਮੈਂਬਰ ਅਜਿਹੇ ਕਰਮ-ਕਾਂਡਾਂ ਤੋਂ ਦੂਰ ਰਹਿਣ, ਜੋ ਜਾਤ ਜਾਂ ਵਰਗ 'ਤੇ ਆਧਾਰਿਤ ਵਿਤਕਰੇ ਦਾ ਕਾਰਨ ਬਣਦੇ ਹੋਣ। ਪਾਰਟੀ ਨੇ ਧਾਰਮਿਕ ਮਾਨਤਾ ਹੋਣ ਦੇ ਬਾਵਜੂਦ ਛੂਆ-ਛੂਤ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਮੈਂਬਰਾਂ ਨੂੰ ਦੂਰ ਰੱਖਣ ਲਈ ਹੀ ਅਜਿਹੀ ਸ਼ਰਤ ਰੱਖੀ ਸੀ।"

ਮਾਰਕਸਵਾਦ ਦੇ ਮੁੱਢਲੇ ਮਤ-ਪ੍ਰਚਾਰਕ ਜਦੋਂ ਭਾਰਤ ਆਏ ਤਾਂ ਕੁੰਭ ਦੇ ਮੇਲੇ ਵਿਚ ਲੋਕਾਂ ਦੀ ਭੀੜ ਦੇਖ ਕੇ ਉਨ੍ਹਾਂ ਨੂੰ ਬਹੁਤ ਹੈਰਾਨੀ ਹੋਈ ਸੀ। ਉਨ੍ਹਾਂ ਨੇ ਉਦੋਂ ਹੀ ਇਹ ਮੰਨ ਲਿਆ ਸੀ ਕਿ ਅਧਿਆਤਮ ਪ੍ਰਧਾਨ ਇਸ ਦੇਸ਼ ਵਿਚ ਸਾਮਵਾਦ ਦਾ ਪ੍ਰਫੁੱਲਿਤ ਹੋਣਾ ਮੁਸ਼ਕਿਲ ਜਿਹਾ ਹੈ। ਕੇਰਲਾ ਦੇ ਇਕ ਮੈਂਬਰ



ਅਤੇ ਸਾਬਕਾ ਐਮ.ਪੀ. ਡਾ. ਕੇ. ਐਸ. ਮਨੋਜ ਨੇ ਆਪਣੀ ਆਸਥਾ ਤੇ ਪੂਜਾ ਦੇ ਅਧਿਕਾਰ ਦੀ ਰਾਖੀ ਲਈ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਤੇ ਜਦੋਂ ਉਨ੍ਹਾਂ ਦੇ ਹੱਕ ਵਿਚ ਸਮਰਥਕਾਂ ਦਾ ਇਕ ਵੱਡਾ ਵਰਗ ਉੱਠ ਖੜ੍ਹਾ ਹੋਇਆ ਤਾਂ ਨਾਸਤਿਕ ਸੀ ਪੀ ਐਮ ਦਾ ਪਿਛਾਂਹ ਹਟਣਾ ਸੁਭਾਵਿਕ ਹੀ ਸੀ। ਡਾ. ਮਨੋਜ ਨੂੰ 2004 ਵਿਚ ਸੀ ਪੀ ਐਮ ਨੇ ਉਦੋਂ ਲੋਕ ਸਭਾ ਦੀ ਟਿਕਟ ਦਿੱਤੀ ਸੀ, ਜਦੋਂ ਉਹ ਕੇਰਲਾ ਲੈਟਿਨ ਕੈਥੋਲਿਕ ਐਸੋਸੀਏਸ਼ਨ ਦੇ ਪ੍ਰਧਾਨ ਸਨ।


ਲੈਟਿਨ ਕੈਥੋਲਿਕ ਦੇ ਲਗਭਗ 20 ਲੱਖ ਪੈਰੋਕਾਰਾਂ 'ਚ ਡਾ. ਮਨੋਜ ਦਾ ਚੰਗਾ ਪ੍ਰਭਾਵ ਹੈ। ਉਦੋਂ ਨਾਸਤਿਕ ਸੀ ਪੀ ਐਮ ਨੂੰ ਆਸਤਿਕ ਡਾ. ਮਨੋਜ ਤੋਂ ਕੋਈ ਪ੍ਰਹੇਜ਼ ਨਹੀਂ ਹੋਇਆ ਸੀ। ਕਿਉਂ? ਸੀ ਪੀ ਐਮ ਪਾਖੰਡ ਦਾ ਸਬੂਤ ਇਸ ਦੇ ਆਗੂਆਂ ਦੇ ਨਾਵਾਂ ਤੋਂ ਹੀ ਨਜ਼ਰ ਆਉਂਦਾ ਹੈ। ਦੱਖਣ ਵਿਚ ਨਾਸਤਿਕ ਦਰਸ਼ਨ ਦਾ ਝੰਡਾ ਚੁੱਕਣ ਵਾਲਾ ਇਕ ਹੋਰ ਨਾਂ ਦ੍ਰਵਿੜ ਮੁਨੇਤਰ ਕੜਗਮ (ਡੀ.ਐਮ.ਕੇ.) ਹੈ। ਇਸਦੇ ਬਾਨੀ ਰਾਮਾਸੁਆਮੀ ਨਾਇਕਰ ਇਹ ਰੌਲਾ ਪਾਉਂਦੇ ਸਨ ਕਿ ਪਰਮਾਤਮਾ ਨੂੰ ਮੰਨਣ ਵਾਲਾ ਮੂਰਖ ਹੈ। ਡੀ.ਐਮ.ਕੇ. ਦੇ ਨੇਤਾ ਤੇ ਤਾਮਿਲਨਾਡੂ ਦੇ ਮੌਜੂਦਾ ਮੁੱਖ ਮੰਤਰੀ ਕਰੁਣਾਨਿਧੀ ਐਲਾਨੀਆ ਤੌਰ 'ਤੇ ਨਾਸਤਿਕ ਹਨ ਪਰ ਖੁਦ ਉਨ੍ਹਾਂ ਦਾ ਤੇ ਉਨ੍ਹਾਂ ਦੇ ਨੇੜਲੇ ਪਰਿਵਾਰਕ ਮੈਂਬਰਾਂ ਦਾ ਨਾਂ ਵੀ ਕਿਸੇ ਨਾ ਕਿਸੇ ਹਿੰਦੂ ਦੇਵੀ-ਦੇਵਤਾ ਦੇ ਨਾਂ 'ਤੇ ਹੈ। ਦੋ ਸਾਲ ਪਹਿਲਾਂ ਕਰੁਣਾਨਿਧੀ ਨੇ ਆਪਣੇ ਘਰ ਸੱਤਿਆ ਸਾਈਂ ਬਾਬਾ ਦਾ ਆਸ਼ੀਰਵਾਦ ਲਿਆ ਸੀ। ਕਰੁਣਾਨਿਧੀ ਨੂੰ ਆਪਣੀ ਪਤਨੀ ਨਾਲ ਮੰਦਿਰ ਜਾਂਦਿਆਂ ਵੀ ਵੇਖਿਆ ਗਿਆ ਹੈ। ਇਸ ਦੇ ਜਵਾਬ ਵਿਚ ਉਨ੍ਹਾਂ ਦੀ ਦਲੀਲ ਹੈ ਕਿ ਉਹ ਇਕ ਪਤੀ ਹੋਣ ਦਾ ਧਰਮ ਨਿਭਾਅ ਰਹੇ ਹਨ।

ਕੁਝ ਸਮਾਂ ਪਹਿਲਾਂ ਕੇਰਲਾ ਦੇ ਇਕ ਸੀ ਪੀ ਐਮ ਨੇਤਾ ਏ.ਪੀ. ਅਬਦੁੱਲਾ ਕੁੱਟੀ ਦੇ ਮਾਰਕਸਵਾਦੀ ਵਿਚਾਰਧਾਰਾ 'ਤੇ ਨਾ ਚੱਲਣ ਕਰਕੇ ਉਨ੍ਹਾਂ ਨੂੰ ਪਾਰਟੀ 'ਚੋਂ ਕੱਢ ਦਿੱਤਾ ਗਿਆ ਸੀ। ਐਲਾਨੀਆ ਤੌਰ 'ਤੇ ਉਨ੍ਹਾਂ ਦਾ ਅਪਰਾਧ ਇਹ ਸੀ ਕਿ ਉਨ੍ਹਾਂ ਨੇ ਭਾਜਪਾ ਦੇ ਨਰਿੰਦਰ ਮੋਦੀ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਸੀ ਪਰ ਅਸਲੀਅਤ ਇਹ ਹੈ ਕਿ ਅਬਦੁੱਲਾ ਕੁੱਟੀ ਨੇ ਜਨਤਕ ਤੌਰ 'ਤੇ ਜਦੋਂ ਇਸਲਾਮ 'ਚ ਆਸਥਾ ਰੱਖਣ ਦੀ ਗੱਲ ਕਹੀ ਸੀ, ਉਦੋਂ ਤੋਂ ਹੀ ਉਹ ਨਾਸਤਿਕਤਾਵਾਦੀਆਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਏ ਸਨ। ਦੋ-ਤਿੰਨ ਸਾਲ ਪਹਿਲਾਂ ਪੱਛਮੀ ਬੰਗਾਲ ਦੇ ਇਕ ਹੋਰ ਸੀ ਪੀ ਐਮ ਨੇਤਾ ਤੇ ਸੂਬੇ ਦੇ ਟਰਾਂਸਪੋਰਟ ਮੰਤਰੀ ਸੁਭਾਸ਼ ਚੱਕਰਵਰਤੀ ਨੂੰ ਪਾਰਟੀ ਲੀਡਰਸ਼ਿਪ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਸੀ। ਸੁਭਾਸ਼ ਤਾਰਾਪੀਠ ਵਿਚ ਪੂਜਾ ਕਰਦੇ ਦੇਖੇ ਗਏ ਸਨ। ਇਸ 'ਤੇ ਉਨ੍ਹਾਂ ਨੂੰ ਲਾਈਨ ਹਾਜ਼ਰ ਕਰ ਲਿਆ ਗਿਆ ਸੀ। ਉਦੋਂ ਉਨ੍ਹਾਂ ਨੇ ਇਸ 'ਤੇ ਸਖ਼ਤ ਟਿੱਪਣੀ ਜ਼ਾਹਿਰ ਕਰਦਿਆਂ ਕਿਹਾ ਸੀ ਕਿ "ਮੈਂ ਪਹਿਲਾਂ ਹਿੰਦੂ ਹਾਂ ਤੇ ਉਸ ਤੋਂ ਬਾਅਦ ਬ੍ਰਾਹਮਣ...ਉਸ ਤੋਂ ਬਾਅਦ ਹੀ ਕੁਝ ਹੋਰ।" ਪੂਰੀ ਦੁਨੀਆ ਵਿਚ ਸਾਮਵਾਦ ਦਾ ਪ੍ਰਯੋਗ ਅਸਫਲ ਰਿਹਾ ਹੈ। ਕੱਟੜ ਸਾਮਵਾਦੀ ਚੀਨ ਨੂੰ ਵੀ ਰਵਾਇਤੀ ਸਾਮਵਾਦੀ ਅਰਥ ਨੀਤੀ ਨੂੰ ਤਿਆਗ ਕੇ ਬਾਜ਼ਾਰ ਦਾ ਪੱਲਾ ਫੜਨਾ ਪਿਆ ਤੇ ਇਹੀ ਉਸਦੇ ਹੋਂਦ ਵਿਚ ਰਹਿਣ ਦਾ ਕਾਰਨ ਵੀ ਹੈ ਪਰ ਸਾਡੇ ਇੱਥੋਂ ਦੇ ਸਾਮਵਾਦੀ ਮਾਰਕਸ ਲੈਨਿਨ ਦੀ ਖਿੱਚੀ ਲਕੀਰ ਨੂੰ ਹੀ ਪ੍ਰਤੱਖ ਤੇ ਅਮਰ ਮੰਨਦੇ ਹਨ। ਮਾਰਕਸ ਨੇ ਕਿਹਾ ਸੀ, "ਮਜ਼ਹਬ ਨੂੰ ਨਾ ਸਿਰਫ ਠੁਕਰਾਉਣਾ ਚਾਹੀਦਾ ਹੈ, ਸਗੋਂ ਇਸਦਾ ਤ੍ਰਿਸਕਾਰ ਵੀ ਹੋਣਾ ਚਾਹੀਦਾ ਹੈ।"

ਅਸਲ ਵਿਚ ਦੇਖਿਆ ਜਾਵੇ ਤਾਂ ਮਾਰਕਸਵਾਦੀ ਚਿੰਤਨ ਹੀ ਅਫ਼ੀਮ ਹੈ ਕਿਉਂਕਿ ਇਹ ਲੋਕਾਂ ਸਾਹਮਣੇ ਇਕ ਅਜਿਹੀ ਵਿਵਸਥਾ (ਪ੍ਰਣਾਲੀ) ਦਾ ਸੁਪਨਾ ਪਰੋਸਦਾ ਹੈ, ਜਿਸ ਦੀ ਕੋਈ ਹੋਂਦ ਹੀ ਨਹੀਂ ਹੈ। ਦੁਨੀਆਂ ਦੇ ਜਿਸ ਹਿੱਸੇ 'ਚ ਸਾਮਵਾਦੀਆਂ ਦੀ ਸਰਕਾਰ ਆਈ, ਉੱਥੇ ਕਮਿਊਨਿਸਟਾਂ ਦਾ ਪਾਖੰਡ ਬਹੁਤੇ ਦਿਨਾਂ ਤਕ ਲੁਕਿਆ ਨਹੀਂ ਰਹਿ ਸਕਿਆ। ਉਨ੍ਹਾਂ ਨੇ ਵਰਗਹੀਣ, ਸ਼ੋਸ਼ਣਹੀਣ ਦੇ ਡਰ ਰਹਿਤ ਸਮਤਾਵਾਦੀ ਖੁਸ਼ਹਾਲ ਸਮਾਜ ਦੇਣ ਦਾ ਦਾਅਵਾ ਕੀਤਾ। ਜਿਸ ਤਰ੍ਹਾਂ ਕੋਈ ਪੁਜਾਰੀ ਜਾਂ ਮੌਲਵੀ ਚੜ੍ਹਾਵੇ ਬਦਲੇ ਆਪਣੇ ਭਗਤਾਂ ਵਿਚ ਸਵਰਗ ਜਾਂ ਜੰਨਤ ਦਾ ਅੰਧ-ਵਿਸ਼ਵਾਸ ਪੈਦਾ ਕਰਦਾ ਹੈ, ਕਮਿਊਨਿਸਟਾਂ ਨੇ ਖੁਸ਼ਹਾਲ ਸਮਾਜਵਾਦ ਦੇ ਨਾਂ 'ਤੇ ਅਜਿਹਾ ਹੀ ਫਰੇਬ ਕੀਤਾ ਹੈ।

# ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਸ਼ਰਦ ਪਵਾਰ ਕਾਂਗਰਸ ਨਾਲ ਉਲਝਿਆ

**ਪੁਣੇ:** ਐੱਨ.ਸੀ.ਪੀ ਦੇ ਮੁਖੀ ਅਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਨੇ ਕਿਹਾ ਹੈ ਕਿ ਦੇਸ਼ ਵਿਚ ਮਹਿੰਗਾਈ ਵਧਣ ਲਈ ਸਿਰਫ ਉਹ ਹੀ ਜ਼ਿੰਮੇਵਾਰ ਨਹੀਂ ਹਨ ਸਗੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੀ ਜ਼ਿੰਮੇਵਾਰ ਹਨ। ਐਤਵਾਰ




**ਮਹਿੰਗਾਈ ਲਈ ਮਨਮੋਹਨ ਸਿੰਘ ਜ਼ਿੰਮੇਵਾਰ-ਪਵਾਰ**

ਇਥੇ ਖੇਤੀਬਾੜੀ ਕਾਲਜ ਵਿਚ ਜੈਵ ਤਕਨੀਕ ਲੈਬਾਰਟਰੀ ਦੇ ਉਦਘਾਟਨੀ ਸਮਾਰੋਹ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਵਧਦੀਆਂ ਕੀਮਤਾਂ ਲਈ ਸਿਰਫ ਮੈਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ ਸਗੋਂ ਇਸ ਲਈ ਪ੍ਰਧਾਨ ਮੰਤਰੀ ਵੀ ਬਰਾਬਰ ਦੇ ਜ਼ਿੰਮੇਵਾਰ ਹਨ। ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਵਧਦੀਆਂ ਕੀਮਤਾਂ ਦੇ ਮੁੱਦੇ 'ਤੇ ਕਾਂਗਰਸ ਉਨ੍ਹਾਂ ਨੂੰ ਹਮਾਇਤ ਨਹੀਂ ਦੇ ਰਹੀ। ਸ਼੍ਰੀ ਪਵਾਰ ਨੇ ਕਿਹਾ ਕਿ ਮਾਹਿਰਾਂ ਦੀ ਕਮੇਟੀ ਦੀਆਂ ਸਿਫਾਰਸ਼ਾਂ ਪਿੱਛੋਂ ਕੁਝ ਦਿਸ਼ਾਂ ਨਿਰਦੇਸ਼ਾਂ ਦੀ ਮਦਦ ਨਾਲ ਇਸ ਸੰਕਟ 'ਤੇ ਕਾਬੂ ਪਾ ਲਿਆ ਜਾਵੇਗਾ।

ਖੇਤੀ ਮੰਤਰੀ ਨੇ ਨਾਲ ਹੀ ਕਿਹਾ ਕਿ ਉਤਰੀ ਭਾਰਤ ਵਿਚ ਚਲ ਰਹੀ ਦੁੱਧ ਦੀ ਕਿੱਲਤ ਲਈ ਸੂਬੇ ਜ਼ਿੰਮੇਵਾਰ ਹਨ। ਦੁੱਧ ਉਤਪਾਦਕਾਂ ਨੇ ਕੀਮਤਾਂ ਵਧਾਉਣ ਲਈ ਕਿਹਾ ਹੈ। ਅਕਤੂਬਰ ਮਹੀਨੇ 'ਚ ਕੁਝ ਸੂਬਿਆਂ ਵਲੋਂ ਵਧਾਈਆਂ ਗਈਆਂ ਦੁੱਧ ਦੀਆਂ ਕੀਮਤਾਂ ਦਾ ਹਵਾਲਾ ਦਿੰਦਿਆਂ ਦੁੱਧ ਉਤਪਾਦਨ ਸਬੰਧੀ ਕੇਂਦਰੀ ਮੰਤਰੀ ਨੇ ਕਿਹਾ ਕਿ ਅਸੀਂ ਉਤਰ ਭਾਰਤ ਵਿਚ ਦੁੱਧ ਦੀ ਕਮੀ ਨੂੰ ਮਹਿਸੂਸ ਕਰ ਰਹੇ ਹਾਂ ਤੇ ਇਸ ਕਮੀ ਨੂੰ ਪੂਰੀ ਕਰਨ ਲਈ ਅਸੀਂ ਅਕਤੂਬਰ ਵਿਚ ਕੀਮਤਾਂ ਬਾਰੇ ਫ਼ੈਸਲਾ ਲਿਆ ਸੀ ਕਿ ਅੱਜ ਇਹ ਲੋੜ ਬਣ ਗਈ ਹੈ ਕਿ ਦੁੱਧ ਦੀਆਂ ਕੀਮਤਾਂ ਵਧਾਈਆਂ ਜਾਣ। ਦੁੱਧ ਦੀਆਂ ਬ੍ਰਾਂਡਡ ਕੰਪਨੀਆਂ ਅਮੂਲ ਅਤੇ ਮਦਰ ਡੇਅਰੀ ਪੂਰੀ ਮਲਾਈ ਵਾਲਾ ਦੁੱਧ 28 ਰੁਪਏ ਪ੍ਰਤੀ ਲੀਟਰ ਵੇਚ ਰਹੀਆਂ ਹਨ। ਦੁੱਧ ਉਤਪਾਦਕਾਂ ਦੀਆਂ ਮੁਸ਼ਕਲਾਂ ਦੂਰ ਕਰਨ ਲਈ ਡੇਅਰੀਆਂ ਦੇ ਦੁੱਧ ਨੂੰ ਚੰਗਾ ਮੁੱਲ ਮਿਲਣਾ ਜ਼ਰੂਰੀ ਹੋ ਗਿਆ ਹੈ। ਖੰਡ ਦੀਆਂ ਕੀਮਤਾਂ ਨੂੰ ਲੈ ਕੇ ਪਹਿਲਾਂ ਤੋਂ ਹੀ ਸਿਆਸੀ ਵਿਰੋਧ ਦੇ ਸ਼ਿਕਾਰ ਹੋਏ ਪਵਾਰ ਨੇ ਹੁਣ ਦੁੱਧ ਦੀਆਂ ਕੀਮਤਾਂ ਵਧਾਉਣ ਦੀ ਗੱਲ ਕਹੀ ਹੈ।

ਉਧਰ ਕਾਂਗਰਸ ਪਾਰਟੀ ਨੇ ਭਾਵੇਂ ਪਵਾਰ ਦੇ ਬਿਆਨ ਨੂੰ ਚਲ ਹੋਊ ਕਹਿ ਕੇ ਟਾਲ ਦਿੱਤਾ ਹੈ ਅਤੇ ਨਾਲ ਹੀ ਕਿਹਾ ਹੈ ਕਿ ਖੇਤੀ ਮੰਤਰੀ ਨੂੰ ਮਹਿੰਗਾਈ ਸੰਬੰਧੀ ਚਲਵੀਂ ਬਿਆਨਬਾਜ਼ੀ ਕਰਨ ਦੀ ਥਾਂ ਮਹਿੰਗਾਈ ਘਟਾਉਣ ਲਈ ਕਦਮ ਚੁੱਕਣੇ ਚਾਹੀਦੇ ਹਨ।ਪ੍ਰਧਾਨ ਮੰਤਰੀ ਨੇ ਇਸ ਦਿਸ਼ਾ ਵਿਚ ਕਦਮ ਚੁੱਕਣੇ ਵੀ ਸ਼ੁਰੂ ਕਰ ਦਿੱਤੇ ਹਨ।

ਮਹਿੰਗਾਈ ਨੂੰ ਲੈ ਕੇ ਚੁਫੇਰਿਓਂ ਆਲੋਚਨਾ ਦਾ ਸਾਹਮਣਾ ਕਰ ਰਹੀ ਕੇਂਦਰ ਸਰਕਾਰ ਨੇ ਜਨਵਰੀ ਤੇ ਫਰਵਰੀ ਮਹੀਨੇ 'ਚ ਜਨਤਕ ਵੰਡ ਪ੍ਰਣਾਲੀ (ਪੀ ਡੀ ਐਸ) ਤਹਿਤ ਕਾਰਡ ਹੋਲਡਰਾਂ ਨੂੰ ਕਣਕ ਤੇ ਚੌਲਾਂ ਦੀ ਸਪਲਾਈ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਸਬੰਧੀ ਫੈਸਲਾ ਕੀਮਤਾਂ ਸਬੰਧੀ ਕੇਂਦਰੀ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠ ਹੋਈ ਮੀਟਿੰਗ ਸਬੰਧੀ ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਜਿਨ੍ਹਾਂ ਵਿਅਕਤੀਆਂ ਕੋਲ ਰਾਸ਼ਨ ਕਾਰਡ ਹਨ, ਉਨ੍ਹਾਂ ਨੂੰ ਜਨਵਰੀ ਤੇ ਫਰਵਰੀ ਮਹੀਨੇ 'ਚ 10 ਕਿਲੋ ਵਾਧੂ ਕਣਕ ਤੇ ਚੌਲ ਦਿੱਤੇ ਜਾਣਗੇ।ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਇੱਕ ਪਰਿਵਾਰ ਨੂੰ 35 ਕਿਲੋ ਚੌਲ ਤੇ ਕਣਕ ਮੁਹੱਈਆ ਕਰਵਾਈ ਜਾਂਦੀ ਹੈ। ਹੁਣ ਸਰਕਾਰ ਨੇ ਇਸ 35 ਕਿਲੋ 'ਚ 10 ਕਿਲੋ ਦਾ ਹੋਰ ਵਾਧਾ ਕਰ ਦਿੱਤਾ ਹੈ। ਕੈਬਨਿਟ ਨੇ ਰਾਸ਼ਨ ਕਾਰਡ ਹੋਲਡਰਾਂ ਤੋਂ ਇਲਾਵਾ ਅੰਨਤੋਦਿਆ ਅੰਨ ਯੋਜਨਾ ਦੇ ਕਾਰਡ ਧਾਰਕਾਂ ਨੂੰ ਵੀ ਇਸ ਯੋਜਨਾ ਵਿੱਚ ਸ਼ਾਮਲ ਕੀਤਾ ਹੈ। ਬਿਆਨ ਵਿਚ ਦੱਸਿਆ ਗਿਆ ਹੈ ਕਿ ਇਹ ਸਪਲਾਈ ਅਸਥਾਈ ਹੋਵੇਗੀ, ਜਿਸ ਬਾਰੇ ਦੋ ਮਹੀਨੇ ਬਾਅਦ ਮੁੜ ਵਿਚਾਰਿਆ ਜਾ ਸਕਦਾ ਹੈ। ਕਣਕ ਤੇ ਚੌਲਾਂ ਦੀ ਵਾਧੂ ਵੰਡ ਲਈ ਘੱਟੋ-ਘੱਟ ਸਮਰਥਨ ਮੁੱਲ 10.80 ਤੇ 15.37 ਰੁਪਏ ਪ੍ਰਤੀ ਕਿਲੋ ਕ੍ਰਮਵਾਰ ਹੋਵੇਗਾ। ਇਸ ਦੇ ਨਾਲ ਹੀ ਕੇਂਦਰੀ ਕੈਬਨਿਟ ਨੇ ਦਾਲਾਂ, ਚੀਨੀ, ਆਲੂ ਤੇ ਪਿਆਜ਼ ਸਮੇਤ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਨੂੰ ਵੀ ਵਿਚਾਰਿਆ।ਇੱਥੇ ਇਹ ਦੱਸਣਾ ਬਣਦਾ ਹੈ ਕਿ ਸਰਕਾਰ ਨੂੰ ਵੱਖ-ਵੱਖ ਸਰਕਾਰੀ ਯੋਜਨਾਵਾਂ 'ਚ ਅਨਾਜ ਦਾ ਸਰਕਾਰੀ ਮੁੱਲ ਵੱਖੋ-ਵੱਖਰਾ ਰੱਖਿਆ ਹੋਇਆ ਹੈ। ਅੰਨਤੋਦਿਆ ਯੋਜਨਾ ਤਹਿਤ ਕਾਰਡ ਧਾਰਕਾਂ ਨੂੰ ਕਣਕ 2 ਰੁਪਏ ਪ੍ਰਤੀ ਕਿਲੋ ਤੇ ਚੌਲ 3 ਰੁਪਏ ਪ੍ਰਤੀ ਕਿਲੋ ਦਿੱਤਾ ਜਾਂਦਾ ਹੈ। ਜਾਰੀ ਬਿਆਨ ਵਿਚ ਦੱਸਿਆ ਗਿਆ ਹੈ ਕਿ ਪ੍ਰਧਾਨ ਮੰਤਰੀ 6 ਫਰਵਰੀ ਨੂੰ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਕਰਕੇ ਕੀਮਤਾਂ ਦੇ ਵਾਧੇ 'ਤੇ ਵਿਚਾਰ ਕਰਨਗੇ।

**ਸਰਕਾਰ ਦੇ ਕਦਮਾਂ ਦੇ ਬਾਵਜੂਦ ਖੰਡ ਦੀਆਂ ਕੀਮਤਾਂ 'ਚ ਤੇਜ਼ੀ :** ਖੰਡ ਦੀਆਂ ਵਧਦੀਆਂ ਕੀਮਤਾਂ 'ਤੇ ਰੋਕ ਲਗਾਉਣ ਦੇ ਮਕਸਦ ਨਾਲ ਸਰਕਾਰ ਵਲੋਂ ਚੁੱਕੇ ਗਏ ਕਦਮਾਂ ਪਿੱਛੋਂ 10 ਦਿਨਾਂ ਅੰਦਰ ਦਿੱਲੀ ਅਤੇ ਭੁਵਨੇਸ਼ਵਰ ਨੂੰ ਛੱਡ ਕੇ ਭਾਰਤ ਦੇ ਬਾਕੀ ਹਿੱਸਿਆਂ ਵਿਚ ਪ੍ਰਚੂਨ ਖੰਡ ਦੀ ਕੀਮਤ ਵਿਚ 10 ਰੁਪਏ ਕਿਲੋ ਵਾਧਾ ਹੋਇਆ ਹੈ। ਇਸ ਸਮੇਂ ਖੰਡ 50 ਰੁਪਏ ਕਿਲੋ ਵਿਕ ਰਹੀ ਹੈ। ਸਰਕਾਰ ਨੇ ਇਸ ਦੀ ਕੀਮਤ ਨੂੰ ਕੰਟਰੋਲ ਕਰਨ ਲਈ 13 ਜਨਵਰੀ ਨੂੰ ਕੁਝ ਕਦਮ ਚੁੱਕੇ ਸਨ ਪਰ ਉਨ੍ਹਾਂ ਦਾ ਕੋਈ ਖਾਸ ਲਾਭ ਨਹੀਂ ਹੋਇਆ। ਖੰਡ ਦੀ ਮੰਗ ਅਤੇ ਸਪਲਾਈ ਵਿਚ ਵੱਡਾ ਫਰਕ ਹੋਣ ਕਾਰਨ ਇਸਦੀ ਕੀਮਤ ਨਹੀਂ ਘਟ ਰਹੀ। ਸਰਕਾਰ ਵਲੋਂ ਮਾਰਚ ਵਿਚ ਖਤਮ ਹੋਣ ਵਾਲੀ ਖੰਡ ਦੀ ਟੈਕਸ ਮੁਕਤ ਦਰਾਮਦ ਨੂੰ ਇਸ ਸਾਲ ਦਸੰਬਰ ਤਕ ਵਧਾ ਦਿੱਤਾ ਗਿਆ ਹੈ। ਵਪਾਰਕ ਅੰਕੜਿਆਂ ਮੁਤਾਬਕ ਅਨਾਜ ਦੇ ਆਦਾਨ-ਪ੍ਰਦਾਨ ਨਾਲ ਇਸ ਦੀਆਂ ਥੋਕ ਕੀਮਤਾਂ 'ਤੇ ਮਾਮੂਲੀ ਅਸਰ ਹੋਇਆ ਜੋ ਘਟ ਕੇ ਦਿੱਲੀ ਵਿਚ 41 ਰੁਪਏ ਪ੍ਰਤੀ ਕਿਲੋ ਰਹਿ ਗਿਆ। ਮੁੰਬਈ ਵਿਚ ਖੰਡ 40 ਰੁਪਏ ਕਿਲੋ ਹੋਈ। ਇਸਦੀ ਕੀਮਤ ਦਾ ਲਾਭ ਦਿੱਲੀ ਅਤੇ ਭੁਵਨੇਸ਼ਵਰ ਦੇ ਪ੍ਰਚੂਨ ਬਾਜ਼ਾਰ ਨੂੰ ਮਿਲਿਆ ਜਿਥੇ ਖੰਡ ਦੀ ਕੀਮਤ 44 ਰੁਪਏ ਅਤੇ 42 ਰੁਪਏ ਕਿਲੋ ਰਹਿ ਗਈ ਪਰ ਭਾਰਤ ਦੇ ਬਾਕੀ ਸ਼ਹਿਰਾਂ ਵਿਚ ਕੀਮਤ ਨਹੀਂ ਘਟੀ ਅਤੇ ਉਥੇ ਖੰਡ 47 ਤੋਂ 50 ਰੁਪਏ ਪ੍ਰਤੀ ਕਿਲੋ ਤਕ ਵਿਕਦੀ ਰਹੀ। ਖਪਤਕਾਰ ਮਾਮਲਿਆਂ ਦੇ ਮੰਤਰਾਲਾ ਦੇ ਅੰਕੜਿਆਂ ਮੁਤਾਬਕ ਬੀਤੇ 10 ਦਿਨਾਂ ਦੌਰਾਨ ਕੋਲਕਾਤਾ ਅਤੇ ਚੇਨਈ ਵਿਚ ਖੰਡ ਦੀ ਕੀਮਤ 7-8 ਰੁਪਏ ਪ੍ਰਤੀ ਕਿਲੋ ਘਟ ਕੇ 45 ਅਤੇ 42 ਰੁਪਏ ਕਿਲੋ ਹੋ ਗਈ। ਮਿਜ਼ੋਰਮ ਵਿਚ ਖੰਡ ਦੀ ਕੀਮਤ 35 ਰੁਪਏ ਕਿਲੋ ਹੋਈ। ਅਹਿਮਦਾਬਾਦ ਵਿਚ 44 ਰੁਪਏ ਅਤੇ ਪਟਨਾ ਵਿਚ 42 ਰੁਪਏ ਕਿਲੋ ਵਿਕੀ।

**ਮਹਿੰਗਾਈ ਵਿਰੁਧ ਧਰਨਾ :**ਬੀਤੇ ਦਿਨੀਂ ਖੱਬੀਆਂ ਪਾਰਟੀਆਂ ਦੇ ਸੱਦੇ 'ਤੇ ਦੇਸ਼ 'ਚ ਵੱਧ ਰਹੀ ਮਹਿੰਗਾਈ ਵਿਰੁਧ ਕੀਤੇ ਜਾ ਰਹੇ ਰੋਸ ਪ੍ਰਦਰਸ਼ਨ ਤੇ ਭੁੱਖ ਹੜਤਾਲ ਦੀ ਲੜੀ ਤਹਿਤ ਜ਼ਿਲ੍ਹਾ ਜਲੰਧਰ 'ਚ ਸੀ ਪੀ ਆਈ (ਐਮ) ਤੇ ਸੀਪੀਆਈ ਦੇ ਸੈਂਕੜੇ ਵਰਕਰਾਂ ਨੇ ਡੀਸੀ ਦਫ਼ਤਰ ਅੱਗੇ ਵਿਸ਼ਾਲ ਧਰਨਾ ਦਿੱਤਾ। ਜਲੰਧਰ ਡੀਸੀ ਦਫ਼ਤਰ ਅੱਗੇ ਵਿਸ਼ਾਲ ਧਰਨੇ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕਾਰਜਕਾਰਨੀ ਦੇ ਮੈਂਬਰ ਡਾ. ਜੋਗਿੰਦਰ ਦਿਆਲ ਨੇ ਕਿਹਾ ਕਿ ਕੇਂਦਰ ਵਿਚ ਮਨਮੋਹਨ ਸਿੰਘ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਕਾਰਪੋਰੇਟ ਸੈਕਟਰ ਨੂੰ ਰਿਆਇਤਾਂ ਦੇ ਰਹੀ ਹੈ ਅਤੇ ਜਨਤਕ ਵੰਡ ਪ੍ਰਣਾਲੀ, ਸਬਸੀਡੀਆਂ ਖ਼ਤਮ ਕਰਕੇ ਮਹਿੰਗਾਈ ਪੈਦਾ ਕਰ ਰਹੀ ਹੈ। ਕਾਮਰੇਡ ਦਿਆਲ ਨੇ ਕਿਹਾ ਕਿ ਕੇਂਦਰ ਸਰਕਾਰ ਵਧੀ ਮਹਿੰਗਾਈ ਦਾ ਬਹਾਨਾ ਮੌਸਮ 'ਤੇ ਸੁੱਟਣਾ ਚਾਹੁੰਦੀ ਹੈ, ਪਰ ਇਹ ਮਹਿੰਗਾਈ ਜ਼ਖੀਰੇਬਾਜ਼ਾਂ ਕਾਰਨ ਵਧੀ ਹੈ। ਕੇਂਦਰ ਸਰਕਾਰ ਜ਼ਖੀਰੇਬਾਜ਼ਾਂ ਦੀ ਰਾਖੀ ਕਰ ਰਹੀ ਹੈ। ਇਸ ਲਈ ਸਾਨੂੰ ਇਸ ਵਧੀ ਮਹਿੰਗਾਈ ਦੇ ਸੰਘਰਸ਼ ਤਿੱਖੇ ਕਰਨੇ ਹੋਣਗੇ। ਇਸ ਧਰਨੇ ਨੂੰ ਕਾਮਰੇਡ ਕੁਲਵੰਤ ਸਿੰਘ ਸਾਬਕਾ ਐਮਐਲਏ, ਸੀਪੀਆਈ ਦੇ ਜ਼ਿਲ੍ਹਾ ਜਲੰਧਰ ਦੇ ਸਾਥੀ ਰਜਿੰਦਰ ਮੰਡ ਐਡਵੋਕੇਟ ਨੇ ਵੀ ਸੰਬੋਧਨ ਕੀਤਾ। ਧਰਨੇ ਦੀ ਅਗਵਾਈ ਹਰਜਿੰਦਰ ਸਿੰਘ ਮੌਜੀ ਤਹਿਸੀਲ ਸਕੱਤਰ, ਸੀਪੀਆਈ ਜਲੰਧਰ ਰਜੇਸ਼ ਥਾਪਾ, ਸਕੱਤਰ ਜਲੰਧਰ ਸ਼ਹਿਰੀ ਕਾਮਰੇਡ ਕ੍ਰਿਪਾਲ ਸਿੰਘ ਤੇ ਸੀਪੀਐਮ ਦੇ ਆਗੂ ਕਾਮਰੇਡ ਕੇਵਲ ਸਿੰਘ ਹਜ਼ਾਰਾ ਤੇ ਕਾਮਰੇਡ ਮਿਨਹਾਸ ਕਰ ਰਹੇ ਸਨ।




## ਰੰਗ-ਬੇਰੰਗ

### ਮੁੜ ਮੁੜ ਯਾਦ ਸਤਾਵੇ...

# ਡਾ. ਬਲਬੀਰ ਸਿੰਘ ਦਿਲ ਬਾਰੇ ਦਿਲ ਦੀਆਂ ਗੱਲਾਂ

ਪਿਛਲੇ ਹਫਤੇ ਦੇ ਆਪਣੇ ਇਸ ਕਾਲਮ ਵਿਚ ਮੈਂ ਗੌਰਮਿੰਟ ਕਾਲਜ ਚੰਡੀਗੜ੍ਹ 'ਚ ਆਪਣੇ ਪੰਜਾਬੀ ਅਧਿਆਪਕ ਡਾ. ਬਲਬੀਰ ਸਿੰਘ ਦਿਲ ਹੋਰਾਂ ਦਾ ਜ਼ਿਕਰ ਕੀਤਾ ਸੀ। ਸਾਲ ਕੁ ਪਹਿਲਾਂ ਜਦੋਂ ਡਾ. ਦਿਲ ਸਵਰਗ ਸਿਧਾਰੇ ਸਨ ਤਾਂ ਉਦੋਂ ਪ੍ਰਿੰਸੀਪਲ ਬ੍ਰਿਜਿੰਦਰ ਸਿੰਘ ਸਿੱਧੂ ਨੇ ਗੌਰਮਿੰਟ ਕਾਲਜ ਵਿਚ ਫਿਜਿਕਸ ਦਾ ਅਧਿਆਪਕ ਹੁੰਦਿਆਂ

**ਅਮੋਲਕ ਸਿੰਘ ਜੰਮੂ**

ਡਾ. ਦਿਲ ਨਾਲ ਗੁਜ਼ਾਰੇ ਆਪਣੇ ਦਿਨਾਂ ਨੂੰ ਚੇਤੇ ਕੀਤਾ ਸੀ ਅਤੇ ਮੈਨੂੰ ਡਾ. ਦਿਲ ਹੋਰਾਂ ਬਾਰੇ ਕੁਝ ਨਾ ਕੁਝ ਲਿਖਣ ਲਈ ਵੀ ਪ੍ਰੇਰਿਆ ਸੀ। ਉਦੋਂ ਮੈਂ ਕੁਝ ਵੀ ਨਹੀਂ ਸਾਂ ਲਿਖ ਸਕਿਆ। ਮੇਰੀ ਬੇਨਤੀ ਦੇ ਬਾਵਜੂਦ ਪ੍ਰਿੰਸੀਪਲ ਸਿੱਧੂ ਵੀ ਕੁਝ ਨਹੀਂ ਸਨ ਲਿਖ ਸਕੇ। ਪਿਛਲੇ ਹਫਤੇ ਦੇ ਕਾਲਮ ਵਿਚ ਮੈਂ ਡਾ. ਦਿਲ ਦੀ ਸ਼ਾਗਿਰਦੀ ਵਿਚ ਬਿਤਾਏ ਦਿਨਾਂ ਨੂੰ ਚੇਤੇ ਕੀਤਾ ਤਾਂ ਇਹ ਲੇਖ ਪੜ੍ਹ ਕੇ ਪ੍ਰਿੰਸੀਪਲ ਸਿੱਧੂ ਹੋਰਾਂ ਨੂੰ ਆਪਣੇ ਵੇਲੇ ਚੇਤੇ ਆ ਗਏ ਅਤੇ ਉਨ੍ਹਾਂ ਦਾ ਮਨ ਵੀ ਡਾ. ਦਿਲ ਨੂੰ ਸ਼ਰਧਾਂਜਲੀ ਦੇਣ ਲਈ ਕੁਝ ਸਤਰਾਂ ਲਿਖਣ ਦਾ ਬਣ ਗਿਆ। ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਉਨ੍ਹਾਂ ਦੀ ਇਹ ਲਿਖਤ ਪੇਸ਼ ਹੈ:

ਅਮੋਲਕ ਸਿੰਘ ਜੰਮੂ ਦੇ ਲੇਖ ਵਿਚ ਗੌਰਮਿੰਟ ਕਾਲਜ ਚੰਡੀਗੜ੍ਹ ਦਾ ਜ਼ਿਕਰ ਪੜ੍ਹ ਕੇ ਦਿਲ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਖੁਸ਼ੀ ਹੁੰਦੀ ਵੀ ਕਿਉਂ ਨਾ, ਮੈਂ ਜੀਵਨ ਦੇ ਸਾਢੇ ਪੱਚੀ ਸਾਲ ਉਥੇ ਹੀ ਤਾਂ ਗੁਜ਼ਾਰੇ ਹਨ। ਮੈਨੂੰ ਤਾਂ ਉਸ ਸੰਸਥਾ ਦੇ ਕਣ ਕਣ ਨਾਲ ਪਿਆਰ ਹੈ। ਛੋਟੇ ਜਿਹੇ ਤਿਕੋਣੇ ਪਾਰਕ ਵਿਚ ਸਰੂ ਦੇ ਪਿਆਰੇ ਦਰਖ਼ਤ ਮਨ ਨੂੰ ਮੋਹ ਲੈਂਦੇ ਸਨ। ਹੁਣ ਰਹਿੰਦਾ ਭਾਵੇਂ ਕੈਲੀਫੋਰਨੀਆ ਹਾਂ, ਪਰ ਮਨ ਚੰਡੀਗੜ੍ਹ ਵਿਚ ਹੈ। ਹਮੇਸ਼ਾ ਚੰਡੀਗੜ੍ਹ ਨੂੰ ਉਡੂੰ ਉਡੂੰ ਕਰਦਾ ਰਹਿੰਦਾ ਹੈ।

ਅਜ਼ੀਜ਼ ਅਮੋਲਕ ਸਿੰਘ ਨੇ ਪ੍ਰੋਫੈਸਰ ਦਿਲ ਬਾਬਤ ਪ੍ਰੇਮ ਅਤੇ ਸਤਿਕਾਰ ਵਿਚ ਭਿੱਜੇ ਸ਼ਬਦ ਲਿਖੇ ਹਨ। ਦਿਲ ਸਾਹਿਬ ਸੱਚਮੁੱਚ ਹੀ ਲਾਇਕ ਅਤੇ ਨੇਕ ਇਨਸਾਨ ਸਨ। ਸੁਭਾਅ ਪੱਖੋਂ ਬਹੁਤ ਕੋਮਲ ਅਤੇ ਭਾਵੁਕ, ਬੁੱਧੀ ਪੱਖੋਂ ਬਹੁਤ ਹੀ ਜ਼ਹੀਨ ਅਤੇ ਤੀਬਰ, ਆਲੋਚਕ ਵੀ ਸਨ ਅਤੇ ਕਵਿਤਾ ਵੀ ਲਿਖਦੇ ਸਨ। ਕਈ ਵਾਰ ਬੱਚਿਆਂ ਵਾਂਗ ਮਾਸੂਮ ਲੱਗਦੇ ਸਨ ਅਤੇ ਕਈ ਵਾਰ ਬਹੁਤ ਹੀ ਬਜ਼ੁਰਗ। ਹਾਜ਼ਰ ਜਵਾਬੀ ਵਿਚ ਅੱਛੇ ਖਾਸੇ ਵਕੀਲ ਲੱਗਦੇ ਸਨ ਪਰ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਹ ਇਨਸਾਨ ਪੁਰਖਲੂਸ ਅਤੇ ਬਹੁਤ ਦਿਲਚਸਪ ਸਨ।

ਇਕ ਵਾਰ ਮੈਂ ਅਤੇ ਦਿਲ ਸਾਹਿਬ ਪ੍ਰੋਫੈਸਰ ਗਜਿੰਦਰ ਸਿੰਘ ਦੇ ਕਮਰੇ ਵਿਚ ਬੈਠੇ ਕਿਸੇ ਮੁੱਦੇ ਉਤੇ ਵਿਚਾਰ-ਵਟਾਂਦਰਾ ਕਰ ਰਹੇ ਸਾਂ। ਡਾ. ਗਜਿੰਦਰ ਸਿੰਘ ਬੌਟਨੀ ਦੇ ਹੈਡ ਸਨ, ਮੈਂ ਫਿਜ਼ੀਕਸ ਦਾ ਅਤੇ ਡਾ. ਦਿਲ ਪੰਜਾਬੀ ਦੇ। ਵੱਖੋ ਵੱਖ ਵਿਸ਼ੇ ਹੋਣ ਦੇ ਬਾਵਜੂਦ ਸਾਹਿਤਕ ਰੁਚੀ ਵਿਚ ਸਾਡੀ ਕਾਫੀ ਗੂੜ੍ਹੀ ਸਾਂਝ ਸੀ। ਇਤਫਾਕ ਦੀ ਗੱਲ ਇਹ ਕਿ ਮੇਰੇ ਨਾਲੋਂ ਦਿਲ ਸਾਹਿਬ ਅੱਠ ਸਾਲ ਵੱਡੇ ਸਨ ਅਤੇ ਉਨ੍ਹਾਂ ਨਾਲੋਂ ਪ੍ਰੋ. ਗਜਿੰਦਰ ਸਿੰਘ ਅੱਠ ਸਾਲ ਵੱਡੇ ਸਨ। ਕੁਦਰਤ ਦੀ ਖੇਡ ਦਿਲ ਸਾਹਿਬ ਦੇ ਕੋਈ ਬੱਚਾ ਨਹੀਂ ਸੀ। ਪ੍ਰੋ. ਗਜਿੰਦਰ ਸਿੰਘ ਕਹਿਣ ਲੱਗੇ, "ਦਿਲ ਸਾਹਿਬ ਤੁਸੀਂ ਮੈਨੂੰ ਆਪਣਾ ਬੱਚਾ ਅਡਾਪਟ ਕਰ ਲਓ।" ਦਿਲ ਸਾਹਿਬ ਦਾ ਫੌਰਨ ਉਤਰ ਸੀ, "ਖਿਆਲ ਅੱਛਾ ਹੈ, ਮੈਨੂੰ ਬੇਟਾ ਵੀ ਮਿਲ ਜਾਵੇਗਾ ਅਤੇ ਨਾਲ ਵੀ ਮੇਰਾ ਸੁਰਗਵਾਸ ਹੋਇਆ ਬਾਪ ਵੀ।" ਸਾਡਾ ਹਾਸਾ ਰੋਕਿਆਂ ਰੁਕ ਨਾ ਸਕਿਆ।

ਕੁਝ ਮਹੀਨਿਆਂ ਪਿਛੋਂ ਮੈਂ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਚ ਇਕ ਉਚੇਰੇ ਗਰੇਡ ਦੀ ਅਸਾਮੀ ਲਈ ਅਰਜ਼ੀ ਭੇਜ ਦਿੱਤੀ। ਮੇਰੀ ਚੋਣ ਦੇ ਨਾਲ ਨਾਲ ਕਈ ਵਾਧੂ ਇੰਕਰੀਮੈਂਟ ਵੀ ਦਿੱਤੇ ਗਏ। ਮੈਂ ਪ੍ਰਿੰਸੀਪਲ ਨਾਲ ਸਲਾਹ ਕਰਕੇ ਲੁਧਿਆਣੇ ਜਾਣ ਦਾ ਮਨ ਬਣਾ ਲਿਆ। ਡਾ. ਦਿਲ ਮੇਰੇ ਘਰ ਆਏ ਅਤੇ ਕਹਿਣ ਲੱਗੇ, "ਸਿੱਧੂ ਸਾਹਿਬ ਇਸ ਅਪੁਆਇੰਟਮੈਂਟ ਲੈਟਰ ਨੂੰ ਪੜ੍ਹ ਕੇ ਖੁਸ਼ ਨਾਲ ਹੋਵੋਂ, ਇਹ ਤਾਂ ਡਿਸਅਪੁਆਇੰਟਮੈਂਟ ਲੈਟਰ ਹੈ। ਮੈਂ ਵੀ ਲੁਧਿਆਣੇ ਕੁਝ ਮਹੀਨੇ ਲਾ ਆਇਆ ਹਾਂ, ਉਥੇ ਕੋਈ ਕਲਚਰ ਨਹੀਂ ਸਿਰਫ ਐਗਰੀਕਲਚਰ ਹੈ। ਤੁਸੀਂ ਮਾਯੂਸ ਹੋ ਕੇ ਮੁੜੋਂਗੇ। ਮੈਂ ਤਾਂ ਜਦੋਂ ਉਥੇ ਸੌਂਦਾ ਵੀ ਸਾਂ ਤਾਂ ਮੂੰਹ ਚੰਡੀਗੜ੍ਹ ਵੱਲ ਹੀ ਹੁੰਦਾ ਸੀ। ਚੰਗੀ ਨੀਂਦ ਕਦੀ ਨਹੀਂ ਸੀ ਆਈ। ਵਾਪਸ ਇਥੇ ਆ ਕੇ ਹੀ ਸੁੱਖ ਦਾ ਸਾਹ ਲਿਆ ਹੈ।" ਉਨ੍ਹਾਂ ਦੀ ਗੱਲ ਸਹੀ ਸਾਬਤ ਹੋਈ ਮੈਂ ਵੀ ਅੱਠ ਮਹੀਨੇ ਬਾਅਦ ਬਰੰਗ ਚਿੱਠੀ ਵਾਂਗ ਚੰਡੀਗੜ੍ਹ ਵਾਪਸ ਪਰਤ ਆਇਆ ਅਤੇ ਮੈਨੂੰ ਕਦੀ ਵੀ ਇਸ ਵਾਪਸੀ ਦਾ ਪਛਤਾਵਾ ਨਹੀਂ ਹੋਇਆ।

ਇਕ ਵਾਰ ਦਿਲ ਸਾਹਿਬ 15 ਸੈਕਟਰ ਦੀ ਇਕ ਦੁਕਾਨ ਵਿਚ ਮਿਲੇ। ਉਹ ਮੋਮਬੱਤੀਆਂ ਖਰੀਦਣ ਦੀ ਸੋਚ ਵਿਚ ਪਏ ਹੋਏ ਸਨ। ਕਹਿਣ ਲੱਗੇ, "ਕਵੀ ਹਾਂ, ਵਿੰਗੀਆਂ ਹੋਈਆਂ ਮੋਮਬੱਤੀਆਂ ਮੈਨੂੰ ਚੰਗੀਆਂ ਨਹੀਂ ਲੱਗਦੀਆਂ। ਪ੍ਰੰਤੂ ਦੁਕਾਨਦਾਰ ਗਾਰੰਟੀ ਨਹੀਂ ਦਿੰਦਾ ਕਿ ਗਰਮੀਆਂ ਵਿਚ ਇਹ ਸਿੱਧੀਆਂ ਹੀ ਰਹਿਣਗੀਆਂ।" ਮੈਂ ਸੁਝਾਅ ਦਿਤਾ, "ਮੋਮਬੱਤੀਆਂ ਤੁਸੀਂ ਫਰਿਜ਼ ਵਿਚ ਰੱਖ ਲਿਓ, ਫਿਰ ਸਿਧੀਆਂ ਹੀ ਰਹਿਣਗੀਆਂ। ਇਹ ਤਾਂ ਗਰਮੀ ਨਾਲ ਗਰਮ ਹੋ ਕੇ ਵਿੰਗੀਆਂ ਹੋ ਜਾਂਦੀਆਂ ਹਨ।" ਉਹ ਬੋਲੇ, "ਤੁਸੀਂ ਫਿਜਿਕਸ ਦੇ ਪ੍ਰੋਫੈਸਰ ਹੋ, ਠੀਕ ਹੀ ਕਹਿੰਦੇ ਹੋਵੋਗੇ, ਪਰ ਮੈਂ ਪੈਸੇ ਖਰਚ ਕੇ ਰਿਸਕ ਨਹੀਂ ਲੈਣਾ ਚਾਹੁੰਦਾ।" ਅਤੇ ਉਹ ਬਿਨਾ ਕੁਝ ਖਰੀਦੇ ਹੀ ਦੁਕਾਨ ਤੋਂ ਬਾਹਰ ਹੋ ਗਏ। ਮੈਨੂੰ ਜਾਪਿਆ, ਉਹ ਕੋਈ ਘਰ ਗ੍ਰਹਿਸਤੀ ਵਾਲਾ ਬੰਦਾ ਨਹੀਂ, ਕੋਈ ਫਿਲਾਸਫਰ ਜਾਂ ਸਾਧੂ ਬੋਲ ਰਿਹਾ ਹੈ।

ਮੈਂ ਸ਼ਰਾਬ ਨਹੀਂ ਪੀਂਦਾ ਪਰ ਜ਼ਿੰਦਗੀ ਦੀ ਨਿੱਕੀ ਨਿੱਕੀ ਖੁਸ਼ੀ ਨੂੰ ਇਕੋ ਹੀ ਡੀਕ ਨਾਲ ਪੀ ਜਾਂਦਾ ਹਾਂ। ਅਣਭੋਲ ਹੀ ਪਿਆਰ ਨਾਲ ਜੱਫੀ ਪਾ ਲੈਣਾ ਮੇਰੀ ਫਿਤਰਤ ਹੈ। ਪ੍ਰੰਤੂ ਜਦੋਂ ਕਦੀ ਦਿਲ ਸਾਹਿਬ ਨੂੰ ਮੈਂ ਜੱਫੀ ਪਾਉਣ ਲਈ ਅਹੁਲਣਾ ਤਾਂ ਉਨ੍ਹਾਂ ਝੱਟ ਪਰ੍ਹਾਂ ਹੋ ਜਾਣਾ। ਬਹੁਤ ਮਲੂਕ ਸਨ, ਉਨ੍ਹਾਂ ਦੀਆਂ ਪਸਲੀਆਂ ਬਹੁਤ ਨਰਮ ਸਨ। ਜੱਫੀ ਪਾਉਣਾ ਤਾਂ ਦੂਰ ਦੀ ਗੱਲ ਉਹ ਤਾਂ ਹੱਥ ਮਿਲਾਉਣ ਵੇਲੇ ਵੀ ਮਹਿਸੂਸ ਕਰਦੇ ਸਨ ਕਿ ਮੇਰੇ ਹੱਥ ਬਹੁਤ ਖਰਵੇ ਹਨ ਅਤੇ ਮੈਂ ਹੱਥ ਘੁੱਟ ਵੀ ਜ਼ਿਆਦਾ ਦਿੰਦਾ ਸਾਂ। ਮੈਂ ਬਠਿੰਡੇ ਦੇ ਪਿੰਡਾਂ ਦਾ ਜੱਟ ਸਾਂ ਅਤੇ ਡਾ. ਦਿਲ ਨੇ ਆਪਣੇ ਹੱਥ ਸਿਵਾਏ ਕਲਮ ਤੋਂ ਕੁਝ ਫੜਿਆ ਹੀ ਨਹੀਂ ਸੀ। ਮੇਰਾ ਬਚਪਨ ਪਿੰਡ ਵਿਚ ਗੁਜ਼ਰਿਆ ਸੀ। ਹੱਥਾਂ ਨਾਲ ਚੱਲਣ ਵਾਲੀ ਕੁਤਰਾ ਕਰਨ ਵਾਲੀ ਮਸ਼ੀਨ 'ਤੇ ਪਸ਼ੂਆਂ ਲਈ ਬਥੇਰੇ ਪੱਠੇ ਕੁਤਰੇ ਸਨ। ਛੁੱਟੀਆਂ ਵਿਚ ਹਾਲੀਆਂ ਦਾ ਭੱਤਾ ਲੈ ਕੇ ਜਾਣਾ ਮੇਰਾ ਸ਼ੌਕ ਸੀ। ਬਹੁਤ ਵਾਰੀ ਪਹਿਲੇ ਓਰ ਨੂੰ ਤੀਰ ਦੀ ਤਰ੍ਹਾਂ ਸਿੱਧੀ ਖਿੱਚਣਾ ਮੈਨੂੰ ਬਹੁਤ ਚੰਗਾ ਲੱਗਦਾ। ਹਲ ਦੀ ਹੱਥੀ ਫੜ੍ਹ ਫੜ੍ਹ ਕੇ ਮੇਰੇ ਹੱਥਾਂ ਵਿਚ ਅੱਟਣ ਪੈਣੇ ਸੁਭਾਵਿਕ ਹੀ ਸਨ। ਮੈਨੂੰ ਆਪਣੇ ਖਰਵੇ ਹੱਥਾਂ 'ਤੇ ਮਾਣ ਸੀ ਤੇ ਦਿਲ ਸਾਹਿਬ ਨੂੰ ਆਪਣੀਆਂ ਨਾਜ਼ੁਕ ਤੇ ਪਤਲੀਆਂ ਉਂਗਲੀਆਂ ਨਾਲ ਇਸ਼ਕ ਸੀ।

ਅਸੀਂ ਅਕਸਰ 15 ਸੈਕਟਰ ਵਿਚਲੇ ਆਪਣੇ ਘਰ ਤੋਂ ਪੈਦਲ ਹੀ ਕਾਲਜ ਆਉਂਦੇ। ਚੰਡੀਗੜ੍ਹ ਦੀ ਆਬਾਦੀ ਵਧਣ ਨਾਲ ਸੜਕਾਂ 'ਤੇ ਆਵਾਜਾਈ ਵੀ ਕਾਫੀ ਵਧ ਗਈ ਸੀ। ਇਕ ਦਿਨ ਮੱਧ ਮਾਰਗ ਪਾਰ ਕਰਨ ਲਈ ਸੜਕ 'ਤੇ ਖੜ੍ਹੇ ਸਾਂ ਕਿ ਦਿਲ ਸਾਹਿਬ ਬੋਲੇ, "ਇਹ ਰਸ਼ ਵੇਖ ਕੇ ਮੇਰਾ ਦਿਲ ਘਬਰਾਉਂਦਾ ਹੈ। ਘਰ ਤੋਂ ਕਾਲਜ ਤੱਕ ਜੇ ਕਿਤੇ ਸੁਰੰਗ ਬਣੀ ਹੋਵੇ ਤਾਂ ਸੁੱਖੀ ਸਾਂਦੀ ਕਾਲਜ ਪੁੱਜ ਜਾਇਆ ਕਰਾਂ।" ਮੈਂ ਕਿਹਾ ਜੇ ਸਰਕਾਰ ਤੁਹਾਡੀ ਤਜਵੀਜ਼ ਮੰਨ ਵੀ ਲਵੇ ਤਾਂ ਵੀ ਸੁਰੰਗ ਬਣਨ ਵਿਚ ਪੰਜ-ਛੇ ਸਾਲ ਲੱਗ ਜਾਣਗੇ। ਤੁਸੀਂ ਤਾਂ ਥੋੜ੍ਹੀ ਦੇਰ ਵਿਚ ਹੀ ਰਿਟਾਇਰ ਹੋ ਜਾਣਾ ਹੈ, ਤੁਹਾਨੂੰ ਉਸ ਦਾ ਕੀ ਫਾਇਦਾ ਹੋਣਾ ਹੈ?" ਇਹ ਸੁਣ ਕੇ ਬੋਲੇ, "ਸਿੱਧੂ ਸਾਹਿਬ ਇਹ ਤੇ ਮੈਨੂੰ ਵੀ ਪਤਾ ਹੈ ਕਿ ਕਿਸੇ ਨੇ ਮੇਰੇ ਕਹਿਣ 'ਤੇ ਸੁਰੰਗ ਨਹੀਂ ਬਣਾ ਦੇਣੀ ਪਰ ਤੁਹਾਨੂੰ ਤਾਂ ਧਰਵਾਸ ਵੀ ਨਹੀਂ ਦੇਣਾ ਆਉਂਦਾ?"

ਡਾ. ਭਗਤ ਸਿੰਘ (ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵੀ.ਸੀ.) ਕਾਲਜ ਦੇ ਪ੍ਰਿੰਸੀਪਲ ਸਨ। ਸਵਿਮਿੰਗ ਪੂਲ 'ਤੇ ਇਕ ਸਮਾਗਮ ਸੀ। ਬਹੁਤ ਹੀ ਨਿੱਤਰੀ ਹੋਈ ਸ਼ਾਮ ਸੀ। ਅਸਮਾਨ 'ਤੇ ਕੋਈ ਬੱਦਲ ਨਹੀਂ ਸੀ। ਦਿਲ ਸਾਹਿਬ ਨੂੰ ਕਵਿਤਾ ਪੜ੍ਹਨ ਲਈ ਬੁਲਾਇਆ ਗਿਆ। ਉਹ ਬੰਦ ਛਤਰੀ ਹੱਥਾਂ ਵਿਚ ਲੈ ਕਵਿਤਾ ਪੜ੍ਹਨ ਲੱਗੇ। ਡਾ. ਭਗਤ ਸਿੰਘ ਕਹਿਣ ਲੱਗੇ, "ਦਿਲ ਸਾਹਿਬ ਇਹ ਛਤਰੀ ਕਿਸ ਲਈ ਹੈ? ਅਸਮਾਨ 'ਤੇ ਤਾਂ ਕੋਈ ਬੱਦਲ ਵੀ ਨਹੀਂ।" ਜਵਾਬ ਸੀ, "ਪ੍ਰਿੰਸੀਪਲ ਸਾਹਿਬ, ਰਿਸਕ ਲੈਣਾ ਮੇਰੀ ਆਦਤ ਨਹੀਂ। ਜੇ ਕਵਿਤਾ ਪੜ੍ਹਦਿਆਂ ਬਾਰਿਸ਼ ਆ ਗਈ ਮੈਂ ਭਿੱਜਣ ਤੋਂ ਤਾਂ ਬਚ ਜਾਵਾਂਗਾ।" ਸਾਰੇ ਸਟਾਫ ਦਾ ਹਾਸਾ ਨਿਕਲ ਗਿਆ। ਕੁਦਰਤ ਦੀ ਖੇਡ ਨਿਆਰੀ। ਸਮਾਗਮ ਪਿਛੋਂ ਖਾਣਾ ਸੀ। ਪਤਾ ਨਹੀਂ ਕਿਥੋਂ ਬੱਦਲ ਉਮੜ ਆਏ ਅਤੇ ਜ਼ੋਰਦਾਰ ਬਾਰਿਸ਼ ਸ਼ੁਰੂ ਹੋ ਗਈ। ਅਸੀਂ ਸਾਰੇ ਹੈਰਾਨ ਰਹਿ ਗਏ। ਮੇਰਾ ਘਰ ਦਿਲ ਸਾਹਿਬ ਦੇ ਘਰ ਦੇ ਨੇੜੇ ਹੀ ਹੈ। ਦਿਲ ਸਾਹਿਬ ਛਤਰੀ ਲੈ ਕੇ ਤੁਰਨ ਲੱਗੇ ਤਾਂ ਮੈਂ ਕਿਹਾ, "ਦਿਲ ਸਾਹਿਬ ਰਿਸਕ ਨਾ ਲੈਣਾ, ਕਿਤੇ ਤਿਲਕ ਜਾਓਗੇ। ਮੈਨੂੰ ਨਾਲ ਲੈ ਚੱਲੋ, ਡਿੱਗਣ ਤੋਂ ਬਚਾ ਲਵਾਂਗਾ।" ਜਵਾਬ ਸੀ, "ਆ ਜਾਓ! ਮੈਂ ਅੰਮ੍ਰਿਤਸਰ ਦਾ ਅਰੋੜਾ ਹਾਂ, ਸੌਦਾ ਮਹਿੰਗਾ ਨਹੀਂ।"

ਡਾ. ਦਿਲ ਨੇ ਆਪਣਾ ਮਕਾਨ ਮੇਰੇ ਤੋਂ ਇਕ ਸਾਲ ਬਾਅਦ ਬਣਾਇਆ। ਸਬੱਬੀਂ ਲੱਕੜ ਦਾ ਕੰਮ ਇਕੋ ਹੀ ਠੇਕੇਦਾਰ ਨੇ ਕੀਤਾ। ਠੇਕੇਦਾਰ ਦਾ ਨਾਂ ਨਿਰੰਜਣ ਦਾਸ ਸੀ। ਜਦੋਂ ਵੀ ਇਹ ਠੇਕੇਦਾਰ ਬਿਲ ਦਿਲ ਸਾਹਿਬ ਕੋਲ ਲੈ ਕੇ ਜਾਂਦਾ ਤਾਂ ਉਹ ਪੂਰੀ ਘੋਖ ਕਰਕੇ, ਕੁਝ ਕੱਟ-ਵੱਢ ਪਿਛੋਂ ਅਦਾਇਗੀ ਕਰਦੇ। ਨਿਰੰਜਣ ਦਾਸ ਇਕ ਦਿਨ ਕਹਿਣ ਲੱਗਾ, ਸਿੱਧੂ ਸਾਹਿਬ ਨੇ ਤਾਂ ਕਦੇ ਇਹੋ ਜਿਹੀ ਗਿਣਤੀ ਮਿਣਤੀ ਨਹੀਂ ਸੀ ਕੀਤੀ? ਦਿਲ ਸਾਹਿਬ ਬੋਲੇ, "ਸਿੱਧੂ ਬੇਵਕੂਫ ਜੱਟ ਹੈ, ਮੈਂ ਤਾਂ ਬੇਵਕੂਫ ਨਹੀਂ ਹੋ ਸਕਦਾ।" ਨਿਰੰਜਣ ਦਾਸ ਨੇ ਜਦੋਂ ਮੈਨੂੰ ਇਹ ਗੱਲ ਦੱਸੀ ਤਾਂ ਮੇਰਾ ਸੁਤੇ ਹੀ ਹਾਸਾ ਨਿਕਲ ਗਿਆ। ਮੈਂ ਦਿਲ ਸਾਹਿਬ ਨੂੰ ਕਿਹਾ, "ਤੁਸੀਂ ਸੱਚ ਕਹਿੰਦੇ ਹੋ ਪਰ ਬਹੁਤੀਆਂ ਗਿਣਤੀਆਂ ਮਿਣਤੀਆਂ ਨਾਲ ਮੇਰੇ ਤਾਂ ਦਿਲ ਦੀ ਧੜਕਣ ਵਧ ਜਾਂਦੀ ਹੈ।" ਉਹ ਬੋਲੇ, "ਮੈਂ ਕੀ ਕਰਾਂ? ਮੇਰੇ ਦਿਲ ਦੀ ਧੜਕਣ ਫਜ਼ੂਲ ਖਰਚੀ ਨਾਲ ਤੇਜ ਹੋ ਜਾਂਦੀ ਹੈ।" ਕੋਲੋਂ ਉਨ੍ਹਾਂ ਦੀ ਬਹੁਤ ਨੇਕ ਪਤਨੀ ਬੋਲੀ, "ਦਿਲ ਸਾਹਿਬ ਤਾਂ ਵਕੀਲ ਹਨ, ਇਹ ਕਿਸੇ ਨੂੰ ਵਾਰੇ ਥੋੜ੍ਹੇ ਹੀ ਆਉਣ ਦਿੰਦੇ ਹਨ?"

ਡਾ. ਦਿਲ ਦੇ ਰਿਟਾਇਰ ਹੋਣ ਤੋਂ ਛੇ ਕੁ ਸਾਲ ਪਿਛੋਂ ਮੈਂ ਸਰਕਾਰੀ ਰਿਪੁਦਮਨ ਕਾਲਜ, ਨਾਭਾ ਦਾ ਪ੍ਰਿੰਸੀਪਲ ਨਿਯੁਕਤ ਹੋ ਗਿਆ। ਜਦੋਂ ਵੀ ਮੈਂ ਚੰਡੀਗੜ੍ਹ ਆਉਣਾ, ਉਨ੍ਹਾਂ ਕਹਿਣਾ, "ਕਦੀ ਮੈਨੂੰ ਵੀ ਆਪਣੇ ਕਾਲਜ ਕੋਈ ਲੈਕਚਰ ਦੇਣ ਲਈ ਬੁਲਾ ਲਓ।" ਮੈਂ ਉਨ੍ਹਾਂ ਦੀ ਵਿਦਵਤਾ ਦਾ ਸਦਾ ਹੀ ਕਾਇਲ ਰਿਹਾ ਹਾਂ ਪ੍ਰੰਤੂ ਮੈਂ ਨਾਭੇ ਤੋਂ ਚੰਡੀਗੜ੍ਹ ਤੱਕ ਅੰਡਰਗਰਾਊਂਡ ਸੁਰੰਗ ਬਣਵਾਉਣ ਤੋਂ ਅਸਮਰਥ ਸਾਂ। ਮੇਰੀ 800 ਸੀ ਸੀ ਮਾਰੂਤੀ ਕਾਰ ਵਿਚ ਬੈਠ ਕੇ ਉਨ੍ਹਾਂ ਦੇ ਨਾਜ਼ੁਕ ਸਰੀਰ ਨੂੰ ਹਿਚਕੋਲੇ ਲੱਗਣ ਅਤੇ ਦਿਲ ਨੂੰ ਡੋਬੂ ਪੈਣ ਦਾ ਡਰ ਸੀ। ਦੋ ਸਾਲ ਇਸੇ ਹਿਚਕਿਚਾਹਟ ਵਿਚ ਗੁਜ਼ਰ ਗਏ। ਨਾ ਮੈਂ ਉਨ੍ਹਾਂ ਦਾ ਸ਼ੌਕ ਪੂਰਾ ਕਰ ਸਕਿਆ ਅਤੇ ਨਾ ਆਪਣੇ ਦਿਲ ਦੀ ਤਮੰਨਾ ਹੀ।

ਦੋ-ਢਾਈ ਸਾਲ ਪਹਿਲਾਂ ਦੀ ਗੱਲ ਹੈ ਮੈਂ 15 ਸੈਕਟਰ ਦੇ ਪਾਰਕ ਵਿਚੋਂ ਗੁਜ਼ਰ ਰਿਹਾ ਸਾਂ। ਇਹ ਪਾਰਕ ਦਿਲ ਸਾਹਿਬ ਦੇ ਘਰ ਦੇ ਨਾਲ ਲਗਦਾ ਹੈ। ਉਹ ਹਰ ਸ਼ਾਮ ਹੋਰ ਬਜ਼ੁਰਗਾਂ ਨਾਲ ਇਸੇ ਪਾਰਕ ਵਿਚ ਬੈਠ ਕੇ ਗੱਲਾਂ-ਬਾਤਾਂ ਕਰਿਆ ਕਰਦੇ ਸਨ। ਦਿਲ ਸਾਹਿਬ ਨੂੰ ਉਥੇ ਨਾ ਬੈਠਾ ਦੇਖ ਕੇ ਮੈਂ ਪੁੱਛਿਆ, "ਦਿਲ ਸਾਹਿਬ ਠੀਕ ਠਾਕ ਹਨ?" ਉਨ੍ਹਾਂ ਵਿਚੋਂ ਇਕ ਜਿਸ ਨੇ ਸ਼ਾਇਦ ਸ਼ਰਾਬ ਪੀਤੀ ਹੋਈ ਸੀ, ਬੋਲਿਆ, "ਦਿਲ ਦੀ ਕੀ ਪੁਛਦੇ ਹੋ ਬਹੁਤ ਬੇਈਮਾਨ ਹੈ, ਸਾਰਾ ਦਿਨ ਔਰਤਾਂ ਦੀਆਂ ਗੱਲਾਂ ਕਰਦਾ ਰਹਿੰਦਾ ਹੈ।" ਉਹ ਸ਼ਰਾਬੀ ਸ਼ਾਇਦ ਦਿਲ ਨੂੰ ਹੋਰਨਾਂ ਅਰਥਾਂ ਵਿਚ ਲੈ ਰਿਹਾ ਸੀ। ਮੈਂ ਉਸ ਨਾਲ ਉਲਝਣਾ ਠੀਕ ਨਾ ਸਮਝਿਆ।

ਮੈਂ ਅਮਰੀਕਾ ਵਾਪਸ ਪਰਤ ਆਇਆ। ਕਈ ਵਾਰ ਬੈਠੇ ਬੈਠੇ ਨੂੰ ਦਿਲ ਸਾਹਿਬ ਦਾ ਖਿਆਲ ਆਉਣਾ, ਬੁੱਲਾਂ 'ਤੇ ਆਪੇ ਹੀ ਮੁਸਕ੍ਰਾਹਟ ਆ ਜਾਣੀ। ਡੇਢ ਕੁ ਸਾਲ ਪਹਿਲਾਂ ਅਜ਼ੀਜ਼ ਅਮੋਲਕ ਸਿੰਘ ਨਾਲ ਗੱਲ ਹੋਈ ਅਤੇ ਪਤਾ ਲੱਗਾ ਕਿ ਉਹ ਗੌਰਮਿੰਟ ਕਾਲਜ ਵਿਚ ਡਾ. ਦਿਲ ਦਾ ਵਿਦਿਆਰਥੀ ਰਿਹਾ ਹੈ। ਫਿਰ ਖਬਰ ਪੜ੍ਹੀ ਕਿ ਡਾ. ਦਿਲ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਕੁਝ ਲਿਖਣਾ ਚਾਹੁੰਦਾ ਸਾਂ ਪਰ ਸਬੱਬ ਹੀ ਨਾ ਬਣਿਆ।

ਡਾ. ਦਿਲ ਨੂੰ ਗੁਰਬਾਣੀ ਦੀ ਡੂੰਘੀ ਸਮਝ ਸੀ, ਸਿਰਫ ਕਿਤਾਬੀ ਹੀ ਨਹੀਂ ਸਗੋਂ ਇਸ ਦੀਆਂ ਡੂੰਘੀਆਂ ਰਮਜ਼ਾਂ ਦੀ ਵੀ। ਗੁਰੂ ਅਮਰਦਾਸ ਜੀ ਦੀ ਬਾਣੀ ਖਾਸ ਕਰਕੇ ਅਨੰਦ ਸਾਹਿਬ ਬਾਰੇ ਉਨ੍ਹਾਂ ਦੀ ਕਿਤਾਬ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗ ਦਰਸ਼ਕ ਦਾ ਕੰਮ ਕਰਦੀ ਰਹੇਗੀ।

*ਬ੍ਰਿਜਿੰਦਰ ਸਿੰਘ ਸਿੱਧੂ*
*ਫੋਨ:925-683-1982*

# ਭਾਰਤੀ ਜਨਤਾ ਪਾਰਟੀ ਦੇ ਦਿੱਲੀ ਯੂਨਿਟ ਦੀ ਪ੍ਰਧਾਨਗੀ ਲਈ ਦੌੜ ਤੇਜ਼

**ਡਾ. ਦਰਸ਼ਨ ਸਿੰਘ ਹਰਵਿੰਦਰ**

**ਪ੍ਰੋ. ਜਗਦੀਸ਼ ਮੁਖੀ, ਸਾਬਕਾ ਮੇਅਰ ਭਾਰਤੀ ਮਹਿਰਾ, ਨੰਦ ਕਿਸ਼ੋਰ ਗਰਗ, ਵਿਜੇਂਦਰਗੁਪਤਾ ਤੇ ਪਵਨ ਸ਼ਰਮਾ ਮੁੱਖ ਦਾਅਵੇਦਾਰ**

ਭਾਰਤੀ ਜਨਤਾ ਪਾਰਟੀ ਵਲੋਂ ਦੋਵੇਂ ਸਿਖਰਲੇ ਅਹੁਦਿਆਂ ਦੇ ਨੇਤਾ ਬਦਲੇ ਜਾਣ ਮਗਰੋਂ ਦਿੱਲੀ ਭਾਜਪਾ ਦੀ ਕਮਾਨ ਸੰਭਾਲਣ ਲਈ ਪਾਰਟੀ ਨੇਤਾਵਾਂ 'ਚ ਦੌੜ ਤੇਜ਼ ਹੋ ਗਈ ਹੈ। ਭਾਜਪਾ ਦਿੱਲੀ ਪ੍ਰਦੇਸ਼ ਦੇ ਪ੍ਰਧਾਨ ਦੀ ਕੁਰਸੀ ਮੱਲਣ ਲਈ ਵਾਹੋਦਾਹੀ ਲੱਗੀ ਇਸ ਦੌੜ ਵਿਚਲੇ 'ਐਥਲੀਟਾਂ' 'ਚ ਸਾਬਕਾ ਕੇਂਦਰੀ ਮੰਤਰੀ ਵਿਜੇ ਗੋਇਲ, ਦਿੱਲੀ ਵਿਧਾਨ ਸਭਾ ਵਿਚ ਸਾਬਕਾ ਵਿਰੋਧੀ ਨੇਤਾ ਪ੍ਰੋ. ਜਗਦੀਸ਼ ਮੁਖੀ, ਸਾਬਕਾ ਮੇਅਰ ਭਾਰਤੀ ਮਹਿਰਾ, ਨੰਦ ਕਿਸ਼ੋਰ ਗਰਗ, ਵਿਜੇਂਦਰਗੁਪਤਾ ਤੇ ਪਵਨ ਸ਼ਰਮਾ ਪ੍ਰਮੁੱਖ ਹਨ।

ਸੁਣਨ 'ਚ ਤਾਂ ਇਹ ਵੀ ਆਇਆ ਹੈ ਕਿ ਐਤਕੀਂ ਪਾਰਟੀ ਸੰਘ ਦੀ ਪਸੰਦ ਨੂੰ ਨਜ਼ਰ-ਅੰਦਾਜ਼ ਕਰਨ ਦੇ ਰੌਂਅ ਵਿਚ ਨਹੀਂ ਹੈ ਤੇ ਇਸ ਬਾਰੇ ਤਿੰਨ ਮਹੀਨਿਆਂ ਅੰਦਰ 'ਕਮਲ' ਵਿਚ ਜਾਨ ਫੂਕਣ ਦਾ ਦਾਅਵਾ ਕਰਨ ਵਾਲੇ ਭਾਜਪਾ ਦੇ ਨਵੇਂ ਕੌਮੀ ਪ੍ਰਧਾਨ ਨਿਤਿਨ ਗਡਕਰੀ ਨਾਲ ਸੰਘ ਦੇ ਨੇਤਾਵਾਂ ਦੀ ਚਰਚਾ ਹੋ ਚੁੱਕੀ ਹੈ। ਇਸ ਲਈ ਨਿਤਨ ਵਲੋਂ ਆਪਣੀ ਤਾਕਤ ਦੇ ਸਨੇਹ ਵਿਖਾਉਣ ਦੀ ਕਸਰਤ ਪੂਰੇ ਜੋਸ਼ 'ਤੇ ਜਲੌਅ ਨਾਲ ਸ਼ੁਰੂ ਹੈ। ਦਰਅਸਲ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਸੱਤਾ ਤੋਂ ਬਾਹਰ ਭਾਜਪਾ ਨੂੰ ਦਿੱਲੀ ਵਿਚ ਵੀ ਨਿਤਨ ਗਡਕਰੀ ਜਿਹੇ 'ਕਮਾਂਡਰ' ਦੀ ਲੋੜ ਹੈ। ਦਿੱਲੀ ਵਿਧਾਨ ਸਭਾ ਰਾਹੀਂ ਲੋਕਾਂ ਦੀ ਚੁਣੀ ਹੋਈ ਸਰਕਾਰ ਦਾ ਮੁੜ ਵੱਕਾਰ ਬਹਾਲ ਹੋਣ 'ਤੇ ਭਾਜਪਾ ਨੇਤਾ ਮਦਨ ਲਾਲ ਖੁਰਾਣਾ ਦਾ ਮੁੱਖ ਮੰਤਰੀ ਕਾਰਜਕਾਲ ਖਤਮ ਹੋਣ ਤੋਂ ਬਾਅਦ ਦਿੱਲੀ 'ਚ ਭਾਜਪਾ ਲਗਾਤਾਰ ਕਮਜ਼ੋਰ ਹੁੰਦੀ ਗਈ। ਪਾਰਟੀ ਅੰਦਰਲੇ 'ਕਾਟੋ-ਕਲੇਸ਼' ਦੀ ਬਦੌਲਤ ਖੁਰਾਣਾ ਦੀ ਬਤੌਰ ਮੁੱਖ ਮੰਤਰੀ ਲਈ ਗਈ 'ਬਲੀ' ਦਾ ਸਰਾਪ ਉਨ੍ਹਾਂ ਦੇ ਉਤਰਾਧਿਕਾਰੀਆਂ ਮਰਹੂਮ ਡਾ. ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਦੇ ਸੰਖੇਪ ਜਿਹੇ ਕਾਰਜਕਾਲ 'ਤੇ ਪੈਣ ਤੋਂ ਅਜਿਹਾ ਸ਼ੁਰੂ ਹੋਇਆ ਕਿ ਇਸ ਦਾ ਅਸਰ ਦਿਨੋ ਦਿਨ ਦੀ ਘਟਣ ਦੀ ਬਜਾਏ ਵਧਦਾ ਹੀ ਗਿਆ। ਇਹੋ ਵਜਾ ਹੈ ਕਿ ਜਿਥੇ ਪਾਰਟੀ ਵਰਕਰਾਂ ਨੂੰ ਮਜ਼ਬੂਤ ਕਮਾਂਡਰ ਨਹੀਂ ਮਿਲ ਰਿਹਾ, ਉਥੇ ਹੀ ਕਾਂਗਰਸੀ ਮੁੱਖ ਮੰਤਰੀ ਸ਼੍ਰੀਮਤੀ ਸ਼ੀਲਾ ਦੀਕਸ਼ਤ ਦਿਨ-ਬ-ਦਿਨ ਹੋਰ ਮਜ਼ਬੂਤ ਹੋ ਕੇ ਉਭਰੀ ਹੈ। ਦਿੱਲੀ ਸਰਕਾਰ ਦੇ ਕਈ ਫੈਸਲਿਆਂ ਤੋਂ ਨਾਰਾਜ਼ ਹੋਣ ਦੇ ਬਾਵਜੂਦ ਇਥੋਂ ਦੇ ਬਾਸ਼ਿੰਦਿਆਂ ਕੋਲ ਕਾਂਗਰਸ ਦਾ ਬਦਲ ਨਾ ਹੋਣ ਕਾਰਨ ਉਹ ਕਾਂਗਰਸ ਦੇ ਨਾਲ ਹੀ ਰਹਿਣ ਲਈ ਮਜਬੂਰ ਹਨ।

ਓਧਰ ਅੰਦਰੂਨੀ ਲੜਾਈ 'ਚ ਹੀ ਉਲਝ ਕੇ ਰਹਿ ਜਾਣ ਕਾਰਨ ਦਿੱਲੀ ਪ੍ਰਦੇਸ਼ ਭਾਜਪਾ ਦੀ ਫਜ਼ੀਹਤ ਘੱਟ ਹੋਣ ਦੀ ਬਜਾਏ ਵਧਦੀ ਹੀ ਜਾ ਰਹੀ ਹੈ। ਇਸਦੇ ਨੇਤਾਵਾਂ ਦੇ ਆਪਸੀ 'ਕਾਟੋ-ਕਲੇਸ਼' ਕਾਰਨ ਸ਼ੀਲਾ ਸਰਕਾਰ ਦੇ ਖਿਲਾਫ ਮੁੱਦਿਆਂ ਦੀ ਭਰਮਾਰ ਹੋਣ ਦੇ ਬਾਵਜੂਦ ਪਾਰਟੀ ਸਰਕਾਰ ਨੂੰ ਘੇਰਨ 'ਚ ਸਫਲ ਨਹੀਂ ਹੋ ਰਹੀ ਸਗੋਂ ਦਿੱਲੀ ਦੇ ਰਾਜ-ਭਾਗ ਦਾ ਲੁਤਫ ਲੈ ਰਹੇ ਕਾਂਗਰਸੀਆਂ ਨੂੰ ਉਸ ਦਾ ਮਖੌਲ ਉਠਾਉਣ ਦਾ ਮੌਕਾ ਮਿਲ ਰਿਹਾ ਹੈ। ਦਿੱਲੀ ਵਿਧਾਨ ਸਭਾ ਚੋਣਾਂ 'ਚ ਲਗਾਤਾਰ ਤਿੰਨ ਸ਼ਰਮਨਾਕ ਹਾਰਾਂ ਤੋਂ ਬਾਅਦ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਦੀਆਂ ਸਾਰੀਆਂ ਦੀਆਂ ਸਾਰੀਆਂ ਸੱਤੇ ਸੀਟਾਂ ਗੁਆ ਕੇ ਵੀ ਲੱਗਦਾ ਹੈ ਪਾਰਟੀ ਨੇ ਕੋਈ ਸਬਕ ਨਹੀਂ ਸਿੱਖਿਆ। ਦਿੱਲੀ ਭਾਜਪਾ ਦੀ ਸੂਬਾਈ ਸਿਆਸਤ ਵਿਚ ਇਸ ਸਮੇਂ ਪ੍ਰੋ. ਵਿਜੇ ਕੁਮਾਰ ਮਲਹੋਤਰਾ ਤੇ ਪ੍ਰੋ. ਓਮ ਪ੍ਰਕਾਸ਼ ਕੋਹਲੀ ਜਿਹੇ ਸੀਨੀਅਰ ਨੇਤਾਵਾਂ ਦੀ ਛਤਰ-ਛਾਇਆ ਹੈ। ਲਿਹਾਜ਼ਾ ਪਾਰਟੀ ਦੇ ਵਰਕਰਾਂ 'ਚ ਕਿਸੇ ਜੋਸ਼ੋ-ਖਰੋਸ਼ ਵਾਲੇ ਊਰਜਾਵਾਨ ਨੇਤਾ ਨੂੰ ਕਮਾਨ ਦੇਣ ਦੀ ਆਵਾਜ਼ ਉਠ ਰਹੀ ਹੈ ਜਿਸ ਰਾਹੀਂ ਦਿੱਲੀ ਵਿਚ ਕਾਂਗਰਸ ਦੇ ਮਜ਼ਬੂਤ ਕਿਲੇ ਨੂੰ ਢਾਹਿਆ ਜਾ ਸਕੇ।

ਮੌਜੂਦਾ ਸੂਬਾਈ ਪ੍ਰਧਾਨ ਓਮ ਪ੍ਰਕਾਸ਼ ਕੋਹਲੀ ਨੂੰ ਅੰਤਰਿਮ ਪ੍ਰਧਾਨ ਵਜੋਂ ਡਾ. ਹਰਸ਼ਵਰਧਨ (ਜਿਨ੍ਹਾਂ ਨੇ ਵਿਧਾਨ ਸਭਾ ਚੋਣਾਂ 'ਚ ਭਾਜਪਾ ਨੂੰ ਮਿਲੀ ਸ਼ਿਕਸਤ ਕਾਰਨ ਸਵੈ-ਇੱਛਾ ਨਾਲ 'ਤਿਆਗ' ਕਰ ਦਿੱਤਾ ਸੀ) ਤੋਂ ਬਾਅਦ ਜ਼ਿੰਮੇਵਾਰੀ ਸੌਂਪੀ ਗਈ ਸੀ। ਸ਼੍ਰੀ ਕੋਹਲੀ ਦੀ ਕਮਾਨ ਹੇਠ ਸੱਤੇ ਲੋਕ ਸਭਾ ਸੀਟ ਹਾਰਨ ਤੋਂ ਬਾਅਦ ਵਿਧਾਨ ਸਭਾ ਤੇ ਦਿੱਲੀ ਨਗਰ ਨਿਗਮ ਦੀਆਂ ਜ਼ਿਮਨੀ ਚੋਣ ਜਿੱਤਣ ਨਾਲ ਭਾਵੇਂ ਭਾਜਪਾ 'ਚ ਕੁਝ ਭਰੋਸਾ ਪੈਦਾ ਹੋ ਗਿਆ ਹੈ ਪਰ ਇਸ ਦੇ ਬਾਵਜੂਦ ਉਨ੍ਹਾਂ ਦਾ ਹਟਣਾ ਤੈਅ ਹੈ ਕਿਉਂਕਿ ਪਾਰਟੀ ਦੀ ਧੜੇਬੰਦੀ 'ਚ ਉਹ ਆਪਣਾ ਅਸਰ ਨਹੀਂ ਦਿਖਾ ਸਕੇ।

ਪਾਰਟੀ ਦਾ ਸੂਬਾਈ ਪ੍ਰਧਾਨ ਬਣਨ ਲਈ ਸਭ ਤੋਂ ਵੱਧ ਉਤਾਵਲਿਆਂ 'ਚ ਵਿਜੇ ਗੋਇਲ ਦਾ ਨਾਂ ਸਭ ਤੋਂ ਉਪਰ ਹੈ। ਪਿਛਲੀ ਵਾਰ ਵੀ ਉਹ ਪ੍ਰਧਾਨ ਬਣਦੇ ਬਣਦੇ ਰਹਿ ਗਏ ਸਨ। ਹਾਲਾਂਕਿ ਹਾਈਕਮਾਨ 'ਚ ਅਰੁਣ ਜੇਤਲੀ ਤੇ ਸੁਸ਼ਮਾ ਸਵਰਾਜ ਸ਼੍ਰੀ ਗੋਇਲ ਦੇ ਪੱਖ 'ਚ ਨਹੀਂ ਮੰਨੇ ਜਾਂਦੇ ਪਰ ਗੋਇਲ ਦੀ ਕਾਰਜਸ਼ੈਲੀ ਨੂੰ ਧਿਆਨ 'ਚ ਰੱਖਦਿਆਂ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਤਿੰਨ ਵਾਰ ਸੰਸਦ ਮੈਂਬਰ ਰਹੇ ਗੋਇਲ ਦਿੱਲੀ ਦਾ ਮੁੱਖ ਮੰਤਰੀ ਬਣਨ ਦੀ ਵੀ ਦੌੜ ਲਾ ਚੁੱਕੇ ਹਨ ਪਰ ਉਨ੍ਹਾਂ ਦੀ ਬਦਕਿਸਮਤੀ ਇਹ ਕਿ ਭਾਜਪਾ ਬਹੁਮਤ 'ਚ ਨਾ ਆ ਸਕੀ।

ਹੁਣੇ-ਹੁਣੇ ਹਰਿਆਣਾ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਸਾਖ ਨੂੰ ਜੋ ਖੋਰਾ ਲੱਗਦਾ ਹੈ, ਉਸ ਸੂਬੇ ਦੇ ਇੰਚਾਰਜ ਵਜੋਂ ਇਹ ਉਨ੍ਹਾਂ ਦੀ ਰਾਹ 'ਚ ਰੋੜੇ ਅਟਕਾ ਸਕਦਾ ਹੈ। ਵਿਜੇ ਗੋਇਲ ਦੇ ਵਿਰੋਧ 'ਚ ਵਿਜੇ ਮਲਹੋਤਰਾ ਲਾਬੀ ਪੂਰੀ ਤਰ੍ਹਾਂ ਨਾਲ ਸਰਗਰਮ ਹੈ ਪਰ ਲੱਗਦਾ ਹੈ ਉਹ ਗਡਕਰੀ ਦੇ ਕਾਫੀ ਨੇੜੇ ਪਹੁੰਚ ਚੁੱਕੇ ਹਨ। ਲੋਕ ਸਭਾ ਚੋਣਾਂ ਵਿਚ ਸ਼ਰਮਨਾਕ ਹਾਰ ਦੇ ਕਾਰਨ ਪ੍ਰੋ. ਜਗਦੀਸ਼ ਮੁਖੀ ਦਾ ਜੋ ਕੱਦ ਘਟਿਆ ਹੈ, ਉਹ ਉਨ੍ਹਾਂ ਲਈ ਸੰਕਟ ਪੈਦਾ ਕਰ ਰਿਹਾ ਹੈ, ਹਾਲਾਂਕਿ ਦਵਾਰਕਾ ਵਿਧਾਨ ਸਭਾ ਜ਼ਿਮਨੀ ਚੋਣ 'ਚ ਪਾਰਟੀ ਉਮੀਦਵਾਰ ਨੂੰ ਜਿਤਾ ਕੇ ਉਨ੍ਹਾਂ ਨੇ ਆਪਣੀ ਸਾਖ ਮਜ਼ਬੂਤ ਕੀਤੀ ਹੈ। ਪੰਜਾਬੀ ਨੇਤਾ ਵਜੋਂ ਹੀ ਮਹਿਲਾ ਦਾਅਵੇਦਾਰ ਦੇ ਤੌਰ 'ਤੇ ਆਰਤੀ ਮਹਿਰਾ ਦਾ ਨਾਂ ਵੀ ਬਦਲ ਵਜੋਂ ਸਾਹਮਣੇ ਆ ਰਿਹਾ ਹੈ ਪਰ ਸੰਗਠਨ 'ਚ ਕੰਮ ਕਰਨ ਦਾ ਉਨ੍ਹਾਂ ਦਾ ਕੋਈ ਖਾਸ ਤਜਰਬਾ ਨਹੀਂ ਹੈ। ਕਾਬਲ-ਏ-ਗੌਰ ਹੈ ਕਿ ਇਥੇ ਭਾਜਪਾ 'ਚ ਹਮੇਸ਼ਾ ਪੰਜਾਬੀ-ਵੈਸ਼ ਧੜੇਬੰਦੀ ਰਹੀ ਹੈ। ਇਸ ਵੇਲੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰੋ. ਵਿਜੇ ਕੁਮਾਰ ਮਲਹੋਤਰਾ ਪੰਜਾਬੀ ਹਨ।

ਪਾਰਟੀ 'ਚ ਸੰਤੁਲਨ ਬਣਾਈ ਰੱਖਣ ਲਈ ਸੂਬਾਈ ਪ੍ਰਧਾਨਗੀ ਲਈ ਵੈਸ਼ ਭਾਈਚਾਰੇ ਦਾ ਦਾਅਵਾ ਜ਼ਿਆਦਾ ਜਤਾਇਆ ਜਾ ਰਿਹਾ ਹੈ। ਹਾਲਾਂਕਿ ਮੈਂਬਰ ਭਰਤੀ ਮੁਹਿੰਮ ਚੱਲ ਰਹੀ ਹੈ ਤੇ ਇਸ ਦੇ ਆਧਾਰ 'ਤੇ ਹੀ ਮੰਡਲ ਤੇ ਜ਼ਿਲਿਆਂ ਦੇ ਪ੍ਰਧਾਨਾਂ ਦਾ ਫੈਸਲਾ ਹੁੰਦਾ ਹੈ। ਜਿਸ ਧੜੇ ਦੇ ਜ਼ਿਆਦਾ ਪ੍ਰਧਾਨ ਆਉਂਦੇ ਹਨ, ਉਸੇ ਦਾ ਪ੍ਰਧਾਨ ਬਣਦਾ ਹੈ ਪਰ ਇਹ ਵੀ ਇਕ ਕੌੜਾ ਸੱਚ ਹੈ ਕਿ ਜਥੇਬੰਦਕ ਚੋਣਾਂ ਦੀ ਕਸਰਤ ਦੇ ਬਾਵਜੂਦ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਮੋਹਰ ਤਾਂ ਹਾਈਕਮਾਨ ਦੀ ਹੀ ਲੱਗਦੀ ਹੈ। ਵੇਖੋ ਗੁਣਾ ਐਤਕੀਂ ਕੀਹਦੇ 'ਤੇ ਪੈਂਦਾ ਹੈ?

# ਕਿਤੇ ਪਾਸਾ ਵੱਟ ਜਾਈਂ ਨਾ ਵੇਖ ਸਾਡਾ ਕੱਚੀਆਂ ਇੱਟਾਂ ਦਾ ਘਰ ਵੇ

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

*ਫੋਨ: 925-752-8025*

***ਬਹੁਤਾ ਕਰਕੇ ਔਰਤਾਂ ਨੇ ਭੜਕਾਊ, ਰੇਸ਼ਮੀ ਤੇ ਚਮਕੀਲੇ ਕੱਪੜੇ ਇਸ ਕਰਕੇ ਪਾਏ ਹੁੰਦੇ ਹਨ, ਕਿਉਂਕਿ ਮਰਦ ਵੇਖਦੇ ਵਧ ਹਨ, ਸੋਚਦੇ ਘੱਟ। ਇਸ ਗੱਲ ਨੂੰ ਸਾਰੇ ਜਾਣਦੇ ਹਨ ਕਿ ਪਿਆਰ ਦੀ ਰਾਜਧਾਨੀ ਦਿਲ ਹੀ ਹੁੰਦਾ ਹੈ, ਜਿਸ 'ਤੇ ਰਾਜ ਕਰਨ ਲਈ ਦੋ ਜਣੇ 'ਕੱਠੇ' ਦੌੜ ਲਗਾਉਣ ਦਾ ਯਤਨ ਕਰ ਰਹੇ ਹੁੰਦੇ ਹਨ। ਕਈ ਇਸ ਰਾਜਧਾਨੀ ਵਿਚ ਪ੍ਰਵੇਸ਼ ਕਰਨ ਲਈ ਉਮਰ ਭਰ ਉਤੇਜਿਤ ਰਹਿੰਦੇ ਹਨ ਪਰ ਅਫਸੋਸ ਕਿ ਉਨ੍ਹਾਂ ਨੂੰ ਬਾਈਪਾਸ 'ਤੇ ਹੀ ਧਰਨਾ ਦੇ ਕੇ ਉਮਰ ਗੁਜਾਰਨੀ ਪੈ ਜਾਂਦੀ ਹੈ। ਮਹਿੰਗੇ ਕੱਪੜੇ ਬਹੁਤ ਕਰਕੇ ਉਨ੍ਹਾਂ ਨੇ ਹੀ ਖਰੀਦਣ ਤੇ ਪਹਿਨਣ ਦੀ ਕੋਸ਼ਿਸ਼ ਕੀਤੀ ਹੈ ਜਿਹੜੇ ਇਹ ਸੋਚਦੇ ਹਨ ਕਿ ਗੱਲ ਸ਼ਾਇਦ ਇਨ੍ਹਾਂ ਨਾਲ ਹੀ ਬਣ ਜਾਵੇ। ਹੁੰਦਾ ਕਈ ਵਾਰ ਇਹ ਹੈ ਕਿ ਕੱਫਣ ਵਿਚ ਵੀ ਮੁਰਦਾ ਲੇਟਿਆ ਏਨਾ ਸੋਹਣਾ ਲੱਗ ਰਿਹਾ ਹੁੰਦੈ ਜਿਵੇਂ ਹੁਣੇ ਉਠ ਕੇ ਗੱਲਾਂ ਕਰਨ ਲੱਗ ਪਵੇਗਾ। ਕਈਆਂ ਨੇ ਚਿਹਰਾ ਲੁਕਾਉਣ ਲਈ ਗੂੜ੍ਹੇ ਰੰਗ ਪਹਿਨਣੇ ਹੁੰਦੇ ਹਨ ਤਾਂ ਕਿ ਲੋਕਾਂ ਦਾ ਧਿਆਨ ਉਨ੍ਹਾਂ ਦੇ ਚਿਹਰੇ ਵਲ ਜਾਵੇ ਹੀ ਨਾ। ਸਿਨੇਮਾ ਹਾਲ 'ਚੋਂ ਨਿਕਲਦੇ ਲੋਕਾਂ 'ਚ ਗੁਆਚ ਕੇ ਸੁਣੋ ਤਾਂ ਕਈ ਕਹਿਣਗੇ ਹੀਰੋਇਨ ਕਿੰਨੀ ਸੋਹਣੀ ਸੀ...ਵਿਲਨ ਕਿਆ ਕਮਾਲ ਸੀ...ਮਾਰਧਾੜ...ਪਹਿਲੀ ਵਾਰ ਵੇਖੀ ਏਨੀ।' ਪਰ ਧਿਆਨ ਉਨ੍ਹਾਂ ਵੱਲ ਜਾਵੇਗਾ ਜਿਹੜੇ ਕਹਿੰਦੇ ਸੁਣੋਗੇ 'ਲੋਕਾਂ ਨੂੰ ਏਦਾਂ ਦੀਆਂ ਗੱਲਾਂ ਵਲ ਧਿਆਨ ਦੇਣਾ ਚਾਹੀਦੈ...ਸਮਾਜ ਲਗਦੈ ਹੁਣ ਸੁਧਰ ਜਾਵੇਗਾ', ਨਾ ਕਿ 'ਲੱਖ ਲਾਹਣਤ ਐਵੇਂ ਢਾਈ ਤਿੰਨ ਘੰਟੇ ਖੂਹ 'ਚ ਪਾ ਲਏ' ਵੱਲ। ਬਹੁਤ ਲੋਕ ਕਹਿੰਦੇ ਨੇ ਪ੍ਰੇਮ-ਵਿਆਹ ਟੁੱਟ ਰਹੇ ਨੇ ਪਰ ਉਹ ਇਹ ਨਹੀਂ ਜਾਣਦੇ ਕਿ ਇਹ ਟੁੱਟੇ ਉਨ੍ਹਾਂ ਦੇ ਨੇ ਜਿਨ੍ਹਾਂ ਨੇ ਵਿਆਹ ਤੋਂ ਪਿੱਛੋਂ ਪ੍ਰੇਮ ਦੀ ਕਿਸਮ ਬਦਲਣ ਨੂੰ ਨਹੀਂ ਸਮਝਿਆ। ਪਿਆਰ ਨਿਮਰਤਾ ਦਾ ਭੰਡਾਰ ਹੁੰਦਾ ਹੈ, ਤਾਰੇ ਤੋੜ ਕੇ ਜ਼ੁਲਫਾਂ 'ਚ ਟੰਗਣੇ ਸਿਰਫ ਪ੍ਰੇਮੀਆਂ ਨੂੰ ਆਉਂਦੇ ਹਨ, ਕੰਡਿਆਂ ਤੇ ਤੁਰਨਾ ਪਿਆਰ ਹੀ ਸਿਖਾਉਂਦਾ ਹੈ। ਪਿਆਰ ਵਿਚ ਸਿਖਰ ਉਦੋਂ ਹੁੰਦੀ ਹੈ ਜਦੋਂ ਸਭ ਕੁਝ ਲੁਟਾ ਕੇ ਵੀ ਘਾਟਾ ਨਾ ਲੱਗੇ। ਪਿਆਰ ਕਾਨੂੰਨ ਨੂੰ ਨਹੀਂ ਮੰਨਦਾ ਪਰ ਕਈ ਵਾਰ ਕਾਨੂੰਨ ਤੇ ਕਾਨੂੰਨਦਾਨਾਂ ਨੂੰ ਪੜ੍ਹਨੇ ਪਾ ਦੇਂਦਾ ਹੈ। ਜਿਨ੍ਹਾਂ ਨੇ ਪਿਆਰ ਕੀਤਾ ਪਰ ਖ਼ਤ ਨਹੀਂ ਲਿਖਿਆ ਉਨ੍ਹਾਂ ਦੀ ਹਾਲਤ ਉਹੀ ਹੈ ਕਿ ਉਹ ਮੇਲੇ 'ਚ ਗਏ ਤਾਂ ਸੀ ਪਰ ਗੁਆਚ ਗਏ ਤੇ ਜੇ ਹਾਲੇ ਤੀਕਰ ਖ਼ਤ ਲਿਖਣਾ ਨਹੀਂ ਆਇਆ ਤਾਂ ਨੈਪੋਲੀਅਨ ਦੇ ਆਪਣੀ ਪ੍ਰੇਮਿਕਾ ਜੋਸਿਫਨ ਨੂੰ ਲਿਖੇ ਖ਼ਤ ਜ਼ਰੂਰ ਪੜ੍ਹੋ, ਲੱਗੇਗਾ ਪਿਆਰ ਦੀ ਸੰਸਕ੍ਰਿਤੀ ਹੋਰ ਵੀ ਹੁੰਦੀ ਹੈ। ਭਾਵੇਂ ਪਿਆਰ ਦਾਅਵਿਆਂ ਤੇ ਦਿਲਾਸਿਆਂ ਦਾ ਵਰਤਾਰਾ ਹੁੰਦਾ ਹੈ ਪਰ ਪ੍ਰੇਮ ਵਿਚ ਪ੍ਰੇਮੀਆਂ ਨੇ ਘੱਟ ਇਹਦੇ ਦੋਖੀਆਂ ਨੇ ਸਜਾਵਾਂ ਵਧ ਭੋਗੀਆਂ ਹਨ ਜਿਵੇਂ ਗਮਲੇ 'ਚ ਲੱਗੇ ਬੂਟੇ ਹੇਠ ਮੰਜਾ ਨਹੀਂ ਡਹਿੰਦਾ।***

ਕਈ ਵਾਰ ਜਿੰਦਗੀ ਵਿਚ ਅਜਿਹੀ ਸਥਿਤੀ ਆ ਜਾਂਦੀ ਹੈ ਕਿ ਇਹ ਨਿਰੀ ਮਾਲ ਰੋਡ ਵਰਗੀ ਲਗਦੀ ਹੈ ਤੇ ਇਹਦੇ ਤੋਂ ਗੁਜਰਦਿਆਂ ਜਦੋਂ ਤੁਹਾਨੂੰ 'ਕੱਲੇਪਣ ਦਾ ਅਹਿਸਾਸ ਹੋਣ ਲੱਗ ਪਵੇ ਤਾਂ ਦੁੱਖਾਂ ਤੇ ਤਕਲੀਫਾਂ ਦਾ ਅਜਿਹਾ ਛੱਰਾਟਾ ਵਰ੍ਹਦਾ ਹੈ ਕਿ ਮੁਸੀਬਤਾਂ ਹੜ੍ਹ ਦੇ ਪਾਣੀ ਵਾਂਗ ਚੁਫੇਰਿਉਂ ਘੇਰ ਲੈਂਦੀਆਂ ਹਨ। ਇਹ ਵੀ ਸੱਚ ਹੈ ਕਿ ਦੁਨੀਆਂ ਵਿਚ ਹਾਲੇ ਤੀਕਰ ਕੋਈ ਨਾ ਕੋਈ ਕਮਜੋਰੀ ਜਿੰਦਗੀ ਨੂੰ ਕਿਸੇ ਨਾ ਕਿਸੇ ਪਾਸਿਓਂ ਚੁੜੇਲ ਵਾਂਗ ਚੰਬੜੀ ਹੋਈ ਹੈ। ਜਿਨ੍ਹਾਂ ਨੇ ਵੀ ਪੀਂਘ ਟੁੱਟਣ ਦੇ ਡਰ ਨਾਲ ਝੂਟੀ ਹੈ, ਉਨ੍ਹਾਂ ਨੂੰ ਹੁਲਾਰੇ ਦਾ ਕਦੇ ਅਨੰਦ ਨਹੀਂ ਆਇਆ। ਚੋਰੀ ਦੀਆਂ ਮੁਸੀਬਤਾਂ, ਬੇਵਕਤੇ ਦੁੱਖ ਇਸ ਕਰਕੇ ਦੁਖੀ ਕਰਦੇ ਹਨ ਕਿਉਂਕਿ ਅਸੀਂ ਇਨ੍ਹਾਂ ਨੂੰ ਸਹਿਣ ਲਈ ਤਿਆਰ ਨਹੀਂ ਹੋਏ ਹੁੰਦੇ। ਨਾਮੁਰਾਦ ਬਿਮਾਰੀ ਨਾਲ ਮਰਨ ਵਾਲੇ ਪੁੱਤ ਨਾਲੋਂ ਦੁਰਘਟਨਾ 'ਚ ਮਰੇ ਪੁੱਤ ਦਾ ਦਰਦ ਇਸੇ ਕਰਕੇ ਅਸਹਿ ਹੁੰਦਾ ਹੈ। ਦੁੱਖਾਂ ਦਾ ਸਾਹਮਣਿਓਂ ਟਾਕਰਾ ਕਰਨਾ ਬੇਵੱਸੀ ਦਾ ਮਜ਼ਬੂਨ ਨਹੀਂ ਹੁੰਦਾ, ਸਗੋਂ ਤੁਹਾਡੀ ਸਮਰੱਥਾ, ਭਰੋਸੇ ਤੇ ਹਿੰਮਤ ਦਾ ਸੂਚਕ ਵੀ ਹੁੰਦਾ ਹੈ। ਸੁਕਰਾਤ ਨੂੰ ਹਕੂਮਤ ਨਾਲ ਸਿੱਧੀ ਟੱਕਰ ਕਰਕੇ ਜ਼ਹਿਰ ਦੇ ਪਿਆਲੇ ਨਾਲ ਜੂਝਣਾ ਪਿਆ, ਸਿਕੰਦਰ ਨੂੰ ਪੋਰਸ ਨਾਲ ਤੇ ਮਨਸੂਰ ਨੇ ਭੀੜ ਤੋਂ ਸਿੱਧਿਆਂ ਪੱਥਰ ਖਾਧੇ। ਇਥੇ ਇਹ ਵੀ ਸੱਚ ਹੈ ਕਿ ਕਈਆਂ ਦੀ ਜਿੰਦਗੀ ਵਿਚ ਮੁਸੀਬਤ ਨੇ ਅਜਿਹੀ ਦਖਲਅੰਦਾਜ਼ੀ ਕੀਤੀ ਕਿ ਸੰਭਲਣਾ ਤਾਂ ਕੀ ਪਤਾ ਵੀ ਨਹੀਂ ਲੱਗਾ ਕਿ ਸਭ ਕੁਝ ਕਿਉਂ ਤੇ ਕਿਵੇਂ ਹੋ ਗਿਆ ਹੈ। ਸ਼ਾਇਦ ਅਜਿਹੇ ਵੇਲੇ ਰੱਬ ਵੀ ਬੰਦੇ ਨੂੰ ਸਮਝਾਉਂਦਾ ਹੋਵੇ 'ਭਾਣਾ ਮੰਨ ਇਹਦੇ 'ਚ ਹੀ ਭਲਾਈ ਹੈ।'

ਸਮਾਜ ਕਿੰਨੀ ਵੀ ਤਰੱਕੀ ਕਿਉਂ ਨਹੀਂ ਕਰ ਗਿਆ, ਵਿਗਿਆਨ ਦੇ ਕੁਛੜ ਚੜ੍ਹ ਕੇ ਕਿੰਨਾ ਵੀ ਅਗਾਂਹਵਧੂ ਹੋਣ ਦਾ ਢਿੰਡੋਰਾ ਕਿਉਂ ਨਹੀਂ ਪਿੱਟ ਰਿਹਾ ਸੱਚ ਇਹ ਹੈ ਕਿ ਬਹੁਤ ਸਾਰੇ ਜੁਰਮ ਪਾਪ ਉਦੋਂ ਹੋ ਜਾਂਦੇ ਹਨ ਜਦੋਂ ਬੰਦਾ ਮੁੱਛ ਦਾ ਸਵਾਲ ਖੜ੍ਹਾ ਕਰ ਲਵੇ। ਭਾਈਚਾਰੇ 'ਚ ਨੱਕ ਦੀ ਲੱਜ ਪਾਲਣ ਲਈ ਜੂਝ ਰਿਹਾ ਹੋਵੇ ਤੇ 'ਹਉਮੈ 'ਚ ਗੋਤੇ ਲਾ ਰਿਹਾ ਹੋਵੇ। ਕਈ ਥਾਂ ਕਾਨੂੰਨ ਚੁੱਪ ਹੋ ਜਾਂਦਾ ਹੈ, ਮੁਨਸਿਫ ਅੱਖਾਂ ਮੀਚ ਲੈਂਦੇ ਹਨ ਤੇ ਅਦਾਲਤਾਂ ਉਹ ਫੈਸਲੇ ਸੁਣਾ ਜਾਂਦੀਆਂ ਹਨ ਕਿ ਮੁਜਰਿਮ ਕੋਈ ਹੋਰ ਹੁੰਦਾ ਹੈ, ਸਜ਼ਾ ਕੋਈ ਹੋਰ ਭੁਗਤਦਾ ਹੈ। ਐਨ ਉਵੇਂ ਜਿਵੇਂ ਕਿਸੇ ਭਰੀ ਮਹਿਫਲ ਵਿਚ ਕਿਸੇ ਗਾਇਕ ਦੀ ਪੇਸ਼ਕਾਰੀ ਵੇਲੇ ਸਾਜ਼ ਦੀ ਤਾਰ ਟੁੱਟ ਜਾਵੇ।

ਹਿੰਦੋਸਤਾਨ ਨੂੰ ਆਜ਼ਾਦ ਹੋਇਆਂ ਵਰ੍ਹੇ ਬੀਤ ਗਏ ਹਨ, ਪਰ ਹਰਿਆਣੇ ਦੇ ਸਿਰਸਾ ਜਿਲ੍ਹੇ ਵਿਚ ਇਕ ਅਜਿਹਾ ਪਿੰਡ ਹੈ ਜਿਥੇ ਅਜਿਹਾ ਕੋਈ ਕਾਨੂੰਨ ਲਾਗੂ ਨਹੀਂ ਹੁੰਦਾ। ਹੈਰਾਨੀ ਤੇ ਦਿਲਚਸਪੀ ਵਾਲੀ ਗੱਲ ਇਹ ਹੈ ਕਿ ਇਥੇ ਜਿੰਦਗੀ ਮਨੁੱਖ ਦੇ ਇਸ਼ਾਰੇ 'ਤੇ ਨਹੀਂ ਰਹਿਬਰਾਂ ਦੀ ਦੇਖ-ਰੇਖ ਹੇਠ ਚੱਲ ਰਹੀ ਹੈ। ਘਟਨਾ ਇਉਂ ਹੈ ਕਿ ਇਸ ਪਿੰਡ ਦੇ ਕਿਸੇ ਘਰ ਵਿਚ ਵੀ ਹਾਲੇ ਤੀਕਰ ਦੂਜਾ ਚੁੱਲ੍ਹਾ ਨਹੀਂ ਬਲਦਾ, ਕੋਈ ਵੀ ਔਰਤ ਸਿਰ 'ਤੇ ਦੋ ਘੜੇ ਇਕੱਠੇ ਨਹੀਂ ਚੁੱਕ ਸਕਦੀ, ਕੋਈ ਵੀ ਵਿਅਕਤੀ ਦੁਪਹਿਰ ਤੋਂ ਪਿੱਛੋਂ ਬਲਦਾਂ ਤੋਂ ਕੰਮ ਨਹੀਂ ਲੈ ਸਕਦਾ ਤੇ ਕਿਸੇ ਵੀ ਘਰ 'ਤੇ ਚੁਬਾਰਾ ਨਹੀਂ ਪਾਇਆ ਜਾ ਸਕਦਾ। ਇਹ ਕਾਨੂੰਨ ਕੀਹਨੇ ਬਣਾਏ ਹਨ, ਕਦੋਂ ਬਣਾਏ ਹਨ? ਕਿਸੇ ਨੂੰ ਕੋਈ ਪਤਾ ਨਹੀਂ ਤੇ ਇਨ੍ਹਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਵੀ ਕਿਸੇ ਪਰਿਆ ਪੰਚਾਇਤ ਦੀ ਨਹੀਂ ਬਲਕਿ ਇਕ ਮੁਸਲਮਾਨ ਫਕੀਰ ਨੂੰ ਦੁਖੀ ਕਰਨ ਵਾਲੀ ਗੱਲ ਹੈ ਜੇ ਉਪਰੋਕਤ ਕਾਇਦੇ ਕਾਨੂੰਨ ਦੀ ਉਲੰਘਣਾ ਕਰੋਗੇ। ਜਿਸ ਨੇ ਵੀ ਇਸ ਧਾਰਨਾ ਦੀ ਉਲੰਘਣਾ ਕਰਨ ਦੀ ਕੋਸ਼ਿਸ਼ ਕੀਤੀ ਉਹਦਾ ਫੱਕਾ ਨਹੀਂ ਰਿਹਾ। ਮਸਲਨ ਇਕ ਆਦਮੀ ਨੇ ਚੁਬਾਰਾ ਪਾਉਣਾ ਚਾਹਿਆ ਤਾਂ ਹਾਲੇ ਚਾਰ ਰਦੇ ਕੰਧਾਂ ਨਹੀਂ ਚਿਣੀਆਂ ਗਈਆਂ ਹੋਣੀਆਂ ਕਿ ਘਰ 'ਚ ਪਿਆ ਤੇਲ ਦਾ ਡਰੰਮ ਫਟ ਗਿਆ ਤੇ ਅੱਗ ਲੱਗਣ ਨਾਲ ਸਾਰਾ ਘਰ ਤਬਾਹ ਹੋ ਗਿਆ। ਇਥੋਂ ਦੇ ਲੋਕਾਂ ਨੂੰ ਕੋਈ ਇਲਮ ਨਹੀਂ ਕਿ ਬੰਦਾ ਮੰਗਲ ਗ੍ਰਹਿ 'ਤੇ ਦੁਨੀਆਂ ਲੱਭਣ ਵਿਚ ਲੱਗਾ ਹੋਇਆ ਹੈ। ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਪਿੰਡ ਦੇ ਲੋਕ ਇਸ ਸਦੀਆਂ ਤੋਂ ਚੱਲੇ ਆਉਂਦੇ ਵਿਧੀ-ਵਿਧਾਨ ਦੇ ਵਿਰੁਧ ਨਹੀਂ ਸਗੋਂ ਖੁਸ਼ ਹਨ ਕਿਉਂਕਿ ਇਕ ਚੁੱਲ੍ਹਾ ਬਾਲਣ ਦਾ ਅਰਥ ਹੈ ਪਰਿਵਾਰ ਵਿਚ ਇਤਫਾਕ ਰਹੇਗਾ, ਔਰਤਾਂ ਦੂਜਾ ਘੜਾ ਪਾਣੀ ਦਾ ਸਿਰ 'ਤੇ ਚੁੱਕਣਗੀਆਂ ਤਾਂ ਜ਼ੁਲਮ ਹੈ, ਬਲਦਾਂ ਤੋਂ ਸਾਹੇ ਤੋਂ ਵਧ ਕੰਮ ਲੈਣਾ ਬੇਜ਼ੁਬਾਨਿਆਂ ਦੇ ਨਾਲ ਅਨਿਆਂ ਹੈ ਤੇ ਚੁਬਾਰਾ ਨਾ ਬਣਨ ਨਾਲ ਕੋਈ ਕਿਸੇ ਦੇ ਘਰ ਵਲ ਪਰਦੇ ਵਾਲੀਆਂ ਗੱਲਾਂ ਨਹੀਂ ਵੇਖ ਸਕੇਗਾ। ਖੈਰ! ਚੰਗੀਆਂ ਗੱਲਾਂ ਦੇ ਇਵਜਾਨੇ ਵਿਚ ਸਿਰ ਨੀਵਾਂ ਕਰਨਾ ਚਾਹੀਦਾ ਹੈ ਪਰ ਮੰਨੋਗੇ ਕਿ ਇਸੇ ਹੀ ਰਾਜ ਦੀਆਂ ਖੜ-ਪੰਚਾਇਤਾਂ ਕਈ ਅਜਿਹੇ ਫੈਸਲੇ ਵੀ ਕਰਦੀਆਂ ਹਨ ਕਿ ਹਾਈ ਕੋਰਟ ਜਾਂ ਸੁਪਰੀਮ ਕੋਰਟ ਵੀ ਚੁੱਪ ਕਰ ਜਾਵੇ ਤੇ ਖਾਸ ਤੌਰ 'ਤੇ ਪ੍ਰੇਮ ਸਬੰਧਾਂ ਵਿਚ ਜਾਲਮਾਨਾ ਫੈਸਲੇ ਤਰੱਕੀ ਵਾਲੇ ਸਮਾਜ ਦੀਆਂ ਗੱਲਾਂ ਕਰਨ ਵਾਲਿਆਂ ਨੂੰ ਭਾਉਂਦੇ ਨਹੀਂ।

ਮਨੁੱਖ ਪੜ੍ਹ-ਲਿਖ ਗਿਆ ਹੈ। ਵਿਗਿਆਨੀ, ਇੰਜੀਨੀਅਰ ਤੇ ਡਾਕਟਰ ਬਣ ਗਿਆ ਹੈ ਪਰ ਜਾਤ-ਪਾਤ ਦੇ ਭਿੰਨ-ਭੇਦ ਮੁੱਕੇ ਨਹੀਂ ਤੇ ਘੱਟੋ-ਘੱਟ ਪਿਆਰ ਦੇ ਮਾਮਲਿਆਂ ਵਿਚ ਹਉਮੈ ਦੀ ਨੇਰ੍ਹੀ ਤੁਫਾਨ ਬਣਦੀ ਰਹੀ ਹੈ ਤੇ ਕਈਆਂ ਨੂੰ ਪਿਆਰ ਦਾ ਹਰਜਾਨਾ ਜਾਨ ਵਾਰ ਕੇ ਵੀ ਦੇਣਾ ਪਿਆ ਹੈ। ਪੱਕੀ ਗੱਲ ਇਹ ਵੀ ਹੈ ਕਿ ਕਈ ਭਲੇ-ਮਾਣਸ ਤੇ ਦਿਆਨਤਦਾਰ ਬੰਦੇ ਵੀ ਇਸ ਮਾਮਲੇ ਵਿਚ ਲਾਚਾਰ ਹੁੰਦੇ ਆਏ ਹਨ ਕਿਉਂਕਿ ਬਹੁਗਿਣਤੀ ਸੋਚ 'ਕੱਲਿਆਂ ਦੀ ਪੇਸ਼ ਇਥੇ ਜਾਣ ਦੇਂਦੀ ਹੈ? ਅਸਲ ਵਿਚ ਆਪਹੁਦਰਾ ਬਣਨ ਦੇ ਚੱਕਰ ਵਿਚ ਮਨੁੱਖ ਰੱਬ ਹੋਣ ਦਾ ਭਰਮ ਪਾਲ ਰਿਹੈ ਤੇ ਇਸੇ ਲਈ ਗਲਤੀਆਂ ਦੇ ਨਹੀਂ ਗੁਸਤਾਖੀਆਂ ਦੇ ਢੇਰ ਲਗਾ ਰਿਹਾ ਹੈ। ਇਕ ਦਰਦਭਰੀ ਪਰ ਸੱਚੀ ਦਾਸਤਾਂ ਜਿਹੜੀ ਤੁਹਾਡੇ ਨਾਲ ਸਾਂਝੀ ਕਰਨ ਲੱਗਾ ਹਾਂ ਇਹਦੇ ਵਿਚ ਗਲਤੀ ਤੇ ਗੁਸਤਾਖੀ ਕੀਹਦੀ ਹੈ? ਨਾ ਕਰਨ ਵਾਲੇ ਹਾਲੇ ਤੀਕਰ ਸਮਝ ਸਕੇ ਹਨ ਤੇ ਨਾ ਅਸੀਂ ਤੇ ਜੇ ਤੁਸੀਂ ਅੰਦਾਜ਼ਾ ਲਾ ਲਓ ਤਾਂ ਕਿਆ ਬਾਤ ਹੈ...!

ਗੱਲ ਇਹ ਕੋਈ ਢਾਈ ਦਹਾਕੇ ਪੁਰਾਣੀ ਹੋਵੇਗੀ ਜਦੋਂ ਗਾਇਕ ਅਮਰ ਸਿੰਘ ਚਮਕੀਲੇ ਨੂੰ ਅਸੀਂ ਮਾੜੇ ਦੌਰ 'ਚੋਂ ਕੱਢਣ ਲਈ ਦਿੱਲੀ ਦੇ ਜਮਨਾ ਪਾਰ ਸਥਿਤ ਇਕ ਸਟੂਡੀਓ ਵਿਚ ਧਾਰਮਿਕ ਕੈਸਿਟ 'ਨਾਮ ਜਪੁ ਲੈ' ਦੀ ਰਿਕਾਰਡਿੰਗ ਕਰ ਰਹੇ ਸਾਂ। ਇਤਫਾਕ ਇਹ ਹੋਇਆ ਕਿ ਜਗਨ ਨਾਥ ਨਾਂ ਦਾ ਇਕ ਅੱਧਖੜ ਪਰ ਚੰਗੀ ਸ਼ਖਸੀਅਤ ਵਾਲਾ ਵਿਅਕਤੀ ਵੀ ਉਥੇ ਆਉਣ ਲੱਗ ਪਿਆ। ਮਿਲਣ ਤਾਂ ਉਹ ਸਟੂਡੀਓ ਦੇ ਮਾਲਕ ਨੂੰ ਆਉਂਦਾ ਸੀ। ਸਾਰਾ ਸਾਰਾ ਦਿਨ ਗੀਤਾਂ ਦੀ ਰਿਕਾਰਡਿੰਗ ਸੁਣਦਾ ਰਹਿੰਦਾ ਤੇ ਨੇਰ੍ਹੇ ਹੋਏ ਘਰ ਪਰਤਦਾ।

'ਇਕ ਦਿਨ ਮੈਂ ਪੁੱਛ ਹੀ ਲਿਆ, ਕੀ ਕੰਮ ਕਰਦੇ ਹੋ?'

'ਪਰਮਾਤਮਾ ਦੀ ਚੰਗੀ ਕਿਰਪਾ ਹੈ। ਕੱਪੜੇ ਦਾ ਕਾਰੋਬਾਰ ਹੈ। ਸੋਹਣਾ ਗੁਜ਼ਾਰਾ ਚੱਲੀ ਜਾਂਦਾ ਹੈ।'

'ਕਦੋ ਕੁ ਦੇ ਦਿੱਲੀ ਰਹਿੰਦੇ ਹੋ?'

'ਮੇਰਾ ਜਨਮ ਤਾਂ ਏਥੇ ਦਾ ਹੀ ਹੈ ਪਰ ਊਂ ਸਾਡਾ ਪਿੱਛਾ ਲੁਧਿਆਣੇ 'ਚ ਜਗਰਾਓਂ ਹੀ ਹੈ। ਪਰ ਬਾਪੂ ਦੇ ਤੁਰ ਜਾਣ ਪਿੱਛੋਂ ਉਥੇ ਕਦੇ ਗਏ ਨੀ।'

'ਪੰਜਾਬੀ ਗੀਤ ਚੰਗੇ ਲਗਦੇ ਨੇ?'

'ਪੰਜਾਬੀ, ਹਾਂ, ਕਿਉਂ ਨਹੀਂ ਸੁਰਿੰਦਰ ਕੌਰ ਨੂੰ ਮਾਲ ਰੋਡ 'ਤੇ ਮਿਲਣ ਜਾਂਦਾ ਰਿਹਾ ਹਾਂ। ਚਮਕੀਲੇ ਦੇ ਨਾਂ ਤੋਂ ਵੀ ਵਾਕਿਫ ਹਾਂ।'

ਤੇ ਫਿਰ ਉਹ ਕਈ ਦਿਨ ਕਦੇ ਸਵੇਰ ਵੇਲੇ ਆਲੂਆਂ ਵਾਲੇ ਜਾਂ ਮੂਲੀਆਂ ਵਾਲੇ ਪਰੌਂਠੇ ਬਣਾ ਕੇ ਲਿਆਉਂਦਾ ਤੇ ਚਾਹ ਦੀ ਬੋਤਲ ਵੀ ਭਰ ਲਿਆਉਂਦਾ।

ਇਕ ਦਿਨ ਉਹ ਕਹਿਣ ਲੱਗਾ ਇਕੋ ਮੇਰਾ ਪੁੱਤਰ ਐ ਕੁੱਕੀ, ਨਾ ਤਾਂ ਪੂਰਾ ਕਿੰਦਰ ਪਾਲ ਹੈ ਪਰ ਪਿਆਰ ਨਾਲ ਕੁੱਕੀ ਕਹਿੰਦੇ ਨੇ ਸਾਰੇ। ਉਹਦੇ ਵਿਆਹ 'ਤੇ ਚਮਕੀਲਾ ਸੱਦਣਾ ਤੇ ਅਖਾੜਾ ਵੀ ਜਗਰਾਉਂ 'ਚ ਲਾਉਣੈ।'

'ਕੀ ਕਰਦੈ ਕੁੱਕੀ?'

'ਐਮ.ਐਸ.ਸੀ. ਆ' ਪਰ ਦੇਖਦਾ ਸਾਰਾ ਘਰ ਦਾ ਹੀ ਬਿਜਨਸ ਹੈ।'

ਜਿਸ ਦਿਨ ਰਿਕਾਰਡਿੰਗ ਖ਼ਤਮ ਹੋਈ ਤਾਂ ਉਹ ਸਾਰਿਆਂ ਲਈ ਸਣੇ ਚਮਕੀਲਾ ਤੇ ਅਮਰਜੋਤ, ਲਿਫਾਫਿਆਂ 'ਚ ਬੰਦ ਤੋਹਫੇ ਲੈ ਕੇ ਆਇਆ। ਸਾਡੇ ਨਾਂਹ-ਨਾਂਹ ਕਰਦਿਆਂ ਵੀ ਉਹ ਮੱਲੋ-ਜੋਰੀ ਦੇ ਹੀ ਗਿਆ।

ਮੈਂ ਚਮਕੀਲੇ ਨੂੰ ਕਿਹਾ 'ਬਾਈ ਇਹਦੇ ਪੁੱਤ ਕੁੱਕੀ' ਦੇ ਵਿਆਹ 'ਤੇ ਅਖਾੜਾ ਲਾਉਣੈ, ਮੁਫ਼ਤ! ਕੋਈ ਪੈਸਾ ਵੀ ਨਹੀਂ ਲੈਣਾ।'

ਮਖੌਲ 'ਚ ਚਮਕੀਲੇ ਦਾ ਜੁਆਬ ਸੀ 'ਵਿਆਹ ਹੀ ਦੁੱਗਰੀ ਕਰ ਦਿਆਂਗੇ।' ਤੇ ਜਗਨ ਨਾਥ ਇਹ ਗੱਲ ਸੁਣ ਕੇ ਚਮਕੀਲੇ ਦੇ ਗਲ ਨਾਲ ਚਿੰਬੜ ਗਿਆ ਤੇ ਉੱਚੀ ਉੱਚੀ ਰੋਣ ਲੱਗ ਪਿਆ। ਚੁੱਪ ਕਰਾਉਣ 'ਤੇ ਵੀ ਉਹਦਾ ਰੋਣਾ ਨਾ ਰੁਕੇ। ਕੁਝ ਗੜਬੜ ਲੱਗ ਰਹੀ ਸੀ।

'ਖੋਲ੍ਹ ਕੇ ਦੱਸ ਗੱਲ ਕੀ ਹੈ, ਤੈਨੂੰ ਜੋ ਅਸੀਂ ਹੱਸਦੇ ਨੂੰ ਦੇਖਿਆ ਅੱਜ ਦੁਖੀ ਕਿਉਂ ਏਂ ਏਨਾ ਸਾਡੇ ਜਾਣ ਕਰਕੇ?'

'ਇਸ ਕਰਨੇ ਵੀ ਤੇ ਇਸ...।' ਤੇ ਉਹਦਾ ਗਲਾ ਫਿਰ ਭਰ ਗਿਆ। ਤੇ ਫਿਰ ਦਰਦ ਫੁੱਟ ਕੇ ਉਬਲ ਹੀ ਪਿਆ। ਹਟਕੋਰਿਆਂ 'ਚ ਉਹ ਦੱਸ ਰਿਹਾ ਸੀ ਮੇਰਾ ਇਕਲੌਤਾ ਪੁੱਤਰ ਆਪਣੇ ਨਾਲ ਪੜ੍ਹਦੀ ਕੁੜੀ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ।

'ਫੇਰ ਦਿੱਲੀ 'ਚ ਰਹਿੰਦੇ ਓਂ, ਮਸਲਾ ਕੀ ਹੈ, ਕਰ ਦਿਉ।'

'ਏਥੇ ਤਾਂ ਘਾਲਾ ਮਾਲਾ ਹੈ ਸਾਰਾ। ਕੁੜੀ ਸੁਨੱਖੀ ਹੈ, ਬਰਾਬਰ ਦੀ ਪੜ੍ਹੀ ਲਿਖੀ ਹੈ ਪਰ ਗਰੀਬ ਘਰ ਦੀ ਹੈ, ਝੁੱਗੀ ਝੌਂਪੜੀ ਵਾਲਿਆਂ ਦੀ। ਬਾਪੂ ਉਹਦਾ ਦਿੱਲੀ ਨਗਰ ਨਿਗਮ 'ਚ ਸਫਾਈ ਸੇਵਕ ਹੈ।'

'ਫੇਰ...?'

'ਮੈਂ ਤਾਂ ਪੁੱਤ ਦੀ ਖੁਸ਼ੀ 'ਚ ਸ਼ਾਮਲ ਹਾਂ ਪਰ ਉਹਦੀ ਮਾਂ ਸ਼ੀਲਾ ਨੀ ਪਿੰਡੇ 'ਤੇ ਪਾਣੀ ਪੈਣ ਦੇਂਦੀ ਤੇ ਇਕ ਉਹਦਾ ਮਾਮਾ ਜਾਤ ਦਾ ਕੀਲਾ ਧੌਣ 'ਚ ਫਸਾ ਕੇ ਗੱਲ ਕਿਸੇ ਕੰਢੇ ਨ੍ਹੀ ਲੱਗਣ ਦੇਂਦਾ। ਪੁੱਤ ਟੱਸ ਤੋਂ ਮੱਸ ਨੀ ਹੋ ਰਿਹਾ। ਏਨੇ ਪੈਸੇ ਨੂੰ ਮੈਂ ਚੱਟਣਾ ਜੇ ਪੁੱਤ ਦੇ ਚਾਅ ਨਾ ਪੂਰੇ ਹੋਏ। ਮੇਰਾ ਸਾਲਾ, ਸਾਲਾ ਨੀ ਊਠ ਕਿਸੇ ਬੰਨੇ ਬੈਠਣ ਦੇਂਦਾ।'

ਕੋਈ ਨੀ ਸ਼ੀਲਾ ਤੇ ਸਾਲੇ ਨੂੰ ਸਮਝਾ ਬੁਝਾ ਲਵੋ। ਮੁੰਡੇ ਦੇ ਚਾਵਾਂ 'ਚ ਮੰਨ ਜਾਣਗੇ।' ਤੇ ਅਸੀਂ ਗਲ-ਵੱਕੜੀ ਹੋ ਕੇ ਵਿਛੜ ਗਏ।

ਮਹੀਨੇ ਕੁ ਪਿੱਛੋਂ ਮੈਂ ਜਦੋਂ ਦਿੱਲੀ ਗਿਆ ਤਾਂ ਜਗਨ ਨਾਥ ਨੂੰ ਉਚੇਚੇ ਤੌਰ 'ਤੇ ਘਰ ਮਿਲਣ ਗਿਆ ਪਰ ਘਰ ਦੀ ਹਾਲਤ ਵੇਖ ਕੇ ਕਾਲਜਾ ਪਾਟ ਰਿਹਾ ਸੀ। ਵਿਹੜੇ 'ਚ ਸੱਥਰ ਵਿਛਿਆ ਪਿਆ ਸੀ।

ਦੋ ਕੁ ਪਲ ਚੁੱਪ ਰਹਿਣ ਤੋਂ ਬਾਅਦ ਜਗਨ ਨਾਥ ਫੁੱਟ ਪਿਆ। 'ਘਰੋਂ ਤਾਂ ਕੁੱਕੀ ਕਾਰੋਬਾਰ ਦੇ ਸਬੰਧ ਵਿਚ ਪਹਾੜਗੰਜ ਗਿਆ ਸੀ ਪਰ ਸਵੇਰੇ ਪਤਾ ਲੱਗਾ ਕਿ ਉਸੇ ਕੁੜੀ ਨਾਲ ਇਕ ਪਾਰਕ 'ਚ ਕਾਰ 'ਚ ਮ੍ਰਿਤਕ ਵੇਖਿਆ ਪੁਲਿਸ ਨੇ? ਤੇ ਪਤਾ ਨ੍ਹੀ ਕੀ ਖਾ ਲਿਆ ਦੋਹਾਂ ਨੇ ਜਾਂ ਪਤਾ ਨ੍ਹੀ ਕਿਹਨੇ ਗਲਾ ਘੁੱਟ ਕੇ ਮਾਰ ਦਿੱਤਾ। ਪਰ ਇਹ ਤਾਂ ਮੇਰਾ ਸਭ ਕੁਝ ਉਜੜ ਗਿਆ ਤੇ ਉਤੋਂ...।

'ਹੋਰ ਕੀ ਹੋਇਆ...?'

ਸ਼ੀਲਾ ਤੇ ਮੇਰਾ ਸਾਲਾ ਜਾਨਕੀ ਦਾਸ ਪੁਲਿਸ ਹਿਰਾਸਤ 'ਚ ਨੇ।'

ਉਹ ਕਿਉਂ?

'ਕੁੜੀ ਵਾਲਿਆਂ ਨੇ ਰਿਪੋਰਟ ਦਰਜ ਕਰਵਾਈ ਹੈ ਕਿ ਸਾਡੀ ਧੀ ਤੇ ਆਪਣੇ ਪੁੱਤਰ ਨੂੰ ਇਨ੍ਹਾਂ ਨੇ ਹੀ ਮਾਰਿਆ ਹੈ ਜਾਂ ਮਰਵਾਇਆ ਹੈ ਕਿਉਂਕਿ ਦੋਹਾਂ ਦੇ ਪਿਆਰ ਤੇ ਵਿਆਹ 'ਚ ਇਹੋ ਅੜਿੱਕਾ ਸਨ। ਪਹਿਲਾਂ ਤਾਂ ਅਸੀਂ ਤਰਲੇ ਕੀਤੇ ਕੌਣ ਆਪਣੇ ਇਕਲੌਤੇ ਪੁੱਤ ਤੇ ਭਾਣਜੇ ਨੂੰ ਮਰਵਾ ਸਕਦੈ ਪਰ ਝੁੱਗੀ ਝੌਂਪੜੀ ਵਾਲਿਆਂ ਨੇ ਥਾਣੇ ਮੂਹਰੇ ਉਹ ਹੱਲਾ ਗੁੱਲਾ ਕੀਤਾ ਕਿ ਦੋਵਾਂ 'ਤੇ ਧਾਰਾ 306 ਲਗਾ ਕੇ ਅੰਦਰ ਬੰਦ ਕਰ'ਤੇ।

ਪੁਲਿਸ ਕੀ ਦੱਸਦੀ ਐ ਕਿ ਮੌਤ ਕਿਵੇਂ ਹੋਈ?

ਪੋਸਟ ਮਾਰਟਮ ਰਿਪੋਰਟ ਇਹ ਕਹਿੰਦੀ ਐ ਕਿ ਦੋਹਾਂ ਦੀ ਮੌਤ ਸਾਹ ਘੁੱਟਣ ਜਾਂ ਰੁਕਣ ਨਾਲ ਹੋਈ ਹੈ। ਗੱਡੀ ਦੀਆਂ ਬਾਰੀਆਂ ਬੰਦ ਸਨ, ਦੋਵੇਂ ਜਣੇ ਸੀਟਾਂ 'ਤੇ ਆਏਂ ਪਏ ਸਨ ਜਿਵੇਂ ਸੁੱਤੇ ਪਏ ਹੋਣ। ਪਤਾ ਨ੍ਹੀ ਹੋਣੀ ਕਿਹੜੇ ਰਸਤੇ ਕਾਰਾ ਕਰ ਗਈ। ਮੈਨੂੰ ਸਾਲੇ ਦਾ ਤਾਂ ਪਤਾ ਨ੍ਹੀ ਪਰ ਸ਼ੀਲਾ ਇਹ ਕੰਮ ਨਹੀਂ ਕਰ ਸਕਦੀ। ਉਹਨੇ ਤਾਂ ਘਰ 'ਚ ਕਦੇ ਲਸਣ ਤੇ ਪਿਆਜ ਨੀ ਕੱਟਿਆ ਸੀ। ਨਾਲੇ ਕੋਈ ਮਾਂ ਡੈਣ ਵੀ ਹੋਵੇ ਤਾਂ ਪੁੱਤ ਨ੍ਹੀ ਖਾ ਸਕਦੀ।'

ਤੇ ਫਿਰ ਵੀ ਮੈਂ ਜਗਨ ਨਾਥ ਨੂੰ ਮਿਲਣ ਗਾਹੇ-ਬਗਾਹੇ ਜਾਂਦਾ ਰਿਹਾ। ਉਹ ਟੁੱਟ ਚੁੱਕਾ ਸੀ, ਕਾਰੋਬਾਰ ਉਜੜ ਗਿਆ ਸੀ। ਪੁੱਤ ਦੀ ਮੌਤ ਨਾਲੋਂ ਵੀ ਵਧ ਦੁੱਖ ਇਸ ਗੱਲ ਦਾ ਸੀ ਕਿ ਕਤਲ ਦਾ ਇਲਜਾਮ ਮਾਂ ਅਤੇ ਮਾਮੇ 'ਤੇ ਲੱਗ ਗਿਆ ਸੀ।'

ਪੁਲਿਸ ਇਸ ਰਹੱਸਮਈ ਕਤਲ ਦੇ ਭੇਦ ਜਾਨਣ ਤੋਂ ਅਸਮਰਥ ਸੀ। ਤੇ ਹੋਰ ਵੀ ਬਲਦੀ ਉੱਤੇ ਤੇਲ ਇਹ ਪੈ ਗਿਆ ਸੀ ਕਿ ਫਿਰ ਉਸੇ ਪਾਰਕ ਵਿਚ ਪ੍ਰੇਮੀ ਜੋੜਿਆਂ ਦੇ ਗੱਡੀ 'ਚ ਹੀ ਮਰਨ ਦੀਆਂ ਹੋਰ ਖ਼ਬਰਾਂ ਆਉਣ ਲੱਗ ਪਈਆਂ ਸਨ ਜਿਵੇਂ ਕੁੱਕੀ ਤੇ ਉਹਦੀ ਪ੍ਰੇਮਿਕਾ ਦੀ ਮੌਤ ਹੋਈ ਸੀ।

ਮੁਕੱਦਮੇ ਦੀ ਅਦਾਲਤੀ ਪ੍ਰਕ੍ਰਿਆ ਚਲਦੀ ਨੂੰ ਛੇ ਸਾਲ ਬੀਤ ਗਏ ਸਨ। ਕੁੜੀ ਦੇ ਗਰੀਬ ਮਾਪਿਆਂ ਦੀ ਪਿੱਠ 'ਤੇ ਰਾਜਸੀ ਲੋਕ ਆ ਗਏ ਸਨ, ਅਦਾਲਤ ਦੇ ਬਾਹਰਵਾਰ ਵੀ ਕਈ ਵਾਰ ਨਾਅਰੇਬਾਜ਼ੀ ਹੋਈ ਸੀ। 'ਪੁੱਤ ਦੀ ਕਾਤਲ ਮਾਂ ਤੇ ਮਾਮੇ ਨੂੰ ਫਾਹੇ ਲਾਓ, ਇਨਸਾਫ ਲੈ ਕੇ ਰਹਾਂਗੇ।'

ਤੇ ਇਕ ਦਿਨ ਸੱਤ ਸਾਲਾਂ ਤੋਂ ਚਲਦੀ ਜਾਂਚ ਕਿ ਪਾਰਕ ਵਿਚ ਰਹੱਸਮਈ ਮੌਤਾਂ ਕਿਉਂ ਤੇ ਕਿਵੇਂ ਹੁੰਦੀਆਂ ਹਨ? ਦੀ ਹੈਰਾਨੀਜਨਕ ਰਿਪੋਰਟ ਨੇ ਸਭ ਨੂੰ ਝੰਜੋੜ ਦਿੱਤਾ।

ਗੱਲ ਇਉਂ ਸੀ ਕਿ ਅਕਸਰ ਪ੍ਰੇਮੀ ਜੋੜੇ ਇਸ ਪਾਰਕ ਵਿਚ ਰਾਤ ਦੇ ਵੇਲੇ ਮਿਲਦੇ ਸਨ। ਗਰਮੀ ਹੋਣ ਕਾਰਨ ਇਹ ਜੋੜੇ ਖੜ੍ਹੀ ਕਾਰ ਵਿਚ ਏ.ਸੀ. ਏਅਰ ਕੰਡੀਸ਼ਨ ਚਲਾ ਕੇ ਰੁਮਾਂਸ ਵਿਚ ਮਸਤ ਹੋ ਜਾਂਦੇ। ਖੜੀ ਗੱਡੀ ਵਿਚ ਚਲਦੇ ਇੰਜਣ ਤੇ ਏ.ਸੀ. ਉਪਕਰਣ ਰਸਾਇਣਕ ਤੌਰ 'ਤੇ ਲਗਾਤਾਰ ਕਾਰਬਨ ਪੈਦਾ ਕਰਦੇ ਤੇ ਇਹ ਗੈਸ ਜਦੋਂ ਕਾਰ ਨੂੰ ਠੰਡਾ ਕਰਦਿਆਂ ਅੰਦਰ ਜਾਂਦੀ ਤਾਂ ਹੌਲੀ ਹੌਲੀ ਕਾਰਬਨ ਮੋਨੋਆਕਸਾਈਡ ਬਣ ਜਾਂਦੀ। ਇਹ ਇਕ ਅਜਿਹੀ ਗੈਸ ਹੈ ਜੋ ਲਗਾਤਾਰ ਸ਼ਾਹਰਗ ਨੂੰ ਦਬਾਉਂਦੀ ਹੈ, ਗੱਡੀ ਅੰਦਰ ਬੈਠੇ ਲੋਕਾਂ ਨੂੰ ਇਉਂ ਲਗਦਾ ਕਿ ਅਨੰਦਮਈ ਨੀਂਦ ਆ ਰਹੀ ਹੈ ਤੇ ਪਿਆਰ ਤੇ ਗੈਸ ਦੇ ਅਨੰਦ 'ਚ ਗੁਆਚ ਕੇ ਹੌਲੀ ਹੌਲੀ ਮੌਤ ਦੇ ਗਲ ਜਾ ਲਗਦੇ। ਦਰਜਨਾਂ ਮੌਤਾਂ ਦਾ ਭੇਦ ਵਿਗਿਆਨੀਆਂ ਨੇ ਅੱਠ ਸਾਲਾਂ ਬਾਅਦ ਖੋਲ੍ਹਿਆ ਸੀ।

ਮਾਂ ਸ਼ੀਲਾ ਤੇ ਕੁੱਕੀ ਦਾ ਮਾਮਾ ਤਾਂ ਅਦਾਲਤ ਨੇ ਬਾਇੱਜ਼ਤ ਰਿਹਾਅ ਕਰ ਦਿੱਤੇ ਨੇ ਪਰ ਵਿਚਾਰਾ ਜਗਨ ਨਾਥ ਆਪਣੀ ਕੱਪੜਾ ਮਿਲ ਵਿਚ ਜਗਤ ਤਮਾਸ਼ੇ 'ਚ ਵਿਰਾਨ ਹੋ ਕੇ ਫਾਹਾ ਲੈ ਕੇ ਕੂਚ ਕਰ ਗਿਆ ਸੀ।

ਪਤਾ ਨ੍ਹੀ ਪੁੱਤ ਦੇ ਚਾਵਾਂ ਤੇ ਵਿਆਹ 'ਤੇ ਅਖਾੜੇ ਲਾਉਣ ਦੇ ਚਾਵਾਂ ਦਾ ਗਲਾ ਉਸਨੇ ਕਿਵੇਂ ਘੁੱਟਿਆ ਹੋਵੇਗਾ। ਤੇ ਪਤਾ ਨ੍ਹੀ ਕੁੜੀ ਵਾਲਿਆਂ ਨੂੰ ਆਪਣੀ ਹੋਣੀ 'ਤੇ ਇਤਬਾਰ ਕਿਵੇਂ ਆਇਆ ਹੋਊ?

## ਗੱਲ ਬਣੀ ਕਿ ਨਹੀਂ

*ਐਸ. ਅਸ਼ੋਕ ਭੌਰਾ*

### *ਖਰੀਆਂ-ਖਰੀਆਂ!*

ਚੋਰ-ਯਾਰ ਮੰਗਦੇ ਨੇ ਸਦਾ ਕਾਲੀ ਰਾਤ ਨੂੰ, ਕਵੀਆਂ ਨੂੰ ਲਗਦੀ ਏ ਚੰਗੀ ਵਾਹ ਵਾਹ ਜੀ।
ਸੋਕੇ ਵਿਚ ਬੰਨੇ ਉੱਤੇ ਜੱਟ ਨੂੰ ਨਾ ਛੇੜ ਲਈਏ, ਤੁਰੀਂ ਜਾਂਦੀ ਕਲਾ ਲਈਏ ਗਲ ਨਾ ਪੁਆ ਜੀ।
ਇਲ੍ਹ ਦੇ ਨਾ ਆਲ੍ਹਣੇ 'ਚੋਂ ਮਾਸ ਕਦੇ ਲੱਭਦਾ ਏ, ਖਾਂਦਾ ਕਿਸੇ ਵੇਖਿਆ ਨਾ ਸ਼ੇਰ ਕਦੇ ਘਾਹ ਜੀ।
ਕਹਿਣ ਸੁਨਿਆਰ ਕਦੇ ਹੁੰਦੇ ਨਾ ਭਰੋਸੇਯੋਗ, ਮਾਂ ਦੀਆਂ ਬਾਲੀਆਂ 'ਚ ਖੋਟ ਦਿੰਦੇ ਪਾ ਜੀ।
ਮੱਲ ਅਤੇ ਗਾਉਣ ਵਾਲਾ ਜੋਬਨ 'ਚ ਮੌਜ ਲੈਂਦੇ, ਕੰਜਰੀ ਦਾ ਮਹਿੰਗਾ ਹੁੰਦਾ ਕੋਠੇ ਉੱਤੇ ਭਾਅ ਜੀ।
ਇਸ਼ਕ-ਮੁਸ਼ਕ, ਖੰਘ-ਖੁਰਕ ਨਾ ਲੁਕਦੇ ਨੇ, ਨੈਣਾਂ ਦੀ ਨਾ ਬੋਲੀ ਹੁੰਦੀ ਘੁੰਡ ਤੋਂ ਲੁਕਾ ਜੀ।
ਸੱਪਾਂ ਨੂੰ ਪਿਆਉਣਾ ਦੁੱਧ ਖਤਰੇ ਦਾ ਘੁੱਗੂ ਹੁੰਦਾ, ਪੜ੍ਹਿਆ ਨ੍ਹੀ ਜਾਂਦਾ ਬਿਨਾ ਕਾਜੀ ਤੋਂ ਨਿਕਾਹ ਜੀ।
ਬੁੱਢੇ-ਵਾਰੇ ਇਸ਼ਕ ਦਾ ਰੋਗ ਨਾ ਲਗਾਈਏ ਕਦੇ, ਪੱਕੀ ਫੇਰ ਪੈਣੀ ਹੁੰਦੀ ਸਿਰ 'ਚ ਸੁਆਹ ਜੀ।
ਵਿਧਵਾ ਦਾ ਪੁੱਤ ਪੂਰਾ ਰੱਬ ਨੇ ਸਤਾਇਆ ਹੁੰਦਾ, ਬਾਹਮਣ ਸਰਾਧਾਂ ਵਿਚ ਲਾਹੁੰਦਾ ਪੂਰੇ ਚਾਅ ਜੀ।
ਨਾਰ ਬਦਨਾਮ ਨਾਲੋਂ ਰੰਡਾ ਬੰਦਾ ਚੰਗਾ ਹੁੰਦਾ, ਧੋਖੇਬਾਜ ਮਿੱਤਰਾਂ ਤੋਂ ਲਈਏ ਨਾ ਸਲਾਹ ਜੀ।
ਛੜ੍ਹਿਆਂ ਦੇ ਕੋਲ ਨਾ ਸ਼ਿੰਗਾਰ ਕੇ ਲਿਜਾਈਏ ਤੀਵੀਂ, ਕਰ ਦੇਂਦੇ ਨਜ਼ਰਾਂ ਨਾਲ ਹੁਸਨ ਤਬਾਹ ਜੀ।
ਬਣਦੇ ਨੇ ਵੇਖੇ ਅਸੀਂ ਮੰਗਤੇ ਵੀ ਬਾਦਸ਼ਾਹ, ਹੁੱਕੇ ਵਿਚ ਪਾਣੀ ਬਿਨਾਂ ਵੇਖਿਆ ਮਲਾਹ ਜੀ।
ਚੋਰਾਂ ਦਿਆਂ ਘਰਾਂ ਵਿਚ ਦੀਵੇ ਕਿਥੇ ਜਗਦੇ ਨੇ, ਭਾਪੇ ਕਿਥੇ ਹਟਦੇ ਨੇ ਕਹਿਣ ਤੋਂ 'ਭਰਾ ਜੀ।'
ਪੁਲਿਸ ਦੀ ਕੁੱਟ ਅਤੇ ਬਾਣੀਏ ਦੀ ਲੁੱਟ ਯਾਰੋ, ਚੰਗੇ ਭਲਿਆਂ ਨੂੰ ਦੇਂਦੀ ਕਮਲੇ ਬਣਾ ਜੀ।
ਲਾਰਿਆਂ ਤੇ ਨਾਅਰਿਆਂ ਤੋਂ ਲੀਡਰ ਨੀ ਬਾਜ ਆਉਂਦੇ, ਪਾਪੜੀ ਦਾ ਦੇਂਦੇ ਗੋਲ ਗੱਪਾ ਇਹ ਬਣਾ ਜੀ।
ਸਾਧੂ ਤੇ ਫਕੀਰ ਤਾਈਂ ਟਿੱਚਰ ਗੁਨਾਹ ਹੁੰਦੀ, ਧੁਰ ਦਰਗਾਹ ਹੀ ਸੁਣੀ ਜਾਂਦੀ ਫੇਰ ਹਾਅ ਜੀ।
ਹਾੜ ਦੇ ਮਹੀਨੇ ਅੱਗ ਲੱਗੀ ਛੇਤੀ ਬੁਝਦੀ ਨਾ, ਗਰੀਬ ਨੂੰ ਨਾ ਹੁੰਦਾ ਪੋਹ ਦੀ ਚਾਨਣੀ ਦਾ ਚਾਅ ਜੀ।

# ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ

## ਖਾਲਸਾ ਪੰਥ

**ਸਿੱਖ ਕੌਮ ਨੂੰ ਦਰਪੇਸ਼ ਚੁਣੌਤੀਆਂ ਦੀ ਗੱਲ ਵਾਰ ਵਾਰ ਹੁੰਦੀ ਆਈ ਹੈ। ਇਨ੍ਹਾਂ ਵਿਚੋਂ ਕਈ ਚੁਣੌਤੀਆਂ ਅੰਦਰਲੀਆਂ ਹਨ ਅਤੇ ਕੁਝ ਬਾਹਰੀ। ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਪੰਜਾਬ ਦੇ ਸਿੱਖਾਂ ਨੇ ਦੁੱਖ ਵੀ ਬਥੇਰਾ ਝੱਲਿਆ ਹੈ। ਪ੍ਰੋ. ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ ਵਿਚ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਮੁਖੀ ਰਹੇ ਹਨ ਅਤੇ ਸਿੱਖ ਸਿਆਸਤ ਨਾਲ ਨੇੜਿਓਂ ਵਾਬਸਤਾ ਰਹੇ ਹਨ। ਉਹ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਵੀ ਨੇੜੇ ਰਹੇ ਹਨ। ਇਸ ਲੇਖ ਵਿਚ ਉਨ੍ਹਾਂ ਸਿੱਖਾਂ ਨੂੰ ਦਰਪੇਸ਼ ਅਸਲ ਚੁਣੌਤੀਆਂ ਦੀ ਗੱਲ ਕੀਤੀ ਹੈ। ਇਹ ਪਰਚਾ ਉਨ੍ਹਾਂ 23 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਸਿਮਰਤੀ ਸਮਾਰੋਹ ਵਿਚ ਪੜ੍ਹਿਆ ਹੈ। ਅਸੀਂ ਇਹ ਪਰਚਾ ਪਾਠਕਾਂ ਦੀ ਦਿਲਚਸਪੀ ਲਈ ਕਿਸ਼ਤਾਂ ਵਿਚ ਛਾਪ ਰਹੇ ਹਾਂ। ਇਸ ਲੇਖ ਪ੍ਰਤੀ ਪਾਠਕਾਂ ਦੇ ਪ੍ਰਤੀਕ੍ਰਮ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ**

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

ਸਮਕਾਲੀ-ਸਰੋਕਾਰਾਂ ਨੂੰ ਮੈਂ ਵਰਤਮਾਨ ਦੇ ਸਰੋਕਾਰਾਂ ਦੇ ਅਰਥਾਂ ਵਿਚ ਲੈ ਰਿਹਾ ਹਾਂ। ਵੇਖਣਾ ਇਹ ਹੈ ਕਿ ਕੇਂਦਰ ਵਿਚ ਕੀ ਹੈ ਅਤੇ ਹਾਸ਼ੀਏ 'ਤੇ ਕੀ ਚਲਾ ਗਿਆ ਹੈ। ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕੇਂਦਰੀ-ਸਰੋਕਾਰ ਅਤੇ ਹਾਸ਼ੀਆ-ਸਰੋਕਾਰ ਇਕ ਦੂਜੇ ਦੀ ਥਾਂ ਖੋਹਣ ਦੀ ਕੋਸਿਸ ਕਿਉਂ ਕਰਦੇ ਹਨ? ਇਥੇ ਇਹ ਮੰਨ ਕੇ ਤੁਰਿਆ ਜਾ ਰਿਹਾ ਹੈ ਕਿ ਕਿਸੇ ਵੀ ਧਰਮ ਦੇ ਵਰਤਮਾਨ-ਸਰੋਕਾਰਾਂ ਨੂੰ ਕੇਂਦਰ ਵਿਚ ਹੋਣਾ ਚਾਹੀਦਾ ਹੈ ਅਤੇ ਉਸੇ ਧਰਮ ਦੇ ਭੂਤ-ਸਰੋਕਾਰ ਅਤੇ ਭਵਿਖ-ਸਰੋਕਾਰ, ਹਾਸ਼ੀਏ ਤੇ ਹੋਣੇ ਚਾਹੀਦੇ

**ਪ੍ਰੋ. ਬਲਕਾਰ ਸਿੰਘ ਪਟਿਆਲਾ***

ਹਨ। ਜਦੋਂ ਇਹ ਪੋਜ਼ੀਸ਼ਨਾਂ ਬਦਲਦੀਆਂ ਹਨ ਤਾਂ ਨਤੀਜਿਆਂ ਵਿਚ ਬਦਲਾਓ ਆਉਣਾ ਕੁਦਰਤੀ ਹੀ ਹੈ। ਇਸ ਨਾਲ ਸੰਭਾਵਨਾ ਇਹ ਪੈਦਾ ਹੋ ਜਾਵੇਗੀ ਕਿ ਕੇਂਦਰੀ-ਸਰੋਕਾਰਾਂ ਦੇ ਹਵਾਲੇ ਨਾਲ ਹਾਸ਼ੀਆ-ਸਰੋਕਾਰਾਂ ਨੂੰ ਮਾਨਵ-ਸ਼ੋਸ਼ਣ ਲਈ ਵਰਤਿਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ ਗੁਰਮਤਿ ਵਿਚ ਬਾਣੀ ਅਤੇ ਬਾਣੀ ਦੀ ਰੋਸ਼ਨੀ ਵਿਚ ਪੈਦਾ ਹੋਏ ਸਰੋਕਾਰ ਕੇਂਦਰ ਵਿਚ ਹਨ ਅਤੇ ਇਤਿਹਾਸ ਅਤੇ ਇਸ ਨਾਲ ਜੁੜੀ ਹੋਈ ਸਿਆਸਤ ਹਾਸ਼ੀਏ 'ਤੇ ਹੈ। ਅੱਜ ਇਸ ਨਾਲੋਂ ਉਲਟ ਹੋ ਗਿਆ ਹੈ ਅਤੇ ਇਸ ਦੇ ਵਾਰਸ ਵੰਗਾਰਾਂ ਦੇ ਜੰਗਲ ਵਿਚ ਗੁਆਚਣ ਵਾਲੇ ਰਾਹ ਪੈ ਗਏ ਹਨ। ਇਉਂ, ਸੱਚ ਨੂੰ ਮੁੱਦਿਆਂ ਦੀ ਸਿਆਸਤ ਵਿਚ ਉਲਝਾਉਣਾ ਹੈ ਅਤੇ ਇਸ ਨਾਲ ਸਮਕਾਲੀ ਸਿੱਖ-ਸਰੋਕਾਰ ਵੰਗਾਰੇ ਗਏ ਹਨ। ਇਹ ਸਥਿਤੀ ਜਦੋਂ ਕਿਸੇ ਵੀ ਧਰਮ-ਚਿੰਤਨ ਵਾਸਤੇ ਪੈਦਾ ਹੋ ਜਾਂਦੀ ਹੈ ਤਾਂ ਸਬੰਧਤ ਧਰਮ ਵਿਚ ਅਗਿਆਨ-ਕਲਪਿਤ ਬੰਧਨਾਂ ਅਤੇ ਭਰਮ-ਮੂਲਕ ਕਰਮਾਂ ਦਾ ਬੋਲਬਾਲਾ ਹੋ ਜਾਂਦਾ ਹੈ। ਇਸ ਨੂੰ ਵੰਗਾਰਾਂ ਦੀ ਜੜ੍ਹ ਸਮਝੋ ਅਤੇ ਇਥੇ ਹੀ ਸਿੱਖ-ਵਾਰਸ ਪਹੁੰਚੇ ਹੋਏ ਹਨ। ਇਹ ਸਥਿਤੀ ਵਿਰਾਸਤੀ-ਸਰੋਕਾਰਾਂ ਅਤੇ ਜੀਵੇ ਜਾ ਰਹੇ ਸਰੋਕਾਰਾਂ ਨੂੰ ਤਣਾਓ ਵਿਚ ਲੈ ਆਉਂਦੀ ਹੈ। ਵੰਗਾਰ ਇਹ ਹੋ ਗਈ ਹੈ ਕਿ ਗੁਰਮਤਿ ਦੇ ਵਾਰਸ ਗੁਰੂ ਕੇ ਬਖਸ਼ੇ ਹੋਏ ਗੁਰਮਤਿ-ਸਮੁੱਚ ਨੂੰ ਟੁਕੜਿਆਂ ਵਿਚ ਹੰਢਾਉਣ ਦੀ ਇਕਪਰਤੀ ਧਰਮ ਦੀ ਸਿਆਸਤ ਨਾਲ ਸੰਤੁਸ਼ਟ ਕਿਉਂ ਹੁੰਦੇ ਜਾ ਰਹੇ ਹਨ? ਮਿਸਾਲ ਦੇ ਤੌਰ 'ਤੇ ਪਹਿਲਾਂ ਤਾਂ ਸਿੱਖਾਂ ਦੀ ਹਾਲਤ (State of Sikhs) ਅਤੇ ਸਿੱਖਾਂ ਦੀ ਸਿਆਸਤ (Sikh-state) ਵਿਚ ਫਰਕ ਕਰ ਸਕਣ ਦਾ ਬਿਬੇਕ ਗੁਆਚਦਾ ਜਾ ਰਿਹਾ ਹੈ। ਇਹ ਇਕਪਰਤੀ ਸੁਰ ਕਿਸੇ ਵਕਤੀ ਸਿਆਸਤ ਦੀ ਪ੍ਰਧਾਨ-ਸੁਰ ਦੇ ਵਹਾਅ ਵਿਚ ਵਹਿ ਜਾਣਾ ਹੈ। ਇਸ ਕਿਸਮ ਦੇ ਉਲਾਰ ਵਾਸਤੇ ਸਿੱਖ ਧਰਮ ਵਿਚ ਆਗਿਆ ਨਹੀਂ ਹੈ। ਜਿਸ ਪ੍ਰਧਾਨ-ਸੁਰ ਵਿਚੋਂ ਵਰਤਮਾਨ-ਸਰੋਕਾਰ ਗੁੰਮ ਹੋ ਜਾਣ ਤਾਂ ਉਸ ਦੀ ਹੋਣੀ "ਕਲਜੁਗਿ ਰਥੁ ਅਗਨਿ ਕਾ ਕੂੜ ਅਗੈ ਰਥਵਾਹੁ" ਵਰਗੀ ਹੋ ਜਾਂਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਸਮਕਾਲੀ-ਸਰੋਕਾਰ ਵਜੋਂ ਸਮਕਾਲੀ ਸਿੱਖ-ਮਾਨਸਿਕਤਾ ਵਿਚ, ਸਿਆਸਤ ਏਨੀ ਪ੍ਰਧਾਨ ਹੋ ਗਈ ਹੈ ਕਿ ਸਿਆਸਤਦਾਨ ਹੀ ਵਰਤਮਾਨ ਸਮੇਂ ਦਾ ਰੋਲ-ਮਾਡਲ ਹੋ ਗਿਆ ਹੈ, ਭਾਵੇਂ ਉਹ ਧਾਰਮਿਕ ਹੋਵੇ ਜਾਂ ਨਾ ਹੋਵੇ। ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਗੁਰਬਾਣੀ ਵਿਚ ਧਰਮ-ਵਿਹੂਣ ਮਾਨਵ ਨੂੰ ਰੋਲ-ਮਾਡਲ ਨਹੀਂ ਮੰਨਿਆ ਗਿਆ। ਕਲਜੁਗੀ-ਸਰੋਕਾਰਾਂ ਨਾਲ ਨਜਿਠਣ ਵਾਸਤੇ ਬਾਣੀ ਵਿਚ ਨਾਮ ਦੀ ਜੁਗਤਿ ਨੂੰ ਕਾਰਗਰ ਪ੍ਰਵਾਨ ਕੀਤਾ ਹੋਇਆ ਹੈ (ਕਲਿਜੁਗ ਮਹਿ ਇਕ ਨਾਮਿ ਉਧਾਰੁ/1138; ਜਿ ਨਾਮਿ ਲਾਗੈ ਸੋ ਮੁਕਤਿ ਹੋਵੈ ਗੁਰ ਬਿਨੁ ਨਾਮੁ ਨਾ ਪਾਵੈ ਕੋਈ/880)। ਭਗਤ ਰਵਿਦਾਸ ਨੇ ਏਸੇ ਪ੍ਰਸੰਗ ਵਿਚ "ਕਲਿ ਕੇਵਲ ਨਾਮ ਅਧਾਰ" ਕਿਹਾ ਹੈ ਅਤੇ ਭਾਈ ਗੁਰਦਾਸ ਨੇ "ਕਲਿਜੁਗਿ ਨਾਵੈ ਕੀ ਵਡਿਆਈ" ਕਹਿ ਕੇ ਇਸ ਦਾ ਸਮਰਥਨ ਕੀਤਾ ਹੋਇਆ ਹੈ। ਕੀ ਇਹ ਗੱਲ ਕਿਸੇ ਵੀ ਸਿੱਖ-ਸਿਆਸਤਦਾਨ ਨੂੰ ਸਮਝਾਈ ਜਾ ਸਕਦੀ ਹੈ? ਬਸ ਇਸੇ ਨੂੰ ਹੀ ਵੰਗਾਰ ਕਹਿ ਰਿਹਾ ਹਾਂ। ਵਾਧਾ ਇਹ ਕਿ 'ਨਾਮ' ਦੀ ਵੀ ਸਿਆਸਤ ਪੂਰੇ ਜੋਬਨ 'ਤੇ ਹੈ। ਗੁਰਬਾਣੀ ਅਨੁਸਾਰ ਵਰਤਮਾਨ ਦਾ ਪ੍ਰਥਮ ਸਮਕਾਲੀ-ਸਰੋਕਾਰ 'ਨਾਮ' ਹੋ ਗਿਆ ਹੈ। ਜਦੋਂ ਵੀ ਸਥਿਤੀ 'ਕਲੂ ਆਇਓ ਰੇ' ਦੀ ਹੋਵੇਗੀ, ਜਗਿਆਸੂ ਤੋਂ ਗੁਰਮਤਿ ਅਨੁਸਾਰ 'ਨਾਮ ਬੋਵਹੁ' ਦੀ ਆਸ ਕੀਤੀ ਜਾਵੇਗੀ। 'ਨਾਮ ਦੇਣ', 'ਨਾਮ-ਗਾਇਣ' ਅਤੇ 'ਨਾਮ ਲੈਣ' ਦੀ ਸੂਖਮ-ਅਧਿਆਤਮਕਤਾ (spiritual abstraction) ਵਜੋਂ ਜਿੰਨੀ ਦੁਰਵਰਤੋਂ ਇਸ ਵੇਲੇ ਹੋ ਰਹੀ ਹੈ, ਉਸ ਨੇ ਵਰਤਮਾਨ ਵਿਚ ਨਾਮ ਦੀ ਗੁਰਮਤਿ-ਵਿਧੀ ਬਾਰੇ ਬਹੁਤ ਸਾਰੀਆਂ ਵੰਗਾਰਾਂ ਪੈਦਾ ਕਰ ਦਿਤੀਆਂ ਹਨ। ਇਨ੍ਹਾਂ ਦਾ ਹੱਲ 'ਨਾਮ' ਦੇ ਪ੍ਰਸੰਗ-ਸਥਾਪਨ ਨਾਲ ਹੀ ਹੋ ਸਕਦਾ ਹੈ। ਨਾਮ ਨੂੰ, ਚਿੱਤ-ਵ੍ਰਿਤੀਆਂ ਦੀ ਇਕਾਗਰਤਾ ਵਾਸਤੇ ਸ਼ਬਦ-ਤਕਨਾਲੋਜੀ ਵਜੋਂ ਪ੍ਰਵਾਨ ਕਰਕੇ ਵੀ, ਨਾਮ ਨੂੰ ਅਜਿਹੀ ਸੂਖਮ ਅਤੇ ਅਨੁਭਵੀ-ਉਡਾਨ ਤਸਲੀਮ ਕਰ ਲਿਆ ਗਿਆ ਹੈ, ਜਿਹੜੀ ਆਮ ਆਦਮੀ ਦੀ ਪਕੜ ਵਿਚੋਂ ਨਿਕਲ ਕੇ, ਖਾਸ ਆਦਮੀ (ਮਹਾਂਪੁਰਸ਼) ਦਾ ਧਾਰਮਿਕ-ਹਥਿਆਰ ਹੋ ਗਈ ਹੈ। ਪਰ 'ਨਾਮ' ਨੂੰ ਧਰਮ ਦੇ ਮੂਲ ਸਮਕਾਲੀ-ਸਰੋਕਾਰ ਵਜੋਂ ਸਮਝਣ ਲਈ, ਬਾਣੀ ਦੀ ਅਗਵਾਈ ਵਿਚ ਨਿਰਣਾ ਪ੍ਰਾਪਤ ਹੈ ਅਤੇ ਵਰਤਮਾਨ-ਵਾਸਤੇ ਵੀ ਇਹੀ ਸਥਾਪਤ ਹੋ ਸਕਦਾ ਹੈ। 'ਨਾਮ' ਨਾਲ ਮਾਨਵ ਦਾ ਉਹੀ ਰਿਸ਼ਤਾ ਹੈ, ਜਿਹੜਾ ਮੱਛੀ ਦਾ ਪਾਣੀ ਨਾਲ ਹੈ। ਇਸ ਤਰ੍ਹਾਂ ਇਹ ਮਾਨਵ ਵਾਸਤੇ ਅਜਿਹੀ ਆਧਾਰ-ਜੁਗਤਿ (ਪ੍ਰਾਨ ਅਧਾਰੇ) ਹੋ ਗਈ ਹੈ, ਜਿਹੜੀ ਸਤਿਸੰਗਤ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ:

ਨਾਮ ਬਿਹੂਨਾ ਤਨੁ ਮਨੁ ਹੀਨਾ ਜਲ ਬਿਨੁ ਮਛੁਲੀ ਜਿਉ ਮਰੈ॥
ਮਿਲੁ ਮੇਰੇ ਪ੍ਰਾਨ ਅਧਾਰੇ ਗੁਣ ਸਾਧਸੰਗਿ ਮਿਲਿ ਗਾਵਏ॥80/2.1

ਜਿਹੜੀ ਚੀਜ਼ ਦੀ ਅਹਿਮੀਅਤ ਵਧ ਜਾਵੇ ਅਤੇ ਉਸ ਨੂੰ ਪ੍ਰਾਪਤ ਕਰਨਾ ਔਖਾ ਲਗਣ ਲੱਗ ਪਵੇ ਤਾਂ ਉਸ ਦੀ ਸਿਆਸਤ ਕਰਨੀ ਸੌਖੀ ਹੋ ਜਾਂਦੀ ਹੈ। ਨਾਮ-ਜੁਗਤਿ, ਸਿਮਰਨ-ਜੁਗਤਿ ਹੈ ਅਤੇ ਇਸ ਵਿਚੋਂ ਵਿਸ਼ੇਸ਼ ਲੋੜੀਂਦਾ ਵਿਅਕਤੀ ਅਰਥਾਤ ਵਿਚੋਲਾ ਮਨਫੀ ਹੈ। ਸੋ 'ਨਾਮ' ਮਾਧਿਅਮ ਹੈ ਸ਼ਬਦ-ਗੁਰੂ ਨਾਲ ਇਕਸੁਰ ਹੋ ਸਕਣ ਦਾ। ਕਹਿਣ ਦਾ ਭਾਵ ਇਹ ਹੈ ਕਿ ਸਿੱਖ ਅਧਿਆਤਮਿਕਤਾ ਦੇ ਸਮਕਾਲੀ-ਸਰੋਕਾਰਾਂ ਨੂੰ ਵਿਚਲਿਤ ਕਰਨ ਵਿਚ ਜੋ ਭੂਮਿਕਾ ਸਿੱਖ-ਸਿਆਸਤਦਾਨਾਂ ਨੇ ਨਿਭਾਈ ਹੈ ਅਤੇ ਨਿਭਾ ਵੀ ਰਹੇ ਹਨ, ਉਸ ਨੂੰ ਧਿਆਨ ਵਿਚ ਰਖੇ ਬਿਨਾਂ ਸਿੱਖੀ ਦੀ ਵਿਲਖਣ-ਧਰੋਹਰ ਸ਼ਬਦ-ਗੁਰੂ ਦੀ ਸਮਕਾਲੀਨਤਾ ਨੂੰ ਪੰਕਚਰ ਹੋਣ ਤੋਂ ਨਹੀਂ ਬਚਾਇਆ ਜਾ ਸਕਦਾ। ਸਿਆਸਤ ਨੂੰ ਸਮਕਾਲੀ-ਸਰੋਕਾਰ ਵਜੋਂ ਅਕਸਰ ਮੀਰੀ-ਪੀਰੀ ਦੇ ਪ੍ਰਸੰਗ ਰਾਹੀਂ ਸਮਝਣ ਨਾਲ ਸੰਤੁਸ਼ਟ ਹੋ ਜਾਣ ਦਾ ਸਿੱਖ-ਪ੍ਰਸੰਗ ਸਾਹਮਣੇ ਹੈ। ਸਿੱਖ ਧਰਮ ਦੀ ਕਿਸੇ ਵੀ ਸਿਧਾਂਤਕ ਪਰਤ ਨੂੰ ਜੇ ਗੁਰਬਾਣੀ ਦੀ ਰੋਸ਼ਨੀ ਵਿਚ ਸਥਾਪਤ ਨਹੀਂ ਕਰਦੇ ਤਾਂ ਨਤੀਜਿਆਂ ਦੇ ਘੜਮੱਸ ਦਾ ਸਾਹਮਣਾ ਪਹਿਲਾਂ ਵੀ ਕਰਨਾ ਪੈਂਦਾ ਰਿਹਾ ਹੈ ਅਤੇ ਅਗੋਂ ਵੀ ਕਰਨਾ ਪੈ ਸਕਦਾ ਹੈ। ਮੀਰੀ-ਪੀਰੀ ਦੀ ਅਗਵਾਈ ਵਿਚ ਜੋ ਕੁਝ ਸਿੱਖ-ਸਿਆਸਤਦਾਨਾਂ ਵਲੋਂ ਸਿਧਿਆਂ ਅਤੇ ਉਨ੍ਹਾਂ ਦੇ ਸਮਰਥਕਾਂ ਰਾਹੀਂ ਸਿੱਖੀ ਦੇ ਵਰਤਮਾਨ ਸਰੋਕਾਰ ਵਜੋਂ ਸਮਝ ਲਿਆ ਗਿਆ ਹੈ, ਇਹ ਗੁਰਮਤਿ ਨਾਲੋਂ ਸਾਮੀ ਧਰਮਾਂ ਵਿਚ ਪ੍ਰਾਪਤ ਰਾਜ-ਤੰਤ੍ਰ ਦੀ 'ਖਲੀਫਾ-ਬਾਦਸ਼ਾਹ' ਪਰਤ ਦੇ ਵਧੇਰੇ ਨੇੜੇ ਹੈ। ਇਸੇ ਨੂੰ ਧਾਰਮਿਕ-ਪ੍ਰਸੰਗ ਵਿਚ ਨਤੀਜਿਆਂ ਦੀ ਖੁਆਰੀ ਵਜੋਂ ਲਿਆ ਜਾ ਰਿਹਾ ਹੈ।

ਵੰਗਾਰਾਂ ਦੇ ਸਨਮੁਖ ਹੁੰਦਿਆਂ ਮੈਨੂੰ ਤਾਂ ਲਗਦਾ ਹੈ ਕਿ ਸਿਆਸਤ ਦੀ ਪ੍ਰਧਾਨਤਾ, ਸਿੱਖੀ ਨੂੰ ਜੇ ਪਹਿਲਾਂ ਕਦੇ ਰਾਸ ਹੀ ਨਹੀਂ ਆਈ ਤਾਂ ਸਮਕਾਲ ਵਿਚ ਕਿਵੇਂ ਆ ਸਕਦੀ ਹੈ? ਸ਼ਾਹ ਮੁਹੰਮਦ ਦੇ ਇਨ੍ਹਾਂ ਬੋਲਾਂ (ਅਜ ਹੋਵੇ ਸਰਕਾਰ ਤਾਂ ਮੁਲ ਪਾਵੇ ਜਿਹੜੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੇ) ਵਿਚੋਂ ਗ੍ਰੰਥ ਅਤੇ ਪੰਥ ਮਨਫੀ ਵੇਖੇ ਜਾ ਸਕਦੇ ਹਨ। ਕਾਰਨ ਇਹ ਹੈ ਕਿ ਸਿਆਸੀ-ਸੱਤਾ ਵਿਚ ਇਜਾਰੇਦਾਰੀ ਨਿਹਿਤ ਹੁੰਦੀ ਹੈ ਅਤੇ ਸਿੱਖੀ ਵਿਚ ਜ਼ਿੰਦਗੀ ਨਾਲ ਜੁੜੇ ਹੋਏ ਕਿਸੇ ਵੀ ਖੇਤਰ ਵਿਚ, ਕਿਸੇ ਕਿਸਮ ਦੀ ਇਜਾਰੇਦਾਰੀ ਨੂੰ ਮਾਨਤਾ ਦੇਣ ਦੀ ਆਗਿਆ ਨਹੀਂ ਹੈ। ਸਿਆਸਤ ਵਿਚ ਨਿਗੂਣੀ ਘਟ ਗਿਣਤੀ ਜਾਂ ਲੀਡਰਸ਼ਿਪ ਦੇ ਸਿਆਸੀ ਪੈਂਤੜਿਆਂ ਦੀ ਸਫਲਤਾ ਵਾਸਤੇ ਵਡੀ ਬਹੁਗਿਣਤੀ ਨੂੰ ਕੁਰਬਾਨੀ ਦੇਣ ਵਾਸਤੇ ਲਾਮਬੰਦ ਹੋਣਾ ਪੈਂਦਾ ਹੈ। ਇਸ ਵਾਸਤੇ ਪੀੜਤ ਹੋਣ ਦੇ ਹਾਲਾਤ ਵੀ ਪੈਦਾ ਕੀਤੇ ਜਾਂਦੇ ਹਨ ਅਤੇ ਪੀੜਤ ਹੋਣ ਦੀ ਚਾਟੇ ਵੀ ਲਾਇਆ ਜਾਂਦਾ ਹੈ। ਤਾਂ ਤੇ ਸਿਆਸਤ ਬਾਰੇ ਬਾਣੀ-ਨਿਰਦੇਸ਼ਨ ਵਾਸਤੇ 'ਵਾਰ ਮਲਾਰ ਕੀ ਮ. 1' ਵਿਚੋਂ ਗੁਰੂ ਅੰਗਦ ਦੇਵ ਜੀ ਦਾ ਇਹ ਸਲੋਕ ਅਗਵਾਈ ਕਰ ਸਕਦਾ ਹੈ:

ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ॥
ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥
ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ॥
ਨਾਨਕ ਗੁਰਮੁਖਿ ਜਾਣੀਐ ਕਲਿ ਕਾ ਏਹੁ ਨਿਆਉ॥1288

ਤਾਂ ਤੇ ਸੱਚ ਦੀ ਸਿਆਸਤ ਨੂੰ ਸਮਝਣ ਲਈ ਬਾਣੀ 'ਚੋਂ ਹਵਾਲਾ ਲੈ ਕੇ ਸਮਝਿਆ ਜਾ ਸਕਦਾ ਹੈ ਕਿ ਜਿਵੇਂ ਹਿਰਨ ਦੇ ਬੱਚੇ ਨੂੰ ਸਿਖਾ ਕੇ, ਸ਼ਿਕਾਰੀ ਲੋਕ ਹਿਰਨ ਨੂੰ ਫਸਾਉਂਦੇ ਸਨ, ਤਿਵੇਂ ਹੀ ਗਿੱਝੇ ਹੋਏ ਬਾਜ ਵਾਂਗ ਪੜ੍ਹੇ ਹੋਏ ਅਹਿਲਕਾਰ ਆਪਣੇ ਹੀ ਭਰਾਵਾਂ ਦਾ ਲਹੂ ਪੀਣ ਦੀ ਦਲਾਲੀ ਕਰ ਸਕਦੇ ਹਨ:

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥1288

ਵੰਗਾਰ, ਸਮਕਾਲ ਨੂੰ ਨਾਲ ਲੈ ਕੇ ਤੁਰਨ ਦੀ ਹੈ ਅਤੇ ਸਮਕਾਲ ਨਾਲ ਸੰਵਾਦ ਰਚਾਉਣਾ, ਗੁਰਬਾਣੀ ਦਾ ਮੂਲ ਸਰੋਕਾਰ ਹੈ। ਇਹ ਸਿਰ-ਜੋੜਨ ਦੀ ਵਿਲਖਣ ਵਿਧੀ ਹੈ ਕਿਉਂਕਿ ਇਸ ਨਾਲ ਇਹ ਪਤਾ ਲਗਦਾ ਹੈ ਕਿ ਕਿਸੇ ਦੂਜੇ ਦੇ ਹਿਰਦੇ ਵਿਚ ਕੀ ਹੈ? ਸੰਵਾਦ ਨੂੰ ਧਾਰਮਿਕ-ਲੋੜ ਤਕ ਨਹੀਂ ਸੰਗੋੜਿਆ ਜਾ ਸਕਦਾ ਕਿਉਂਕਿ ਇਹ ਸੰਵਾਦ ਦੀ ਸਿਆਸਤ ਹੋਵੇਗੀ। ਸੰਵਾਦ ਆਪਣੇ ਸੁਭਾ ਅਤੇ ਪ੍ਰਗਟਾਵੇ ਵਿਚ ਅਧਿਆਤਮਕ-ਜੁਗਤਿ ਹੈ। ਇਹ ਸੀਮਾਵਾਂ ਸਿਰਜਦੀ ਨਹੀਂ ਸੀਮਾਵਾਂ ਨੂੰ ਛੜਪਦੀ ਹੈ। ਏਸੇ ਲਈ ਇਹ "ਕਿਛੁ ਸੁਣੀਐ ਕਿਛੁ ਕਹੀਐ" ਹੈ। ਸਿੱਖ ਧਰਮ ਦਾ ਸਿਧਾਂਤਕ-ਸ੍ਰੋਤ ਬਾਣੀ ਹੈ ਅਤੇ ਬਾਣੀ ਦੀ ਧਰੋਹਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸੰਤਾਂ-ਭਗਤਾਂ (1173-1608) ਦੀ ਬਾਣੀ, ਸੰਵਾਦ ਵਾਸਤੇ ਲੋੜੀਂਦੀ ਸਿਰ ਜੋੜਨ ਵਾਲੀ ਆਧਾਰ-ਜੁਗਤਿ ਦਾ ਸ੍ਰੋਤ-ਆਧਾਰ ਹੀ ਤਾਂ ਹੈ। ਇਸ ਆਧਾਰ-ਜੁਗਤਿ ਦਾ ਪ੍ਰਗਟਾਵਾ ਮੁੰਦਾਵਣੀ ਵਿਚ ਇਸ ਤਰ੍ਹਾਂ ਪ੍ਰਾਪਤ ਹੈ:

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ
ਤਿਸ ਕਾ ਹੋਇ ਉਧਾਰੋ॥
ਏਹ ਵਸਤੁ ਤਜੀ ਨਹ ਜਾਈ
ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ
ਸਭੁ ਨਾਨਕ ਬ੍ਰਹਮ ਪਸਾਰੋ॥ 5/1429

ਮੈਨੂੰ ਇਸ ਅਹਿਸਾਸ ਤੇ ਫਖਰ ਹੈ ਕਿ ਮਟਕ ਨਾਲ ਜਿਉਣ ਦੇ ਚਾਅ ਵਾਲਿਆਂ ਕੌਮਾਂ ਲਈ ਵੰਗਾਰ-ਮੁਕਤ ਸਮਾਂ ਸੁਪਨਾ ਤਾਂ ਹੋ ਸਕਦੈ ਪਰ ਅਸਲੀਅਤ ਨਹੀਂ ਹੋ ਸਕਦਾ। ਏਸੇ ਲਈ ਸਿੱਖੀ ਵਿਚੋਂ 'ਸਤਿਯੁਗ' ਵਰਗਾ ਧਾਰਮਿਕ-ਲਾਰਾ ਮਨਫੀ ਹੈ। ਵੰਗਾਰ-ਮੁਕਤ ਸੁਪਨੇ ਦੀਆਂ ਜੜ੍ਹਾਂ ਬੀਤ ਗਏ ਦੇ ਉਦਰੇਵੇਂ ਅਤੇ ਭਵਿਖ ਦੇ ਲਾਰੇ ਵਿਚ ਹੀ ਸੰਭਵ ਹੋ ਸਕਦੀਆਂ ਹਨ। ਵੰਗਾਰਾਂ ਦੇ ਕਿਸੇ ਵੀ ਰੰਗ ਦਾ ਸਬੰਧ ਵਰਤਮਾਨ ਨਾਲ ਹੀ ਹੁੰਦਾ ਹੈ। ਏਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਵਰਤਮਾਨ ਦੀ ਗੱਲ ਕੀਤੀ ਜਾ ਰਹੀ ਹੈ ਕਿਉਂ ਸਿੱਖਾਂ ਦੀ ਕਿੰਤੂ-ਮੁਕਤ ਸੰਸਥਾ ਅਕਾਲ ਤਖਤ ਸਾਹਿਬ ਨੂੰ ਹੀ ਕਿਹਾ ਜਾ ਸਕਦਾ ਹੈ। ਅਕਾਲ ਤਖਤ ਸਾਹਿਬ ਨੂੰ ਬਾਵਜੂਦ ਵੰਗਾਰਾਂ ਦੇ, ਸਿਧਾਂਤ ਰੂਪ ਵਿਚ ਪੰਥਕ-ਮਾਨਤਾ ਪ੍ਰਾਪਤ ਹੈ। ਇਹੀ ਗ੍ਰੰਥ ਅਤੇ ਪੰਥ ਦਾ ਸਿਧਾਂਤ ਹੈ।

### ਅਕਾਲ ਤਖਤ ਤੇ ਸਿੱਖ ਸਿਆਸਤ

ਕਾਫੀ ਦੇਰ ਤੋਂ ਸਿੱਖ-ਸਿਆਸਤ ਅਜਿਹੇ ਸਿਆਸੀ-ਪੈਂਤੜਿਆਂ ਦੀ ਸ਼ਿਕਾਰ ਹੋ ਗਈ ਹੈ ਕਿ ਸਿੱਖ-ਸਿਆਸਤ ਦਾ ਹਰ ਧੜਾ, ਅਕਾਲ ਤਖਤ ਦੀ ਆੜ ਵਿਚ, ਕੋਈ ਨਾ ਕੋਈ ਸਿਆਸੀ-ਸ਼ਿਕਾਰ ਕਰਨ ਲਈ ਘਾਤ ਲਾਈ ਬੈਠਾ ਹੈ। ਇਸ ਕਿਸਮ ਦੇ ਸਿਆਸੀ-ਪੈਂਤੜਿਆਂ ਵਿਚ ਕੁਝ ਵੀ ਗੁਰਮਤਿ ਮੁਤਾਬਿਕ ਨਜ਼ਰ ਨਹੀਂ ਆਉਂਦਾ? ਪਹਿਲਾਂ ਤਾਂ ਧੜੇ ਵਿਚ ਖਲੋ ਕੇ ਗੱਲ ਕਰਨਾ, ਫਿਰ ਤਖਤ ਦੀ ਬਦਨੀਤੀ ਨਾਲ ਆੜ ਲੈਣਾ ਅਤੇ ਆਪਣੀ ਪੀੜ੍ਹੀ ਹੇਠ ਸੋਟਾ ਮਾਰੇ ਬਗੈਰ ਹੀ ਵਿਅਕਤੀ ਦੇ ਸੱਚ ਨੂੰ ਪੰਥਕ ਸੱਚ ਐਲਾਨਣ ਦੀ ਵਧੀਕੀ ਕਰਨ ਨੂੰ ਸਿੱਖ-ਸਿਆਸਤ ਸਮਝ ਲਿਆ ਗਿਆ ਹੈ? ਕਿਉਂਕਿ ਇਹ ਸਾਰੇ ਸਵਾਲ ਗਲਤ ਹਨ, ਇਸ ਲਈ ਇਨ੍ਹਾਂ ਦੇ ਠੀਕ ਜੁਆਬਾਂ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਸੋ ਮੂਲ ਮਸਲਾ ਜਾਂ ਵੰਗਾਰ ਇਹ ਹੈ ਕਿ ਅਕਾਲ ਤਖਤ ਦੀ ਜਥੇਦਾਰੀ ਦੀ ਸੰਸਥਾ ਨੂੰ ਅਪਹਰਣ ਦੀਆਂ ਸੰਭਾਵਨਾਵਾਂ ਤੋਂ ਕਿਵੇਂ ਬਚਾਇਆ ਜਾਵੇ? ਕਿਉਂਕਿ ਇਹ ਸਿਆਸਤ ਕਰਕੇ ਵਾਪਰਿਆ ਹੈ, ਇਸ ਲਈ ਸਿਆਸਤਦਾਨਾਂ ਦੇ ਸਹਿਯੋਗ ਨਾਲ ਤਾਂ ਕਥਿਤ ਬਚਾਉ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਹੈ ਕਿ ਜਥੇਦਾਰੀ ਦੀ ਸੰਸਥਾ ਨੂੰ ਜੋ ਮਾਨਤਾ ਸਿੱਖ-ਮਾਨਸਿਕਤਾ ਵਲੋਂ ਸੁਤੇ ਹੀ ਪ੍ਰਾਪਤ ਹੈ, ਓਸੇ ਦਾ ਸਿਆਸੀ ਲਾਹਾ ਸਿੱਖ ਸਿਆਸਤਦਾਨ ਲੈਂਦੇ ਹਨ। ਇਹ ਆਪਣੇ ਆਪ ਵਿਚ ਪੰਥਕ-ਵੰਗਾਰ ਹੀ ਤਾਂ ਹੈ।

ਸਿਆਸਤ ਦੇ ਬੋਲ-ਬਾਲੇ ਵਾਲੀ ਮੌਜੂਦਾ ਸਥਿਤੀ ਵਿਚ ਇਸ ਨੂੰ ਰੋਕ ਸਕਣਾ ਅਸੰਭਵ ਹੋਇਆ ਪਿਆ ਹੈ। ਇਸ ਦੇ ਬਹੁਤ ਸਾਰੇ ਕਾਰਨਾਂ ਵਿਚੋਂ ਤੁਰਤ ਕਾਰਨ ਇਹ ਮੰਨਿਆ ਜਾ ਸਕਦਾ ਹੈ ਕਿ ਅਕਾਲ ਤਖਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਲ, ਪਰਸਪਰ ਸਹਿਯੋਗੀ ਸੰਸਥਾਵਾਂ ਹੋਣ ਦੇ ਬਾਵਜੂਦ, ਸੁਤੰਤਰ ਸੰਸਥਾਵਾਂ ਹਨ। ਇਨ੍ਹਾਂ ਦੀਆਂ ਸੀਮਾ-ਰੇਖਾਵਾਂ ਵੀ ਮੌਜੂਦ ਹਨ ਪਰ ਸਿਆਸੀ ਗਰਜ਼ਾਂ ਲਈ ਸਿਆਸਤਦਾਨ ਇਹ ਸੀਮਾ-ਰੇਖਾਵਾਂ ਮਿਟਾਉਣ ਵਿਚ ਸਫਲ ਹੋ ਗਏ ਹਨ। ਨਤੀਜਾ ਇਹ ਹੋ ਗਈ ਹੈ ਕਿ ਇਸ ਵਧੀਕੀ ਦੀ ਸਿਆਸਤ ਨੂੰ ਮੀਰੀ-ਪੀਰੀ ਦੀ ਨਿਰੰਤਰਤਾ ਵਿਚ ਕੀਤੀ ਜਾ ਰਹੀ ਪੰਥਕ-ਸਿਆਸਤ ਐਲਾਨਿਆ ਜਾ ਰਿਹਾ ਹੈ। ਹਾਲਾਂਕਿ ਉਪਰ ਦਸੀਆਂ ਗਈਆਂ ਸੀਮਾਂਵਾਂ, ਸਿੱਖ ਸਿਧਾਂਤਾਂ ਦੇ ਅੰਤਰਗਤ ਹੀ ਮਿਥੀਆਂ ਗਈਆਂ ਸਨ। ਮੇਰਾ ਵਿਸ਼ਵਾਸ ਹੈ ਕਿ ਇਸ ਬਾਰੇ ਕਿਸੇ ਵੀ ਚੇਤੰਨ-ਸਿੱਖ ਨੂੰ ਕੋਈ ਭੁਲੇਖਾ ਵੀ ਨਹੀਂ ਹੈ ਪਰ ਏਨਾ ਤਾਂ ਸਪਸ਼ਟ ਹੈ ਕਿ ਇਨ੍ਹਾਂ ਤਿੰਨਾਂ ਸੰਸਥਾਵਾਂ ਦਾ ਕਰਮ-ਖੇਤਰ ਸੁਤੰਤਰ ਰੂਪ ਵਿਚ ਨਿਸ਼ਚਿਤ ਵੀ ਹੈ ਅਤੇ ਏਸੇ ਲਈ ਇਕ ਦੂਜੇ ਦੀਆਂ ਪਰਸਪਰ-ਸਹਿਯੋਗ-ਸੰਸਥਾਵਾਂ ਹੋਣ ਦੇ ਬਾਵਜੂਦ, ਇਹ ਤਿੰਨੇ ਵਖਰੀਆਂ-ਵਖਰੀਆਂ ਵੀ ਹਨ। ਅਕਾਲੀ ਦਲ ਨੂੰ ਕਿਉਂਕਿ ਦੇਸ਼ ਦੀ ਧਰਮ ਨਿਰਪੇਖ ਸਿਆਸਤ ਦੇ ਬੰਧਨ ਵਿਚ ਹੀ ਚਲਾਇਆ ਜਾ ਸਕਦਾ ਹੈ, ਇਸ ਲਈ ਇਸ ਨੂੰ ਜਿੰਨੀ ਛੇਤੀ ਪੰਥਕ-ਬੰਧਨਾਂ ਦੀ ਕਥਿਤ ਪਾਬੰਦੀ ਤੋਂ ਮੁਕਤ ਕਰ ਦਿਤਾ ਜਾਵੇ, ਚੰਗਾ ਹੀ ਹੈ? ਅਕਾਲੀ ਦਲ ਨੂੰ ਪੰਥਕ ਰਖਣ ਦੀ ਬਹੁਤ ਕੀਮਤ ਦਿਤੀ ਜਾ ਚੁਕੀ ਹੈ। ਜਿਸ ਸਿਆਸੀ ਪਾਰਟੀ ਨੂੰ ਗੈਰ-ਸਿੱਖ ਵੋਟਰਾਂ ਵਲ ਵੇਖਣਾ ਪਵੇ, ਉਸ ਨੂੰ ਪੰਥਕ ਕਿਵੇਂ ਰਖਿਆ ਜਾ ਸਕਦਾ ਹੈ? ਬਾਕੀ ਦੋਵੇਂ ਸੰਸਥਾਵਾਂ ਕਿਵੇਂ ਵੀ ਅਪੰਥਕ ਹੋ ਹੀ ਨਹੀਂ ਸਕਦੀਆਂ। ਅਕਾਲੀ ਦਲ ਦੇ ਪੰਥਕ ਹੋਣ ਦੇ ਨੁਕਸਾਨਾਂ ਦਾ ਪਲੜਾ ਬਹੁਤ ਭਾਰੀ ਹੈ? ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਅਕਾਲੀ ਸਿਆਸਤ ਦਾ ਹਿਤ ਪਾਲਣ ਲਈ, ਸ਼੍ਰੋਮਣੀ ਕਮੇਟੀ, ਕਾਬਜ਼ ਅਕਾਲੀ ਧੜੇ ਦਾ ਹਿੱਸਾ ਹੋ ਜਾਣ ਦੀ ਮਜਬੂਰੀ ਹੰਢਾਉਂਦੀ ਰਹੀ ਹੈ ਅਤੇ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਮੁਤਾਬਿਕ ਚਲਣ ਲਈ ਮਜਬੂਰ ਹੋਣਾ ਪੈਂਦਾ ਰਿਹਾ ਹੈ। ਸਿਆਸਤਦਾਨਾਂ ਮੁਤਾਬਿਕ ਧਾਰਮਿਕ-ਆਗੂਆਂ ਦੇ ਨਾ ਚਲਣ ਦੀ ਹਾਲਤ ਵਿਚ ਜੋ ਕੁਝ ਹੋ ਸਕਦਾ ਹੈ, ਉਸੇ ਸਮਸਿਆ ਦੇ ਸਾਰੇ ਸਿੱਖ ਸਨਮੁਖ ਹਨ ਅਤੇ ਏਸੇ ਨੂੰ ਇਥੇ ਵੰਗਾਰ ਕਿਹਾ ਜਾ ਰਿਹਾ ਹੈ।

ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ-ਸਿਆਸਤਦਾਨਾਂ ਦੀ ਦਿਲਚਸਪੀ ਪੰਥਕ ਹੱਲ ਲਭੇ ਜਾਣ ਵਿਚ ਵੀ ਨਜ਼ਰ ਨਹੀਂ ਆਉਂਦੀ? ਉਨ੍ਹਾਂ ਦਾ ਸਾਰਾ ਜੋਰ ਇਸ ਗੱਲ 'ਤੇ ਲਗਿਆ ਹੋਇਆ ਹੈ ਕਿ ਵਿਰੋਧੀ ਧੜੇ ਨੂੰ ਮਾਤ ਦੇਣ ਦੀ ਸਿਆਸਤ ਵਾਸਤੇ, ਅਕਾਲ ਤਖਤ ਦੀ ਸੰਸਥਾ ਨੂੰ ਕਿਵੇਂ ਵਰਤਿਆ ਜਾਵੇ? ਏਸੇ ਲਈ ਉਨ੍ਹਾਂ ਦੀ ਮਰਜ਼ੀ ਦੇ ਉਲਟ ਕੀਤਾ ਹੋਇਆ ਕੋਈ ਵੀ ਫੈਸਲਾ, ਉਨ੍ਹਾਂ ਨੂੰ ਕਤਈ ਮਨਜ਼ੂਰ ਨਹੀਂ ਹੋਵੇਗਾ। ਧਰਮ-ਨਿਰਪੇਖ ਅਤੇ ਲੋਕ-ਤੰਤ੍ਰਿਕ ਵਰਤਮਾਨ ਵਰਤਾਰੇ ਵਿਚ ਪੰਥਕ-ਫੈਸਲਾ ਮੰਨਵਾਏ ਜਾਣ ਦਾ ਕਿੰਤੂ-ਮੁਕਤ ਤਰੀਕਾ ਸੰਭਵ ਹੀ ਨਹੀਂ ਹੈ। ਇਹ ਕਿਸੇ ਮਜਬੂਰੀ ਜਾਂ ਭੁਲੇਖੇ ਕਰਕੇ ਨਹੀਂ ਹੈ, ਸਗੋਂ ਇਸ ਕਰਕੇ ਹੈ ਕਿ ਜਥੇਦਾਰੀ ਦੀ ਸੰਸਥਾ, ਉਸ ਤਰ੍ਹਾਂ ਕੋਈ ਅਧਿਕਾਰਤ ਜਾਂ ਅਧਿਕਾਰਯੁਕਤ ਸੰਸਥਾ ਹੀ ਨਹੀਂ ਹੈ, ਜਿਵੇਂ ਕਿਸੇ ਕਨੂੰਨੀ ਜਾਂ ਸੰਵਿਧਾਨਕ-ਪਦਵੀ ਜਾਂ ਸੰਵਿਧਾਨਕ-ਸੰਸਥਾ ਹੋ ਸਕਦੀ ਹੈ। ਏਸੇ ਲਈ ਇਸ ਪਦਵੀ ਨੂੰ ਜੇ ਪਦਵੀ ਕਿਹਾ ਵੀ ਜਾਵੇ ਤਾਂ ਵੀ ਇਹ ਪੰਥਕ ਪ੍ਰਸੰਗ ਵਿਚ, ਕਿਸੇ ਸਥਾਪਤ ਬਾਡੀ ਵਲੋਂ ਦਿਤੇ ਹੋਏ ਜਾਂ ਸੌਂਪੇ ਹੋਏ ਅਧਿਕਾਰਾਂ ਦੀ ਸੀਮਾਂ ਵਿਚ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਇਉਂ ਇਹ ਸੰਸਥਾ ਨੈਤਿਕਤਾ ਦੇ ਘੇਰੇ ਵਿਚ ਵਧ ਤੋਂ ਵਧ ਕਰਤਵ-ਮੂਲਕ-ਸੰਸਥਾ ਹੀ ਕਹੀ ਜਾ ਸਕਦੀ ਹੈ। ਇਸ ਜ਼ਿੰਮੇਵਾਰੀ ਨੂੰ, ਅਪੰਥਕ ਨੂੰ ਪੰਥਕ ਬਣਾਉਣ ਦੀ ਮਜਬੂਰੀ ਵਿਚ ਉਲਝਾਉਣ ਦੀ ਥਾਂ, ਪੰਥਕ ਨੂੰ ਪੰਥਕ-ਤਾਜ਼ਗੀ ਨਾਲ ਜੋੜੀ ਰਖਣ ਵਲ ਤੋਰਨਾ ਚਾਹੀਦਾ ਹੈ। ਪੰਥਕ ਤਾਂ ਕਿਸੇ ਵੀ ਸਿਆਸੀ ਪਾਰਟੀ ਵਿਚ ਰਹਿ ਕੇ ਹੋਇਆ ਜਾ ਸਕਦਾ ਹੈ। ਭਾਰਤ ਦਾ ਵਿਧਾਨ ਇਸ ਦੀ ਆਗਿਆ ਵੀ ਦੇਂਦਾ ਹੈ। ਬਹੁਤ ਸਾਰੇ ਸਿੱਖ-ਸਿਆਸਤਦਾਨਾਂ ਨੇ ਇਸ ਪਾਸੇ ਕੋਸ਼ਿਸ਼ ਕੀਤੀ ਵੀ ਹੈ, ਕਰ ਵੀ ਰਹੇ ਹਨ ਅਤੇ ਕਰਦੇ ਰਹਿਣ ਦੀ ਸੰਭਾਵਨਾ ਵੀ ਹੈ। ਅਕਾਲੀ ਸਿਆਸਤਦਾਨ ਨੂੰ ਇਹ ਰਾਹ ਬੰਦ ਕਰਨ ਵਿਚ ਤੁਰਤ-ਲਾਹਾ ਨਜ਼ਰ ਆਉਂਦਾ ਹੈ ਅਤੇ ਇਹ ਲਾਹਾ ਲੈਣ ਵਿਚ ਉਹ ਕਾਫੀ ਹੱਦ ਤਕ ਸਫਲ ਵੀ ਹੋ ਗਏ ਹਨ। ਇਹ ਰਾਹ ਖੁਲ੍ਹਾ ਰੱਖਣ ਦੀ ਬਹੁਤ ਲੋੜ ਹੈ ਅਤੇ ਅਜਿਹਾ ਕਰਨ ਲਈ, ਜਥੇਦਾਰੀ ਦੀ ਸੰਸਥਾ ਨੂੰ, ਧੜਿਆਂ ਨਾਲ ਧੜਾ ਹੋਣ ਤੋਂ ਗੁਰੇਜ਼ ਜਾਂ ਇਨਕਾਰ ਕਰਕੇ, ਪੰਥਕ-ਰੰਗ ਵਿਚ ਵਿਚਰਨ ਦਾ ਪ੍ਰਗਟਾਵਾ ਕਰਨਾ ਪਵੇਗਾ? ਜਿਸ ਕਿਸਮ ਦੀ ਇਸ ਪਾਸੇ ਕੋਸ਼ਿਸ਼ ਕੀਤੀ ਜਾ ਸਕਦੀ ਹੈ ਅਤੇ ਓਸੇ ਨੂੰ ਇਥੇ ਪੰਥਕ-ਨੈਤਿਕਤਾ ਕਿਹਾ ਜਾ ਰਿਹਾ ਹੈ। ਇਹੋ ਜਿਹੀ ਚੇਤਨਾ ਤੋਂ ਮਹਿਰੂਮ 'ਜਥੇਦਾਰਾਂ' ਨੇ, ਪੰਥਕ ਹੋਣ ਦੀ ਅਸਮਰਥਾ ਨੂੰ, ਸਿਆਸੀ ਹੋਣ ਦੀ ਸੌਖ ਨਾਲ ਸਰਚਾਉਣ ਦੀਆਂ ਕੋਸ਼ਿਸ਼ਾਂ ਲਗਾਤਾਰ ਕੀਤੀਆਂ ਹਨ। ਏਸੇ ਲਈ ਅਕਾਲ ਤਖਤ ਦੀ ਸੰਸਥਾ ਦਾ ਉਹ ਸੁਤੰਤਰ-ਸਥਾਪਨ ਨਹੀਂ ਹੋ ਸਕਿਆ, ਜੋ ਅਸਲ ਸੀ ਅਤੇ ਜਿਸਦੀ ਬਹੁਤ ਲੋੜ ਸੀ ਤੇ ਹੈ ਵੀ। ਇਸ ਸਥਿਤੀ ਵਾਸਤੇ ਸਿੱਖ-ਸਿਆਸਤਦਾਨਾਂ ਨੂੰ ਹੀ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

### ਸਿੱਖ ਲੀਡਰਸ਼ਿਪ

ਦੁਨੀਆਂ ਵਿਚ ਜੋ ਭੂਮਿਕਾ ਸਿੱਖ ਧਰਮ ਚਿੰਤਨ ਨੂੰ ਨਿਭਾਉਣੀ ਚਾਹੀਦੀ ਸੀ, ਉਹ ਕਈ ਹੋਰ ਕਾਰਨਾਂ ਕਰਕੇ ਵੀ ਅਤੇ ਇਸ ਕਰਕੇ ਵੀ ਨਹੀਂ ਨਿਭਾਈ ਜਾ ਸਕੀ ਕਿ ਅਸਮਰਥਾ ਨੂੰ ਸਮਰਥਾ ਸਮਝ ਲੈਣ ਦੇ ਭਰਮ ਨੇ ਸਿੱਖ-ਰੋਲ-ਮਾਡਲ ਦਾ ਵਰਤਮਾਨ ਤਾਂ ਗੁਆ ਹੀ ਲਿਆ ਹੈ। ਇਸ ਵਿਚ ਵਾਧਾ ਇਹ ਹੋ ਗਿਆ ਹੈ ਕਿ ਸਿੱਖ-ਲੀਡਰਸ਼ਿਪ ਦੀ ਸੰਤੁਸ਼ਟੀ ਨਾਲ ਆਮ ਸਿੱਖ ਨੂੰ ਸੰਤੁਸ਼ਟ ਹੋਣ ਦੀ ਮਜਬੂਰੀ ਹੰਢਾਉਣੀ ਪੈ ਰਹੀ ਹੈ। ਇਹ ਗਿਆਨ ਅਤੇ ਬਿਬੇਕ ਵਲ ਪਿੱਠ ਹੋ ਜਾਣ ਕਰਕੇ ਵੀ ਵਾਪਰਿਆ ਹੈ। ਇਸ ਉਤੇ ਪਹਿਰਾ ਦੇਣ ਅਤੇ ਪਹਿਰਾ ਦੁਆਉਣ ਦੀ ਭੂਮਿਕਾ ਦਾ ਬਿਰਦ, ਅਕਾਲ ਤਖਤ ਵਲੋਂ ਪਾਲੇ ਜਾਣ ਦੇ ਰਸਤੇ ਬੰਦ ਹੋ ਗਏ ਜਾਪਦੇ ਹਨ। ਇਕ ਪ੍ਰਤੀਸ਼ਤ ਤੋਂ ਵੀ ਘਟ ਸਿੱਖ ਸਿਆਸਤ ਵਿਚ ਹਨ। ਵਡੀ ਬਹੁਗਿਣਤੀ ਦੀ ਕੁਰਬਾਨੀ, ਅਲਪ ਸੰਖਿਅਕ ਸਿਆਸਤਦਾਨਾਂ ਲਈ ਕਿਉਂ ਦਿਤੀ ਜਾ ਰਹੀ ਹੈ? ਇਸ ਬਾਰੇ ਸੋਚਣ ਦੀ ਵਿਹਲ ਜਾਂ ਹਿੰਮਤ ਕਿਸ ਕੋਲ ਹੈ? ਵਿਰੋਧ ਵਾਸਤੇ ਵਿਰੋਧ ਦੀ ਸਿਆਸਤ

ਦਾ ਜਜ਼ਬਾਤੀ-ਉਲਾਰ ਆਪਣੇ ਆਪ ਵਿਚ ਸਮਸਿਆ ਹੈ। ਸਿਆਸੀ-ਮਾਇਆਜਾਲ ਨਾਲ ਪੈਦਾ ਹੋਣ ਵਾਲੀਆਂ ਸੰਭਾਵਨਾਵਾਂ ਨਾਲ ਤਾਂ ਸਿੱਖੀ ਦੀ ਇਕਸੁਰਤਾ ਦੇ ਕਿਸੇ ਕਿਸਮ ਦੇ ਪ੍ਰਗਟਾਵੇ ਦੀ ਸੰਭਾਵਨਾ, ਸਿਧਾਂਤਕ ਦ੍ਰਿਸ਼ਟੀ ਤੋਂ ਸੰਭਵ ਹੀ ਨਹੀਂ ਹੈ? ਸਿਆਸਤ ਤਾਂ ਕਿਸੇ ਨਾ ਕਿਸੇ ਰੂਪ ਵਿਚ ਇਜਾਰੇਦਾਰੀ ਹੀ ਰਹਿੰਦੀ ਹੈ ਪਰ ਸਿੱਖੀ ਤਾਂ ਸੱਚ ਦੀ ਇਜਾਰੇਦਾਰੀ ਨਾਲ ਵੀ ਨਿਭਣ ਦੀ ਆਗਿਆ ਨਹੀਂ ਦੇਂਦੀ। ਇਉਂ ਇਜਾਰੇਦਾਰੀ ਦੀ ਸਿਆਸਤ ਨਾਲ, ਪੰਥ ਅਤੇ ਪੰਥ ਦੇ ਵਾਰਸਾਂ ਦਾ ਸਮਾਨੰਤਰਤਾ ਵਿਚ ਆ ਜਾਣਾ ਕੁਦਰਤੀ ਹੈ। ਇਹ "ਕੀਚੜ ਫਾਥੇ" ਵਰਗੀ ਖੜੋਤ ਹੈ। ਇਸ ਵਿਚੋਂ ਸਜੱਗਤਾ ਨਾਲ ਹੀ ਨਿਕਲਿਆ ਜਾ ਸਕਦਾ ਹੈ। ਇਸ ਪਾਸੇ ਤੁਰਨ ਅਤੇ ਵੰਗਾਰਾਂ ਨਾਲ ਨਜਿੱਠਣ ਲਈ ਲੋੜੀਂਦੀ ਅਗਵਾਈ, ਜੇ ਜਥੇਦਾਰੀ-ਸੰਸਥਾ ਰਾਹੀਂ ਚਿਤਵਣੀ ਹੋਵੇ ਤਾਂ ਇਸ ਵਾਸਤੇ ਸੁਝਾਅ ਇਸ ਪ੍ਰਕਾਰ ਹੋ ਸਕਦੇ ਹਨ:

ੳ. ਕਿਸੇ ਵੀ ਵੰਗਾਰ ਜਾਂ ਮਸਲੇ ਬਾਰੇ ਸਿੱਖ ਮਾਨਸਿਕਤਾ ਦੀ ਆਵਾਜ਼/ਰਾਏ ਜਾਣਨ ਵਾਸਤੇ ਸੰਗਤੀ ਜੁਗਤਿ ਦੀ ਵਰਤੋਂ ਕਰਦਿਆਂ, ਦਰਪੇਸ਼ ਕਿਸੇ ਵੀ ਮਸਲੇ ਨਾਲ ਸਬੰਧਤ ਸਿੱਖ ਲੀਡਰਾਂ ਅਤੇ ਸਿੱਖ ਸੰਗਤ ਨੂੰ ਇਕਠਿਆਂ ਇਕੋ ਵੇਲੇ, ਅਕਾਲ ਤਖਤ ਉਤੇ ਸੱਦਾ ਦੇਣਾ ਚਾਹੀਦਾ ਹੈ। ਮਸਲੇ ਦਾ ਐਲਾਨ ਜਥੇਦਾਰ ਅਕਾਲ ਤਖਤ ਹੀ ਕਰੇ। ਮਸਲੇ ਨਾਲ ਸਬੰਧਤ ਹੱਕ/ਸ਼ਿਕਾਇਤਕਰਤਾ ਅਤੇ ਵਿਰੋਧ/ਜਿਸ ਬਾਰੇ ਸ਼ਿਕਾਇਤ ਹੈ, ਨਾਲ ਸਬੰਧਤ ਲੀਡਰਾਂ/ਪ੍ਰਤੀਨਿਧਾਂ ਨੂੰ ਵਾਰੀ ਵਾਰੀ ਸੰਗਤ ਸਾਹਮਣੇ ਪੱਖ ਪੇਸ਼ ਕਰਨ ਦਾ ਮੌਕਾ ਦਿਤਾ ਜਾਵੇ। ਫਿਰ ਹਾਜ਼ਰ ਸਿੱਖਾਂ ਤੋਂ ਉਸੇ ਬਾਰੇ ਲਿਖਤੀ ਸੁਆਲ ਮੰਗੇ ਜਾਣ। ਉਨ੍ਹਾਂ ਸੁਆਲਾਂ ਦੇ ਉਤਰ ਦੇਣ ਦਾ ਸਬੰਧਤ ਲੀਡਰਾਂ/ਪ੍ਰਤੀਨਿਧਾਂ ਨੂੰ ਮੌਕਾ ਦਿਤਾ ਜਾਵੇ। ਪੰਜ ਸਿੰਘ ਸਾਹਿਬਾਨ ਸਰਪ੍ਰਸਤਾਂ ਵਾਂਗ ਸਭ ਕੁਝ ਸੁਣਨ ਅਤੇ ਫਿਰ ਸਬੰਧਤ ਲੀਡਰਾਂ/ਪ੍ਰਤੀਨਿਧਾਂ ਨੂੰ ਵਿਚ ਬੈਠਾ ਕੇ, ਦਰਪੇਸ਼ ਮਸਲੇ ਬਾਰੇ ਸਰਬਸੰਮਤੀ ਬਣਾਉਣ ਦੀ ਕੋਸ਼ਿਸ਼ ਕਰਨ। ਜੇ ਸਰਬਸੰਮਤੀ ਨਾ ਹੋਵੇ ਤਾਂ ਪੰਜ ਸਿੰਘ ਸਾਹਿਬਾਨ ਨਿਰਨਾ ਜ਼ਰੂਰ ਲੈਣ ਪਰ ਇਸ ਨਿਰਨੈ ਨੂੰ ਤਨਖਾਹ ਲਾ ਕੇ ਨਿਪਟਾਉਣ ਜਾਂ ਹੁਕਮਨਾਮੇ ਰਾਹੀਂ ਮੰਨਵਾਉਣ ਦੀ ਥਾਂ, ਸਿੰਘ ਸਾਹਿਬਾਨ ਦੀ ਰਾਏ ਨੂੰ ਸਮੂਹ ਸਿੱਖਾਂ ਤਕ, ਕਿਸੇ ਵੀ ਸੰਭਵ ਵਿਧੀ ਰਾਹੀਂ ਪਹੁੰਚਾ ਦੇਣ। ਇਸ ਨਾਲ ਸਿੱਖ ਆਪੇ ਹੀ ਫੈਸਲਾ ਕਰ ਲੈਣਗੇ ਕਿ ਉਨ੍ਹਾਂ ਨੇ ਕਿਸ ਲੀਡਰ/ਪ੍ਰਤੀਨਿਧ ਦਾ ਸਾਥ ਦੇਣਾ ਹੈ ਅਤੇ ਜਥੇਦਾਰਾਂ ਦੀ ਰਾਏ ਦਾ ਕਿੰਨਾ ਕੁ ਮਾਣ ਰਖਣਾ ਹੈ। ਇਹ ਮਾਰਗ ਸੰਗਤ ਦੇ ਖਾਲਸਾ ਹੋ ਸਕਣ ਦਾ ਮਾਰਗ ਹੋ ਸਕਦਾ ਹੈ। ਇਹ ਸਰਬੱਤ ਖਾਲਸਾ ਦਾ ਬਦਲ ਤਾਂ ਨਹੀਂ ਕਹਿਣਾ ਚਾਹੀਦਾ, ਪਰ ਸਿੱਖਾਂ ਦੇ ਫੈਲਾਅ ਨਾਲ 'ਸਰਬਤ-ਖਾਲਸਾ' ਦੀ ਸੰਭਾਵਨਾ ਵਾਸਤੇ ਪੈਦਾ ਹੋ ਗਈਆਂ ਦੁਸ਼ਵਾਰੀਆਂ/ਵੰਗਾਰਾਂ ਅਤੇ ਬਹਾਨਿਆਂ ਦਾ ਸਿੱਖ-ਹੱਲ ਲਭਣ ਵਲ ਇਕ ਕਦਮ ਤਾਂ ਜ਼ਰੂਰ ਸਾਬਤ ਹੋ ਸਕੇਗਾ।

ਅ. ਤਨਖਾਹ ਲਾਉਣ ਦੀ ਵਿਧੀ ਸਬੰਧਤ ਕਥਿਤ-ਦੋਸ਼ੀ ਸਿੱਖ ਨੂੰ ਭਾਈਚਾਰਕ-ਸ਼ਰਮਿੰਦਗੀ ਤੋਂ ਬਚਾਉਣ ਵਾਸਤੇ ਹੀ ਸੀ। ਜੇ ਕੋਈ ਸਿੱਖ ਇਸ ਵਾਸਤੇ ਖੁਦ ਇਲਤਜ਼ਾ ਕਰੇ, ਤਾਂ ਹੀ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ। ਛੇਕੇ ਜਾਣ ਦੀ ਵਿਧੀ ਨੂੰ ਇਸ ਨਾਲੋਂ ਵੱਖ ਕਰਕੇ ਵੇਖੇ ਜਾਣ ਦੀ ਲੋੜ ਹੈ।

ੲ. ਸਿੱਖੀ ਵਿਚ ਜਥੇਦਾਰੀ ਸਮੇਤ ਕਿਸੇ ਵੀ ਪਦਵੀ ਦੇ ਅਧਿਕਾਰ ਦੀ ਕੋਈ ਵਿਵਸਥਾ ਨਹੀਂ ਹੈ। ਸਾਰੀਆਂ ਅਹੁਦੇਦਾਰੀਆਂ ਪਦਵੀ ਦੀ ਨੈਤਿਕਤਾ ਨਾਲ ਹੀ ਜੁੜੀਆਂ ਹੋਈਆਂ ਹਨ। ਤਨਖਾਹ ਦੀ ਵਿਧੀ ਨੂੰ ਲਾਗੂ ਕਰਨ ਲਗਿਆਂ, ਇਸਨੂੰ ਅਖੋਂ ਓਹਲੇ ਨਹੀ ਹੋਣ ਦੇਣਾ ਚਾਹੀਦਾ। ਸਿੱਖੀ ਅਨੁਸਾਰ ਸੱਚ ਓਹੀ ਹੈ, ਜਿਹੜਾ ਆਮ ਸਿੱਖ ਨੂੰ ਵੀ ਸੱਚ ਲਗਦਾ ਹੈ।

ਸ. ਇਹ ਤੇ ਇਸ ਨਾਲ ਜੁੜੇ ਹੋਏ ਹੋਰ ਮਸਲਿਆਂ ਬਾਰੇ ਕੌਮੀ-ਸੰਵਾਦ ਛੇੜਿਆ ਜਾ ਸਕਦਾ ਹੈ। ਜੇ ਸਿੱਖ ਆਪਣੇ ਮਸਲਿਆਂ ਬਾਰੇ ਆਪ ਨਹੀਂ ਸੋਚਣਗੇ, ਤਾਂ ਅਕਾਦਮਿਕ ਅਤੇ ਧਾਰਮਿਕ ਘੁਸਪੈਠ ਨਾਲ ਸਿਆਸੀ ਘੜਮੱਸ ਪੈਦਾ ਕਰਨ ਦੀਆਂ ਸੰਭਾਵਨਾਵਾਂ ਕਾਇਮ ਰਹਿਣਗੀਆਂ। ਇਹ ਸੋਚ ਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਕਿ ਸਿੱਖ-ਸਿਆਸਤਦਾਨ ਅਤੇ ਸਿੱਖ-ਸਮਰਥਕਾਂ ਵਿਚ ਸਮਝੌਤੇ ਦੀ ਨਹੀਂ, ਤਵਾਜ਼ਨ ਦੀ ਲੋੜ ਹੈ ਅਤੇ ਇਸਨੂੰ ਸਿੱਖੀ ਭਾਵਨਾ ਵਿਚ ਪੂਰਾ ਕੀਤਾ ਜਾ ਸਕਦਾ ਹੈ? ਫਿਰ ਦੇਰੀ ਜਾਂ ਘੌਲ ਕਿਉਂ? ਇਸੇ ਨੂੰ ਵੰਗਾਰ ਕਿਹਾ ਜਾ ਰਿਹਾ ਹੈ।

## ਤਖ਼ਤ ਅਤੇ ਗੁਰਦੁਆਰਾ ਐਕਟ

ਇਥੇ ਇਹ ਵਿਚਾਰੇ ਜਾਣ ਦੀ ਵੀ ਲੋੜ ਹੈ ਕਿ ਸਿੱਖ-ਤਖਤਾਂ ਦਾ ਗੁਰਦੁਆਰਾ ਐਕਟ 1925 ਨਾਲ ਕੀ ਸਬੰਧ ਹੈ? ਸੰਕਟ ਦੀ ਘੜੀ ਵਿਚ ਫੈਸਲੇ ਬਾਰੇ ਸੋਚਣ ਦਾ ਕੰਮ ਜੇ ਸਬੰਧਤ ਧਿਰਾਂ ਨਾ ਕਰਨ ਤਾਂ ਬੇਗਾਨੇ, ਸ਼ਰੀਕ ਅਤੇ ਵਿਰੋਧੀ ਆਪਣੇ ਅਗਿਆਨ ਵਿਚੋਂ ਜਾਂ ਪ੍ਰਸੰਗ ਦੇ ਅਗਿਆਨ ਦਾ ਲਾਭ ਉਠਾ ਕੇ, ਇੱਛਤ ਨਤੀਜਿਆਂ ਦੇ ਲਾਲਚ ਵਿਚ, ਸੰਕਟ ਨੂੰ ਵਧਾਉਣ ਵਾਲੇ ਪਾਸੇ ਲੈ ਜਾਣਗੇ। ਸਿੱਖ ਕੌਮ ਨੂੰ ਬਹੁਤੀਆਂ ਸਮੱਸਿਆਵਾਂ/ਵੰਗਾਰਾਂ ਇਸੇ ਪ੍ਰਸੰਗ ਵਿਚ ਹੀ ਝੱਲਣੀਆਂ ਪਈਆਂ ਹਨ। ਅਕਾਲ ਤਖਤ ਨੂੰ ਲੈ ਕੇ ਵਰਤਮਾਨ ਵਿਚ ਛਿੜੇ ਵਿਵਾਦਾਂ ਨੂੰ ਗੁਰੂ ਖਾਲਸਾ ਪੰਥ ਸਾਮਹਣੇ ਦਰਪੇਸ਼ ਸੰਕਟ ਵਜੋਂ ਹੀ ਲਿਆ ਜਾਣਾ ਚਾਹੀਦਾ ਹੈ ਅਤੇ ਇਸ ਵਿਚੋਂ ਨਿਕਲਣ ਦਾ ਹੱਲ ਵੀ ਆਪ ਹੀ ਸਿਰ-ਜੋੜ ਕੇ ਲੱਭਣਾ ਚਾਹੀਦਾ ਹੈ। ਮੂਲ ਪ੍ਰਸ਼ਨ ਇਹ ਹੈ ਕਿ ਕੀ ਤਖਤਾਂ ਦੇ ਜਥੇਦਾਰ ਗੁਰਦੁਆਰਾ ਐਕਟ ਦੇ ਘੇਰੇ ਵਿਚ ਆਉਂਦੇ ਹਨ? ਵੇਖਣ ਨੂੰ ਇਉਂ ਹੀ ਲਗਦਾ ਹੈ ਕਿ ਜੋ ਕੋਈ ਗੁਰਦੁਆਰਿਆਂ ਨਾਲ ਸਬੰਧਤ ਪ੍ਰਬੰਧ ਅਧੀਨ ਆ ਜਾਂਦਾ ਹੈ, ਉਹ ਐਕਟ ਦੇ ਘੇਰੇ ਵਿਚ ਵੀ ਆ ਜਾਂਦਾ ਹੈ। ਇਸ ਨਾਲ ਇਹ ਗੱਲਾਂ ਸਾਮਹਣੇ ਆ ਜਾਂਦੀਆਂ ਹਨ:

1. ਗੁਰਦੁਆਰਾ ਐਕਟ 1925 ਨਾਲ ਜੋੜ ਕੇ ਕੀਤੀ ਜਾ ਰਹੀ ਜਥੇਦਾਰਾਂ ਦੀ ਨਿਯੁਕਤੀ ਅਤੇ ਮੁਅੱਤਲੀ, ਨਾ ਹੀ ਤਖਤਾਂ ਦੇ ਪਰੰਪਰਕ ਜਲੌਅ ਦੀ ਅਨੁਸਾਰੀ ਹੈ ਅਤੇ ਨਾ ਹੀ ਐਕਟ 1925 ਦੇ ਮੁਤਾਬਿਕ ਹੈ।

2. ਜਿਨਾ ਚਿਰ ਗਰੇਡ ਵਿਚ ਤਨਖਾਹ ਨਹੀਂ ਦਿਤੀ ਜਾਂਦੀ ਅਤੇ ਪਦਵੀ ਕਰਕੇ ਮਿਲ ਸਕਣ ਵਾਲੇ ਹੋਰ ਵਿੱਤੀ ਲਾਭ ਨਹੀ ਲਏ ਜਾਂਦੇ, ਉਨਾ ਚਿਰ ਕਿਸੇ ਵੀ ਤਖਤ ਦੇ ਜਥੇਦਾਰ ਨੂੰ ਮੁਲਾਜ਼ਮ ਨਹੀਂ ਗਿਣਿਆ ਜਾ ਸਕਦਾ।

3. ਤੱਥ ਇਹੀ ਹਨ ਕਿ ਇਸ ਵੇਲੇ ਕੋਈ ਵੀ ਜਥੇਦਾਰ ਨਾ ਹੀ ਕਿਸੇ ਗਰੇਡ ਵਿਚ ਹੈ ਅਤੇ ਨਾ ਹੀ ਮੁਲਾਜ਼ਮ ਵਾਂਗ ਉਸ ਨੂੰ ਹੋਰ ਲਾਭ ਮਿਲਦੇ ਹਨ। ਤਖਤ ਦਾ ਜਥੇਦਾਰ, ਜੇ ਲੈਣਾ ਚਾਹੇ ਤਾਂ ਉਸ ਨੂੰ ਆਨਰੇਰੀਅਮ ਹੀ ਮਿਲਦਾ ਹੈ। ਇਹ ਆਨਰੇਰੀਅਮ ਚੈਕ ਰਾਹੀਂ ਵੀ ਮਿਲਦਾ ਹੋ ਸਕਦਾ ਹੈ। ਜੇ ਇਸ ਦੀ ਰਸੀਦ ਆਦਿ ਵੀ ਨਹੀਂ ਦੇਣੀ ਪੈਂਦੀ, ਤਾਂ ਵੀ ਇਹ ਮਸਲੇ ਦਾ ਹੱਲ ਨਹੀਂ ਹੈ। ਮੈਨੂੰ ਪਤਾ ਹੈ ਕਿ ਕਿਸੇ ਵੀ ਜਥੇਦਾਰ ਨੂੰ ਰਜਿਸਟਰ ਵਿਚ ਹਾਜ਼ਰੀ ਨਹੀਂ ਲਾਉਣੀ ਪੈਂਦੀ ਅਤੇ ਨਾ ਹੀ ਕਿਧਰੇ ਜਾਣ ਲਈ ਲਿਖਤੀ ਛੁਟੀ ਲੈਣੀ ਪੈਂਦੀ ਹੈ। ਪਰ ਇਹ ਸਾਰੀਆਂ ਛੋਟਾਂ ਹਨ ਅਤੇ ਇਨ੍ਹਾਂ ਨੂੰ ਖਾਲਸਾ-ਵਿਧੀ ਵਿਚ 'ਜਥੇਦਾਰੀ' ਨਾਲ ਜੁੜੀ ਹੋਈ ਪ੍ਰਭੂ-ਸੱਤਾ ਦਾ ਹਿੱਸਾ ਬਣਾਏ ਜਾਣ ਦੀ ਲੋੜ ਹੈ।

ਇਸ ਹਾਲਤ ਵਿਚ ਵੇਖਣਾ ਇਹ ਪਵੇਗਾ ਕਿ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ ਦਾ ਕੀ ਰਾਹ ਅਪਨਾਇਆ ਜਾਣਾ ਚਾਹੀਦਾ ਹੈ? ਇਸ ਤੋ ਪਹਿਲਾਂ 1925 ਦੇ ਗੁਰਦੁਆਰਾ ਐਕਟ ਮੁਤਾਬਿਕ ਜੇ ਵੇਖਿਆ ਜਾਵੇ ਤਾਂ ਜਥੇਦਾਰ ਨੂੰ ਹੈਡ ਮਨਿਸਟਰ ਦੇ ਤੌਰ 'ਤੇ ਲਿਆ ਜਾ ਰਿਹਾ ਹੈ। ਪਰ ਇਹ ਵਿਆਖਿਆ, ਜੇ ਬਾਈ-ਲਾਜ਼ ਰਾਹੀਂ ਜਾਂ ਪਰੰਪਰਾ ਸਮਝ ਕੇ ਵੀ ਲਾਗੂ ਕਰ ਲਈ ਗਈ ਹੋਵੇ ਤਾਂ ਵੀ ਠੀਕ ਨਹੀ ਜਾਪਦੀ। ਮਨਿਸਟਰ ਦੀ ਵਿਆਖਿਆ ਐਕਟ ਵਿਚ ਪੰਨਾ 6 ਤੇ ਇਸ ਤਰ੍ਹਾਂ ਹੋਈ ਹੋਈ ਹੈ:

"Be deemed to be a Minister for the purpose of section (vii), "Minister" means an office-holder to whom either solely or alongwith others the control of the management or performance of public worship in a Gurdwara and of the rituals and ceremonies, observed there in is entrusted :(Provided that an office-holder to whom either solely or alongwith others the performance of public worship in a Gurdwara and of the rituals and ceremonies observed there in is not entrusted directly shall not...)

ਅਸਲ ਵਿਚ ਇਸ ਤੋਂ ਇਹ ਸਾਬਤ ਨਹੀ ਹੁੰਦਾ ਕਿ ਇਹ ਵਿਆਖਿਆ ਤਖਤਾਂ ਦੇ ਜਥੇਦਾਰ ਵਾਸਤੇ ਹੀ ਹੈ, ਸਗੋਂ ਇਸ ਤੋਂ ਇਹ ਸੰਕੇਤ ਤਾਂ ਜ਼ਰੂਰ ਮਿਲਦਾ ਹੈ ਕਿ ਹੈਡ ਮਨਿਸਟਰ, ਗੁਰਦੁਆਰੇ ਦੇ ਹੈਡ ਗ੍ਰੰਥੀ ਵਾਸਤੇ ਵਰਤਿਆ ਗਿਆ ਹੈ ਅਤੇ ਮਨਿਸਟਰ ਗੁਰਦੁਆਰੇ ਦੇ ਬਾਕੀ ਗ੍ਰੰਥੀਆਂ ਵਾਸਤੇ ਵਰਤਿਆ ਗਿਆ ਹੈ। ਪਰੰਪਰਾਗਤ ਵਿਆਖਿਆ ਅਨੁਸਾਰ ਵੀ ਮਨਿਸਟਰ ਦਾ ਅਰਥ ਉਸ ਅਹੁਦੇਦਾਰ ਤੋਂ ਹੈ, ਜਿਹੜਾ ਆਪਣੇ-ਆਪ ਜਾਂ ਦੂਜਿਆਂ ਨਾਲ ਰਲ ਕੇ ਗੁਰਦੁਆਰਿਆਂ ਵਿਚ ਗੁਰਦੁਆਰਾ-ਪ੍ਰਬੰਧ ਨਾਲ ਸਬੰਧਤ ਲੋੜੀਂਦੀ ਧਾਰਮਿਕ ਕਾਰਵਾਈ ਕਰਦਾ ਹੈ। ਕਿਸੇ ਥਾਂ 'ਤੇ ਵੀ ਤਖਤ ਦੇ ਜਥੇਦਾਰ ਨੂੰ ਇਹ ਕਰਵਾਈ ਕਰਨ ਦਾ ਬੰਧਨ ਨਹੀਂ ਹੈ। ਇਸ ਨਾਲ ਇਹ ਗੱਲਾਂ ਸਾਹਮਣੇ ਆ ਜਾਂਦੀਆਂ ਹਨ:

ੳ. ਤਖਤ ਅਤੇ ਗੁਰਦੁਆਰੇ ਵਿਚਕਾਰ ਬਹੁਤ ਕੁਝ ਸਾਂਝਾ ਹੋਣ ਦੇ ਬਾਵਜੂਦ ਤਖਤ ਅਤੇ ਗੁਰਦੁਆਰੇ ਨੂੰ ਇਕੋ ਅਰਥਾਂ ਵਿਚ ਨਹੀਂ ਲਿਆ ਜਾ ਸਕਦਾ।

ਅ. ਤਖਤ ਦਾ ਜਥੇਦਾਰ ਗ੍ਰੰਥੀ ਵਾਲੀਆਂ ਜਿੰਮੇਵਾਰੀਆਂ ਨਹੀਂ ਨਿਭਾਉਂਦਾ ਕਿਉਂਕਿ ਤਖਤ ਦੇ ਜਥੇਦਾਰ ਦੀ ਨਿਯੁਕਤੀ ਵੀ ਇਨ੍ਹਾਂ ਗ੍ਰੰਥੀਆਂ ਵਾਂਗ ਨਹੀਂ ਹੁੰਦੀ ਅਤੇ ਤਖਤ ਦੇ ਜਥੇਦਾਰ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਦਾ ਵੀ ਗ੍ਰੰਥੀਆਂ ਵਾਂਗ ਕੋਈ ਬੰਧਨ ਨਹੀਂ ਹੈ।

ੲ. ਜਥੇਦਾਰ ਅਤੇ ਗ੍ਰੰਥੀ 'ਚ ਉਸੇ ਤਰ੍ਹਾਂ ਫਰਕ ਕੀਤੇ ਜਾਣ ਦੀ ਲੋੜ ਹੈ, ਜਿਵੇਂ ਤਖਤ ਅਤੇ ਗੁਰਦੁਆਰੇ 'ਚ ਫਰਕ ਕਰਨਾ ਜ਼ਰੂਰੀ ਹੋ ਗਿਆ ਹੈ।

ਸ. ਇਥੇ ਜਿਹੜੇ ਤਖਤਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਉਨ੍ਹਾਂ ਸਾਰਿਆਂ 'ਤੇ ਤਖਤ-ਜਥੇਦਾਰਾਂ ਦੇ ਨਾਲ ਨਾਲ ਹੈਡ ਗ੍ਰੰਥੀ ਅਤੇ ਗ੍ਰੰਥੀ ਵੀ ਸੁਭਾਇਮਾਨ ਹਨ ਅਤੇ 'ਹੈਡ ਮਨਿਸਟਰ' ਅਤੇ 'ਮਨਿਸਟਰ' ਸ਼ਬਦ ਇਨ੍ਹਾਂ ਵਾਸਤੇ ਹੀ ਵਰਤਿਆ ਹੋਇਆ ਮੰਨਿਆ ਜਾਣਾ ਚਾਹੀਦਾ ਹੈ। ਇਸ ਤੋਂ ਬਿਨਾ ਇਸ ਦੀ ਪੁਸ਼ਟੀ ਇਸ ਗੱਲ ਤੋ ਵੀ ਹੋ ਜਾਂਦੀ ਹੈ ਕਿ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਜਥੇਦਾਰ ਦੀ ਨਿਯੁਕਤੀ ਉਸ ਤਰ੍ਹਾਂ ਨਹੀਂ ਹੁੰਦੀ, ਜਿਸ ਤਰ੍ਹਾਂ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਦੀ ਹੁੰਦੀ ਹੈ। ਜੇ ਤਖਤਾਂ ਤੇ 'ਹੈਡ ਮਨਿਸਟਰ' ਵਾਲੀ 1925 ਦੇ ਐਕਟ ਦੀ ਗੱਲ ਲਾਗੂ ਕਰ ਦਿਤੀ ਜਾਵੇ ਤਾਂ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਵਿਖੇ ਤਾਂ ਇਹ ਵਿਧੀ ਇਸ ਲਈ ਵੀ ਲਾਗੂ ਨਹੀ ਕੀਤੀ ਜਾ ਸਕਦੀ, ਕਿਉਂਕਿ ਉਨ੍ਹਾਂ ਦੋਹਾਂ ਤਖਤਾਂ ਉਤੇ 1925 ਵਾਲਾ ਐਕਟ ਲਾਗੂ ਹੀ ਨਹੀਂ ਹੁੰਦਾ।



*ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ*

ਸੋ ਸਪਸ਼ਟ ਹੈ ਕਿ ਪੰਜਾਬ ਵਿਚਲੇ ਤਿੰਨ ਤਖਤਾਂ ਦੇ ਜਥੇਦਾਰਾਂ ਨੂੰ 1925 ਦੇ ਐਕਟ ਤੋਂ ਮੁਕਤ ਮੰਨ ਕੇ ਹੀ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਦੇ ਜਥੇਦਾਰਾਂ ਵਾਸਤੇ ਸਾਂਝੀ ਪੰਥਕ-ਵਿਧੀ ਤਿਆਰ ਕੀਤੀ ਜਾ ਸਕਦੀ ਹੈ।

ਇਸ ਕਰਕੇ 'ਹੈਡ ਮਨਿਸਟਰ' ਦੀ ਵਿਆਖਿਆ ਜੇ ਠੀਕ ਪ੍ਰਸੰਗ ਵਿਚ ਨਾ ਕੀਤੀ ਗਈ ਤਾਂ ਇਸ ਅਣਗਹਿਲੀ ਨਾਲ ਹੋਰ ਉਲਝਾ ਵੀ ਪੈਦਾ ਹੋ ਸਕਦੇ ਹਨ ਅਤੇ ਇਨ੍ਹਾਂ ਉਲਝਾਵਾਂ ਵਿਚ ਇਹ ਗੱਲਾਂ ਵੰਗਾਰ ਵਜੋਂ ਸ਼ਾਮਲ ਰਹਿਣਗੀਆਂ :

1. ਜਥੇਦਾਰ ਨੂੰ 'ਹੈਡ ਗ੍ਰੰਥੀ' ਨਾਲ ਰਲਗੱਡ ਕਰਕੇ ਤਖਤਾਂ ਦੀ ਮਾਣ ਮਰਯਾਦਾ ਬਾਰੇ ਘਚੋਲਾ ਪਿਆ ਰਹੇਗਾ ਅਤੇ ਇਸ ਦਾ ਸਿਆਸਤਦਾਨ ਬੇਲੋੜਾ ਸਿਆਸੀ ਲਾਭ ਲੈਂਦੇ ਰਹਿਣਗੇ।

2. ਪੰਥਕ-ਮਾਨਸਿਕਤਾ ਵਿਚ ਤਖਤਾਂ ਦੀ ਸਦਾ-ਤਾਜ਼ੀ ਸੁਤੰਤਰ-ਹਸਤੀ ਸਥਾਪਤ ਨਹੀਂ ਕੀਤੀ ਜਾ ਸਕੇਗੀ।

## ਤਖ਼ਤਾਂ ਬਾਰੇ ਪੰਥਕ-ਚੇਤਨਾ

ਤਖਤਾਂ ਦੇ ਮੂਲ ਸਰੋਕਾਰਾਂ ਬਾਰੇ ਪੰਥਕ-ਚੇਤਨਾ ਦੀ ਹਾਲਤ ਪਤਲੀ ਹੀ ਕਹਿਣੀ ਚਾਹੀਦੀ ਹੈ। ਪੰਥਕ-ਚੇਤਨਾ ਦਾ ਆਧਾਰ ਇਨ੍ਹਾਂ ਸੰਸਥਾਵਾਂ ਬਾਰੇ ਸਜੱਗਤਾ ਹੈ ਅਤੇ ਇਸ ਵਾਸਤੇ ਇਨ੍ਹਾਂ ਤਿੰਨਾਂ ਸੰਸਥਾਵਾਂ (ੳ) ਸਰਬੱਤ ਖਾਲਸਾ (ਅ) ਗੁਰਮਤਾ (ੲ) ਹੁਕਮਨਾਮਾ ਬਾਰੇ ਹਰ ਸਿੱਖ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ। ਪਰੰਪਰਾ ਅਨੁਸਾਰ ਇਹ ਤਿੰਨੇ ਸੰਸਥਾਵਾਂ ਹੀ ਅਕਾਲ ਤਖਤ ਨਾਲ ਜੁੜੀਆਂ ਹੋਈਆਂ ਹਨ। ਇਸ ਨਾਤੇ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸੁਪਰੀਮ ਮੰਨਿਆ ਜਾਂਦਾ ਰਿਹਾ ਹੈ। ਵਰਤਮਾਨ ਵਿਚ ਅਕਾਲ ਤਖਤ ਹੀ ਕਟਿਹਰੇ ਵਿਚ ਆ ਗਿਆ ਹੈ ਤਾਂ ਇਸ ਨਾਲ ਜੁੜੀਆਂ ਹੋਈਆਂ ਸਾਰੀਆਂ ਸੰਸਥਾਵਾਂ ਵੀ ਵੰਗਾਰੀਆਂ ਗਈਆਂ ਹਨ। ਤਖਤਾਂ ਬਾਰੇ ਆਮ ਕਰਕੇ ਅਤੇ ਸ੍ਰੀ ਅਕਾਲ ਤਖਤ ਬਾਰੇ ਖਾਸ ਕਰਕੇ, ਗੁਰਦੁਆਰਾ ਐਕਟ ਨੂੰ ਸਪਸ਼ਟ ਕਰਕੇ ਅਜਿਹਾ ਫੈਸਲਾ ਲਏ ਜਾਣ ਦੀ ਲੋੜ ਹੈ, ਜਿਹੜਾ ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਪਰੰਪਰਾਵਾਂ ਦੇ ਸਹਿਜ-ਸਥਾਪਨ ਨਾਲ ਮੇਲ ਖਾਂਦਾ ਹੋਵੇ।

ਕਿਹਾ ਇਹ ਜਾ ਰਿਹਾ ਹੈ ਕਿ 'ਮਨਿਸਟਰ' ਜਾਂ 'ਹੈਡ ਮਨਿਸਟਰ' ਦਾ ਸਬੰਧ ਨੋਟੀਫਾਈਡ ਗੁਰਦਵਾਰੇ ਨਾਲ ਹੈ ਅਤੇ ਕੋਈ ਵੀ ਤਖਤ ਨੋਟੀਫਾਈਡ ਗੁਰਦੁਆਰਾ ਨਹੀਂ ਹੈ ਅਤੇ ਨਾ ਹੀ ਤਖਤਾਂ ਦੇ ਜਥੇਦਾਰ ਗ੍ਰੰਥੀ ਦੀ ਭੂਮਿਕਾ ਨਿਭਾਉਂਦੇ ਹਨ। ਸਾਰੇ ਹੀ ਤਖਤਾਂ ਕੋਲ ਗ੍ਰੰਥੀ ਵੱਖਰੇ ਤੌਰ 'ਤੇ ਹਨ ਅਤੇ ਉਹ ਗੁਰਦੁਆਰਾ ਕਮੇਟੀਆਂ ਦੇ ਤਨਖਾਹਦਾਰ ਮੁਲਾਜ਼ਮ ਹਨ। ਇਨ੍ਹਾਂ ਤਨਖਾਹਦਾਰ ਮੁਲਾਜ਼ਮਾਂ ਦਾ ਢਾਂਚਾ ਸਿਧੇ ਤੌਰ 'ਤੇ ਜਥੇਦਾਰਾਂ ਤੇ ਲਾਗੂ ਕਰਨ ਨਾਲ ਤਖਤ ਸਾਹਿਬਾਨ ਦੀ ਪ੍ਰਭੂ-ਸੰਪੰਨਤਾ ਬਾਰੇ ਕਿੰਤੂ-ਪ੍ਰੰਤੂ ਪੈਦਾ ਹੋ ਵੀ ਰਹੇ ਹਨ ਅਤੇ ਹੋਰ ਵੀ ਹੋ ਜਾਣਗੇ। ਇਸ ਵੇਲੇ ਦਾ ਵਰਤਾਰਾ ਵੀ ਇਹੀ ਹੈ ਕਿ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦਾ ਹੁਕਮ ਤਾਂ ਪੰਜਾਬ (ਵਰਤਮਾਨ), ਹਰਿਆਣਾ ਅਤੇ ਹਿਮਾਚਲ ਵਿਚਲੇ ਨੋਟੀਫਾਈਡ ਗੁਰਦੁਆਰਿਆਂ 'ਤੇ ਹੀ ਚਲਦਾ ਹੈ, ਪਰ ਜਥੇਦਾਰ ਅਕਾਲ ਤਖਤ ਦਾ ਹੁਕਮ ਤਾਂ ਉਨ੍ਹਾਂ ਸਾਰੇ ਸਿੱਖਾਂ 'ਤੇ ਲਾਗੂ ਹੁੰਦਾ ਹੈ, ਜਿਨ੍ਹਾਂ ਦਾ ਵਿਸ਼ਵਾਸ ਸਿੱਖ ਧਰਮ ਅੰਦਰ ਦੁਨੀਆਂ ਭਰ ਵਿਚ ਬਣਿਆ ਹੋਇਆ ਹੈ। ਇਸ ਤਰ੍ਹਾਂ ਗੁਰਦੁਆਰਾ ਐਕਟ ਅਧੀਨ ਬਣੀ ਹੋਈ ਸ਼੍ਰੋਮਣੀ ਕਮੇਟੀ ਜਥੇਦਾਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਕੇ, ਸਿੱਖ ਸਿਧਾਂਤ ਅਤੇ ਪਰੰਪਰਾਵਾਂ ਨੂੰ ਸੰਗੋਤਨ ਵਿਚ ਤਾਂ ਹਿੱਸਾ ਪਾ ਸਕਦੀ ਹੈ, ਪਰ ਤਖਤ-ਸੰਸਥਾ ਦੇ ਪੰਥਕ-ਸਥਾਪਨ ਦੇ ਕਾਰਜ ਵਿਚ ਹਿੱਸਾ ਨਹੀਂ ਪਾ ਸਕਦੀ। ਐਕਟ 1925 ਦੇ ਘਾੜਿਆਂ ਨੂੰ ਇਸ ਗੱਲ ਦਾ ਅਹਿਸਾਸ ਸੀ ਅਤੇ ਏਸੇ ਲਈ ਜਥੇਦਾਰੀ ਦੀ ਸੰਸਥਾ ਨੂੰ ਐਕਟ ਦੇ ਘੇਰੇ ਤੋਂ ਬਾਹਰ ਰਖਿਆ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਨੇ, ਜਿਸ ਦਾ ਮੈਂ ਵੀ ਮੈਂਬਰ ਸੀ, ਆਪਣੀ ਫਤਿਹਗੜ੍ਹ ਸਾਹਿਬ ਵਿਖੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਪ੍ਰਧਾਨਗੀ ਹੇਠ ਹੋਈ ਆਖਰੀ ਮੀਟਿੰਗ (ਲੜਾਈ ਤੋਂ ਪਹਿਲਾਂ) ਵਿਚ ਮਤਾ ਪਾਸ ਕੀਤਾ ਸੀ ਕਿ ਜਥੇਦਾਰੀ ਦੀ ਸੰਸਥਾ ਐਕਟ ਦੇ ਘੇਰੇ ਵਿਚ ਨਹੀਂ ਹੈ। ਇਸ ਦੀ ਕਾਰਵਾਈ ਦੀ ਪੁਸ਼ਟੀ ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਦਫਤਰ ਵਿਚ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਵਿਚ ਹੋ ਗਈ ਸੀ।

## ਹੋਰ ਮਸਲੇ

ਪੰਥਕ-ਵੰਗਾਰਾਂ ਨਾਲ ਸਬੰਧਤ ਹੋਰ ਮਸਲਿਆਂ ਵਿਚ ਵਿਚਾਰਨਯੋਗ ਮਸਲੇ ਇਹ ਹੋ ਸਕਦੇ ਹਨ:

ੳ. ਜਥੇਦਾਰੀ ਦੀ ਸੰਸਥਾ ਨਾਲ ਜੁੜੇ ਹੋਏ ਨੁਕਤਿਆਂ ਵਿਚੋਂ ਸਭ ਤੋਂ ਪਹਿਲਾਂ ਇਹ ਵਿਚਾਰੇ ਜਾਣ ਦੀ ਲੋੜ ਹੈ ਕਿ ਵਿਰਾਸਤ ਵਿਚ ਪ੍ਰਾਪਤ ਕੀ ਹੈ, ਇਸ ਵਿਚੋਂ ਲਿਆ ਕੀ ਹੈ ਅਤੇ ਛਡਿਆ ਕੀ ਹੈ? ਵਿਰਾਸਤ ਵਿਚ ਅਕਾਲ ਤਖਤ ਸਿੱਖ-ਸੰਘਰਸ਼ ਦਾ ਅਤੇ ਪੰਥਕ-ਪ੍ਰੇਰਨਾ ਦਾ ਸ੍ਰੋਤ ਹੈ। ਪਰ ਮਿਲ ਗਿਆ ਹੈ ਗੁਰਦੁਆਰਾ ਐਕਟ 1925 ਅਤੇ ਛਡ ਲਿਆ ਗਿਆ ਹੈ ਪਰੰਪਰਾ ਵਿਚਲੀ ਅਹੁਦੇ ਦੀ ਨੈਤਿਕਤਾ ਨੂੰ। ਇਸ ਨਾਲ ਸਿੱਖ-ਸੰਸਥਾਵਾਂ, ਸਿੱਖ-ਪ੍ਰਬੰਧਕ ਅਤੇ ਸਿੱਖ-ਭਾਈਚਾਰਾ ਆਪਸੀ-ਤਣਾਓ ਵਿਚ ਆ ਗਏ ਹਨ। ਇਸ ਦਾ ਹੱਲ ਪੰਥਕ-ਸੁਰ ਵਿਚ ਲਭਿਆ ਜਾ ਸਕਦਾ ਹੈ ਅਤੇ ਲਭਣਾ ਵੀ ਚਾਹੀਦਾ ਹੈ?

ਅ. ਜਥੇਦਾਰਾਂ ਦੀਆਂ ਨਿਯੁਕਤੀਆਂ ਦੇ ਪੈਟਰਨ, ਪੈਂਤੜੇ ਅਤੇ ਸਾਖ ਨਾਲ ਸੰਤੁਸ਼ਟ ਹੋਣਾ ਦਿਨੋ ਦਿਨ ਮੁਸ਼ਕਲ ਹੁੰਦਾ ਜਾ ਰਿਹਾ ਹੈ। ਹੁਣ ਤਕ ਅਕਾਲੀ ਪਿਛੋਕੜ ਵਾਲੇ ਜਥੇਦਾਰ ਅਤੇ ਗ੍ਰੰਥੀ ਪਿਛੋਕੜ ਵਾਲੇ ਜਥੇਦਾਰ, ਲੋੜੀਂਦੀ ਭੂਮਿਕਾ ਨਿਭਾਉਂਦੇ ਰਹੇ ਹਨ। ਪਰ ਹਾਲਾਤ, ਸੁਧਰਨ ਦੀ ਥਾਂ ਵਿਗੜੇ ਹੀ ਹਨ। ਜਥੇਦਾਰ ਅਤੇ ਗ੍ਰੰਥੀ ਸ਼੍ਰੇਣੀ ਦੀ ਗਿਣਤੀ ਸਿੱਖਾਂ ਵਿਚਕਾਰ 1% ਨਾਲੋਂ ਵੀ ਘਟ ਹੈ। ਬਾਕੀ 99% ਦੀ ਇੱਛਾ ਜਾਣਨ ਦੀ ਕੋਸ਼ਿਸ਼ ਕਰਨ ਉਪਰੰਤ ਹੀ ਕਾਰਵਾਈ ਹੋਣੀ ਚਾਹੀਦੀ ਹੈ।

ੲ. ਅਕਾਲ ਤਖਤ ਨੂੰ ਸਿਆਸੀ-ਮੋਹਰੇ ਵਜੋਂ ਵਰਤੇ ਜਾਣ ਦੀ ਸਿਆਸਤ ਨਾਲ, ਆਮ-ਸਿੱਖ ਲਈ ਪੈਦਾ ਹੋ ਗਏ ਬੰਧੂਆ-ਸਰੋਕਾਰ, ਸਿੱਖਾਂ ਅਤੇ ਸਿੱਖ-ਸੰਸਥਾਵਾਂ ਵਿਚਕਾਰ ਤਣਾਓ ਪੈਦਾ ਕਰ ਰਹੇ ਹਨ। ਇਸ ਤੋਂ ਬਚ ਸਕਣ ਦੇ ਬਿਰਦ ਦੀ ਪਾਲਨਾ ਹੀ ਵੰਗਾਰ ਹੁੰਦੀ ਜਾ ਰਹੀ ਹੈ।

ਸ. ਅਰਥਾਂ ਦੀ ਰਾਜਨੀਤੀ ਦੇ ਬੋਲਬਾਲੇ ਨਾਲ ਕੋਮਲ-ਸਿੱਖ-ਮਾਨਸਿਕਤਾ ਭਰਮ-ਮੂਲਕ ਕਰਮਾਂ ਅਤੇ ਅਗਿਆਨ-ਕਲਪਿਤ ਬੰਧਨਾ ਵਲ ਤੁਰ ਪਈ ਹੈ। ਅਰਥਾਂ ਦੀ ਰਾਜਨੀਤੀ ਵਿਚ, ਵੋਟ-ਬੈਂਕ ਦੀ ਰਾਜਨੀਤੀ ਵਾਂਗ ਹੀ, ਧਰਮ ਦੀ ਆੜ ਵਿਚ ਸਿਮਰਨ, ਕੀਰਤਨ ਅਤੇ ਅੰਮ੍ਰਿਤ ਦੀ ਰਾਜਨੀਤੀ ਵੀ ਸ਼ਾਮਲ ਹੋ ਗਈ ਹੈ। ਇਸ ਨਾਲ ਜਲਸੇ-ਜਲੂਸਾਂ ਦੀ ਰਾਜਨੀਤੀ ਨੇ, ਪਵਿਤਰ-ਸਰੋਕਾਰਾਂ ਦੇ ਮੰਡੀਕਰਨ ਦੀਆਂ ਸੰਭਾਵਨਾਵਾਂ ਪੈਦਾ ਕਰ ਦਿਤੀਆਂ ਹਨ। ਵੰਗਾਰਾਂ ਦੀ ਇਸ ਜੜ੍ਹ ਵਲ ਅਜੇ ਤਕ ਕੌਮ ਦਾ ਧਿਆਨ ਹੀ ਨਹੀਂ ਗਿਆ।

ਹ. ਕੁਝ ਕਰ ਸਕਣ ਦੀ ਇੱਛਾ ਅਤੇ ਕੁਝ ਕਰ ਗੁਜ਼ਰਨ ਦੀ ਮਾਨਸਿਕਤਾ ਪੈਦਾ ਕਰਨ ਲਈ ਇਹ ਮੁਢਲੀਆਂ ਲੋੜਾਂ ਹਨ। ਮਿਸਾਲ ਦੇ ਤੌਰ 'ਤੇ ਆਮ ਆਦਮੀ ਦੇ ਵਰਤਮਾਨ ਲੋਕ-ਤੰਤ੍ਰਿਕ ਯੁਗ ਵਿਚ, ਆਮ ਸਿੱਖ ਤਕ ਧਰਮ ਦੇ ਮਾਧਿਅਮ ਰਾਹੀਂ ਇਹ ਚੇਤਨਤਾ ਪ੍ਰਚੰਡ ਕੀਤੀ ਜਾਵੇ ਕਿ ਧਰਮ ਅਤੇ ਸਿਆਸਤ ਵਿਚੋਂ ਕਿਸੇ ਇਕ ਨਾਲ ਹੀ ਨਿਭਿਆ ਜਾ ਸਕਦਾ ਹੈ। ਜਦੋਂ ਇਹ ਪਤਾ ਲਗ ਗਿਆ ਹੈ ਕਿ ਰਾਜਨੀਤੀ ਨੂੰ ਧਰਮ ਲਈ ਨਹੀਂ ਵਰਤਿਆ ਜਾ ਸਕਦਾ ਤਾਂ ਫਿਰ ਧਰਮ ਨੂੰ ਰਾਜਨੀਤੀ ਲਈ ਵਰਤੇ ਜਾਣ ਦੀ ਆਗਿਆ ਕਿਉਂ ਦਿਤੀ ਜਾਵੇ?

ਕ. ਭਾਸ਼ਣ-ਕਲਾ ਨਾਲ ਜਜ਼ਬਾਤੀ-ਸ਼ੋਸ਼ਣ ਦੇ ਤਲਿੱਸਮੀ-ਸਰੋਕਾਰਾਂ ਤੋਂ ਬਚਣ ਦੇ ਨਾਲ ਨਾਲ ਸਮਾਜ ਦੇ ਸਿਆਸੀਕਰਨ ਅਤੇ ਧਰਮ ਦੇ ਵਪਾਰੀਕਰਨ ਤੋਂ ਬਚਣ ਅਤੇ ਹੋਰਨਾਂ ਨੂੰ ਬਚਾਉਣ ਵਾਸਤੇ ਲਹਿਰ ਪੈਦਾ ਕੀਤੀ ਜਾਵੇ।

ਖ. ਇਹ ਸੱਚਾਈ ਆਮ ਸਿੱਖ ਦੀ ਸੋਚ ਦਾ ਹਿੱਸਾ ਬਣੇ ਕਿ ਸਿੱਖੀ ਵਿਚ ਅਹੁਦਿਆਂ ਦੇ ਅਧਿਕਾਰ ਨੂੰ ਨਹੀਂ ਸਗੋਂ ਜਿੰਮੇਵਾਰੀਆਂ ਦੀ ਨੈਤਿਕਤਾ ਨੂੰ ਹੀ ਮਾਨਤਾ ਦਿਤੀ ਗਈ ਹੈ। ਇਸ ਦਾ ਅਰੰਭ ਜੇ ਤਖਤਾਂ ਦੇ ਜਥੇਦਾਰਾਂ ਤੋਂ ਹੋਵੇ ਤਾਂ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਹੈ।

ਗ. ਰਾਏ ਦੇ ਵਿਰੋਧ ਨੂੰ ਨਾਲ ਲੈ ਕੇ ਤੁਰਨ ਦੀ ਸਿੱਖ-ਸਹਿਜ-ਵਿਧੀ ਅਪਨਾਈ ਜਾਵੇ।

ਘ. ਸਿਆਸੀ-ਮੁਦਿਆਂ ਅਤੇ ਧਾਰਮਿਕ-ਮੁਦਿਆਂ ਵਿਚ ਨਿਖੇੜਾ ਕਰ ਸਕਣ ਲਈ ਸੰਵਾਦ ਰਚਾਉਣ ਦੇ ਅਵਸਰ ਪੈਦਾ ਕੀਤੇ ਜਾਣ।

ਚ. ਸਿੱਖਾਂ ਨੂੰ ਸਿੱਖਾਂ ਤੋਂ ਬਚਾਉਣ ਲਈ ਸਹਿਮਤੀ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਉਲਾਰ-ਰਾਜਨੀਤੀ ਨਾਲ ਪੈਦਾ ਹੋਣ ਵਾਲੇ ਹੰਕਾਰੀ-ਸਰੋਕਾਰਾਂ ਅਤੇ ਭ੍ਰਿਸ਼ਟ-ਪੈਂਤੜਿਆਂ ਤੋਂ ਬਚਣ ਦੇ ਯਤਨ ਕੀਤੇ ਜਾਣ।

ਛ. ਤਖਤਾਂ ਦੇ ਜਥੇਦਾਰਾਂ ਦੀ ਚੋਣ-ਵਿਧੀ, ਅਵਧੀ ਅਤੇ ਸੇਵਾ-ਸ਼ਰਤਾਂ ਬਾਰੇ ਪਹਿਲਾਂ ਕਮੇਟੀ ਬਣਾ ਕੇ ਸਹਿਮਤੀ-ਦਸਤਾਵੇਜ਼ ਤਿਆਰ ਕੀਤਾ ਜਾਵੇ ਅਤੇ ਫਿਰ ਚੋਣਵੇਂ ਚੇਤੰਨ ਸਿੱਖ ਇਸ ਬਾਰੇ ਨਿੱਠ ਕੇ ਵਿਚਾਰ ਕਰਨ। ਪ੍ਰਵਾਨ ਕੀਤੇ ਦਸਤਾਵੇਜ਼ ਬਾਰੇ ਪਹਿਲਾਂ ਖੁਲ੍ਹੀ ਬਹਿਸ ਕਰਵਾਈ ਜਾਵੇ ਅਤੇ ਫਿਰ ਅਕਾਲ ਤਖਤ 'ਤੇ ਇਕਠਿਆ ਬੈਠ ਕੇ ਗੁਰਮਤੇ ਵਜੋਂ ਇਸ ਨੂੰ ਉਸੇ ਤਰ੍ਹਾਂ ਪ੍ਰਵਾਨ ਕੀਤਾ ਜਾਵੇ ਜਿਵੇਂ 'ਰਹਿਤ ਮਰਯਾਦਾ' ਨੂੰ ਪਰਵਾਨ ਕੀਤਾ ਗਿਆ ਸੀ।

ਜ. ਮੀਡੀਆ-ਤ੍ਰਿਸ਼ਨਾ ਤੋਂ ਬਚੇ ਬਗੈਰ, ਇਸ ਸਭ ਕਾਸੇ ਲਈ ਲੋੜੀਂਦਾ ਸਬਰ, ਸੰਤੋਖ ਅਤੇ ਸਹਜ ਬਣਾਈ ਰਖਣਾ ਔਖਾ ਲਗਦਾ ਹੈ।

ਝ. ਸਾਰੀਆਂ ਕੋਸ਼ਿਸ਼ਾਂ ਸਮੇਂ ਦੇ ਹਾਣ ਦਾ ਜਥੇਦਾਰ ਤਲਾਸ਼ਣ ਲਈ ਹੀ ਹੋਣੀਆਂ ਚਾਹੀਦੀਆਂ ਹਨ। ਜਥੇਦਾਰ ਨੂੰ ਨੈਤਿਕ-ਸਰਪ੍ਰਸਤੀ ਅਧੀਨ, ਹਰ ਉਸ ਸਿੱਖ ਦੀਆਂ ਧਾਰਮਿਕ ਲੋੜਾਂ ਦਾ ਖਿਆਲ ਰਖਣਾ ਹੋਵੇਗਾ, ਜਿਨ੍ਹਾਂ ਦਾ ਅਕਾਲ ਤਖਤ ਵਿਚ ਵਿਸ਼ਵਾਸ ਹੈ।

ਟ. ਇਹ ਵੀ ਵਿਚਾਰੇ ਜਾਣ ਦੀ ਲੋੜ ਹੈ ਕਿ ਜਥੇਦਾਰ ਲਗ ਜਾਣ ਤੋਂ ਬਾਅਦ ਕਿਉਂ ਜਥੇਦਾਰ, ਵੰਗਾਰਾਂ ਦੇ ਸਨਮੁਖ ਹੋਣ ਵਾਲੇ ਪਾਸੇ ਨਹੀਂ ਤੁਰ ਸਕਦੇ? ਇਸ ਦੀ ਇਸ ਲਈ ਲੋੜ ਹੈ ਤਾਂ ਕਿ ਜਥੇਦਾਰੀ-ਸੰਸਥਾ ਨੂੰ ਪ੍ਰਬੰਧਕੀ-ਆੜ ਵਿਚ ਲਏ ਜਾਣ ਵਾਲੇ ਸਿਆਸੀ-ਫੈਸਲਿਆਂ ਤੋਂ ਬਚਾਇਆ ਜਾ ਸਕੇ? ਮੌਜੂਦਾ ਜਥੇਦਾਰੀ-ਸੰਕਟ, ਪੰਥਕ-ਵੰਗਾਰਾਂ ਵਿਚੋਂ ਹੀ ਪੈਦਾ ਹੋਇਆ ਹੈ। ਇਹ ਆਪਣੇ ਆਪ ਵਿਚ ਨਾ ਪਹਿਲਾ ਹੈ ਅਤੇ ਨਾ ਆਖਰੀ।

*34 ਅਰਬਨ ਐਸਟੇਟ, ਪਟਿਆਲਾ

# ਅਕਾਲ ਤਖਤ ਦੇ "ਹੁਕਮਨਾਮੇ" ਨੂੰ ਕਿਉਂ ਨਹੀਂ ਮੰਨਿਆ ਜਾ ਰਿਹਾ?

**ਸਵਰਨ ਸਿੰਘ***

"ਦਸਮ ਗ੍ਰੰਥ" ਦੇ ਮਸਲੇ ਨੂੰ ਲੈ ਕੇ ਪਿਛਲੇ ਦਿਨੀਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਇੱਕ "ਹੁਕਮਨਾਮਾ" ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਪ੍ਰਤੀ ਜਾਰੀ ਕਰਕੇ ਉਨ੍ਹਾਂ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਮਸਲੇ ਦਾ ਮੂਲ ਆਧਾਰ ਨਿਊ ਯਾਰਕ ਵਿਚ ਉਨ੍ਹਾਂ ਵਲੋਂ ਕੀਰਤਨ ਦੌਰਾਨ ਦਸਮ ਗ੍ਰੰਥ ਉਪਰ ਕੀਤਾ ਗਿਆ ਵਿਚਾਰ ਹੈ, ਜਿਸ ਤੋਂ ਇਹ ਦੁਬਿਧਾ ਖੜੀ ਕੀਤੀ ਗਈ ਹੈ। ਸਿਆਸੀ ਅਤੇ ਖੁਦਗਰਜ਼ ਲੋਕ ਆਪਣੇ ਨਿਜੀ ਲਾਭ ਖਾਤਰ ਮਸਲੇ ਨੂੰ ਦਿਨ ਬਦਿਨ ਪੇਚੀਦਾ ਬਣਾ ਰਹੇ ਹਨ। ਇਸ ਵੇਲੇ ਹਾਲਾਤ ਕੁਝ ਇਸ ਤਰ੍ਹਾਂ ਦੇ ਬਣੇ ਹੋਏ ਹਨ:

"ਪਰਜਾ ਅੰਧੀ ਗਿਆਨ ਬਿਨ
ਕੂੜ ਕੁਸਤਿ ਮੁਖਹੁ ਅਲਾਈ"
(ਭਾਈ ਗੁਰਦਾਸ, ਵਾਰ ੧, ਪਉੜੀ ੩੦)

"ਹਉ ਭਾਲਿ ਵਿਕੁੰਨੀ ਹੋਈ।
ਅੰਧੇਰੈ ਰਾਹੁ ਨ ਕੋਈ।
ਵਿਚਿ ਹਉਮੈ ਕਰਿ ਦੁਖੁ ਰੋਈ।
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ"
(ਸਲੋਕ ਮ: ੧, ਪੰਨਾ ੧੪੫)

ਗਿਆਨੀ ਗੁਰਬਚਨ ਸਿੰਘ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿਚ ਲਿਖਿਆ ਹੈ: "ਪ੍ਰੋ. ਦਰਸ਼ਨ ਸਿੰਘ ਨੂੰ ਨਿੱਜੀ ਰੂਪ 'ਚ ਹਾਜ਼ਰ ਹੋ ਕੇ ਸਪੱਸ਼ਟੀਕਰਨ ਦੇਣ ਦੀ ਤਾਕੀਦ ਕੀਤੀ ਗਈ ਸੀ। ਪੰਜ ਸਿੰਘ ਸਾਹਿਬ ਦਿੱਤੇ ਸਮੇਂ ਤੇ ਅਕਾਲ ਤਖਤ ਵਿਖੇ ਹਾਜ਼ਰ ਹੋ ਕੇ ਇੰਤਜ਼ਾਰ ਕਰਦੇ ਰਹੇ, ਪਰ ਅਖੌਤੀ ਪ੍ਰੋ. ਦਰਸ਼ਨ ਸਿੰਘ ਨਿਜੀ ਹਉਮੈ-ਹੰਕਾਰ ਤੇ ਖੁਦਗਰਜ਼ੀ ਦਾ ਪ੍ਰਗਟਾ ਕਰਕੇ ਪੰਜ ਸਿੰਘ ਸਾਹਿਬਾਨ ਦੇ ਪੇਸ਼ ਨਹੀਂ ਹੋਇਆ, ਜੋ ਕਿ ਗੁਰੂ ਪੰਥ ਦੇ ਸਰਵਉਚ ਅਸਥਾਨ ਅਕਾਲ ਤਖਤ ਦੀ ਮਾਣ-ਮਰਿਯਾਦਾ ਤੇ ਸਿਧਾਂਤ ਦੀ ਘੋਰ ਉਲੰਘਣਾ ਹੈ। ਇਸ ਕਾਰਨ ਗੁਰੂ-ਨਿੰਦਕ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਅਕਾਲ ਤਖਤ ਤੋਂ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ।"

ਪਰ ਪ੍ਰੋ. ਦਰਸ਼ਨ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਉਹ ਨਿਜੀ ਤੌਰ 'ਤੇ ਆਪਣਾ ਸਪੱਸ਼ਟੀਕਰਨ ਦੇਣ ਲਈ ਅਕਾਲ ਤਖਤ 'ਤੇ ਹਾਜ਼ਰ ਹੋਏ। ਤਕਰੀਬਨ ਇਕ ਘੰਟਾ ਬੈਠ ਕੇ ਉਡੀਕ ਕਰਨ ਤੋਂ ਮਗਰੋਂ ਜਦੋਂ ਪੰਜ ਸਿੰਘ ਸਾਹਿਬਾਨ ਅਕਾਲ ਤਖਤ 'ਤੇ ਨਾ ਆਏ, ਤਾਂ ਉਹ ਅਰਦਾਸ ਕਰਕੇ ਆਪਣਾ ਲਿਖਤੀ ਸਪਸ਼ਟੀਕਰਨ ਗੋਲਕ 'ਤੇ ਰੱਖ ਕੇ ਆ ਗਏ।

ਪ੍ਰੋ. ਦਰਸ਼ਨ ਸਿੰਘ ਮੰਗ ਕਰ ਰਹੇ ਸਨ ਕਿ ਕਿਸੇ ਬੰਦ ਕਮਰੇ ਦੀ ਬਜਾਏ ਅਕਾਲ ਤਖਤ ਉਤੇ ਸੰਗਤਾਂ ਦੇ ਸਾਹਮਣੇ ਪੇਸ਼ੀ ਕੀਤੀ ਜਾਵੇ। ਉਹ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਅਕਾਲ ਤਖਤ ਉਤੇ ਹਾਜ਼ਰ ਹੋਣ ਦਾ ਹੀ ਆਦੇਸ਼ ਸੀ। ਜਥੇਦਾਰ ਸਾਹਿਬਾਨ ਚਾਹੁੰਦੇ ਸਨ ਕਿ ਉਹ ਉਨ੍ਹਾਂ ਦੀ ਬਣਾਈ ਸਕੱਤਰੇਤ (ਜਿਹੜੀ ਇਕ ਵਖਰੀ ਇਮਾਰਤ ਹੈ) ਵਿਖੇ ਪੇਸ਼ ਹੋਣ। ਇਸ ਕਸ਼ਮਕਸ਼ ਵਿਚ ਮਸਲਾ ਲਟਕ ਰਿਹਾ ਹੈ।

ਕੋਈ ਸਮਾਂ ਸੀ ਜਦੋਂ ਅਕਾਲ ਤਖਤ ਤੋਂ ਜਾਰੀ ਹੁਕਮਨਾਮੇ ਅੱਗੇ ਸਤਿਕਾਰ ਨਾਲ ਸਭ ਦਾ ਸਿਰ ਝੁਕਦਾ ਸੀ ਅਤੇ ਗੁਰੂ ਦਾ ਹੁਕਮ ਕਰਕੇ ਮੰਨਿਆ ਜਾਂਦਾ ਸੀ ਪਰ ਅੱਜ ਜਾਰੀ ਕੀਤੇ ਗਏ ਹੁਕਮਨਾਮਿਆਂ ਨੂੰ ਮੰਨਣ ਦੀ ਬਜਾਏ ਕਿੰਤੂ-ਪ੍ਰੰਤੂ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ ਸਮਝਣ ਦੀ ਲੋੜ ਹੈ। ਦੇਖਣਾ ਪਵੇਗਾ ਕਿ ਕਿਤੇ ਹੁਕਮਨਾਮਾ ਜਾਰੀ ਕਰਨ ਵਿਚ ਜਾਣੇ-ਅਨਜਾਣੇ ਪੰਥਕ ਮਰਯਾਦਾ ਦੀ ਉਲੰਘਣਾ ਤੇ ਨਹੀਂ ਹੋ ਰਹੀ?

ਕੀ "ਹੁਕਮਨਾਮੇ" ਜਾਰੀ ਕਰਨ ਵਾਲਿਆਂ ਦੀ ਵਿਚਾਰਧਾਰਾ ਇੱਕ ਹੈ? ਕੀ ਉਨ੍ਹਾਂ ਵਿਚ ਪੂਰਨ ਏਕਤਾ ਹੈ? ਕੀ ਉਨ੍ਹਾਂ ਦੀ ਮਰਯਾਦਾ ਇੱਕ ਹੈ? ਕੀ ਉਹ "ਗੁਰਸਿਖਾ ਇਕੋ ਪਿਆਰੁ" ਵਾਲੀ ਭਾਵਨਾ ਰਖਦੇ ਹਨ? ਕੀ ਉਨ੍ਹਾਂ ਦੀ ਸੋਚ ਕਿਸੇ ਸਿਆਸੀ ਡਰ ਅਤੇ ਪ੍ਰਭਾਵ ਥੱਲੇ ਤਾਂ ਨਹੀਂ ਕੰਮ ਕਰਦੀ?

ਪਰ ਜਾਪਦਾ ਹੈ ਕਿ ਇਹ ਸਾਰਾ ਕੁਝ ਜਾਣ-ਬੁਝ ਕੇ ਸਾਜਿਸ਼ ਅਧੀਨ ਕੀਤਾ ਜਾ ਰਿਹਾ ਹੈ। ਪ੍ਰੋ. ਦਰਸ਼ਨ ਸਿੰਘ ਪ੍ਰਤੀ ਜੋ "ਹੁਕਮਨਾਮਾ" ਜਾਰੀ ਹੋਇਆ ਹੈ, ਉਸ ਵਿਚ ਵਰਤੀ ਗਈ ਸ਼ਬਦਾਵਲੀ ਤੋਂ ਵੀ ਇਹੀ ਝਲਕ ਪੈਂਦੀ ਹੈ ਕਿ ਇਹ ਸਾਰੀ ਕਾਰਵਾਈ ਕਿਸੇ ਸਿਆਸੀ ਪ੍ਰਭਾਵ ਥੱਲੇ, ਬਦਲੇ ਦੀ ਭਾਵਨਾ ਅਧੀਨ, ਕੁਤਿੱਤਣ ਨਾਲ ਅਤੇ ਜਲਦਬਾਜ਼ੀ ਵਿਚ ਕੀਤੀ ਗਈ ਹੈ। ਸਭ ਤੋਂ ਪਹਿਲਾਂ ਜਥੇਦਾਰ ਸਾਹਿਬਾਨ ਨੂੰ ਆਪਣੇ ਜਾਰੀ ਕੀਤੇ ਹੁਕਮਨਾਮੇ ਅਨੁਸਾਰ ਆਪ ਪਹਿਲਾਂ ਅਕਾਲ ਤਖਤ ਤੇ ਸੁਸ਼ੋਭਿਤ ਹੋਣਾ ਚਾਹੀਦਾ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਕੇ "ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ" ਵਾਲੀ ਚੰਗੀ ਭਾਵਨਾ ਸਹਿਤ, ਨਿਰਪੱਖ ਹੋ ਕੇ ਪੇਸ਼ੀ ਸਮੇਂ ਸਪੱਸ਼ਟੀਕਰਨ ਲੈਣਾ ਚਾਹੀਦਾ ਸੀ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਜਥੇਦਾਰ ਸਾਹਿਬਾਨ ਅਕਾਲ ਤਖਤ 'ਤੇ ਹਾਜ਼ਰ ਹੀ ਨਹੀਂ ਸਨ ਸਗੋਂ ਉਹ ਆਪਣੇ ਬਣਾਏ ਹੋਏ ਸਕੱਤਰੇਤ ਵਿਚ ਸਨ। ਜੇ ਉਹ ਚਾਹੁੰਦੇ ਕਿ ਪ੍ਰੋ. ਦਰਸ਼ਨ ਸਿੰਘ ਉਨ੍ਹਾਂ ਦੇ ਬਣਾਏ ਹੋਏ ਸਕੱਤਰੇਤ 'ਤੇ ਹੀ ਪੇਸ਼ ਹੋਣ ਤਾਂ ਉਨ੍ਹਾਂ ਨੂੰ ਪੇਸ਼ੀ ਲਈ ਭੇਜੇ ਗਏ ਆਪਣੇ ਹੁਕਮਨਾਮੇ ਵਿਚ ਸਪੱਸ਼ਟ ਕਰ ਦੇਣਾ ਚਾਹੀਦਾ ਸੀ।

ਇਸ ਤੋਂ ਇਲਾਵਾ ਚੰਗਾ ਹੁੰਦਾ ਜੇਕਰ ਸ. ਗੁਰਚਰਨਜੀਤ ਸਿੰਘ ਲਾਂਬਾ ਨੂੰ ਵੀ ਬੁਲਾਇਆ ਜਾਂਦਾ ਕਿਉਂਕਿ ਉਨ੍ਹਾਂ ਨੇ ਆਪਣੇ ਟੀ.ਵੀ. ਪ੍ਰੋਗਰਾਮ ਰਾਹੀਂ ਪ੍ਰੋ. ਦਰਸ਼ਨ ਸਿੰਘ ਉਪਰ ਦੋਸ਼ ਲਾਇਆ ਸੀ। ਅਸਲੀਅਤ ਨੂੰ ਹੋਰ ਜਾਨਣ ਲਈ ਅਤੇ ਨਿਆਂਪੂਰਵਕ ਫੈਸਲਾ ਲੈਣ ਹਿੱਤ ਗੁਰਦੁਆਰਾ ਸਾਹਿਬ ਰੋਚੈਸਟਰ, ਨਿਊ ਯਾਰਕ ਜਿਥੇ ਕੀਰਤਨ ਹੋਇਆ, ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਨੂੰ ਵੀ ਬੁਲਾਇਆ ਜਾ ਸਕਦਾ ਸੀ ਪਰ ਜਥੇਦਾਰ

## ਤੁਹਾਡੀ ਰਾਏ

ਸਾਹਿਬਾਨ ਨੇ ਕਿਸੇ ਤੋਂ ਸਪੱਸ਼ਟੀਕਰਨ ਲਏ ਬਗੈਰ ਹੀ "ਗੁਰੂ ਨਿੰਦਕ" ਹੋਣ ਦਾ ਫਤਵਾ ਦੇ ਕੇ ਤਨਖਾਹੀਆ ਕਰਾਰ ਦੇ ਦਿੱਤਾ।

ਜਿਥੋਂ ਤੱਕ ਦਸਮ ਗ੍ਰੰਥ ਦਾ ਸਵਾਲ ਹੈ, ਉਸ ਬਾਰੇ ਸਭ ਨੂੰ ਪਤਾ ਹੈ ਕਿ ਇਹ ਮਸਲਾ ਬੜਾ ਪੁਰਾਣਾ ਹੈ। ਕਈ ਵਾਰ ਇਸ ਉਤੇ ਵਾਦ-ਵਿਵਾਦ ਖੜਾ ਹੋਇਆ ਹੈ। ਬਹੁਤੇ ਵਿਦਵਾਨਾਂ ਨੇ ਸਮੁੱਚੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਣ ਤੋਂ ਇਨਕਾਰ ਕੀਤਾ ਹੈ। ਸ਼੍ਰੋਮਣੀ ਕਮੇਟੀ ਨੇ ਵੀ ਆਪਣੇ ਪੱਤਰ ਨੰ: ੩੬੬੭੨ ਮਿਤੀ ੩-੮-੧੯੭੩ ਅਨੁਸਾਰ ਫੈਸਲਾ ਕੀਤਾ ਹੈ ਕਿ "ਚਰਿਤ੍ਰੋ ਪਾਖਿਆਨ ਜੋ ਦਸਮ ਗ੍ਰੰਥ ਵਿਚ ਅੰਕਿਤ ਹੈ, ਦਸ਼ਮੇਸ਼ ਬਾਣੀ ਨਹੀਂ। ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ"। ਪਰ ਸਾਜਿਸ਼ ਅਧੀਨ ਕਿਸੇ ਲਿਖਾਰੀ ਨੇ "ਕਬਿਓ ਬਾਚ ਬੇਨਤੀ ਚੌਪਈ" ਨੂੰ ਚਰਿਤ੍ਰੋ ਪਾਖਿਆਨ ਵਿਚ ਲਿਖਿਆ ਹੈ। ਪੰਥ ਦੇ ਸੂਝਵਾਨ ਵਿਦਵਾਨਾਂ ਨੇ ਚੌਪਈ ਸਾਹਿਬ ਨਾਲ ਜੋ ਵਾਧੂ ਲਫਜ਼ "ਪੁਨਿ ਰਾਛਸ ਕਾ ਕਾਟਾ ਸੀਸਾ" ਅਤੇ "ਕ੍ਰਿਪਾ ਕਰੀ ਹਮ ਪਰ ਜਗਮਾਤਾ" ਨੂੰ ਬਾਣੀ ਨਾ ਮੰਨਿਆ ਅਤੇ "ਹਮਰੀ ਕਰੋ ਹਾਥ ਦੈ ਰੱਛਾ" ਤੋਂ "ਦੁਸਟ ਦੋਖ ਤੇ ਲੇਹੁ ਬਚਾਈ" ਤੱਕ ਹੀ ਪ੍ਰਵਾਨ ਕੀਤਾ, ਜੋ ਨਿਤਨੇਮ ਦਾ ਹਿੱਸਾ ਹੈ।

ਪਰ ਦੁਖਾਂਤ ਉਸ ਵੇਲੇ ਵਾਪਰਦਾ ਹੈ ਜਦੋਂ ਪੰਥ ਦੇ ਵਾਰਸ ਅਖਵਾਉਣ ਵਾਲੇ, ਪੰਥਕ ਮਰਯਾਦਾ 'ਤੇ ਪਹਿਰਾ ਦੇਣ ਵਾਲੇ, ਆਪ ਹੀ ਆਪਣੇ ਸਿਧਾਂਤਾਂ ਦਾ ਘਾਣ ਕਰਨ ਲਗ ਪੈਂਦੇ ਹਨ ਅਤੇ ਮੰਨਣ ਤੋਂ ਆਕੀ ਹੋ ਬੈਠਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦਸਮ ਗ੍ਰੰਥ ਦਾ ਪ੍ਰਕਾਸ਼ ਕਰਕੇ ਅਖੰਡ ਪਾਠ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਵਿਚ ਸਮਰੱਥਕ ਬਣ ਕੇ ਆਪ ਸ਼ਾਮਲ ਹੁੰਦੇ ਹਨ। ਜਦਕਿ ਪੰਥ ਦੀ ਬੜੀ ਮਿਹਨਤ ਨਾਲ ਤਿਆਰ ਕੀਤੀ "ਸਿੱਖ ਰਹਿਤ ਮਰਿਯਾਦਾ" ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਹੋਰ ਕਿਸੇ ਪੁਸਤਕ ਜਾਂ ਗ੍ਰੰਥ ਦਾ ਪ੍ਰਕਾਸ਼ ਕਰਨਾ ਮਨ੍ਹਾਂ ਹੈ।

ਹੁਣ, ਦਸਮ ਗ੍ਰੰਥ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ ਦਾ ਮਸਲਾ ਖੜਾ ਕਰਕੇ ਇਕ ਹੋਰ ਨਵਾਂ ਵਾਦ-ਵਿਵਾਦ ਸ਼ੁਰੂ ਕਰ ਲਿਆ ਗਿਆ ਹੈ। ਬੜੀ ਮਿਹਨਤ ਮਗਰੋਂ ਸਿੱਖ ਕੌਮ ਬ੍ਰਾਹਮਣ ਦੀ ਇਕ ਸੋਚ ਵਿਚੋਂ ਨਿਕਲੀ ਸੀ ਪਰ ਅਫਸੋਸ ਹੈ ਇਨ੍ਹਾਂ ਪੰਥ ਦੇ ਮੁਹਾਣਿਆਂ, ਡੇਰੇਦਾਰਾਂ ਅਤੇ ਸਾਧਾਂ 'ਤੇ ਜਿਹੜੇ ਨਾ ਆਪ ਬ੍ਰਾਹਮਣਵਾਦ ਦੇ ਚੱਕਰ ਵਿਚੋਂ ਨਿਕਲਣਾ ਚਾਹੁੰਦੇ ਹਨ ਅਤੇ ਨਾ ਕੌਮ ਨੂੰ ਨਿਕਲਣ ਦਿੰਦੇ ਹਨ। ਜਥੇਦਾਰ ਸਾਹਿਬਾਨ ਧੜਾ-ਧੜ ਬਿਆਨ ਦੇਈ ਜਾਂਦੇ ਹਨ ਕਿ ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਨਾਲ ਕੌਮ ਵਿਚ ਪੂਰਨ ਏਕਤਾ ਹੋ ਗਈ ਹੈ। ਕੋਈ ਇਨ੍ਹਾਂ ਨੂੰ ਪੁੱਛੇ ਕਿ ਤੁਹਾਡੇ ਆਪਣੇ ਵਿਚ ਤਾਂ ਸਰਬਸੰਮਤੀ ਜਾਂ ਏਕਤਾ ਹੋਈ ਨਹੀਂ, ਕੌਮ ਵਿਚ ਕਿਵੇਂ ਏਕਤਾ ਹੋ ਸਕਦੀ ਹੈ? ਜਾਪਦਾ ਇਹ ਹੈ ਕਿ ਕਿਸੇ ਡੂੰਘੀ ਸਾਜ਼ਿਸ਼ ਅਧੀਨ ਨਵੇਂ-ਨਵੇਂ ਮਸਲੇ ਜਾਣ ਬੁਝ ਕੇ ਖੜੇ ਕੀਤੇ ਜਾ ਰਹੇ ਹਨ ਤਾਂ ਜੋ ਹੋਰ ਤੇ ਹੋਰ ਹੁਕਮਨਾਮਾ ਜਾਰੀ ਕਰਨ ਦਾ ਸਿਲਸਿਲਾ ਚਲਦਾ ਰਹੇ ਅਤੇ ਕੌਮ ਵਿਚ ਫੁੱਟ ਪਈ ਰਹੇ।

ਬੜੇ ਸਤਿਕਾਰ ਅਤੇ ਨਿਮਰਤਾ ਸਹਿਤ ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ, ਪੰਥਕ ਜਥੇਬੰਦੀਆਂ ਅਤੇ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਜੇਕਰ ਦੂਰ-ਦ੍ਰਿਸ਼ਟੀ ਨਾਲ ਨਿਰਪੱਖ ਹੋ ਕੇ ਨਿਜੀ ਮੱਤਭੇਦ ਨੂੰ ਇਕ ਪਾਸੇ ਰਖ ਕੇ, ਹੇਠ ਲਿਖੇ ਕੁਝ ਨੁਕਤਿਆਂ ਉਤੇ ਵਿਚਾਰ ਕੀਤੀ ਜਾਵੇ ਤਾਂ ਮਸਲਾ ਹੱਲ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

੧. ਸਭ ਤੋਂ ਪਹਿਲਾਂ ਇਹ ਜਾਨਣਾ ਜ਼ਰੂਰੀ ਹੈ ਕਿ ਪ੍ਰੋ. ਦਰਸ਼ਨ ਸਿੰਘ ਦੀ ਕੀਰਤਨ ਦੌਰਾਨ ਭਾਵਨਾ ਕੀ ਸੀ? ਗੁਰੂ ਦੀ ਵਡਿਆਈ ਕਰਨੀ ਜਾਂ ਨਿੰਦਾ?

੨. ਸਪੱਸ਼ਟੀਕਰਨ ਲਏ ਬਗੈਰ "ਗੁਰੂ ਨਿੰਦਕ" ਹੋਣ ਦਾ ਫਤਵਾ ਦੇਣਾ ਜਾਇਜ਼ ਨਹੀਂ।

੩. ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਦੇ ਜਥੇਦਾਰ ਜਿਹੜੇ ਆਪ ਅਕਾਲ ਤਖਤ ਦੀ ਸਰਵਉਚਤਾ ਨੂੰ ਨਹੀਂ ਮੰਨਦੇ ਅਤੇ "ਸਿੱਖ ਰਹਿਤ ਮਰਯਾਦਾ" ਦੀ ਉਲੰਘਣਾ ਕਰਕੇ ਦਸਮ ਗ੍ਰੰਥ ਦਾ ਪ੍ਰਕਾਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਰਦੇ ਹਨ, ਉਨ੍ਹਾਂ ਨੂੰ ਪੰਜਾਂ ਸਿੰਘਾਂ ਵਿਚ ਕੋਈ ਪੰਥਕ ਫੈਸਲਾ ਲੈਣ ਲਈ ਸ਼ਾਮਲ ਕਰਨਾ ਕਿਥੋਂ ਤਕ ਯੋਗ ਹੈ?

੪. ਕਿਸੇ ਵੀ ਸਿੱਖ ਦੀ ਪੇਸ਼ੀ, ਅਕਾਲ ਤਖਤ ਉਤੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿਚ ਪੰਥਕ ਰਵਾਇਤਾਂ ਅਨੁਸਾਰ ਹੋਵੇ।

੫. ਗੁਰਦੁਆਰਾ ਰੋਚੈਸਟਰ, ਨਿਊ ਯਾਰਕ ਦੀ ਪ੍ਰਬੰਧਕ ਕਮੇਟੀ ਅਤੇ ਸੰਗਤ ਦੇ ਵਿਚਾਰ ਲਏ ਜਾਣ।

੬. ਸ. ਗੁਰਚਰਨਜੀਤ ਸਿੰਘ ਲਾਂਬਾ ਦੀ ਪੇਸ਼ੀ ਕਰਨੀ ਵੀ ਜ਼ਰੂਰੀ ਬਣਦੀ ਹੈ, ਕਿਉਂਕਿ ਉਨ੍ਹਾਂ ਉਪਰ ਅਸਲੀਅਤ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦਾ ਦੋਸ਼ ਹੈ।

੭. "ਦਸਮ ਗ੍ਰੰਥ" ਦੇ ਅਖੰਡ ਪਾਠਾਂ ਦੀ ਨਵੀਂ ਪਾਈ ਜਾ ਰਹੀ ਪਿਰਤ ਉਪਰ ਵੀ ਪਾਬੰਦੀ ਲਾਈ ਜਾਵੇ।

੮. ਪੰਥ ਦੇ ਸੂਝਵਾਨ ਵਿਦਵਾਨਾਂ ਦਾ ਇਕੱਠ ਕਰਕੇ ਇਹ ਨਿਰਣਾ ਲਿਆ ਜਾਵੇ ਕਿ ਦਸਮ ਗ੍ਰੰਥ ਵਿਚ ਕਿਹੜੀਆਂ ਬਾਣੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਦੀਆਂ ਹਨ?

੯. ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਅਖੌਤੀ ਸੋਧਾਂ ਨੂੰ ਰੱਦ ਕੀਤਾ ਜਾਵੇ।

੧੦. ਅਕਾਲ ਤਖਤ ਦੀ ਸਰਵ-ਉਚਤਾ ਅਤੇ ਆਨ-ਸ਼ਾਨ ਨੂੰ ਬਰਕਰਾਰ ਰੱਖਣ ਲਈ, ਪੰਜਾਂ ਤਖਤਾਂ ਦੇ ਜਥੇਦਾਰ ਸਾਹਿਬਾਨ ਨੂੰ ਸਿਆਸੀ ਪ੍ਰਭਾਵ ਤੋਂ ਉਪਰ ਉਠ ਕੇ ਪੰਥਕ ਫੈਸਲੇ ਲੈਣ।

***ਕੈਲੀਫੋਰਨੀਆ**

## ਨਾਨਕਸ਼ਾਹੀ ਕੈਲੰਡਰ

*(ਸਫਾ 12 ਦੀ ਬਾਕੀ)*

ਦਾ ਬਹੁਤ ਯੋਗਦਾਨ ਸੀ। ਅੰਤਰਿੰਗ ਕਮੇਟੀ ਦੇ ਤਿੰਨ ਮੈਂਬਰ ਬੀਬੀ ਰਵਿੰਦਰ ਕੌਰ ਹਰਿਆਣਾ, ਜਥੇਦਾਰ ਭੌਰ, ਨੌਜੁਆਨ ਆਗੂ ਸ. ਪੰਜੋਲੀ ਅੱਜ ਸਾਰੇ ਪੰਥਕ ਹਲਕਿਆਂ ਦੇ ਸਤਿਕਾਰ ਦੇ ਪਾਤਰ ਬਣ ਗਏ ਹਨ। ਉਨ੍ਹਾਂ ਨੇ ਨਾ ਸਿਰਫ ਮੀਟਿੰਗ ਵਿਚੋਂ ਵਾਕ ਆਊਟ ਕੀਤਾ ਸਗੋਂ ਅਸਹਿਮਤੀ ਨੋਟ ਵਿਚ ਬਹੁਤ ਹੀ ਬਰੀਕ ਨੁਕਤੇ ਉਠਾਏ ਹਨ। ਅੱਜ ਕਿਹਾ ਜਾ ਰਿਹਾ ਹੈ ਕਿ ਬਿਕਰਮੀ ਕੈਲੰਡਰ ਵਿਚ ਕੋਈ ਤਬਦੀਲੀ ਭਵਿੱਖ ਵਿਚ ਨਹੀਂ ਕੀਤੀ ਜਾ ਸਕੇਗੀ। ਨਾਨਕਸ਼ਾਹੀ ਕੈਲੰਡਰ ਵੀ ਅਕਾਲ ਤਖਤ ਵਲੋਂ ਪ੍ਰਵਾਨਿਤ, ਅਕਾਲ ਤਖਤ ਦੇ ਹੁਕਮਾਂ ਅਨੁਸਾਰ ਲਾਗੂ ਹੋਇਆ ਸੀ। ਫਿਰ ਅਕਾਲ ਤਖਤ ਦਾ ਫੈਸਲਾ ਕਿਉਂ ਬਦਲ ਦਿੱਤਾ? ਕੀ ਹਕੂਮਤ ਬਦਲਣ ਨਾਲ ਫੈਸਲੇ ਬਦਲ ਜਾਂਦੇ ਹਨ? ਇਹ ਇਕ ਧਾਰਮਿਕ ਮਸਲਾ ਹੈ ਰਾਜਨੀਤਕ ਨਹੀਂ ਕਿ ਅਗਲੀ ਸਰਕਾਰ ਆ ਕੇ ਪਹਿਲੀ ਸਰਕਾਰ ਦੇ ਫੈਸਲੇ ਬਦਲ ਦੇਵੇ।

***ਸਾਬਕਾ ਮੁਖੀ, ਗੁਰੂ ਗ੍ਰੰਥ ਸਾਹਿਬ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਬੇਗਮਪੁਰੇ ਦਾ ਸੁਪਨਾ ਤੇ ਸਾਡਾ ਕਿਰਦਾਰ

ਜਦੋਂ ਅਸੀਂ ਬੇਗਮਪੁਰੇ ਦੀ ਗੱਲ ਕਰਦੇ ਹਾਂ ਤਾਂ ਕੁਦਰਤੀ ਤੌਰ 'ਤੇ ਹੀ ਸਾਨੂੰ ਮਹਾਰਾਜ ਰਵੀਦਾਸ ਦਾ ਜੀਵਨ ਚੇਤੇ ਆ ਜਾਂਦਾ ਹੈ। ਰਵੀਦਾਸ ਜੀ ਮਹਾਰਾਜ ਨੇ ਜਿਸ ਤਰ੍ਹਾਂ ਸੱਚੀ ਤੇ ਸੁੱਚੀ ਕਿਰਤ ਕਰਕੇ ਆਪਣਾ ਜੀਵਨ ਗੁਜ਼ਾਰਨ ਦੇ ਨਾਲ ਨਾਲ ਰੱਬ ਨੂੰ ਪਾਉਣ ਦੀ ਮਿਸਾਲ ਸਾਡੇ ਸਾਹਮਣੇ ਰੱਖੀ ਹੈ ਉਸ ਅੱਗੇ ਸਾਡਾ ਸਿਰ ਸਤਿਕਾਰ ਨਾਲ ਝੁਕ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ "ਪੰਚ ਪਰਵਾਨ ਪੰਚ ਪ੍ਰਧਾਨ ਪੰਚੇ ਪਾਵਹਿ ਦਰਗਹ ਮਾਨ" ਦੇ ਸਿਧਾਂਤ ਨੂੰ ਦਸਵੇਂ ਜਾਮੇ ਵਿਚ ਨਾਨਕ ਨੇ ਪੰਜ ਪਿਆਰੇ ਸਾਜ ਕੇ ਉਸ ਬੇਗਮਪੁਰੇ ਦੇ ਸੁਪਨੇ ਨੂੰ ਸੱਚ ਕਰ ਦਿਤਾ ਜਿਸ ਦਾ ਜ਼ਿਕਰ ਰਵੀਦਾਸ ਮਹਾਰਾਜ ਨੇ ਆਪਣੀ ਬਾਣੀ ਵਿਚ ਕੀਤਾ ਹੈ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵਲੋਂ ਕੀਤੀ ਗਈ ਖਾਲਸੇ ਦੀ ਸਾਜਨਾ ਨਾਲ ਜਾਤ-ਪਾਤ, ਊਚ-ਨੀਚ ਦਾ ਭੇਦ-ਭਾਵ ਖਤਮ ਹੋ ਗਿਆ ਅਤੇ ਅੰਮ੍ਰਿਤ ਛਕ ਕੇ ਸਜੇ ਸਿੰਘ ਦੀ ਨਾ ਕੋਈ ਜਾਤ ਰਹੀ ਅਤੇ ਨਾ ਹੀ ਉਚ-ਨੀਚ, ਨਾ ਕੋਈ ਚਮਾਰ ਰਿਹਾ ਤੇ ਨਾ ਕੋਈ ਜੱਟ। ਪਰ ਅਫਸੋਸ ਇਹ ਹੈ ਕਿ ਅਸੀਂ ਆਪਣੀਆਂ ਜਾਤਾਂ-ਪਾਤਾਂ ਅੱਜ ਵੀ ਉਸੇ ਤਰ੍ਹਾਂ ਨਾਲ ਚੁੱਕੀ ਫਿਰਦੇ ਹਾਂ। ਨਾ ਅਸੀਂ ਸਿੰਘ ਹੀ ਬਣ ਸਕੇ ਅਤੇ ਨਾ ਹੀ ਗੁਰੂ ਰਵਿਦਾਸ ਜੀ ਦੇ ਬੇਗਮਪੁਰੇ ਦੇ ਵਾਸੀ ਹੀ ਬਣ ਸਕੇ। ਸੱਚ ਤਾਂ ਇਹ ਹੈ ਕਿ ਅਸੀਂ ਬੇਗਮਪੁਰੇ ਦੇ ਵਾਸੀ ਬਣਨ ਦੇ ਹੱਕਦਾਰ ਹੀ ਨਹੀਂ, ਕਿਉਂਕਿ ਜਿਸ ਜਿਸ ਕੰਮ ਤੋਂ ਗੁਰੂ ਸਾਹਿਬ ਨੇ ਸਾਨੂੰ ਵਰਜਿਆ ਹੈ ਅਸੀਂ ਉਹ ਸਾਰੇ ਕਰਦੇ ਹਾਂ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗ੍ਰਸੇ ਹੋਏ ਹਾਂ।

ਜਿਸ ਗੁਰੂ ਘਰ ਮਰਜੀ ਚਲੇ ਜਾਓਗੇ, ਕੋਈ ਨਾ ਕੋਈ ਰੌਲਾ ਜ਼ਰੂਰ ਪਾਓਗੇ। ਸ਼ਰਾਬ ਬਾਰੇ ਗੁਰੂ ਰਵੀਦਾਸ ਜੀ ਨੇ ਆਪਣੀ ਬਾਣੀ ਵਿਚ ਸਾਫ ਸ਼ਬਦਾਂ ਵਿਚ ਲਿਖਿਆ ਹੈ ਕਿ ਜੇਕਰ ਸ਼ਰਾਬ ਗੰਗਾ ਦੇ ਪਵਿਤਰ ਪਾਣੀ ਦੀ ਵੀ ਬਣੀ ਹੋਵੇ ਤਾਂ ਵੀ ਤੁਸੀਂ ਹੱਥ ਨਹੀਂ ਲਾਉਣਾ ਪਰ ਅੱਜ ਸਾਡੇ ਬਹੁਤ ਸਾਰੇ ਗੁਰੂ ਘਰਾਂ ਦੇ ਸੇਵਾਦਾਰ ਹੀ ਸ਼ਰਾਬ ਦੇ ਆਦੀ ਹਨ ਤੇ ਸ਼ਰਾਬ ਦਾ ਕਾਰੋਬਾਰ ਕਰਦੇ ਹਨ। ਵੱਡੇ ਵੱਡੇ ਪ੍ਰਬੰਧਕ ਪਾਰਟੀਆਂ ਵਿਚ ਬੈਠੇ ਸ਼ਰਾਬ ਪੀਂਦੇ ਵੇਖੇ ਜਾ ਸਕਦੇ ਹਨ। ਗੱਲਾਂ ਅਸੀਂ ਬੇਗਮਪੁਰੇ ਦੀਆਂ ਕਰਦੇ ਹਾਂ ਪਰ ਸ਼ਰਾਬ, ਸਿਗਰਟ, ਤੰਬਾਕੂ ਅਤੇ ਹੋਰ ਅਲਾਮਤਾਂ ਤੋਂ ਖਹਿੜਾ ਨਹੀਂ ਛੁਡਾ ਸਕਦੇ।

ਸਵੇਰੇ ਸਵੇਰੇ ਜਦੋਂ ਮੈਂ ਟੀ ਵੀ ਲਗਾਇਆ ਤਾਂ ਇਕ ਚੈਨਲ ਉਤੇ ਗੁਰੂ ਰਵੀਦਾਸ ਜੀ ਦੇ ਸਬੰਧ ਵਿਚ ਬਣਾਈ ਗਈ ਕਿਸੇ ਵੀਡੀਓ ਸੀ ਡੀ ਦੀ ਇਸ਼ਤਿਹਾਰਬਾਜ਼ੀ ਚੱਲ ਰਹੀ ਸੀ। ਇਕ ਕਲਾਕਾਰ ਹੱਥ ਜੋੜ ਜੋੜ ਕੇ ਰਵੀਦਾਸ ਮਹਾਰਾਜ ਜੀ ਦੀ ਪੱਥਰ ਦੀ ਇਕ ਮੂਰਤੀ ਅੱਗੇ ਮੱਥੇ ਰਗੜ ਰਿਹਾ ਸੀ। ਵੇਖ ਕੇ ਖਿਆਲ ਆਇਆ ਕਿ ਜਿਸ ਬੁੱਤ-ਪੂਜਾ ਤੋਂ ਗੁਰੂ ਰਵੀਦਾਸ ਨੇ ਵਰਜਿਆ ਸੀ ਅੱਜ ਅਸੀਂ ਉਸੇ ਬੁੱਤ-ਪੂਜਾ ਵਿਚ ਗਲਤਾਨ ਹਾਂ। ਕੋਈ ਇਸ ਕਲਾਕਾਰ ਤੋਂ ਪੁੱਛੇ ਕਿ ਕਦੇ ਗੁਰੂ ਰਵੀਦਾਸ ਦੀ ਲਿਖੀ ਬਾਣੀ ਪੜ੍ਹੀ ਹੈ? ਇਸ ਬਾਣੀ ਵਿਚ ਕਿਥੇ ਲਿਖਿਆ ਹੈ ਕਿ ਮੇਰੇ ਮਗਰੋਂ ਮੇਰਾ ਇਕ ਬੁੱਤ ਬਣਾ ਕੇ ਉਸ ਦੀ ਪੂਜਾ ਕਰਿਆ ਕਰੋ? ਅਸੀਂ ਉਨ੍ਹਾਂ ਦੀ ਬਾਣੀ ਦੀ ਤਾਂ ਪਰਵਾਹ ਨਹੀਂ ਕਰਦੇ ਪਰ ਪੱਥਰ ਦੀ ਮੂਰਤੀ ਬਣਾ ਕੇ ਉਸ ਅੱਗੇ ਬੈਠ ਲੇਲ੍ਹੜੀਆਂ ਕੱਢੀ ਜਾਂਦੇ ਹਾਂ ਕਿ ਮੁਕਤੀ ਦੇ ਦੇ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਨੇ ਗੁਰੂ ਰਵੀਦਾਸ ਜੀ ਦੀ ਬਾਣੀ ਇਕੱਤਰ ਕੀਤੀ ਅਤੇ ਉਸ ਤੋਂ ਬਾਅਦ ਗੁਰੂ ਅੰਗਦ ਦੇਵ, ਗੁਰੂ ਅਮਰਦਾਸ, ਗੁਰੂ ਰਾਮਦਾਸ ਤੋਂ ਹੁੰਦੀ ਹੋਈ ਗੁਰੂ ਅਰਜਨ ਦੇਵ ਜੀ ਪਾਸ ਪਹੁੰਚੀ ਜਿਨ੍ਹਾਂ ਇਸ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਹਮੇਸ਼ਾ ਲਈ ਸੰਭਾਲ ਦਿਤਾ। ਨਹੀਂ ਤਾਂ ਪੁੱਛੋ ਆਪਣੇ ਆਪ ਨੂੰ ਸਾਨੂੰ ਆਪਣੇ ਦਾਦੇ, ਪੜਦਾਦੇ ਦਾ ਨਾਂ ਵੀ ਨਹੀਂ ਪਤਾ ਹੋਣਾ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੈ ਕਿ ਅੱਜ ਜਿਹੜੇ ਲੋਕ ਸਾਡੇ ਸਮਾਜ ਦੇ ਠੇਕੇਦਾਰ ਬਣੇ ਫਿਰਦੇ ਹਨ ਉਨ੍ਹਾਂ ਨੂੰ ਗੁਰੂ ਰਵੀਦਾਸ ਦੇ 41 ਸ਼ਬਦ ਵੀ ਯਾਦ ਨਹੀਂ ਹਨ। ਸਮਝ ਨਹੀਂ ਆਉਂਦੀ ਅਸੀਂ ਕਿਵੇਂ ਬੇਗਮਪੁਰੇ ਦੇ ਵਾਸੀ ਬਣਾਂਗੇ?

ਕਈ ਸਾਲ ਪਹਿਲਾਂ ਦੀ ਗੱਲ ਹੈ ਸਾਡੇ ਪਿੰਡ ਵਿਚ ਗੁਰੂ ਰਵੀਦਾਸ ਜੀ ਦੇ ਪੁਰਬ ਮੌਕੇ ਪਿੰਡ ਵਾਸੀਆਂ ਨੇ ਨਗਰ ਕੀਰਤਨ ਕੱਢਿਆ। ਪਿੰਡ ਦੀਆਂ ਚਾਰ ਪੱਤੀਆਂ ਹਨ ਅਤੇ ਸਾਰੀਆਂ ਪੱਤੀਆਂ ਵਿਚੋਂ ਹੀ ਨਗਰ ਕੀਰਤਨ ਗੁਜ਼ਰਿਆ। ਜਦੋਂ ਇਹ ਨਗਰ ਕੀਰਤਨ ਇਕ ਬ੍ਰਾਹਮਣ ਪਰਿਵਾਰ ਦੇ ਘਰ ਅੱਗੋਂ ਨਿਕਲ ਰਿਹਾ ਸੀ ਤਾਂ ਪਿੰਡ ਦੇ ਕੁਝ ਮੁੰਡਿਆਂ ਨੇ ਉਥੇ ਉਚੀ ਉਚੀ ਜੈ ਰਵੀਦਾਸ, ਜੈ ਰਵੀਦਾਸ ਦੇ ਨਾਅਰੇ ਅਤੇ ਹੋਰ ਭੜਕਾਊ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਇਹ ਮੁੰਡੇ ਪਹਿਲਾਂ ਵੀ ਅਜਿਹਾ ਕੁਝ ਕਰਦੇ ਰਹਿੰਦੇ ਸਨ। ਇਨ੍ਹਾਂ ਵਿਚੋਂ ਕੁਝ ਨੇ ਤਾਂ ਸ਼ਰਾਬ ਵੀ ਪੀਤੀ ਹੋਈ ਸੀ। ਜਦੋਂ ਇਹ ਮੁੰਡੇ ਉਚੀ ਉਚੀ ਨਾਅਰੇ ਲਾਉਣ ਤੋਂ ਨਾ ਹੀ ਹਟੇ ਤਾਂ ਕੁਝ ਸਮੇਂ ਬਾਅਦ ਇਕ ਬਜ਼ੁਰਗ ਬ੍ਰਾਹਮਣ ਘਰ ਤੋਂ ਬਾਹਰ ਆਇਆ ਤੇ ਪੁੱਛਣ ਲੱਗਾ, "ਤੁਸੀਂ ਗੁਰੂ ਰਵੀਦਾਸ ਦਾ ਪ੍ਰਕਾਸ਼ ਪੁਰਬ ਮਨਾ ਰਹੇ ਹੋ ਜਾਂ ਗੁੰਡਾਗਰਦੀ ਕਰ ਰਹੇ ਹੋ?"

ਇਹ ਗੱਲ ਸੁਣ ਕੇ ਨਗਰ ਕੀਰਤਨ ਵਿਚ ਸ਼ਾਮਲ ਲੋਕਾਂ ਨੇ ਬਜ਼ੁਰਗ ਦੀ ਗੱਲ ਦਾ ਗੁੱਸਾ ਕੀਤਾ ਤੇ ਕਾਫੀ ਗਰਮਾ-ਗਰਮੀ ਵੀ ਸ਼ੁਰੂ ਹੋ ਗਈ। ਐਨ ਇਸ ਮੌਕੇ ਬਜ਼ੁਰਗ ਨੇ ਪੁਛਿਆ, "ਜੇ ਤੁਸੀਂ ਗੁਰੂ ਰਵੀਦਾਸ ਜੀ ਦੇ ਸਿੱਖ ਹੋ ਤਾਂ ਮੈਨੂੰ ਉਨ੍ਹਾਂ ਦੀ ਪਵਿਤਰ ਬਾਣੀ ਵਿਚੋਂ ਸਿਰਫ ਇਕ ਪੂਰਾ ਸ਼ਬਦ ਜਿਸ ਕਿਸੇ ਨੂੰ ਵੀ ਚੇਤੇ ਹੈ, ਪੜ੍ਹ ਕੇ ਸੁਣਾ ਦਿਓ। ਉਸ ਉਪਰੰਤ ਤੁਸੀਂ ਭਾਵੇਂ ਹਰ ਰੋਜ਼ ਮੇਰੇ ਘਰ ਅੱਗੇ ਉਚੀ ਉਚੀ ਨਾਅਰੇ ਮਾਰੀ ਜਾਇਓ ਮੈਨੂੰ ਕੋਈ ਗਿਲਾ ਨਹੀਂ ਹੋਵੇਗਾ।"

ਬਜ਼ੁਰਗ ਨੇ ਆਪਣੀ ਗੱਲ ਜਾਰੀ ਰੱਖਦਿਆਂ ਆਖਿਆ, "ਮੈਂ ਮੰਨਦਾ ਹਾਂ ਕਿ ਸਾਡੇ ਪੁਰਖਿਆਂ ਨੇ ਵਰਣ-ਵੰਡ ਰਾਹੀਂ ਜ਼ਿਆਦਤੀ ਕੀਤੀ ਸੀ। ਅਕਸਰ ਨੂੰ ਉਸ ਦੀ ਕੀਮਤ ਸਾਨੂੰ ਅੱਜ ਚੁਕਾਉਣੀ ਪੈ ਰਹੀ ਹੈ ਪਰ ਸ਼ਰਤ ਇਹ ਹੈ ਕਿ ਇਕ ਪੂਰਾ ਸ਼ਬਦ ਮੂੰਹ-ਜ਼ੁਬਾਨੀ ਸੁਣਾਓ, ਨਹੀਂ ਤਾਂ ਮੈਂ ਉਨ੍ਹਾਂ ਦੀ ਬਾਣੀ ਦੇ ਪੰਜ ਸ਼ਬਦ ਬਿਨਾ ਗਲਤੀ ਕੀਤੇ ਤੁਹਾਨੂੰ ਸੁਣਾਉਂਦਾ ਹਾਂ ਪਰ ਉਸ ਪਿਛੋਂ ਤੁਸੀਂ ਇਸ ਤਰ੍ਹਾਂ ਕਦੇ ਨਾਅਰੇਬਾਜ਼ੀ ਨਹੀਂ ਕਰੋਗੇ।"

ਸ਼ਬਦ ਕੌਣ ਸੁਣਾਵੇ? ਕਿਸੇ ਨੂੰ ਚੇਤੇ ਹੁੰਦਾ ਤਾਂ ਕੋਈ ਸੁਣਾਉਂਦਾ। ਸ਼ਰਮ ਦੇ ਮਾਰੇ ਸਾਰੇ ਹੌਲੀ ਹੌਲੀ ਉਥੋਂ ਖਿਸਕ ਗਏ। ਮੈਨੂੰ ਇਹ ਸਾਰਾ ਸੀਨ ਤੱਕ ਕੇ ਬੜੀ ਸ਼ਰਮ ਆਈ ਕਿ ਜਿਸ ਨੂੰ ਅਸੀਂ ਆਪਣਾ ਦੁਸ਼ਮਣ ਸਮਝੀ ਬੈਠੇ ਸਾਂ, ਉਸ ਨੂੰ ਤਾਂ ਗੁਰੂ ਸਾਹਿਬ ਦੀ ਬਾਣੀ ਯਾਦ ਹੈ ਪਰ ਅਸੀਂ ਜਿਹੜੇ ਠੇਕੇਦਾਰ ਬਣੀ ਫਿਰਦੇ ਹਾਂ ਸਾਨੂੰ ਕੁਝ ਯਾਦ ਨਹੀਂ। ਬ੍ਰਾਹਮਣਵਾਦ ਕਿਸੇ ਜਾਤ ਦਾ ਨਾਂ ਨਹੀਂ ਇਕ ਸੋਚ ਹੈ। ਅੱਜ ਇਹ ਸੋਚ ਸਾਡੇ 'ਤੇ ਵੀ ਭਾਰੂ ਹੋ ਰਹੀ ਹੈ। ਬੇਗਮਪੁਰੇ ਦਾ ਵਾਸੀ ਬਣਨਾ ਹੈ ਤਾਂ ਇਸ ਸੋਚ ਵਿਚੋਂ ਬਾਹਰ ਨਿਕਲਣਾ ਹੀ ਪਵੇਗਾ।

**ਗੁਰਦਿਆਲ ਸਿੰਘ**
**ਸਾਬਕਾ ਚੇਅਰਮੈਨ**
**ਸ੍ਰੀ ਗੁਰੂ ਰਵੀਦਾਸ ਸਭਾ,**
**ਨਿਊ ਯਾਰਕ**

# ਸਾਡੇ ਸਮਿਆਂ ਵਿਚ ਸਭਿਆਚਾਰ

## ਵਿਚਾਰ-ਚਰਚਾ

**ਸਭਿਆਚਾਰ ਕੀ ਹੈ? ਅਤੇ ਇਸ ਦੀ ਸੰਭਾਲ ਕਿਵੇਂ ਕੀਤੀ ਜਾਵੇ? ਇਹ ਇਕ ਵੱਡਾ ਸਵਾਲ ਹੈ। ਪੰਜਾਬੀ ਸਭਿਆਚਾਰ ਨੂੰ ਸੰਭਾਲ ਕੇ ਰੱਖਣ ਦੀ ਚਿੰਤਾ ਵੀ ਜਾਹਰ ਕੀਤੀ ਜਾ ਰਹੀ ਹੈ। ਸੰਚਾਰ ਦੇ ਮੌਜੂਦਾ ਸਾਧਨਾਂ, ਵਿਸ਼ਵ ਬਾਜ਼ਾਰ ਆਰਥਕਤਾ ਅਤੇ ਤਕਨਾਲੋਜੀ ਦੇ ਵਿਕਾਸ ਦੇ ਪ੍ਰਸੰਗ ਵਿਚ ਕਿਸੇ ਵੀ ਸਭਿਆਚਾਰ ਦੀ ਕੀ ਥਾਂ ਹੈ? ਇਨ੍ਹਾਂ ਪ੍ਰਸ਼ਨਾਂ ਦਾ ਜੁਆਬ ਇਕ ਮੂਲੋਂ ਵੱਖਰੇ ਨਜ਼ਰੀਏ ਤੋਂ ਲੱਭਣ ਦੀ ਕੋਸ਼ਿਸ਼ ਕੀਤੀ ਹੈ ਪ੍ਰੋ. ਰਾਜੇਸ਼ ਨੇ। ਇਸ ਲੇਖ ਬਾਰੇ ਪਾਠਕਾਂ ਦੇ ਪ੍ਰਤੀਕ੍ਰਮ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ**

ਪਿਛਲੇ ਦਿਨੀਂ ਪ੍ਰਗਤੀਵਾਦੀ ਸਭਿਆਚਾਰਕ ਮੰਚ ਵਲੋਂ ਮੈਨੂੰ ਭਾਰਤ ਦੀ ਸਭਿਆਚਾਰਕ ਪਾਲਸੀ ਬਾਰੇ ਬੋਲਣ ਲਈ ਸੱਦਾ-ਪੱਤਰ ਮਿਲਿਆ। ਮੈਨੂੰ ਹੈਰਾਨੀ ਹੋਈ ਕਿ ਮੈਂ ਇਸ ਵਿਸ਼ੇ 'ਤੇ ਕੀ ਕਹਾਂਗਾ, ਮੇਰੀ ਸਮਰਥਾ ਇਸ ਸਬੰਧ ਵਿਚ ਹੈ ਵੀ ਜਾਂ ਨਹੀਂ। ਅਜੋਕੇ ਸਭਿਆਚਾਰ ਸ਼ਾਸਤਰ ਦੀ ਸਮਝ ਬਾਰੇ ਵੀ ਮੇਰਾ ਕੋਈ ਦਾਅਵਾ ਨਹੀਂ ਹੈ। ਫਿਰ ਵੀ ਮੰਚ ਵਲੋਂ ਪ੍ਰਗਟਾਈ ਆਸਥਾ ਦੇ ਮੱਦੇਨਜ਼ਰ ਕੁਝ ਮੁਢਲੇ ਸਵਾਲ ਮੇਰੇ ਜ਼ਿਹਨ ਵਿਚ ਉਭਰਨੇ ਸ਼ੁਰੂ ਹੋਏ ਅਤੇ ਮੈਂ ਪਹਿਲੇ ਉਹੋ ਹੀ ਤੁਹਾਡੇ ਨਾਲ ਸਾਂਝੇ ਕਰਨ ਦੀ ਕੋਸ਼ਿਸ਼ ਕਰਾਂਗਾ।

ਸਭ ਤੋਂ ਪਹਿਲਾ ਸਵਾਲ ਹੀ ਜੋ ਮੇਰੇ ਮਨ ਵਿਚ ਆਇਆ ਜ਼ਾਹਰਾ ਤੌਰ 'ਤੇ ਇਹ ਹੈ ਕਿ ਕੀ

**ਰਾਜੇਸ਼ ਕੁਮਾਰ ਸ਼ਰਮਾ***

ਭਾਰਤ ਦੀ ਕੋਈ ਵਰਤਮਾਨ ਸਭਿਆਚਾਰਕ ਨੀਤੀ ਹੈ ਵੀ? ਇਹ ਮੰਨਦਿਆਂ ਹੋਇਆ ਕਿ ਅਜਿਹੀ ਨੀਤੀ ਹੈ ਅਤੇ ਇਹ ਵੀ ਸਵੀਕਾਰ ਕਰਦਿਆਂ ਕਿ ਭਾਰਤ ਦੀ ਅਜਿਹੀ ਕਿਸੇ ਨੀਤੀ ਤੋਂ ਮੁਰਾਦ ਭਾਰਤ ਸਰਕਾਰ ਦੀ ਨੀਤੀ ਤੋਂ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਹ ਨੀਤੀ ਸਾਡੇ ਸਮਿਆਂ ਵਿਚ ਇਥੇ ਵਸਦੇ ਲੋਕਾਂ ਦੀਆਂ ਮਨੋਕਾਮਨਾਵਾਂ ਜਾਂ ਜ਼ਰੂਰਤਾਂ ਦੇ ਅਨੁਸਾਰੀ ਹੈ ਵੀ ਜਾਂ ਨਹੀਂ? ਇਸ ਤੋਂ ਅਗਾਂਹ ਜਾਂਦਿਆਂ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਕਿਸੇ ਸਭਿਆਚਾਰ ਨੂੰ ਮਿਥ ਕੇ ਨੀਤੀਆਂ ਬਣਾ ਕੇ ਢਾਲਿਆ ਜਾ ਵੀ ਸਕਦਾ ਹੈ ਜਾਂ ਅਜਿਹਾ ਕੀਤਾ ਜਾਣਾ ਚਾਹੀਦਾ ਹੈ ਵੀ ਜਾਂ ਕਿ ਨਹੀਂ?

ਦੂਸਰੇ ਪਾਸੇ ਕਠੋਰ ਹਕੀਕਤ ਇਹ ਵੀ ਤਾਂ ਹੈ ਕਿ ਸਭਿਆਚਾਰ ਬਾਰੇ ਵਿਧੀਵਤ ਰੂਪ ਵਿਚ ਕੋਈ ਨੀਤੀ ਹੋਵੇ ਜਾਂ ਨਾ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਖਿਆਲੀ ਰੂਪ ਵਿਚ ਹੀ ਸਹੀ ਸਰਕਾਰ ਦੀ ਇਸ ਖੇਤਰ ਵਿਚ ਸਹੀ-ਗਲਤ ਕੋਈ ਨਾ ਕੋਈ ਨੀਤੀ ਕੰਮ ਕਰ ਜ਼ਰੂਰ ਰਹੀ ਹੁੰਦੀ ਹੈ। ਸੋ, ਸਾਡਾ ਕੇਂਦਰੀ ਨੁਕਤਾ ਸਭਿਆਚਾਰ ਅਤੇ ਅਜਿਹੀ ਕਿਸੇ ਕਥਿਤ ਸਰਕਾਰੀ ਨੀਤੀ ਦੇ ਆਪਸੀ ਰਿਸ਼ਤੇ ਦੀ ਨੌਈਅਤ ਉਪਰ ਜਾਂ ਖਾਸੇ ਉਪਰ ਸੇਧਿਤ ਕੀਤਾ ਜਾ ਸਕਦਾ ਹੈ। ਇਸ ਸਵਾਲ ਨੂੰ ਇਉਂ ਵੀ ਪੇਸ਼ ਕੀਤਾ ਜਾ ਸਕਦਾ ਹੈ ਕਿ ਸਭਿਆਚਾਰ ਬਾਰੇ ਜ਼ਾਹਰ ਰੂਪ ਵਿਚ ਨਜ਼ਰ ਆ ਰਹੀ ਨੀਤੀ ਨੂੰ ਸਰਕਾਰ ਦੇ ਅਸਲ ਮਨਸੂਬਿਆਂ ਦੀ ਅਭਿਵਿਅਕਤੀ ਮੰਨਿਆ ਜਾਵੇ ਜਾਂ ਅਸਲ ਮਨਸੂਬਿਆਂ ਨੂੰ ਛੁਪਾ ਰਹੀ ਮਹਿਜ਼ ਢਾਲ ਵਜੋਂ ਸਮਝਿਆ ਜਾਵੇ। ਇਸੇ ਸਵਾਲ ਨੂੰ ਹੋਰ ਵਧੇਰੇ ਤਫਸੀਲ ਦਿੰਦਿਆਂ ਇਹ ਵੀ ਪੁਛਿਆ ਜਾ ਸਕਦਾ ਹੈ ਕਿ ਸਭਿਆਚਾਰ ਬਾਰੇ ਕਥਿਤ ਸਰਕਾਰੀ ਨੀਤੀ ਆਪਣੇ ਕਿਸੇ ਲੁਕਵੇਂ ਲੋਕ ਵਿਰੋਧੀ ਏਜੰਡੇ ਨੂੰ ਸਰ ਕਰਨ ਲਈ ਮਹਿਜ਼ ਓਹਲਾ ਹੀ ਤਾਂ ਨਹੀਂ ਹੈ।

ਅਜਿਹੇ ਕੁਝ ਬੁਨਿਆਦੀ ਨੁਕਤੇ ਉਠਾਉਣ ਦੇ ਨਾਲ ਹੀ ਸਵਾਲ ਉਠਦਾ ਹੈ ਕਿ ਸਭਿਆਚਾਰ ਨੂੰ ਸੋਚਿਆ ਕਿੰਞ ਜਾਵੇ; ਇਸ ਨੂੰ ਕਿਸ ਤਰੀਕੇ ਨਾਲ ਸਮਝਿਆ ਜਾਵੇ? ਪਛਮੀ ਮਾਨਵ ਸ਼ਾਸਤਰੀਆਂ ਨੇ ਕਿਸੇ ਖਿਤੇ ਵਿਸ਼ੇਸ਼ ਦੇ ਲੋਕਾਂ ਦੇ ਸਭਿਆਚਾਰ ਨੂੰ ਜ਼ਿਆਦਾਤਰ ਉਨ੍ਹਾਂ ਲੋਕਾਂ ਦੇ ਆਮ ਵਰਤੋਂ ਵਿਹਾਰ, ਰੂੜੀਆਂ, ਵਿਸ਼ਵਾਸਾਂ, ਕਦਰਾਂ-ਕੀਮਤਾਂ ਵਗੈਰਾ ਦੀਆਂ ਟਰਮਾਂ ਵਿਚ ਕਿਸੇ ਸਪਸ਼ਟ ਬਾਹਰਮੁਖੀ ਵਰਤਾਰੇ ਦੇ ਰੂਪ ਵਿਚ ਸਮਝਣ ਦਾ ਯਤਨ ਕੀਤਾ ਹੈ। ਸਾਡੇ ਆਪਣੇ ਦੇਸੀ ਵਿਦਵਾਨ ਵੀ ਆਪਣੇ ਸਭ ਸ਼ੰਕਿਆਂ ਅਤੇ ਖਦਸ਼ਿਆਂ ਦੇ ਬਾਵਜੂਦ ਇਹੋ ਕੁਝ ਹੀ ਕਰੀ ਗਏ ਹਨ ਅਤੇ ਅਜੇ ਤਕ ਵੀ ਕਰੀ ਜਾ ਰਹੇ ਹਨ। ਪ੍ਰੰਤੂ ਪਿਛਲੇ ਕੁਝ ਅਰਸੇ ਦੌਰਾਨ ਖੁਦ ਪੱਛਮ ਅੰਦਰ ਵੀ ਸਭਿਆਚਾਰ ਨੂੰ ਜਾਨਣ-ਸਮਝਣ ਦੀ ਅਜਿਹੀ ਪਹੁੰਚ-ਵਿਧੀ ਦੀਆਂ ਊਣਤਾਈਆਂ ਵਲ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਮਸਲਨ ਫਰੈਡਰਿਕ ਜੇਮਸਨ ਵਰਗੇ ਨਵਮਾਰਕਸਵਾਦੀ ਵਿਦਵਾਨਾਂ ਨੇ ਇਨ੍ਹਾਂ ਰਵਾਇਤੀ ਵਿਧੀਆਂ ਦੀ ਸਾਰਥਿਕਤਾ ਬਾਰੇ ਗੰਭੀਰ ਪ੍ਰਸ਼ਨ ਉਠਾਏ ਹਨ। ਅਜਿਹੇ ਰੈਡੀਕਲ ਵਿਦਵਾਨਾਂ ਅਨੁਸਾਰ ਸਾਡੇ ਸਮਿਆਂ ਵਿਚ ਜਦੋਂ ਕਿ ਸਰਮਾਏਦਾਰੀ ਨਿਜ਼ਾਮ, ਵਿਸ਼ਵੀਕਰਨ ਦੇ ਭੁਲਾਵਿਆਂ ਦੇ ਤਹਿਤ ਜੀਵਨ ਦੇ ਹਰੇਕ ਖੇਮੇ ਨੂੰ ਆਪਣੀ ਮੁਕੰਮਲ ਗ੍ਰਿਫਤ ਵਿਚ ਲੈ ਚੁਕਿਆ ਹੋਇਆ ਹੈ, ਹੁਣ ਵਕਤ ਆ ਗਿਆ ਹੈ ਕਿ ਇਸ ਵਰਤਾਰੇ ਨੂੰ ਸਮਝਣ ਦੇ ਪੁਰਾਣੇ ਸਾਮਰਾਜਵਾਦੀ ਮਾਨਵਸ਼ਾਸਤਰੀ ਮਾਡਲਾਂ ਨੂੰ ਤਜ ਦਿਤਾ ਜਾਵੇ। ਇਤਿਹਾਸ ਦੇ ਇਸ ਮੁਕਾਮ 'ਤੇ ਅਸੀਂ ਖੁਦ ਵੇਖ ਅਤੇ ਮਹਿਸੂਸ ਕਰ ਸਕਦੇ ਹਾਂ ਕਿ ਅਜ ਦੇ ਯੁਗ ਵਿਚ ਸ਼ਹਿਰੀ ਯੋਜਨਾਬੰਦੀ, ਦਿਹਾਤੀ ਖੇਤਰਾਂ ਦੀ ਬਰਬਾਦੀ, ਪ੍ਰਬੰਧਕੀ ਨੀਤੀਆਂ, ਕਾਰਪੋਰੇਟ ਸਰਮਾਏ ਦੇ ਮਕੜਜਾਲ, ਜ਼ਮੀਨ ਨੂੰ ਵਰਤੋਂ ਵਿਚ ਲਿਆਉਣ ਸੰਬੰਧੀ ਯੋਜਨਾਵਾਂ, ਸੰਚਾਰ ਸਾਧਨਾਂ ਦੀ ਕਾਰਕਰਦਗੀ, ਪ੍ਰਸ਼ਾਸਨਿਕ ਅਧਿਕਾਰੀਆਂ ਦੀ ਜੁਆਬਦੇਹੀ, ਤਕਨਾਲੋਜੀ, ਕਾਨੂੰਨ ਅਤੇ ਵਿਤੀ ਖੇਤਰਾਂ ਦੀ ਅਤਿਅੰਤ ਗੁੰਝਲਦਾਰ ਵਿਵਸਥਾ ਯਾਨਿ ਕਿ ਇਸ ਸਾਰੇ ਕਾਸੇ ਨੂੰ ਕਿਸੇ ਤਰ੍ਹਾਂ ਨਾਲ ਵੀ ਹੋਰ ਵਧੇਰੇ ਸਮੇਂ ਲਈ ਸਭਿਆਚਾਰ ਦੇ ਵਿਆਪਕ ਤਕਾਜ਼ਿਆਂ ਤੋਂ ਨਿਖੇੜ ਕੇ ਪਾਸੇ ਨਹੀਂ ਛਡਿਆ ਜਾ ਸਕਦਾ।

ਅਜ ਸਾਡੀਆਂ ਅੱਖਾਂ ਦੇ ਸਾਹਮਣੇ ਸਾਡੀਆਂ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਸੰਸਥਾਵਾਂ ਸੋਚ-ਵਿਹੂਣੇ ਤਰੀਕੇ ਨਾਲ ਆਪਣਾ ਬੁਨਿਆਦੀ ਵਿਵੇਕ ਤਿਆਗੀ ਜਾ ਰਹੀਆਂ ਹਨ। ਵਿਦਿਆਰਥੀਆਂ ਅੰਦਰ ਚਿੰਤਨਸ਼ੀਲਤਾ ਦੀ ਸਮਰਥਾ ਪੈਦਾ ਕਰਨ ਦੀ ਬਜਾਏ ਇਹ ਵਿਦਿਆਲੇ ਸੰਕਟ ਦਰ ਸੰਕਟ ਭਟਕ ਰਹੀ ਸਰਮਾਏਦਾਰੀ ਅਰਥਵਿਵਸਥਾ ਨੂੰ ਠੁਮਣੇ ਦੇਣ ਲਈ ਅਤੇ ਲੋੜੀਂਦੇ ਮਾਨਵੀ ਵਸੀਲੇ ਤਿਆਰ ਕਰਨ ਵਾਲੇ ਕਾਰਖਾਨੇ ਬਣ ਗਏ ਹੋਏ ਹਨ। ਨਿਰਸੰਦੇਹ ਇਨ੍ਹਾਂ ਹੀ ਥਾਵਾਂ ਉਪਰ ਗਾਹੇ-ਬਗਾਹੇ ਮੂੰਹ ਰਖਣ ਲਈ ਵਿਸ਼ਵੀਕਰਨ ਦੇ ਅਮੋੜ ਰੁਝਾਨ ਤੋਂ ਦੇਸ਼ਾਂ ਦੀ ਸਭਿਆਚਾਰਕ ਤੇ ਰੂਹਾਨੀ ਵਿਰਾਸਤ ਨੂੰ ਬਚਾ ਕੇ ਰਖਣ ਦੀ ਚਰਚਾ ਵੀ ਸਮੇਂ-ਸਮੇਂ ਛਿੜਦੀ ਰਹਿੰਦੀ ਹੈ। ਪਿਛਲੇ ਕੁਝ ਸਮੇਂ ਤੋਂ ਇਕ ਨਵਾਂ ਸ਼ੋਸ਼ਾ ਇਹ ਸਾਹਮਣੇ ਆਇਆ ਹੈ ਕਿ ਵਿਰਸੇ ਨੂੰ ਹਮੇਸ਼ਾਂ ਲਈ 'ਬਰਬਾਦ' ਹੋਣੋ ਬਚਾਉਣ ਲਈ ਯੂਨੀਵਰਸਿਟੀ ਵਿਦਿਆਰਥੀਆਂ ਦੀ ਪੇਸ਼ਕਾਰੀ ਵਿਚ ਪੁਰਾਣੇ ਲੋਕ ਗੀਤਾਂ, ਲੋਕ ਨਾਚਾਂ, ਲੋਕ ਧੁਨਾਂ ਆਦਿ ਨੂੰ ਡਿਸਕਾਂ ਵਿਚ ਉਤਾਰ ਕੇ ਅਜਾਇਬਘਰਾਂ ਵਿਚ ਸਾਂਭ ਲਿਆ ਜਾਵੇ। ਸਾਡੇ ਇਨ੍ਹਾਂ ਮੰਦਭਾਗੇ ਸਮਿਆਂ ਵਿਚ ਸਭਿਆਚਾਰ ਦੀ ਅਜਿਹੇ ਤਰੀਕੇ ਨਾਲ 'ਸਾਂਭ ਸੰਭਾਲ' ਕੀ ਵਿਰਸੇ ਨੂੰ ਬੇਦਾਵਾ ਦੇਣ ਦੇ ਤੁਲ ਨਹੀਂ ਹੈ? ਇਹ ਸਰਾਸਰ ਗਲਤ ਰਵਈਆ ਹੈ। ਅਸਲ ਚੁਣੌਤੀ ਦਾ ਸਾਹਮਣਾ ਕਰਨ ਦੀ ਬਜਾਏ ਉਸ ਤੋਂ ਅੱਖਾਂ ਮੁੰਦਣ ਵਾਲੀ ਪਹੁੰਚ ਹੈ। ਸਾਨੂੰ ਇਹ ਗੱਲ ਸਵੀਕਾਰ ਕਰ ਲੈਣੀ ਚਾਹੀਦੀ ਹੈ ਕਿ ਰਵਾਇਤੀ ਸਭਿਆਚਾਰਕ ਜੀਵਨ ਜਾਚ ਜਾਂ ਕਲਾ ਰੂਪਾਂ ਨੂੰ ਲੇਜਰ ਡਿਸਕਾਂ ਦੇ ਹਵਾਲੇ ਕਰਕੇ ਜ਼ਿੰਮੇਵਾਰੀ ਤੋਂ ਸੁਰਖਰੂ ਹੋਣ ਬਾਰੇ ਸੋਚਣਾ ਸਿਰੇ ਦੀ ਬੇਈਮਾਨੀ ਵਾਲੀ ਗੱਲ ਹੋਵੇਗੀ ਅਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਸਾਨੂੰ ਅਜਿਹੀ ਗੈਰਜ਼ਿੰਮੇਵਾਰੀ ਲਈ ਕੱਤਈ ਮੁਆਫ਼ ਨਹੀਂ ਕਰਨਗੀਆਂ। ਅਜਿਹੀਆਂ ਡਿਸਕਾਂ ਦੇ ਅੰਬਾਰ ਸਾਡੀ ਦੋਸ਼ੀ ਭਾਵਨਾ ਨੂੰ ਦਬਾ ਭਲੇ ਹੀ ਦੇਣ ਪ੍ਰੰਤੂ ਇਹ ਸਾਰੀ ਡਰਾਮੇਬਾਜੀ ਸਾਨੂੰ ਦੋਸ਼-ਮੁਕਤ ਨਹੀਂ ਕਰੇਗੀ। ਸਾਨੂੰ ਇਹ ਗੱਲ ਵੀ ਯਾਦ ਰਖਣੀ ਚਾਹੀਦੀ ਹੈ ਕਿ ਸਭਿਆਚਾਰ ਕੱਤਈ ਤੌਰ 'ਤੇ ਕੋਈ ਇਤਿਹਾਸ ਨਿਰਪੇਖ ਅਬਦਲ ਵਰਤਾਰਾ ਨਹੀਂ ਹੁੰਦਾ। ਸਗੋਂ ਹਰੇਕ ਸਭਿਆਚਾਰ ਅਜਿਹਾ ਗਤੀਸ਼ੀਲ ਪ੍ਰਬੰਧ ਹੁੰਦਾ ਹੈ ਜੋ ਇਤਿਹਾਸਕ ਕ੍ਰਮ ਵਿਚ ਲਗਾਤਾਰ ਬਣਦਾ-ਬਿਣਸਦਾ ਰਹਿੰਦਾ ਹੈ। ਵਿਰਸੇ ਦੇ ਕਥਿਤ ਮੋਹ ਜਾਂ ਹੇਰਵੇ ਦੇ ਤਹਿਤ ਸਭਿਆਚਾਰ ਨੂੰ ਪਾਰ-ਇਤਿਹਾਸਕ ਵਿਰਾਸਤ ਮੰਨ ਕੇ ਅਜਾਇਬਘਰਾਂ ਵਿਚ ਸੰਭਾਲ ਲੈਣ ਦੀ ਰੁਚੀ ਆਪਣੀ ਜ਼ਮੀਰ ਦੇ ਸੇਕ ਨੂੰ ਸ਼ਾਂਤ ਕਰਕੇ ਮੌਜ ਮਾਰਨ ਅਤੇ ਸਾਡੇ ਇਰਦ-ਗਿਰਦ ਵਿਆਪੇ ਹੋਏ ਕੌੜੇ ਯਥਾਰਥ ਤੋਂ ਅੱਖਾਂ ਮੀਟੀ ਰਖਣ ਦੀ ਕਰੁਚੀ ਹੀ ਸਮਝੀ ਜਾਵੇਗੀ।

ਇਥੇ ਮੈਨੂੰ ਪਿਛਲੀ ਕਰੀਬ ਅਧੀ ਸਦੀ ਤੋਂ ਭਿਆਨਕ ਖਾਨਾਜੰਗੀ ਦੀ ਲਪੇਟ ਵਿਚ ਆਏ ਹੋਏ ਮਧਪੂਰਬ ਦੇ ਨਿਕੇ ਜਿਹੇ ਦੇਸ਼ ਲਿਬਨਾਨ ਦੇ ਫਿਲਮ ਨਿਰਮਾਤਾ ਅਤੇ ਗੰਭੀਰ ਚਿੰਤਕ ਜਲਾਲ ਤੌਫੀਕ ਦੀ ਗੱਲ ਯਾਦ ਆ ਰਹੀ ਹੈ। ਜਲਾਲ ਤੌਫੀਕ ਪਰੰਪਰਾ ਦੀ ਗੱਲ ਕਰਦਾ ਹੈ। ਉਸਦਾ ਕਹਿਣਾ ਹੈ ਕਿ ਜਦੋਂ ਕੋਈ ਕੌਮ ਭਿਆਨਕ ਬਰਬਾਦੀ ਦੇ ਸਮਿਆਂ ਵਿਚੋਂ ਲੰਘਦੀ ਹੈ ਤਾਂ ਪਰੰਪਰਾ ਦ੍ਰਿਸ਼ਟੀਖੇਤਰ ਤੋਂ ਉਹਲੇ ਹੋ ਜਾਂਦੀ ਹੈ। ਕੀ ਇਵੇਂ ਨਹੀਂ ਕਿਹਾ ਜਾ ਸਕਦਾ ਕਿ ਕਿਧਰੇ ਸਾਡਾ ਆਪਣਾ ਵਿਰਸਾ ਵੀ ਬਸਤੀਵਾਦ ਅਤੇ ਉਤਰ ਬਸਤੀਵਾਦ ਦੇ ਰੂਪ ਵਿਚ ਵਿਆਪੇ ਬਰਬਾਦੀ ਦੇ ਦੌਰਾਂ ਦੀ ਫੇਟ ਵਿਚ ਆਉਣ ਕਰਕੇ ਛੁਪ ਹੀ ਨਾ ਗਿਆ ਹੋਵੇ। ਸੋ ਅਜਿਹਾ ਤਾਂ ਨਹੀਂ ਹੈ ਕਿ ਸਾਨੂੰ ਅਜਿਹੀ ਭਾਵੀ ਵਾਪਰ ਗਈ ਹੋਣ ਦਾ ਗੁਮਾਨ ਹੀ ਨਾ ਹੋਵੇ ਅਤੇ ਅਸੀਂ ਇਸ ਸਬੰਧੀ ਚੇਤੰਨ ਹੋਣ ਦੀ ਬਜਾਏ ਸਭਿਆਚਾਰ ਦੇ ਜਸ਼ਨ ਮਨਾਉਣ ਦੇ ਨਾਂ 'ਤੇ ਐਵੇਂ ਹਵਾ ਵਿਚ ਹੀ ਤੀਰ ਚਲਾਈ ਜਾ ਰਹੇ ਹੋਈਏ? ਕਿਧਰੇ ਇਹ ਸਾਰਾ ਸਭਿਆਚਾਰ ਦਾ ਮਹਿਜ਼ ਸੁਆਂਗ ਹੀ ਨਾ ਹੋਵੇ; ਵਿਰਸੇ ਦੀ ਸਾਂਭ ਸੰਭਾਲ ਲਈ ਅਜਿਹੀ ਨਾਮਕੂਲ ਖਬਤ ਸਾਡੇ ਉਪਰ



ਵਿਆਪੇ ਵਿਕਰਾਲ ਸੰਕਟ ਦਾ ਚਿੰਤਨਸ਼ੀਲ ਰੂਪ ਵਿਚ ਸਾਹਮਣਾ ਕਰਨ ਦੇ ਕਰੜੇ ਜੋਖਮ ਵਿਚ ਪੈਣ ਦੀ ਬਜਾਏ ਅੱਖਾਂ ਮੀਟ ਕੇ ਭਾਂਜਵਾਦੀ ਰੁਚੀ ਅਪਨਾਈ ਰਖਣ ਦੀ ਕੋਸ਼ਿਸ਼ ਮਾਤਰ ਹੀ ਹੋਵੇ? ਜੇਕਰ ਅਜਿਹਾ ਨਹੀਂ ਤਾਂ ਭਲਾਂ ਅਸੀਂ ਸਭਿਆਚਾਰ ਨੂੰ ਬੀਤੇ ਸਮਿਆਂ ਵਿਚ ਹੀ ਕਿਉਂ ਸਥਿਰ ਮੰਨੀ ਜਾਈਏ? ਜਰਮਨੀ ਨੇ ਦੋ ਵਿਸ਼ਵ ਯੁਧਾਂ ਦੌਰਾਨ ਜੇਕਰ ਪੁਰਾਣੇ ਵਿਰਸੇ ਦੀਆਂ ਕਥਿਤ ਸ਼ਾਨਾਂ ਦੀ ਅੰਨ੍ਹੇਵਾਹ ਮੁਹਾਰਨੀ ਪੜ੍ਹੀ ਸੀ ਤਾਂ ਕੀ ਸਮੁਚੀ ਇਨਸਾਨੀਅਤ ਇਕ ਤਰ੍ਹਾਂ ਦੇ ਸਰਵਨਾਸ਼ ਵਲ ਧਕੀ ਨਹੀਂ ਗਈ ਸੀ? ਕੀ ਅਸੀਂ ਅਜ ਦੇ ਬਰਤਾਨੀਆ, ਫਰਾਂਸ ਜਾਂ ਅਮਰੀਕਾ ਨੂੰ ਸਭਿਆਚਾਰਕ ਪਖੋਂ ਲਾਵਾਰਸ ਗਰਦਾਨ ਦੇਈਏ?

ਸਹੀ ਤਰੀਕਾ ਇਹ ਹੈ ਕਿ ਸਭਿਆਚਾਰ ਬਾਰੇ ਸਾਡੀ ਪਹੁੰਚ ਸਮਕਾਲਦਰਸ਼ੀ ਹੋਣੀ ਚਾਹੀਦੀ ਹੈ। ਨਿਸਚੇ ਹੀ ਅਜਿਹੀ ਸਲਾਹ ਦੇਣ ਤੋਂ ਸਾਡੀ ਮੁਰਾਦ ਇਤਿਹਾਸ ਨੂੰ ਅਖੋਂ ਪਰੋਖੇ ਕਰਨ ਦੀ ਕੱਤਈ ਤੌਰ 'ਤੇ ਹੀ ਨਹੀਂ ਹੈ। ਬਲਕਿ ਸਾਡਾ ਮੰਨਣਾ ਹੈ ਕਿ ਸਮਕਾਲ ਉਪਰ ਲਾਜ਼ਮੀ ਤੌਰ 'ਤੇ ਇਤਿਹਾਸ ਦੀ ਛਾਪ ਹੁੰਦੀ ਹੈ ਪ੍ਰੰਤੂ ਇਹ ਛਾਪ ਕਦੀ ਵੀ ਜ਼ਾਹਰਾ ਤੌਰ 'ਤੇ ਸਵੈ-ਸਿਧ ਨਹੀਂ ਹੁੰਦੀ। ਅਸਲ ਵਿਚ ਸਾਨੂੰ ਪੂਰਨ ਕਰੜਾਈ ਨਾਲ ਸਭਿਆਚਾਰ ਜਾਂ ਵਿਰਸੇ ਦੀਆਂ ਪਰਤਾਂ ਦਾ ਅਧਿਐਨ ਕਰਨ ਵਲ ਰੁਚਿਤ ਹੋਣਾ ਚਾਹੀਦਾ ਹੈ। ਅਜਿਹਾ ਕਰਦਿਆਂ ਨਾ ਕੇਵਲ ਅਸੀਂ ਆਪਣੇ ਸਮਕਾਲ ਨੂੰ ਹੀ ਪ੍ਰਮਾਣਿਕ ਰੂਪ ਵਿਚ ਸਮਝਣ ਦੇ ਯੋਗ ਹੋ ਰਹੇ ਹੋਵਾਂਗੇ ਬਲਕਿ ਇਹ ਅਮਲ ਸਾਨੂੰ ਸਹੀ ਅਰਥਾਂ ਵਿਚ ਆਪਣੇ ਸਮਿਆਂ ਦੇ ਸਮਕਾਲੀ ਬਣਨ ਦੇ ਸਮਰਥ ਵੀ ਬਣਾ ਰਿਹਾ ਹੋਵੇਗਾ। ਕੇਵਲ ਤੇ ਕੇਵਲ ਅਜਿਹਾ ਕਰਕੇ ਹੀ ਸਾਨੂੰ ਸਹੀ ਅਰਥਾਂ ਵਿਚ ਸਮਝ ਆਵੇਗੀ ਕਿ ਆਖਰ ਸਭਿਆਚਾਰ ਹੈ ਕੀ ਅਤੇ ਇਸ ਦੀ ਅਜ ਦੇ ਵਿਕਰਾਲ ਸਮਿਆਂ ਵਿਚ ਸਾਡੇ ਲਈ ਇਤਨੀ ਵਡੀ ਅਹਿਮੀਅਤ ਕਿਉਂ ਹੈ?

ਇਤਾਲਵੀ ਚਿੰਤਕ ਪਾਅਲੋ ਵਿਰਨੋ ਇਸ ਪਾਸੇ ਇਸ਼ਾਰਾ ਕਰਦਾ ਹੈ ਕਿ ਅਜੋਕੇ ਦੌਰ ਅੰਦਰ ਸਭਿਆਚਾਰ ਨੂੰ ਪਰਿਭਾਸ਼ਤ ਕਰਨ ਵਾਲੇ ਰੁਝਾਨ ਕਲਾਤਮਿਕ ਅਦਾਇਗੀ ਅਤੇ ਕੁਸ਼ਲਤਾ ਹੀ ਹੋ ਗਏ ਹਨ। ਸਰਮਾਏ ਦਾ ਨਿਜ਼ਾਮ ਉਸ ਮੋੜ 'ਤੇ ਪਹੁੰਚ ਗਿਆ ਹੋਇਆ ਹੈ ਜਿਥੇ ਟੈਕਨਾਲੋਜੀ ਇਨਸਾਨ ਦੀਆਂ ਸਰੀਰਕ, ਚਿੰਤਨੀ ਅਤੇ ਜਜ਼ਬਾਤੀ ਸਮਰਥਾਵਾਂ ਨੂੰ ਪੂਰਨ ਰੂਪ ਵਿਚ ਹਥਿਆ ਚੁਕੀ ਹੈ। ਇਥੇ ਜਰਮਨ ਦਾਰਸ਼ਨਿਕ ਮਾਰਟਿਨ ਹਾਈਡੇਗਅਰ ਦੀ ਉਸ ਵਲੋਂ ਕਰੀਬ ਪੌਣੀ ਸਦੀ ਤੋਂ ਵਧ ਸਮਾਂ ਪਹਿਲਾਂ ਕੀਤੀ ਭਵਿਖਬਾਣੀ ਬਿਲਕੁਲ ਸਹੀ ਸਾਬਤ ਹੋ ਚੁਕੀ ਹੈ ਜਿਸ ਵਿਚ ਉਸਨੇ ਚਿਤਾਵਨੀ ਦਿਤੀ ਸੀ ਕਿ ਤਕਨਾਲੋਜੀ ਦਾ ਅੰਨ੍ਹੇਵਾਹ ਵਿਕਾਸ ਆਦਮੀ ਨੂੰ ਆਪਣਾ ਮਾਤਰ (Standing Reserve) ਬਣਾ ਲਵੇਗਾ। ਲਾਲਚ ਜਾਂ ਮੁਨਾਫੇ ਦੀ ਇਕਪਾਸੜ ਦੌੜ ਅਤੇ ਉਸ ਦੇ ਨਾਲ ਜੁੜਿਆ ਸਭਿਆਚਾਰ ਇਨਸਾਨ ਨੂੰ ਆਪਦੀ 'ਸਟੈਂਡਿੰਗ ਆਰਮੀ' ਦੇ ਰੂਪ ਵਿਚ ਘਟਾ ਦੇਵੇਗਾ। ਇਹ ਸਭ ਕੁਝ ਸਾਡੇ ਸਾਹਮਣੇ ਵਾਪਰ ਰਿਹਾ ਹੈ ਜਦੋਂ ਵਿਤੀ ਸਰਮਾਇਆਕਾਰੀ ਅਜਿਹੇ ਪਾਰ-ਮਨੁੱਖੀ ਪੂੰਜੀਵਾਦ ਵਿਚ ਨਿਘਰਦੀ ਜਾ ਰਹੀ ਹੈ ਜਿਥੇ ਬੰਦੇ ਦੀਆਂ ਸਮੂਹ ਯੋਗਤਾਵਾਂ ਜਾਂ ਸਮਰਥਾਵਾਂ ਮਹਿਜ਼ ਉਤਪਾਦਨ ਅਤੇ ਪੁਨਰ-ਉਤਪਾਦਨ ਦੀ ਸਮਗਰੀ ਦੇ ਰੂਪ ਵਿਚ ਪਰਿਵਰਤਿਤ ਕਰ ਦਿਤੀਆਂ ਗਈਆਂ ਹਨ। ਵਿਸ਼ਵੀ ਸਰਮਾਏ ਦੀ ਇਸ ਨਵੀਂ ਓਮਪਰਿਏ ਰਾਹੀਂ ਇਨਸਾਨ ਦਾ ਸਮੁਚਾ ਆਂਤਰਿਕ ਅਤੇ ਬਾਹਰੀ ਪਅਚਏ ਬੁਰੀ ਤਰ੍ਹਾਂ ਵਗਲੀ ਜਾ ਚੁਕੀ ਹੈ। ਅਜਿਹੇ ਹਾਲ ਵਿਚ ਜਦੋਂ ਸਭਿਆਚਾਰ ਸਮੁਚਾ ਉਪਭੋਗ ਅਤੇ ਅੰਨ੍ਹੇ ਮੁਨਾਫੇ ਦਾ ਵਸੀਲਾ ਬਣਾ ਦਿਤਾ ਗਿਆ ਹੋਇਆ ਹੈ ਤਾਂ ਸਭਿਆਚਾਰ ਨੂੰ ਕਿਸੇ ਪੁਰਾਣੇ ਸੁਨਹਿਰੀ ਇਤਿਹਾਸਕ ਕਾਲ ਨਾਲ ਜੋੜ ਕੇ ਚਿਤਵੀ ਜਾਣਾ ਵਡੇ ਤਕੜੇ ਖਬਤ ਤੋਂ ਵਧੇਰੇ ਹੋਰ ਕੁਝ ਵੀ ਨਹੀਂ ਹੋ ਸਕਦਾ ਤੇ ਫਿਰ ਪੁਰਾਣੇ ਹੋਏ-ਬੀਤੇ ਸਮਿਆਂ ਦੀਆਂ ਵਸਤਾਂ ਜਾਂ ਵਰਤਾਰਿਆਂ ਨੂੰ ਮਿਊਜ਼ੀਅਮਾਂ ਵਿਚ ਸੰਭਾਲਣ ਲਈ ਲਟਾਪੀਂਘ ਹੋਏ ਫਿਰਨਾ ਤਾਂ ਹੋਰ ਵੀ ਵਧੇਰੇ ਨਾਕਸ ਕਹਾਣੀ ਹੈ। ਅਜਿਹੀ ਸਾਰੀ ਸ਼ੋਸ਼ੇਬਾਜੀ ਆਪਣੇ ਆਪ ਨੂੰ ਧੋਖੇ ਵਿਚ ਰਖੀ ਰਖਣ ਤੋਂ ਵਧ ਕੁਝ ਵੀ ਨਹੀਂ ਹੈ।

ਸਾਡੇ ਸਮਿਆਂ ਵਿਚ ਹੋਰ ਵੀ ਦਿਲਚਸਪ ਪ੍ਰੰਤੂ ਬੇਹਦ ਪ੍ਰੇਸ਼ਾਨ ਕਰਨ ਵਾਲਾ ਪਹਿਲੂ ਇਹ ਹੈ ਕਿ ਵਿਸ਼ਵੀ ਸਰਮਾਏ ਦੇ ਇਸ ਨਿਜ਼ਾਮ ਅੰਦਰ ਵਿਰੋਧੀ ਸੁਰਾਂ ਨੂੰ ਵੀ ਨਿਜ਼ਾਮ ਦੀ ਤਾਰਕਿਕਤਾ ਬਣਾਈ ਰਖਣ ਲਈ ਵਰਤਿਆ ਜਾ ਰਿਹਾ ਹੈ। ਅਜਿਹੀਆਂ ਬਗਾਵਤੀ ਸੁਰਾਂ ਜੇਕਰ ਕਿਧਰੇ ਉਠਦੀਆਂ ਵੀ ਹਨ ਤਾਂ ਉਨ੍ਹਾਂ ਨੂੰ ਵੀ ਟੈਲੀਵੀਜ਼ਨ ਚੈਨਲਾਂ ਤੇ ਭਾਂਤ-ਸੁਭਾਂਤ ਪ੍ਰੋਗਰਾਮਾਂ ਵਿਚ ਫਿਟ ਕਰਕੇ ਮਧ ਵਰਗੀ ਲੋਕਾਂ ਦੇ ਮਨੋਰੰਜਨ ਦੇ 'ਤਮਾਸ਼ਿਆਂ' ਤਕ ਮਹਿਦੂਦ ਕਰ ਦਿਤਾ ਜਾਂਦਾ ਹੈ, ਯਾਨਿ ਕਿ ਅਜਿਹੇ ਵਿਹਾਰ ਨੂੰ ਵੀ ਵਿਸ਼ਵੀ ਵਿਤੀ ਸਰਮਾਏ ਦੇ ਵਸੀਲਿਆਂ ਵਿਚ ਢਾਲ ਦਿਤਾ ਗਿਆ ਹੈ। ਕਿਸੇ ਵੀ ਸਮਾਜਕ ਵਰਤਾਰੇ ਦੇ ਖਿਲਾਫ ਵਾਜਬ ਜਾਂ ਹੱਕੀ ਵਿਰੋਧ ਪ੍ਰਗਟ ਕਰ ਸਕਣ ਦੀ ਧਰਾਤਲ ਤਾਂ ਉਦੋਂ ਹੀ ਸੁੰਗੜ ਜਾਂਦੀ ਹੈ ਜਦੋਂ ਪ੍ਰਾਈਵੇਟ ਮੀਡੀਆ ਕਾਰਪੋਰੇਟ ਮੀਡੀਏ, ਜੋ ਕਿ ਅਕਸਰ ਸਰਕਾਰੀ ਮੀਡੀਏ ਦਾ ਹੀ ਦੂਸਰਾ ਰੂਪ ਹੁੰਦਾ ਹੈ, ਅਗੇ ਹਥਿਆਰ ਸਿੱਟ ਦਿੰਦਾ ਹੈ। ਹਾਲਤ ਇਹ ਹੋ ਚੁਕੀ ਹੈ ਕਿ ਅਜ ਵਖ-ਵਖ ਟੈਲੀਵਿਜ਼ਨ ਚੈਨਲਾਂ ਉਪਰ ਮੀਡੀਆ-ਕਰਮੀ ਲੋਕਾਂ ਦੇ ਪਖ ਦੀ ਤਰਜਮਾਨੀ ਕਰਨ ਵਾਲੇ ਬੁਧੀਜੀਵੀਆਂ ਦੀ ਭੂਮਿਕਾ ਦਾ ਸੁਆਂਗ ਕਰਦੇ ਦਿਖਾਈ ਦਿੰਦੇ ਹਨ। ਦੂਸਰੇ ਪਾਸੇ ਬਹੁਤੇ ਕਥਿਤ ਬੁਧੀਜੀਵੀ ਮੀਡੀਆ ਦੀ ਸਪੇਸ ਅੰਦਰ ਅਕਸਰ ਹੀ ਹਲਕੇ ਪਧਰ ਦੀ ਤਤਵਿਹੂਣੀ ਡਰਾਮੇਬਾਜ਼ੀ ਕਰਦੇ ਨਜ਼ਰ ਆਉਂਦੇ ਹਨ। ਨਿਰਸੰਦੇਹ ਇੰਟਰਨੈਟ ਅਤੇ ਡਿਜੀਟਲ ਤਕਨਾਲੋਜੀ ਨੇ ਅਲਗ ਤਰ੍ਹਾਂ ਨਾਲ ਵਿਰੋਧੀ ਸੁਰਾਂ ਦੇ ਪ੍ਰਗਟਾਵੇ ਲਈ ਸੰਭਾਵਨਾਵਾਂ ਖੋਲ੍ਹੀਆਂ ਹਨ। ਪ੍ਰੰਤੂ ਸਾਡੇ ਵਰਗੇ ਗਰੀਬ ਅਤੇ ਪਛੜੇ ਮੁਲਕ ਵਿਚ ਜਿਥੇ ਅਜੇ ਵੀ ਵਸੋਂ ਦੀ ਵਡੀ ਭਾਰੀ ਗਿਣਤੀ ਦਿਹਾਤੀ ਖੇਤਰਾਂ ਵਿਚ ਵਸਦੀ ਹੈ, ਅਜਿਹੀਆਂ ਸਹੂਲਤਾਂ ਉਪਲਬਧ ਕਿਤਨੇ ਕੁ ਲੋਕਾਂ ਨੂੰ ਹਨ? ਫਿਰ ਦਬੇ-ਕੁਚਲੇ, ਗਰੀਬ ਆਵਾਮ ਦੀ ਆਵਾਜ਼ ਨੂੰ ਅਜਿਹੇ ਮੀਡੀਆ ਤੇ ਸਹੀ ਜਗ੍ਹਾ ਕੀ ਮਿਲਣੀ ਹੈ? ਸੋ ਇਹ ਧਰਾਤਲ ਵੀ ਸਮਾਜ ਦੀਆਂ ਸੰਪੰਨ ਧਿਰਾਂ ਨੂੰ ਵਖ-ਵਖ ਮੁਦਿਆਂ ਤੇ ਆਪਸੀ ਨੋਕ-ਝੋਕ ਕਰਵਾਉਣ ਤਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਇਸ ਲਈ ਚੈਨਲ ਅਤੇ ਬਲੌਗ ਜਿਤਨੇ ਮਰਜ਼ੀ ਵਿਸਤ੍ਰਿਤ ਹੋਈ ਜਾਣ, ਕੌਮੀ, ਕੌਮਾਂਤਰੀ ਅਤੇ ਮਾਨਵੀ ਅਹਿਮੀਅਤ ਵਾਲੇ ਮੁਦਿਆਂ ਤੇ ਆਮ ਜਨਤਕ ਬਹਿਸ-ਮੁਬਾਹਿਸੇ ਦੀ ਸੰਜੀਦਗੀ ਅਤੇ ਰੇਂਜ ਸੁੰਗੜੀ ਜਾ ਰਹੀ ਹੈ। ਚਾਹੀਏ ਤਾਂ ਅਸੀਂ ਇਸ ਸਾਰੀ ਸਥਿਤੀ ਨੂੰ ਚਿੰਤਨ ਦੇ ਸੰਕਟ ਦੀ ਘੜੀ ਵੀ ਆਖ ਸਕਦੇ ਹਾਂ।

ਇਹ ਸਾਰਾ ਕੁਝ ਕਹਿਣ ਤੋਂ ਮੇਰੀ ਮੁਰਾਦ ਇਹ ਹੈ ਕਿ ਅਜੋਕੇ ਸਮਿਆਂ ਵਿਚ ਅਸੀਂ ਜੇਕਰ ਸਭਿਆਚਾਰ ਬਾਰੇ ਕੋਈ ਗੰਭੀਰ ਚਰਚਾ ਕਰਨੀ ਹੈ ਤਾਂ ਸਾਨੂੰ ਇਸਨੂੰ ਵਿਹਾਰ ਅਤੇ ਸੰਕਲਪਮੂਲਕ ਪ੍ਰਾਵਰਗ ਜਾਂ ਸਮਸਿਆਕਾਰ ਦੇ ਰੂਪ ਵਿਚ ਸਮਝਣ ਦਾ ਯਤਨ ਕਰਨਾ ਹੋਵੇਗਾ। ਸਭਿਆਚਾਰ ਕੋਈ ਧੁਰੋਂ ਉਤਰੀ ਇਬਾਰਤ ਨਹੀਂ ਹੁੰਦੀ ਬਲਕਿ ਜਿਵੇਂ ਕਿ ਅਸਾਂ ਉਪਰ ਵੀ ਕਿਹਾ ਹੈ ਕਿ ਇਹ ਇਕ ਸਮਾਜਕ ਵਰਤਾਰਾ ਹੈ ਜੋ ਸਦਾ ਵਿਨਾਸ਼-ਵਿਕਾਸ ਦੀ ਪ੍ਰਕਿਰਿਆ ਵਿਚ ਪਿਆ ਰਹਿੰਦਾ ਹੈ। ਮੌਜੂਦਾ ਸਥਿਤੀ ਵਿਚ ਇਸਦੇ ਅਜਿਹੇ ਖਾਸੇ ਨੂੰ ਸਮਝਣਾ ਹੋਰ ਵੀ ਚੁਣੌਤੀਪੂਰਨ ਹੈ ਅਤੇ ਇਨਸਾਨ ਕੋਲੋਂ ਅਤਿ ਵਿਵੇਕਪੂਰਨ ਰਵਈਏ ਦੀ ਮੰਗ ਕਰਦਾ ਹੈ। ਸਾਨੂੰ ਇਸ ਕਿਸਮ ਦੇ ਕਿਸੇ ਵੀ ਰੁਝਾਨ ਤੋਂ ਤਕੜੀ ਸਾਵਧਾਨੀ ਨਾਲ ਬਚਣ ਦੀ ਲੋੜ ਹੈ ਜੋ ਕਿਸੇ ਹਾਲਤ ਵਿਚ ਸਮਾਜ ਦੀ ਕਿਸੇ ਧਿਰ ਨੂੰ, ਕਿਸੇ ਸਮੁਚੇ ਭਾਈਚਾਰੇ ਨੂੰ ਜਾਂ ਕਿਸੇ ਹਾਲਤ ਵਿਚ ਇਤਿਹਾਸ ਦੇ ਕਿਸੇ ਸਮੇਂ ਵਿਸ਼ੇਸ਼ ਨੂੰ ਹੀ ਸਭਿਆਚਾਰਕ ਤੌਰ 'ਤੇ ਮਨਫੀ ਜਾਂ ਬੇਦਖਲ ਕਰਨ ਵਲ ਰੁਚਿਤ ਹੋਵੇ। ਸੱਚ ਤਾਂ ਇਹ ਹੈ ਕਿ ਅਜ ਸਭਿਆਚਾਰ ਅਤੇ ਕੌਮੀਅਤ ਜਾਂ ਭਾਈਚਾਰੇ ਦੇ ਆਪਸੀ ਸੰਬੰਧਾਂ ਦੇ ਸਵਾਲ ਨੂੰ ਵੀ ਪੂਰਨ ਰੂਪ ਵਿਚ ਨਵੇਂ ਸਿਰੇ ਤੋਂ ਵਿਚਾਰੇ ਅਤੇ ਸਮਝੇ ਜਾਣ ਦੀ ਲੋੜ ਹੈ।

ਹਿਟਲਰ ਦੀ ਅਗਵਾਈ ਹੇਠ ਜਰਮਨ ਫਾਸ਼ੀਵਾਦੀਆਂ ਨੇ ਜਿਸ ਕਿਸਮ ਦੀ ਬਰਬਾਦੀ ਮਚਾਈ ਸੀ ਉਹ ਕੱਤਈ ਤੌਰ 'ਤੇ ਭੁਲਣਯੋਗ ਨਹੀਂ ਹੈ। ਸਾਡੇ ਲੋਕ ਅਜੇ ਵੀ ਇਤਿਹਾਸ ਦੇ ਉਸ ਕਾਲੇ ਦੌਰ ਪਿਛੇ ਕੰਮ ਕਰ ਰਹੇ ਤਰਕ ਜਾਂ ਕੁਤਰਕ ਤੋਂ ਵਾਕਫ ਨਹੀਂ ਹਨ। ਅਜਿਹਾ ਖਤਰਾ ਅਜ ਵੀ ਬਣਿਆ ਹੋਇਆ ਹੈ। ਆਮ ਲੋਕਾਂ ਨੂੰ ਅਜਿਹੇ ਖਤਰੇ ਤੋਂ ਸਾਵਧਾਨ ਕਰਨ ਲਈ ਸਾਡੇ ਬੁਧੀਜੀਵੀਆਂ ਦੀ ਵਡੀ ਜ਼ਿੰਮੇਵਾਰੀ ਹੈ।

ਸਾਡੇ ਲੋਕ ਤਾਂ ਜਰਮਨ ਫਾਸ਼ੀਵਾਦ ਅਤੇ ਉਸ ਤੋਂ ਬਾਅਦ ਸਾਹਮਣੇ ਆਏ ਫਾਸ਼ੀਵਾਦ ਦੇ ਹੋਰ ਵਖ-ਵਖ ਰੂਪਾਂ ਨਾਲ ਜੁੜੇ ਖਤਰਿਆਂ ਨੂੰ ਅਜੇ ਤਕ ਬੌਧਿਕ ਰੂਪ ਵਿਚ ਵੀ ਆਤਮਸਾਤ ਨਹੀਂ ਕਰ ਸਕੇ, ਭਾਵਨਾਤਮਿਕ ਤੌਰ 'ਤੇ ਆਤਮਸਾਤ ਕਰਨਾ ਤਾਂ ਦੂਰ ਦੀ ਗੱਲ ਹੈ। ਸਾਡੇ ਕਈ ਬੁਧੀਜੀਵੀ ਅਜੇ ਤਕ ਸਭਿਆਚਾਰ ਨੂੰ ਇੰਝ ਸਮਝੀ ਜਾਣ ਦੀ ਗਲਤੀ ਕਰੀ ਜਾ ਰਹੇ ਹਨ ਕਿ ਜਿਵੇਂ ਉਹ ਕਿਸੇ ਭਾਈਚਾਰੇ ਵਿਸ਼ੇਸ਼ ਦੀ ਸਮੂਹਿਕ ਆਤਮਾ ਵਿਚ ਵਸੀ ਕਿਸੇ 'ਆਦਿ ਜੁਗਾਦੀ ਰਹੱਸਮਈ ਮਹਿਕ' ਦਾ ਪ੍ਰਗਟਾਵਾ ਹੋਵੇ। ਫਾਸ਼ੀਵਾਦ ਦੇ ਤਜ਼ਰਬੇ ਤੋਂ ਬਾਅਦ ਬਤਈ, ਮੌਰਿਸ ਬਲਾਸ਼ੋ, ਰਾਬਰਟੋ ਐਸਪੋਸੀਟੋ ਅਤੇ ਯਾਂਲਕ ਨੈਂਸੀ ਆਦਿ ਅਨੇਕਾਂ ਯੋਰਪੀ ਚਿੰਤਕਾਂ ਨੇ ਭਾਈਚਾਰੇ ਦੇ ਰਵਾਇਤੀ ਅਰਥਾਂ ਨੂੰ ਭਰਪੂਰ ਰੂਪ ਵਿਚ ਨਵੇਂ ਸਿਰੇ ਤੋਂ ਵਿਚਾਰਿਆ ਹੈ। ਸਾਨੂੰ ਅਜਿਹੇ ਚਿੰਤਕਾਂ ਦੀਆਂ ਅੰਤਰ-ਦ੍ਰਿਸ਼ਟੀਆਂ ਨਾਲ ਆਪਣੀ ਖਾਸ ਧਰਾਤਲ ਤੋਂ ਉਸਾਰੂ ਰਿਸ਼ਤੇ ਸਥਾਪਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਭ ਤੋਂ ਵੱਡੀ ਗੱਲ ਸਾਨੂੰ ਭਾਈਚਾਰੇ, ਰਾਜਤੰਤਰ ਅਤੇ ਸ਼ਾਇਰੀ (ਖਾਸ ਤੌਰ 'ਤੇ ਵਿਸਮਾਦੀ ਕਿਸਮ ਦੀ) ਨੂੰ ਰਲਗਡ ਕਰਨ ਵਾਲੇ ਚਿੰਤਕਾਂ ਦੀਆਂ ਅਜਿਹੀਆਂ ਕੋਸ਼ਿਸ਼ਾਂ ਪ੍ਰਤੀ ਨਿਰੰਤਰ ਸਾਵਧਾਨ ਰਹਿਣਾ ਚਾਹੀਦਾ ਹੈ। ਅਖੀਰ ਵਿਚ ਸਭਿਆਚਾਰ ਵਰਗੇ ਵਰਤਾਰੇ ਨੂੰ ਜੇਕਰ ਸਥਿਤ ਕਰਨਾ ਹੀ ਹੈ ਤਾਂ ਇਸ ਨੂੰ ਭਾਈਚਾਰੇ ਅਤੇ ਵਿਅਕਤੀ ਦੇ ਵਿਚਾਲੇ ਦੀ ਕਿਸੇ ਨਿਰਾਕਰ 'ਧਰਾਤਲ' ਤੋਂ ਜਾਂ ਕਹੀਏ ਕਿ ਭੂਤਕਾਲ, ਵਰਤਮਾਨ, ਭਵਿਖਤ ਕਾਲ ਦੀਆਂ ਸਮਾਂ ਰੇਖਾਵਾਂ ਦੇ ਵਿਚ-ਵਿਚਾਲੇ ਦੀ ਕਿਸੇ ਥਾਂ ਜਾਂ ਇਨ੍ਹਾਂ ਰੇਖਾਵਾਂ ਅਤੇ ਉਨ੍ਹਾਂ ਤੋਂ ਬਾਹਰ ਕਾਰਜਸ਼ੀਲ ਸੰਭਾਵਨਾਵਾਂ ਦੀ ਸਪੇਸ ਵਿਚ ਹੀ ਕਿਧਰੇ ਸਥਿਤ ਕੀਤਾ ਜਾ ਸਕਦਾ ਹੈ।

ਸੱਚ ਤਾਂ ਇਹ ਵੀ ਹੈ ਕਿ ਸਭਿਆਚਾਰ ਨੂੰ ਵਸਤਾਂ ਅਤੇ ਵਰਤਾਰਿਆਂ ਦੇ ਕਿਸੇ ਅਸਲੋਂ ਹੀ ਨਵੇਂ ਤਵਾਜ਼ਨ (Order of Things) ਵਿਚ ਰੂਪਮਾਨ ਹੋ ਸਕਣ ਵਾਲੀਆਂ 'ਅਸੰਭਾਵਨਾਵਾਂ' ਜੋ ਅਜੇ ਸਾਕਾਰ ਹੋਣ ਵਾਲੇ ਵਰਤਾਰਿਆਂ ਵਿਚ ਛੁਪੀਆਂ ਹੋਈਆਂ ਹਨ ਅਤੇ ਪ੍ਰਗਟ ਹੋਣ ਦੀ ਇੰਤਜ਼ਾਰ ਵਿਚ ਹਨ, ਲਈ ਵੀ ਚਿੰਤਨ ਦਾ ਦਰਵਾਜਾ ਖੁਲ੍ਹਾ ਰਖਿਆ ਜਾਣਾ ਚਾਹੀਦਾ ਹੈ।

*e-mail:sharajesh@gmail.com

ਕਹਾਣੀ

# ਏਨਾ ਸੱਚ ਈ ਬੋਲ



**ਸਰੂਪ ਸਿਆਲਵੀ**

ਪਿੰਡ ਵਿਚੋਂ ਘੁੰਮ ਕੇ ਆ ਕੇ ਦਲਿਤ ਲੰਬੜਦਾਰ ਲਾਭ ਸਿੰਘ ਨੇ ਪਿੰਡ ਦੇ ਹੇਠਲੇ ਪਾਸੇ ਪਿੱਪਲ ਥੱਲੇ ਬਣੇ ਚਬੂਤਰੇ 'ਤੇ ਜੁੜੀ ਢਾਣੀ ਵਿਚ ਬੈਠਦਿਆਂ ਦੱਸਿਆ, ''ਵਿਚਾਰੇ ਪ੍ਰੋ. ਪਰਮਿੰਦਰ ਸਿੰਘ ਨੂੰ ਖੇਤ ਨੂੰ ਜਾਂਦੇ ਨੂੰ, ਚੜ੍ਹਦੇ ਪਾਸੇ ਵਾਲੀ ਸੱਥ ਵਿਚ ਘੇਰ ਲਿਆ। ਅਖੇ ਅਸੀਂ ਨੀ ਘਰੋਂ ਭੱਜ ਕੇ ਵਿਆਹ ਕਰਵਾਉਣ ਵਾਲਿਆਂ ਨੂੰ 'ਪਿੰਡ ਸੁਧਾਰ ਸੋਸਾਇਟੀ' ਵਲੋਂ ਵਿੱਤੀ ਮਦਦ ਦੇਣ ਦੇਣੀ।''

ਲਾਭ ਸਿੰਘ ਨੇ ਦੱਸਿਆ ਕਿ ਉਹ ਜ਼ਿੰਮੀਦਾਰਾਂ ਵਾਲੇ ਪਾਸਿਓਂ ਸਰਪੰਚ ਸੁੱਚਾ ਸਿੰਘ ਦੇ ਘਰੋਂ ਆਇਆ ਹੈ। ਉਨ੍ਹਾਂ ਕੋਲ ਮਹੀਨੇ ਦੇ ਪਹਿਲੇ ਐਤਵਾਰ, ਸ਼ਹਿਰ ਵਿਚੋਂ ਇਕ ਵਕੀਲ ਆਉਂਦਾ ਹੈ। ਗੰਜਾ ਪੰਡਤ ਗੰਗਾ ਰਾਮ ਉਸ ਕੋਲ ਆਪਣਾ ਦੁਖ ਰੋ ਰਿਹਾ ਸੀ, ''ਮੇਰੀ ਜੀ, ਬੀ.ਏ. ਵਿਚ ਪੜ੍ਹਦੀ ਧੀ, ਸਾਹਮਣੇ ਮਕਾਨ ਖਰੀਦ ਕੇ ਰਹਿੰਦੇ, ਬਾਲਮੀਕੀਆਂ ਦੇ ਉਹਦੇ ਜਮਾਤੀ ਮੁੰਡੇ ਨਾਲ...ਮੰਦਰ ਵਿਚ ਵਿਆਹ ਕਰਵਾ ਕੇ ਭੱਜ ਗਈ। ਮੁੰਡੇ ਦੇ ਘਰ ਦੇ ਸਮੈਕ ਵੇਚਦੇ ਐ। ਪੁਲਿਸ ਉਨ੍ਹਾਂ ਦੀ ਮਦਦ ਕਰਦੀ ਐ। ਮੇਰੀ ਕੋਈ ਸੁਣਵਾਈ ਨੀ ਹੁੰਦੀ। ਮੈਂ ਉਨ੍ਹਾਂ ਦੇ ਵਿਰੁਧ ਅਦਾਲਤ ਵਿਚ ਕੇਸ ਪਾਉਣੈ। ਕੁੜੀ ਜਾਂਦੀ ਹੋਈ ਘਰੋਂ ਪੰਜਾਹ ਹਜ਼ਾਰ ਰੁਪਿਆ ਵੀ ਚੁੱਕ ਕੇ ਲੈ ਗਈ।''

ਵਕੀਲ ਸਾਹਿਬ ਨੇ ਉਹਨੂੰ ਧਰਵਾਸ ਦਿੰਦਿਆ ਦੱਸਿਆ, ''ਮੇਰੇ ਕੋਲ ਤਾਂ ਅਜਿਹੇ ਕੇਸ ਆਉਂਦੇ ਐ...ਕਿ ਕੁੜੀਆਂ ਨਾਲ ਪਿਆਰ ਪਾ ਕੇ ਮੁੰਡੇ ਛੱਡ ਕੇ ਚਲੇ ਗਏ। ਕੁੜੀਆਂ ਗਰਭਵਤੀਆਂ ਹੋਈਆਂ ਮਾਪਿਆਂ ਘਰ ਬੈਠੀਆਂ। ਵੱਧ ਸਮਾਂ ਲੰਘਣ ਕਰਕੇ ਨਾ ਉਨ੍ਹਾਂ ਦਾ ਗਰਭਪਾਤ ਹੀ ਕਰਵਾਇਆ ਜਾ ਸਕਦਾ। ਸ਼ਰਮ ਦੇ ਮਾਰੇ ਮਾਪੇ ਉਨ੍ਹਾਂ ਨੂੰ ਲੋਕਾਂ ਤੋਂ ਲੁਕਾਂਦੇ ਛਿਪਾਂਦੇ ਫਿਰਦੇ ਐ। ਉਨ੍ਹਾਂ ਦੇ ਹੋਣ ਵਾਲੇ ਬੱਚਿਆਂ ਦਾ ਕੀ ਬਣੇਗਾ?''

ਵਕੀਲ ਨੇ ਪੰਡਤ ਨੂੰ ਸਮਝਾਇਆ, ''ਸ਼ੁਕਰ ਕਰ...ਤੇਰੀ ਕੁੜੀ ਤਾਂ ਜਮਾਤੀ ਮੁੰਡੇ ਨਾਲ ਵਿਆਹ ਕਰਵਾ ਕੇ ਗਈ ਐ।''

''ਪਰ ਜੀ ਜਿਹੜੇ ਘਰੋਂ ਪੰਜਾਹ ਹਜ਼ਾਰ ਰੁਪਏ ਚੁੱਕ ਕੇ ਲੈ ਗਈ ਐ?''

ਜਦੋਂ ਸਰਪੰਚ ਸੁੱਚਾ ਸਿੰਘ ਬੋਲ ਪਿਆ, ''ਪੰਡਤਾ, ਤੇਰੇ ਕੋਲ ਪੰਜਾਹ ਹਜ਼ਾਰ ਕਿਥੋਂ ਆ ਗਿਆ?...ਤੀਵੀਂ ਤੇਰੀ ਵਸ ਵਿਚ ਨੀ ਹੈਗੀ। ਅਵਾਰਾ ਘੁੰਮਦੀ ਫਿਰਦੀ ਐ। ਤੂੰ ਬਾਜ਼ਾਰ ਵਿਚ ਘੁੰਮਦਾ ਰਹਿੰਦਾ...ਬਈ ਕੋਈ ਦੁਕਾਨਦਾਰ ਤੈਨੂੰ ਨਿੱਕਾ-ਮੋਟਾ ਕੰਮ ਲਾਵੇ ਤੇ ਤੈਨੂੰ ਸੰਝ ਨੂੰ ਪਊਆ ਪੀਣ ਨੂੰ ਮਿਲ ਜਾਵੇ। ਕੁੜੀ ਤੇਰੀ ਵਿਦੇਸ਼ ਗਿਆਂ ਵਲੋਂ ਕਾਇਮ ਕੀਤੇ ਫੰਡ ਵਿਚੋਂ ਸਹਾਇਤਾ ਲੈ ਕੇ ਪੜ੍ਹਦੀ ਰਹੀ ਐ। ਤੂੰ ਪੰਡਤਾਂ ਛੋਟੀ ਨੂੰ ਈ ਸਾਂਭ ਲੈ।''

''ਅੱਛਾ, ਫੇਰ ਸਰਪੰਚ ਸਾਹਿਬ, ਜਿਹੜੀ ਵਿਆਹ ਲਈ ਤੁਸੀਂ ਟਰੱਸਟ ਵਲੋਂ ਸਹਾਇਤਾ ਦਿੰਦੇ ਓ...ਉਹ ਤਾਂ ਦਿਵਾ ਦਿਓ।''

''ਓ ਬਈ ਜਦ ਕੁੜੀ ਓ ਭੱਜ ਗਈ। ਫੇਰ ਵਿਆਹ ਕੀਹਦਾ ਕਰਨਾ...ਉਹਦੀ ਮਾਂ ਦਾ?''

''ਨਹੀਂ ਸਰਪੰਚ ਸਾਹਿਬ, ਕੁੜੀ ਦਾ ਫੋਨ ਆਈ ਜਾਂਦਾ। ਉਹਨੂੰ ਆਪਣੇ ਵਲੋਂ...ਕੁਝ ਨਾ ਕੁਝ ਤਾਂ ਬਣਦਾ-ਸਰਦਾ ਦੇਣਾ ਈ ਐ।'' ਸਰਪੰਚ ਸਾਹਿਬ ਨੇ ਅਰਜ਼ੀ ਰੱਖ ਲਈ ਤੇ ਆਪਣੇ ਭਰਾ ਪ੍ਰੋ. ਪਰਮਿੰਦਰ ਸਿੰਘ ਨੂੰ ਫੜਾ ਦਿੱਤੀ। ਪਹਿਲਾਂ ਵੀ ਪ੍ਰੋਫੈਸਰ ਮਾਪਿਆਂ ਦੀ ਮਰਜ਼ੀ ਨਾਲ ਵਿਆਹ ਕਰਵਾਉਣ ਵਾਲਿਆਂ ਵਾਂਗ ਲਵ ਮੈਰਿਜ ਕਰਵਾਉਣ ਵਾਲੇ ਜੋੜਿਆਂ ਨੂੰ ਵਿੱਤੀ ਸਹਾਇਤਾ ਦਿੰਦਾ ਰਿਹਾ ਸੀ।

ਹੁਣ ਫੇਰ ਪੰਡਤ ਦੀ ਘਰੋਂ ਭੱਜ ਕੇ ਵਿਆਹ ਕਰਵਾਉਣ ਵਾਲੀ ਲੜਕੀ ਵਲੋਂ...ਵਿੱਤੀ ਸਹਾਇਤਾ ਲਈ ਅਰਜ਼ੀ ਆਉਣ 'ਤੇ ਸੱਥ ਵਿਚ ਖੜੇ ਲੋਕ ਬਿੱਫਰ ਗਏ ਸਨ। ਉਨ੍ਹਾਂ ਨੇ ਖੇਤ ਨੂੰ ਜਾਂਦੇ ਪ੍ਰੋਫੈਸਰ ਨੂੰ ਰੋਕ ਲਿਆ ਸੀ। ਉਹ ਹੱਥੋ-ਪਾਈ 'ਤੇ ਉਤਰਨ ਹੀ ਵਾਲੇ ਸਨ ਕਿ ਉਨ੍ਹਾਂ ਵਿਚ ਖੜ੍ਹੇ ਪ੍ਰੋਫੈਸਰ ਦੇ ਸਾਬਕਾ ਸਟੂਡੈਂਟ ਸਵਰਨ ਸਿੰਘ ਨੇ ਅੱਗੇ ਹੋ ਕੇ ਉਨ੍ਹਾਂ ਨੂੰ ਵੰਗਾਰਿਆ, ''ਓ ਤੁਸੀਂ ਕਦੇ ਪਿੰਡੋਂ ਬਾਹਰ ਨਿਕਲ ਕੇ ਦੇਖਿਆ। ਮੈਂ ਪ੍ਰੋਫੈਸਰ ਸਾਹਿਬ ਕੋਲ ਪੜ੍ਹਿਆ ਹੋਇਆ ਆ। ਇਲਾਕੇ ਦੇ ਸਾਰੇ ਕਾਲਜਾਂ ਵਿਚ, ਇਨ੍ਹਾਂ ਦਾ ਪੜ੍ਹਾਇਆ ਕੋਈ ਨਾ ਕੋਈ ਸਟੂਡੈਂਟ ਪੜ੍ਹਾ ਰਿਹਾ ਹੁੰਦਾ। ਇਹ ਜਿਹੜੇ ਮਰਜ਼ੀ ਕਾਲਜ ਵਿਚ ਜਾਣ ਇਨ੍ਹਾਂ ਦਾ ਆਦਰ-ਸਤਿਕਾਰ ਹੁੰਦਾ ਤੇ ਇਨ੍ਹਾਂ ਨੂੰ ਜੀਵਨ ਦੇ ਵੱਖ-ਵੱਖ ਪੱਖਾਂ 'ਤੇ ਲੈਕਚਰ ਦੇਣ ਲਈ ਬੁਲਾਇਆ ਜਾਂਦਾ। ਏਨੇ ਨੂੰ ਪ੍ਰੋਫੈਸਰ ਦੇ ਧੜੇ ਦੇ ਹੋਰ ਬੰਦੇ ਵੀ ਘਰਾਂ ਵਿਚੋਂ ਨਿਕਲ ਆਏ ਸਨ। ਸਵਰਨ ਸਿੰਘ ਨੇ ਦਲੇਰੀ ਦਿਖਾਉਂਦਿਆਂ ਕਿਹਾ, ''ਜਦ ਤੁਸੀਂ ਟਰੱਸਟ ਲਈ ਕੁਝ ਦਿੰਦੇ ਹੀ ਨਹੀਂ...ਫੇਰ ਇਹਦੇ ਕੰਮ ਵਿਚ ਅੜਿੱਕਾ ਕਿਉਂ ਪਾਉਂਦੇ ਓ...ਜੇ ਥੁਆਡੇ ਵਿਚੋਂ ਕਿਸੇ ਨੇ ਕੁਝ ਦਿਤਾ...ਹਿਸਾਬ ਕਰਕੇ ਆਪਣੇ ਪੈਸੇ ਲੈ ਲਵੇ।''

ਪ੍ਰੋਫੈਸਰ ਸਾਹਿਬ ਉੱਚੀ-ਉੱਚੀ ਬੋਲਦੇ, ''ਓ ਥੁਆਡੇ ਨਾਲੋਂ ਤਾਂ ਵੱਧ...ਚੰਗੀ ਤਰ੍ਹਾਂ ਪਸ਼ੂ-ਪੰਛੀ ਮੇਰੀਆਂ ਗੱਲਾਂ ਸਮਝਦੇ ਐ?'' ਖੇਤਾਂ ਵਲ ਨੂੰ ਤੁਰ ਪਏ ਸਨ ਤੇ ਸੱਥ ਵਿਚ ਖੜੇ ਲੋਕ ਉੱਚੀ-ਉੱਚੀ ਹੱਸਣ ਲੱਗ ਪਏ ਸਨ।

ਲੰਬੜਦਾਰ ਲਾਭ ਸਿੰਘ ਦੀ ਪ੍ਰੋਫੈਸਰ ਨਾਲ ਚੰਗੀ ਬਣਦੀ ਸੀ। ਉਹ ਉਨ੍ਹਾਂ ਨੂੰ ਖੇਤ ਵਿਚ ਵੀ ਮਿਲ ਆਉਂਦਾ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਜੇ ਉਹ ਲੈਕਚਰ ਦੇ ਰਹੇ ਹੋਣ, ਫੇਰ ਉਨ੍ਹਾਂ ਨੂੰ ਬੁਲਾਉਣਾ ਨਹੀਂ ਹੁੰਦਾ ਸੀ। ਉਹ ਇਕ ਦਿਨ ਦੀ ਕਹਾਣੀ ਦੱਸਣ ਲੱਗਿਆ, ''ਪ੍ਰੋਫੈਸਰ ਸਾਹਿਬ ਪਸ਼ੂ, ਪੰਛੀਆਂ ਨੂੰ ਖਾਧ-ਖੁਰਾਕ ਚੰਗਾ ਪਾਈ ਜਾ ਰਹੇ ਸਨ। ਪਸ਼ੂ ਪੰਛੀ ਉਨ੍ਹਾਂ ਦੁਆਲੇ ਇਕੱਠੇ ਹੋਈ ਜਾ ਰਹੇ ਸਨ। ਉਨ੍ਹਾਂ ਨੇ ਬੋਲਣਾ ਸ਼ੁਰੂ ਕੀਤਾ, ''ਲੈ ਬਈ ਇਕ ਘੰਟੇ ਦਾ ਪੀਰੀਅਡ ਹੈ। ਸੁਣੋ! ਸਾਰੇ ਪਸ਼ੂਆਂ, ਪੰਛੀਆਂ ਦਾ ਵੱਖਰਾ, ਵੱਖਰਾ ਵਰਗ ਹੈ। ਜੇ ਇਕ ਕਾਂ ਮਰ ਜਾਵੇ ਜਾਂ ਬਿਜਲੀ ਦੀ ਤਾਰ ਨਾਲ ਚਿੰਬੜ ਜਾਵੇ ਤਾਂ ਮਿੰਟਾਂ, ਸਕਿੰਟਾਂ ਵਿਚ ਸੈਂਕੜੇ ਕਾਂ 'ਕੱਠੇ ਹੋ ਕੇ ਕਾਂ-ਕਾਂ ਕਰਨ ਲੱਗ ਪੈਂਦੇ ਹਨ। ਪਰ ਜੇ ਕਿਸੇ ਆਦਮੀ ਨੂੰ ਕੋਈ ਦੁਖ-ਤਕਲੀਫ ਹੋਵੇ ਜਾਂ ਉਹਦੀ ਮੌਤ ਹੋ ਜਾਵੇ ਤਾਂ ਕਾਵਾਂ ਵਾਂਗ ਸਾਰੇ ਆਦਮੀ ਇਕੱਠੇ ਨਹੀਂ ਹੋਣਗੇ...ਕੇਵਲ ਉਹਦੀ ਜਾਤੀ ਦੇ ਲੋਕ ਹੀ ਉਹਦਾ ਦੁਖ ਵੰਡਾਉਣਗੇ।'

''ਇਕ ਦਿਨ ਉਹਦੇ ਸਾਹਮਣੇ ਖੇਤ ਵਿਚ ਫਨੀਅਰ, ਖੜੱਪਾ ਸੱਪ ਆਣ ਕੇ ਖੜਾ ਹੋ ਗਿਆ।'' ਲਾਭੇ ਨੇ ਦੱਸਿਆ, ''ਪ੍ਰੋਫੈਸਰ ਉਸੇ ਨਾਲ ਗੱਲਾਂ ਕਰਨ ਲੱਗ ਪਿਆ। ''ਹਾਂ ਬਈ...ਤੂੰ ਤਾਂ ਅਸੁਰੱਖਿਅਤ ਹੋਣ 'ਤੇ ਹੀ ਡੰਗ ਮਾਰਦਿਆਂ ਜ਼ਹਿਰ ਉਗਲਦਾ ਹੈ।...ਪਰ ਆਦਮ ਜਾਤ ਦੇ ਤਾਂ ਸਾਰੇ ਸਰੀਰ 'ਤੇ ਜਾਤ, ਧਰਮ, ਨਸਲ, ਖੁਦਗਰਜੀ ਦੇ ਈਰਖਾ, ਹਊਮੈ, ਹੈਂਕੜ ਤੇ ਨਫ਼ਰਤ ਫੈਲਾਉਣ ਦੇ ਝਾਂਸੇ ਹਨ ਤੇ ਉਹ ਦੂਜਿਆਂ ਨੂੰ ਬੇਕਸੂਰ ਹੁੰਦਿਆਂ ਵੀ ਨੁਕਸਾਨ ਪਹੁੰਚਾਉਣ ਲਈ ਅੰਗ-ਅੰਗ ਵਿਚੋਂ ਜ਼ਹਿਰ ਉਗਲਦੇ ਰਹਿੰਦੇ ਹਨ।''

''ਏਨੇ ਨੂੰ ਖੜੱਪਾ ਸੱਪ...ਇਕ ਚਾਰ-ਪੰਜ ਫੁੱਟ ਦੇ ਸੱਪ ਨੂੰ ਖਾਣ ਲਈ ਉਹਦੇ ਮਗਰ ਭੱਜਣ ਲੱਗਿਆ। ਪ੍ਰੋਫੈਸਰ ਸਾਹਿਬ ਗਰਜੇ, ''ਮੈਂ ਤੈਨੂੰ ਆਦਮ ਜਾਤ ਰਾਹੀਂ ਬਿਨਾ ਕਸੂਰ ਥਾਂ-ਥਾਂ ਮਾਰਿਆ ਜਾਣ ਕਰਕੇ ਪੀੜਤ ਵਰਗ ਵਿਚ ਗਿਣਦਾ ਹਾਂ। ਓ ਤੂੰ ਆਪਣੇ ਵਰਗ ਨੂੰ ਤਾਂ ਬਖਸ਼ ਦੇ...ਤੇ ਜਦੋਂ ਭੱਜ ਕੇ ਡਾਂਗ ਮਾਰ ਕੇ ਉਨ੍ਹਾਂ ਨੇ ਫਨੀਅਰ ਨੂੰ ਮਾਰ ਮੁਕਾਇਆ ਤੇ ਛੋਟੇ ਸੱਪ ਨੂੰ ਬੋਲੇ, ''ਜਿੱਦਣ ਤੂੰ ਵੀ ਆਪਣੇ ਤੋਂ ਛੋਟੇ ਸੱਪ ਨੂੰ ਖਾਣ ਲੱਗਿਆਂ...ਤੇਰਾ ਹਸ਼ਰ ਵੀ ਖੜੱਪੇ ਸੱਪ ਵਾਲਾ ਹੀ ਹੋਵੇਗਾ...ਸਮਝਿਆ।''

ਪ੍ਰੋਫੈਸਰ ਦੀਆਂ ਬਚਕਾਨਾ ਗੱਲਾਂ 'ਤੇ ਢਾਣੀ ਵਿਚ ਬੈਠੇ ਲੋਕ ਖੂਬ ਹੱਸਦੇ ਰਹੇ। ਪਰ ਉਨ੍ਹਾਂ ਕੋਲ ਪੜ੍ਹਿਆ, ਕਾਲਜੀਏਟ ਮੁੰਡਾ ਕੁਲਜਿੰਦਰ ਸਿੰਘ ਕਾਫੀ ਲੋਹਾ-ਲਾਖਾ ਹੋਇਆ, ''ਇਨ੍ਹਾਂ ਗੱਲਾਂ ਦੇ ਗਹਿਰੇ ਅਰਥ ਨੇ...ਪਰ ਥੁਆਨੂੰ...ਮੇਰੇ ਡੈਡੀ ਸਮੇਤ ਕਿਸੇ ਨੂੰ ਸਮਝ ਨਹੀਂ ਆਉਣਗੇ।'' ਜਦੇ ਕੁੱਲੂ ਦੇ ਬਾਪੂ ਸੂਬੇਦਾਰ ਬੀਰ ਸਿੰਘ ਨੇ ਉਹਨੂੰ ਝਿੜਕ ਕੇ ਚੁੱਪ ਕਰਵਾ ਦਿੱਤਾ। ''ਓ ਤੂੰ ਮੇਰੇ ਜੰਮਿਆ...ਮੈਂ ਤਾਂ ਨੀ ਤੇਰੇ ਜੰਮਿਆ...ਸਾਨੂੰ ਸਮਝੌਤੀਆਂ ਦੇਣ ਲੱਗਿਆ। ਆਹ ਗੱਲਾਂ ਸਕੂਲਾਂ-ਕਾਲਜਾਂ ਵਿਚ ਚਲਦੀਆਂ, ਪਿੰਡਾਂ ਵਿਚ 'ਨੀਂ ਚਲਦੀਆਂ।''

ਪ੍ਰੋਫੈਸਰ ਦੀ ਗੱਲ...ਜੇ ਪਿੰਡ ਦੀ ਉਪਰਲੇ ਪਾਸੇ ਵਾਲੀ ਢਾਣੀ ਵਿਚ ਸੁਣੀ ਜਾਂਦੀ ਸੀ...ਤਾਂ ਹੇਠਲੇ ਪਾਸੇ ਵਾਲੀ ਢਾਣੀ ਵਿਚ ਵੀ ਸੁਣੀ ਜਾਂਦੀ ਸੀ। ਕਾਲਜੀਏਟ ਕੁਲਜਿੰਦਰ ਦੇ ਦੱਸਣ ਵਾਂਗ...ਉਨ੍ਹਾਂ ਦੀ ਗੱਲ ਸਮਝ ਤਾਂ ਕਿਸੇ ਕਿਸੇ ਨੂੰ ਹੀ ਆਉਂਦੀ ਸੀ...ਪਰ ਚੰਗੀ ਕਿਸੇ ਨੂੰ ਵੀ ਨਹੀਂ ਸੀ ਲਗਦੀ।

ਇਕ ਦਿਨ ਹੇਠਲੇ ਪਾਸੇ ਦੀ ਢਾਣੀ ਵਿਚ ਆ ਕੇ ਅਖ਼ਬਾਰ ਪੜ੍ਹ ਕੇ ਸੁਣਾਉਣ ਲੱਗਾ, ''ਲੈਕਚਰਾਰ, ਉਮਰ 28 ਸਾਲ, ਕੱਦ 5 ਫੁੱਟ 8 ਇੰਚ, ਐਮ.ਐਸ.ਸੀ., ਬੀ ਐਡ. ਲੈਕਚਰਾਰ ਲੜਕੀ ਚਾਹੀਦੀ ਹੈ। ਦਾਜ ਤੇ ਮਾਪਿਆਂ ਦਾ ਸਟੇਟਸ ਪਰਖਣ ਵਾਲੇ ਖਿਮਾ ਕਰਨ।

ਇੰਜੀਨੀਅਰ, ਉਮਰ 30 ਸਾਲ, ਕੱਦ 5 ਫੁੱਟ 3 ਇੰਚ, ਤਨਖਾਹ 30,000 ਲੜਕੀ ਲਈ ਇੰਜੀਨੀਅਰ ਵਰ ਚਾਹੀਦਾ ਹੈ।

ਲੇਡੀ ਡਾਕਟਰ ਲਈ ਡਾਕਟਰ ਵਰ ਦੀ ਤਲਾਸ਼ ਹੈ...

ਆਪਣੇ ਪਿੰਡ ਦੇ ਕੁਲਜਿੰਦਰ ਤੇ ਕੁਲਜੀਤ ਕੌਰ ਨੇ ਵੀ ਕਾਲਜੀਏਟ ਲੜਕੀ, ਲੜਕੇ ਲਈ ਵਿਆਹ ਦਾ ਇਸ਼ਤਿਹਾਰ ਦਿੱਤਾ ਹੈ।''

ਲੰਬੜ ਨੇ ਪੁਛਿਆ, ''ਪ੍ਰੋਫੈਸਰ ਆਹ ਅਧਿਆਪਕਾਂ, ਇੰਜੀਨੀਅਰਾਂ, ਡਾਕਟਰਾਂ ਦੇ ਆਪੇ ਵਿਚੀਂ ਰਿਸ਼ਤੇ ਹੁੰਦੇ ਤਾਂ ਦੇਖੇ ਸੁਣੇ ਨਹੀਂ। ਹਾਂ ਰਿਸ਼ਤੇ ਤਾਂ ਜੱਟਾਂ ਦੇ ਜੱਟਾਂ ਨਾਲ, ਚਮਾਰਾਂ ਦੇ ਚਮਾਰਾਂ ਨਾਲ ਈ ਹੁੰਦੇ ਹਨ।'' ਪਰ ਜਵਾਬ ਦੇਣ ਲਈ ਪ੍ਰੋਫੈਸਰ ਤਾਂ ਉਥੇ ਹੈ ਹੀ ਨਹੀਂ ਸੀ, ਕਿੰਨੀ ਦੂਰ ਨਿਕਲ ਗਿਆ ਸੀ।

ਪ੍ਰੋਫੈਸਰ ਦੂਰ ਨਿਕਲ ਗਿਆ ਸੀ...ਜਿਹੜਾ ਨੇੜੇ ਆ ਰਿਹਾ ਸੀ...ਉਹ ਸੀ ਰਾਮ ਆਸਰਾ।

''ਕਿਵੇਂ ਬਈ...ਸੁਪਰਡੰਟ ਸਾਹਿਬ ਅੱਜ...ਕਾਟੋ ਖੇਡਦੀ ਐ ਫੁੱਲਾਂ 'ਤੇ?'' ਪੈਨਸ਼ਨੀਏ ਪਰਮੇ ਨੇ ਉਹਨੂੰ ਛੇੜਿਆ।

ਉਹ ਵਾਕਰ ਛੱਡ ਕੇ, ਦੋਵੇਂ ਬਾਹਾਂ ਖੜੀਆਂ ਕਰਕੇ ਬੋਲਿਆ, ''ਅੱਜ ਪੈਨਸ਼ਨ ਕਢਵਾਉਣ ਚੱਲਿਆ...ਅੱਜ ਨੀ ਕਾਟੋ ਫੁੱਲਾਂ 'ਤੇ ਖੇਡੂਗੀ...ਹੋਰ ਕਦ ਖੇਡੂਗੀ...ਆ ਹਾ ਹਾ ਹਾ...ਪੌੜੀਆਂ ਤੋਂ ਡਿੱਗ ਕੇ ਉਹਦਾ ਗਿੱਟਾ ਮੁਚ ਗਿਆ ਸੀ। ਕਈ ਮਹੀਨੇ ਤਾਂ ਉਹ ਘਰੇ ਮੰਜੇ 'ਤੇ ਪਿਆ ਰਿਹਾ...ਮੁੰਡਿਆਂ ਤੋਂ ਅਧੀਆ ਮੰਗਵਾ ਕੇ ਪੀਂਦਾ ਰਿਹਾ। ਹੁਣ ਵਾਕਰ ਨਾਲ ਤੁਰਨ ਲੱਗ ਪਿਆ ਸੀ।

''ਵਾਕਰ ਨਾਲ ਤੁਰਦਾ...ਕਦੋਂ ਪੁੱਜੂ...ਚੰਡੀਗੜ੍ਹ?''

'ਅਹੁ ਦੇਖ ਅੱਗੇ ਕਾਰ ਖੜੀ ਐ...ਜੀਹਨੇ ਪੈਨਸ਼ਨ ਦੇ ਪੈਸੇ ਲੈਣੇ ਐ...ਆਪੇ ਕਾਰ ਕਿਰਾਏ 'ਤੇ ਕਰਕੇ ਲਿਜਾਂਦੇ ਐ।'' ਉਹ ਘਰਵਾਲੀ ਨੂੰ ਲੈ ਕੇ, ਕਦੇ ਕਿਸੇ ਮੁੰਡੇ ਨਾਲ ਰਹਿਣ ਲੱਗ ਪੈਂਦਾ, ਕਦੇ ਕਿਸੇ ਨਾਲ।

ਰਿਟਾਇਰ ਮੈਨੇਜਰ ਮਨਦੀਪ ਸਿੰਘ, ਕੁੜਤੇ ਪਜਾਮੇ ਨਾਲ ਕਾਲਾ ਕੋਟ ਪਾਈ, ਕਰਿਆਨੇ ਦੀ ਦੁਕਾਨ ਵਿਚ ਰੱਖੀ ਬੋਤਲ ਵਿਚੋਂ ਪੈੱਗ ਲਾ ਕੇ ਆ ਗਿਆ, ਦਿਨ-ਰਾਤ ਦਾਰੂ ਪੀਣ ਨਾਲ ਇਹਦੇ ਫੇਫੜੇ ਗਲ ਗਏ। ਘਰ ਵਾਲੇ ਇਹਨੂੰ ਦਾਰੂ ਪੀਣ 'ਨੀਂ ਦਿੰਦੇ। ਇਹ ਘਰਦਿਆਂ ਤੋਂ ਚੋਰੀ ਕਰਿਆਨੇ ਦੀ ਦੁਕਾਨ ਵਿਚ ਬੋਤਲ ਲੁਕੋ ਕੇ ਰੱਖਦਾ, ਘੜੀ-ਘੜੀ ਪੈੱਗ ਲਾਈ ਜਾਂਦਾ।

ਇਹਦਾ ਇਕੋ ਇਕ ਮੁੰਡਾ ਇੰਜੀਅਨਰਿੰਗ ਕਰਕੇ ਅਮਰੀਕਾ ਚਲਿਆ ਗਿਆ। ਕੁੜੀ ਪੜ੍ਹਦੀ ਏ। ਨਸ਼ੇ ਦੀ ਲੋਰ ਵਿਚ, ਆਪਣੀ ਤਿੰਨ ਮੰਜਲੀ ਕੋਠੀ ਵਲ ਧਰਤੀ 'ਤੋਂ ਆਕਾਸ਼ ਵਲ ਉਂਗਲ ਚੁਕਦਿਆਂ ਆਖਦਾ ਹੈ, ''ਹੈ ਕੋਈ ਪਿੰਡ ਵਿਚ ਮੇਰੀ ਕੋਠੀ ਤੋਂ ਉੱਚੀ ਕੋਠੀ?...ਪਿੰਡ ਦੇ ਉਤਲੇ ਪਾਸੇ ਸ਼ਾਇਦ ਕੋਈ ਹੋਵੇ...ਥੱਲੇ ਵਾਲੇ ਪਾਸੇ ਤਾਂ ਹੈ ਨੀ।'' ਉੱਚੀ ਕੋਠੀ ਵਲ ਧਰਤੀ ਤੋਂ ਆਕਾਸ਼ ਵਲ ਉਂਗਲ ਖੜੀ ਕਰਦਿਆਂ ਰਹਿਣ ਕਰਕੇ ਰਾਮ ਆਸਰਾ ਇਹਨੂੰ ਕੋਠਿੰਦਰ ਸਿੰਘ ਕਹਿੰਦਾ ਰਹਿੰਦਾ ਹੈ। ਤੇ ਛੇੜਦਾ ਹੈ, ''ਮੈਨੇਜਰ ਸਾਹਿਬ ਥੁਆਡੇ ਕੋਲ ਐਨਾ ਪੈਸਾ, ਫਿਰ ਤੁਸੀਂ ਚੰਡੀਗੜ੍ਹ ਕੋਠੀ ਕਿਉਂ ਨ੍ਹੀਂ ਬਣਾਈ?''

''ਚੰਡੀਗੜ੍ਹ ਆਪਾਂ ਨੂੰ ਕੌਣ ਪੁਛਦਾ, ਇਥੇ ਪਿੰਡ ਵਿਚ ਆਪਣੀ ਪੁੱਛ-ਪ੍ਰਤੀਤ ਤਾਂ ਹੈ।''

''ਅੱਛਿਆ...ਅੱਛਿਆ...ਏਥੇ ਤੂੰ ਅੰਨ੍ਹਿਆ 'ਚ ਕਾਣਾ ਰਾਜਾ ਐਂ।'' ਮੈਨੇਜਰ ਮਨਦੀਪ ਰਤਾ ਅੱਖ ਦੱਬ ਕੇ ਦੇਖਦਾ ਹੈ। ਉਹ ਚਿੜ ਜਾਂਦਾ, ''ਡੁੱਡਿਆ ਤੂੰ ਆਪਣਾ ਵਾਕਰ ਸੰਭਾਲ, ਜੇ ਇਕ ਪੈ ਗਿਆ ਰੁੜਦਾ ਫਿਰੇਂਗਾ।'' ਰਾਮ ਆਸਰਾ ਵੀ ਉਹਨੂੰ ਟਕੋਰ ਮਾਰਦਾ।

''ਅਸੀਂ ਬੰਦੇ ਵੀ ਦੇਸੀ ਆਂ...ਤੇ ਪੀਂਦੇ ਵੀ ਦੇਸੀ ਆ...ਜਿਹੜੇ ਵਿਸਕੀ ਪੀਣਗੇ...ਔਖੇ ਹੋਣਗੇ।'' ਰਾਮ ਆਸਰੇ ਦਾ ਮੁੰਡਾ ਉਨ੍ਹਾਂ ਦੀ ਲੜਾਈ ਮਿਟਾਉਂਦਿਆਂ, ਉਹਨੂੰ ਕਾਰ ਵਿਚ ਬਿਠਾ ਕੇ ਲੈ ਗਿਆ। ਪਿਛੋਂ ਮੈਨੇਜਰ ਉਹਦੀ ਬਦਖੋਈ ਕਰਨ ਲੱਗ ਪਿਆ, ''ਇਹਨੇ ਸਿੱਖਿਆ ਮਹਿਕਮੇ ਵਿਚ ਸੁਪਰਡੰਟ ਲੱਗ ਕੇ ਇਕ ਵੀ ਮੁੰਡੇ ਨੂੰ ਚੱਜ ਦੀ ਤਾਂ ਕੀ, ਸੇਵਾਦਾਰ ਦੀ ਨੌਕਰੀ ਵੀ ਨੀ ਦਿਵਾਈ।''

ਲੰਬੜ ਬੋਲਿਆ, ''ਇਹਦਾ ਪੜ੍ਹਿਆ ਕਿਹੜਾ?...ਕੋਈ ਅੱਠਵੀਂ ਨੀਂ ਟੱਪਿਆ। ਇਹਨੂੰ ਪਰਿਵਾਰ ਨਾਲ ਕੀ। ਨਿੱਤ ਦਾਰੂ ਪੀ ਕੇ ਆ ਜਾਂਦਾ ਸੀ।'' ਸਾਰੇ ਰਿਟਾਇਰੀਏ ਕੱਠੇ ਈ ਬੋਲੇ, ''ਪਰ ਸਾਡੀ ਪੀੜ੍ਹੀ ਤੋਂ ਬਾਦ...ਪੱਕੀ ਨੌਕਰੀ ਮਿਲੀ ਵੀ ਕੀਹਨੂੰ ਐ?''

ਲੰਬੜ ਉਨ੍ਹਾਂ ਵਿਚੋਂ ਸਮਝਦਾਰੀ ਦਿਖਾਉਂਦਿਆਂ... ਵਿਆਖਿਆ ਕਰਨ ਲੱਗਿਆ, ''ਜਮਨੀ ਜਮਾਦਾਰਨੀ ਦੱਸਦੀ ਹੁੰਦੀ ਐ ਬਈ ਪਿੰਡ ਦੇ ਮਿਡਲ ਸਕੂਲ ਵਿਚ ਉਹਦੇ ਪੜਦਾਦੇ ਸਹੁਰੇ ਤੋਂ ਲੈ ਕੇ ਸਫਾਈ ਕਰਦੇ ਆ ਰਹੇ ਐ। ਪਹਿਲਾਂ ਮਾਸਟਰ ਆਪਣੇ ਕੋਲੋਂ ਉਨ੍ਹਾਂ ਨੂੰ ਪੈਸੇ ਦੇ ਦੇਂਦੇ...ਫੇਰ ਰੁਪਿਆ ਦੋ ਰੁਪਏ ਫੇਰ ਦਸ, ਵੀਹ ਰੁਪਏ ਦੇਣ ਲੱਗ ਪਏ। ਉਹਦੇ ਪੜਦਾਦੇ ਸਹੁਰੇ ਤੋਂ ਬਾਅਦ ਦਾਦਾ ਸਹੁਰਾ ਫਿਰ ਸਹੁਰਾ ਸੰਭਰਦੇ ਰਹੇ। ਜਦ ਹਾਈ ਸਕੂਲ ਅਪਗ੍ਰੇਡ ਹੋਇਆ...ਉਦੋਂ ਸਕੂਲ ਵਿਚ ਕਿਉਂਕਿ ਪਿੰਡ ਦੇ ਉਪਰਲੇ ਪਾਸੇ ਵਾਲੀ ਢਾਣੀ ਵਿਚ ਤਾਂ ਤੈਨੂੰ ਕੋਈ ਪੁੱਛਦਾ ਨੀ।'' ਪੂਰੇ ਸਮੇਂ ਲਈ ਸਫਾਈ ਸੇਵਕ ਦੀ ਅਸਾਮੀ ਆਈ ਤਾਂ ਜਾ ਕੇ ਇਕ ਪੀੜ੍ਹੀ ਲਈ ਪੂਰੀ ਤਨਖਾਹ 'ਤੇ ਸਵੀਪਰ ਦੀ ਨੌਕਰੀ ਮਿਲੀ। ਪਰ ਫੇਰ ਜਮਨੀ ਦੇ ਪਤੀ ਨੂੰ ਉਹ ਨੌਕਰੀ ਨਹੀਂ ਮਿਲੀ। ਮਹਿਕਮੇ ਨੇ ਸਫਾਈ ਸੇਵਕ ਬਾਹਰੋਂ ਭੇਜ ਦਿੱਤਾ।''

ਲੰਬੜ ਨੇ ਹਸਦਿਆਂ ਦੱਸਿਆ, ''ਬਈ ਸਾਡੀ ਪੀੜ੍ਹੀ ਨੂੰ ਵੀ ਸਰਕਾਰੀ ਨੌਕਰੀ ਮਿਲਣਾ...ਪਤਾ ਨਹੀਂ ਕਿਹੜੇ ਬਜ਼ੁਰਗ ਦੀ ਕਰਨੀ ਦਾ ਫਲ ਸੀ।''

ਕੋਲ ਖੜ੍ਹਾ ਕੁਲਜਿੰਦਰ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਸੀ ਕਿ ਇਹ ਨੌਕਰੀ ਮਿਲਣਾ ਡਾ. ਅੰਬੇਡਕਰ ਦੀਆਂ ਕੋਸ਼ਿਸ਼ਾਂ ਦਾ ਫ਼ਲ ਸੀ ਤੇ ਅੱਗੋਂ ਲਈ ਉਨ੍ਹਾਂ ਨੇ ਕਿਸਾਨਾਂ ਵਾਂਗ ਕੋਈ ਸੰਘਰਸ਼ ਨਹੀਂ ਕੀਤਾ। ਸਗੋਂ ਹੱਥ 'ਤੇ ਹੱਥ ਧਰਕੇ ਬੈਠ ਗਏ। ਇਸ ਲਈ ਅਗਲੀ ਪੀੜ੍ਹੀ ਨੂੰ ਨੌਕਰੀਆਂ ਕਿਥੋਂ ਮਿਲਣੀਆਂ ਸਨ? ਪਰ ਕਿਉਂਕਿ ਉਹ ਸੂਬੇਦਾਰ ਬੀਰ ਸਿੰਘ ਦੇ ਜੰਮਿਆ ਸੀ ਇਹ ਬਜ਼ੁਰਗ ਉਸਦੇ ਨਹੀਂ ਜੰਮੇ ਸਨ। ਇਸ ਲਈ ਇਨ੍ਹਾਂ ਨੇ ਉਹਦੀ ਗੱਲ ਸੁਣਨੀ ਨਹੀਂ ਸੀ। ਝਿੜਕਾਂ ਈ ਪੈਣੀਆਂ ਸਨ। ਉਹ ਚੁੱਪ ਹੀ ਰਿਹਾ।

ਲੰਬੜ ਬੋਲਿਆ, ''ਜੇ ਸਾਡੀ ਨੌਕਰੀ...ਬਜ਼ੁਰਗਾਂ ਦੀ ਕਰਨੀ ਦਾ ਫ਼ਲ ਸੀ...ਤੇ ਅਸੀਂ ਕੋਈ ਕਰਨੀ ਨਹੀਂ ਕੀਤੀ...ਤਾਂ ਹੀ ਤਾਂ ਸਾਡੇ ਪੜ੍ਹੇ-ਲਿਖੇ ਮੁੰਡੇ ਵੀ ਢਾਈ, ਤਿੰਨ ਹਜ਼ਾਰ 'ਤੇ ਸਕਿਉਰਿਟੀ ਗਾਰਡ ਲੱਗੇ ਹੋਏ ਐ। ਸਰਕਾਰ ਨੇ ਸਾਰੀਆਂ ਨੌਕਰੀਆਂ ਲਈ ਠੇਕੇਦਾਰੀ ਸਿਸਟਮ ਕਰ ਦਿੱਤਾ। ਜਿਹੜਾ ਵੀ ਬੋਲਦਾ ਠੇਕੇਦਾਰ ਉਹਨੂੰ ਹਟਾ ਕੇ, ਲਾਈਨ ਵਿਚ ਲੱਗੇ ਅਗਲੇ ਬੰਦੇ ਨੂੰ ਨੌਕਰੀ 'ਤੇ ਰੱਖ ਲੈਂਦਾ।'

''ਤੇ ਉਚੇਰੀ ਪੜ੍ਹਾਈ ਕਰਵਾਉਣ ਲਈ ਇਲਾਕੇ ਵਿਚ ਬਥੇਰੇ ਇੰਜੀਨੀਅਰਿੰਗ, ਮੈਡੀਕਲ ਕਾਲਜ ਖੁੰਬਾਂ ਵਾਂਗ ਉੱਗੇ ਐ...ਪਰ ਲੱਖਾਂ ਰੁਪਏ ਲਾ ਕੇ ਇਨ੍ਹਾਂ ਪ੍ਰਾਈਵੇਟ ਕਾਲਜਾਂ ਵਿਚ ਪੜ੍ਹਾਈ ਕੌਣ ਕਰਵਾਊ। ਇਨ੍ਹਾਂ ਕਾਲਜਾਂ ਵਿਚ ਦੂਰੋਂ ਦੂਰੋਂ ਆ ਕੇ ਅਮੀਰਾਂ ਦੇ ਮੁੰਡੇ-ਕੁੜੀਆਂ ਪੜ੍ਹ ਰਹੇ ਐ। ਸਾਡੇ ਬੰਦੇ ਰਹਿ ਗਏ ਰਿਕਸ਼ਿਆਂ 'ਤੇ ਇਨ੍ਹਾਂ ਨੂੰ ਬੱਸ ਅੱਡੇ ਤੋਂ ਢੋਅ ਕੇ ਕਾਲਜਾਂ ਵਿਚ ਛੱਡਣ ਜੋਗੇ ਜਾਂ ਇਨ੍ਹਾਂ ਕਾਲਜਾਂ ਵਿਚ ਸਵੀਪਰਾਂ, ਸੇਵਾਦਾਰਾਂ ਦੀਆਂ ਨੌਕਰੀਆਂ ਕਰਨ ਜੋਗੇ।'' ਪਰਮੇ ਨੇ ਵੀ ਪਤੇ ਦੀ ਗੱਲ ਕੀਤੀ।

''ਜਿਹੜੇ ਚਾਰ ਪੈਸੇ ਮਿਲਦੇ ਐ, ਉਨ੍ਹਾਂ ਦਾ ਵੀ ਸਾਡੇ ਮੁੰਡੇ ਨਸ਼ਾ ਕਰਕੇ ਆਉਂਦੇ ਐ। ਹੁਣ ਤਾਂ ਸਾਡੀਆਂ ਪੈਨਸ਼ਨਾਂ ਨਾਲ ਘਰਾਂ ਦੇ ਖਰਚੇ ਚੱਲੀ ਜਾਂਦੇ ਐ...ਜਦ ਅਸੀਂ ਮਰਗੇ!''

''ਮਰਨ ਨੂੰ ਕੀ ਐ...ਮੇਰੇ ਨਾਲ ਪੈਨਸ਼ਨ ਆਇਆ ਸੂਬੇਦਾਰ ਸਮੁੰਦ ਸਿੰਘ ਮਰ ਈ ਗਿਆ।'' ਕਿੰਨੇ ਚਿਰ ਤੋਂ ਚੁੱਪ ਬੈਠਾ ਸੂਬੇਦਾਰ ਬੀਰ ਸਿੰਘ ਬੋਲਿਆ।

''ਉਹ ਤਾਂ ਚੰਗਾ ਹੋਇਆ, ਵਿਚਾਰੇ ਦੀ ਜਾਨ ਖਲਾਸੀ ਹੋਈ ਉਂਜ ਵੀ ਹੁਣ ਉਹਦਾ ਦਿਮਾਗ ਹਿੱਲ ਗਿਆ ਸੀ। ਘਰ ਦੇ ਸੰਗਲ ਨਾਲ ਬੰਨ੍ਹ ਦੇ ਰੱਖਦੇ ਸੀ। ਘਰੋਂ ਭੱਜੇ ਦੀ, ਟੋਭੇ ਵਿਚ ਖੁਭ ਕੇ ਮਰੇ ਦੀ ਲਾਸ਼ ਵੀ ਚੌਥੇ ਦਿਨ ਮਿਲੀ ਐ।''

''ਤੁਸੀਂ ਤਾਂ ਕਹਿੰਦੇ ਚੰਗਾ ਹੋਇਆ।'' ਬੀਰ ਸਿੰਘ ਬੁੜਕਿਆ, ''ਵਿਚਾਰਾ ਦੁੱਖਾਂ ਤੋਂ ਛੁੱਟ ਗਿਆ...ਪਰ ਘਰਦਿਆਂ ਨੂੰ ਪੁੱਛ ਕੇ ਦੇਖੋ, ਸੂਬੇਦਾਰ ਦੀ ਬਾਰਾਂ ਹਜ਼ਾਰ ਪੈਨਸ਼ਨ ਨਾਲ ਈ ਘਰ ਦਾ ਲੂਣ ਤੇਲ ਚਲਦਾ ਸੀ। ਮੁੰਡੇ ਤਾਂ ਸਗੋਂ ਮਾਂ ਨਾਲ ਲੜ ਕੇ ਸੂਬੇਦਾਰ ਦੀ ਪੈਨਸ਼ਨ ਵਿਚੋਂ ਵੀ ਪੀਣ ਨੂੰ ਪੈਸੇ ਲਿਜਾਂਦੇ ਸੀ।''

''ਲੈ ਜੇ ਪੀਣ ਨੂੰ ਪੈਸੇ ਨੀ ਦਿੰਦੇ'' ਲੰਬੜ ਨੇ ਅਖਬਾਰ ਵਿਚ ਖਬਰ ਪੜ੍ਹੀ, ''ਪਿਓ ਨੇ ਪੀਣ ਨੂੰ ਪੈਸੇ ਨੀ ਦਿਤੇ, ਮੁੰਡੇ ਨੇ ਕਹੀ ਦਾ ਟੱਕ ਮਾਰ ਕੇ ਮਾਰ ਦਿੱਤਾ। ਪਰ ਐਸ ਗੱਲੋਂ ਆਪਾਂ ਚੰਗੇ ਆ ਸਾਡੇ ਜੁਆਕ ਕੰਮ ਭਾਵੇਂ ਘੱਟ ਕਰਨ, ਪਰ ਸਾਡੇ ਅੱਗੇ ਤਾਂ ਨੀ ਬੋਲਦੇ...ਦਾਬਾ ਮੰਨਦੇ ਐ।'' ਲੰਬੜ ਨੇ ਆਪਣੇ ਮੁੰਡਿਆਂ ਦੀ ਸਿਫ਼ਤ ਕੀਤੀ।

ਪਰਾਂ ਮੁੰਡੀਰ ਦਾ ਰੌਲਾ ਪਿਆ, ਲੰਬੜ ਖੂੰਡਾ ਚੁੱਕ ਕੇ ਗਿਆ। ਮੁੰਡੇ ਚੰਡੀਗੜ੍ਹ ਤੋਂ ਨਵੇਂ-ਨਵੇਂ ਆਏ ਸਾਧੂ ਦੇ ਪੋਤਿਆਂ ਨੂੰ ਛੇੜ ਰਹੇ ਸਨ। ਲੰਬੜ ਨੇ ਮੁੰਡਿਆ ਨੂੰ ਝਿੜਕਿਆ, ''ਓਏ ਇਹ ਮੁੰਡੇ ਸਭ ਨਾਲੋਂ ਸਾਊ ਨੇ। ਇਨ੍ਹਾਂ ਦੇ ਪਿਓ ਦੀ ਫੈਕਟਰੀ ਵਿਚੋਂ ਛਾਂਟੀ ਹੋ ਜਾਣ ਕਰਕੇ, ਚੰਡੀਗੜ੍ਹ ਵਿਚ ਬਣਾਈ ਕੋਠੀ ਕਿਸ਼ਤਾਂ ਨਾ ਦਿਤੇ ਜਾਣ ਕਰਕੇ ਫਾਈਨਾਂਸਰਾਂ ਨੇ ਦੱਬ ਲਈ। ਵਿਚਾਰੇ, ਇਨ੍ਹਾਂ ਦੇ ਪਿਓ ਨੇ ਫੰਡ ਦਾ ਪੈਸਾ ਕਢਵਾ ਕੇ, ਦਾਦੇ ਦੀ ਜਗਾ ਵਿਚ ਦੋ ਕਮਰੇ ਬਣਾਏ ਐ। ਇਨ੍ਹਾਂ ਦੀ ਮਾਂ ਇਕ ਅਧਿਆਰੇ ਦੀ ਮੱਝ ਪਾਲ ਰਹੀ ਐ। ਪਿਓ ਦਿਹਾੜੀ-ਜੋਤਾ ਕਰਨ ਲੱਗ ਪਿਆ।''

*ਰਿਟਾਇਰ ਮੈਨੇਜਰ ਮਨਦੀਪ ਸਿੰਘ, ਕੁੜਤੇ ਪਜਾਮੇ ਨਾਲ ਕਾਲਾ ਕੋਟ ਪਾਈ, ਕਰਿਆਨੇ ਦੀ ਦੁਕਾਨ ਵਿਚ ਰੱਖੀ ਬੋਤਲ ਵਿਚੋਂ ਪੈਗ ਲਾ ਕੇ ਆ ਗਿਆ, ਦਿਨ-ਰਾਤ ਦਾਰੂ ਪੀਣ ਨਾਲ ਇਹਦੇ ਫੇਫੜੇ ਗਲ ਗਏ। ਘਰ ਵਾਲੇ ਇਹਨੂੰ ਦਾਰੂ ਪੀਣ 'ਨੀਂ ਦਿੰਦੇ। ਇਹ ਘਰਦਿਆਂ ਤੋਂ ਚੋਰੀ ਕਰਿਆਨੇ ਦੀ ਦੁਕਾਨ ਵਿਚ ਬੋਤਲ ਲੁਕੋ ਕੇ ਰੱਖਦਾ, ਘੜੀ-ਘੜੀ ਪੈਗ ਲਾਈ ਜਾਂਦਾ। ਇਹਦਾ ਇਕੋ ਇਕ ਮੁੰਡਾ ਇੰਜੀਅਨਰਿੰਗ ਕਰਕੇ ਅਮਰੀਕਾ ਚਲਿਆ ਗਿਆ। ਕੁੜੀ ਪੜ੍ਹਦੀ ਏ। ਨਸ਼ੇ ਦੀ ਲੋਰ ਵਿਚ, ਆਪਣੀ ਤਿੰਨ ਮੰਜ਼ਲੀ ਕੋਠੀ ਵਲ ਧਰਤੀ 'ਤੋਂ ਆਕਾਸ਼ ਵਲ ਉਂਗਲ ਚੁਕਦਿਆਂ ਆਖਦਾ ਹੈ, ''ਹੈ ਕੋਈ ਪਿੰਡ ਵਿਚ ਮੇਰੀ ਕੋਠੀ ਤੋਂ ਉੱਚੀ ਕੋਠੀ?...ਪਿੰਡ ਦੇ ਉਤਲੇ ਪਾਸੇ ਸ਼ਾਇਦ ਕੋਈ ਹੋਵੇ...ਥੱਲੇ ਵਾਲੇ ਪਾਸੇ ਤਾਂ ਹੈ ਨੀ।'' ਉੱਚੀ ਕੋਠੀ ਵਲ ਧਰਤੀ ਤੋਂ ਆਕਾਸ਼ ਵਲ ਉਂਗਲ ਖੜੀ ਕਰਦਿਆਂ ਰਹਿਣ ਕਰਕੇ ਰਾਮ ਆਸਰਾ ਇਹਨੂੰ ਕੋਠਿੰਦਰ ਸਿੰਘ ਕਹਿੰਦਾ ਰਹਿੰਦਾ ਹੈ। ਤੇ ਛੇੜਦਾ ਹੈ, ''ਮੈਨੇਜਰ ਸਾਹਿਬ ਥੁਆਡੇ ਕੋਲ ਐਨਾ ਪੈਸਾ, ਫਿਰ ਤੁਸੀਂ ਚੰਡੀਗੜ੍ਹ ਕੋਠੀ ਕਿਉਂ ਨ੍ਹੀਂ ਬਣਾਈ?''*

*''ਚੰਡੀਗੜ੍ਹ ਆਪਾਂ ਨੂੰ ਕੌਣ ਪੁਛਦਾ, ਇਥੇ ਪਿੰਡ ਵਿਚ ਆਪਣੀ ਪੁੱਛ-ਪ੍ਰਤੀਤ ਤਾਂ ਹੈ।''*

*''ਅੱਛਿਆ...ਅੱਛਿਆ...ਏਥੇ ਤੂੰ ਅੰਨ੍ਹਿਆ 'ਚ ਕਾਣਾ ਰਾਜਾ ਐ।'' ਮੈਨੇਜਰ ਮਨਦੀਪ ਰਤਾ ਅੱਖ ਦੱਬ ਕੇ ਦੇਖਦਾ ਹੈ। ਉਹ ਚਿੜ ਜਾਂਦਾ, ''ਭੁੱਡਿਆ ਤੂੰ ਆਪਣਾ ਵਾਕਰ ਸੰਭਾਲ, ਜੇ ਇਕ ਪੈ ਗਿਆ ਰੁੜਦਾ ਫਿਰੇਂਗਾ।'' ਰਾਮ ਆਸਰਾ ਵੀ ਉਹਨੂੰ ਟਕੋਰ ਮਾਰਦਾ।*

''ਫੇਰ ਜਦ ਇਨ੍ਹਾਂ ਨੂੰ ਨੌਕਰੀ ਮਿਲਦੀ ਓ ਨੀ ਹੈਗੀ...ਸਮਝ ਨੀ ਲਗਦੀ...ਫੇਰ ਇਨ੍ਹਾਂ ਦੀ ਰਿਜ਼ਰਵੇਸ਼ਨ ਦਾ ਏਨੇ ਜ਼ੋਰ-ਸ਼ੋਰ ਨਾਲ ਵਿਰੋਧ ਕਿਉਂ ਹੁੰਦਾ ਆ?'' ਪਰਮੇ ਨੇ ਪ੍ਰਸ਼ਨ ਪੈਦਾ ਕੀਤਾ। ਜਿਸਦਾ ਉੱਤਰ ਉਨ੍ਹਾਂ ਕੋਲ ਕੋਈ ਨਹੀਂ ਸੀ। ਉਹ ਮੁਸਕੜੀਆਂ ਹਸਦੇ, ਉਚੀ ਹੱਸਣ ਤੋਂ ਆਪਣੇ-ਆਪ ਨੂੰ ਰੋਕ ਰਹੇ ਸਨ...ਜਦ ਇਕ ਦਿਨ ਪ੍ਰੋਫੈਸਰ ਚੜਿਆ-ਮੁੜਿਆ, ਭੱਜਿਆ ਉਨ੍ਹਾਂ ਦੀ ਢਾਣੀ ਵਿਚ ਆਣ ਵੜਿਆ। ਉਸਨੇ ਹੱਥ ਵਿਚ ਇਕ ਅਖ਼ਬਾਰ ਦਾ ਟੁਕੜਾ ਚੁੱਕਿਆ ਹੋਇਆ ਸੀ। ''ਇਸ ਅਖ਼ਬਾਰ ਵਿਚ ਇਕ ਕਹਾਣੀ ਛਪੀ ਏ। ਜ਼ਿੰਮੀਦਾਰ ਤੇ ਉਹਦੇ ਸੀਰੀ ਦੇ ਮੁੰਡੇ ਜਮਾਤੀ ਦੀ। ਜ਼ਿੰਮੀਦਾਰ ਦਾ ਮੁੰਡਾ ਫਸਟ ਡਵੀਜ਼ਨ ਲੈ ਜਾਂਦਾ ਹੈ। ਪਰ ਕਲਰਕ ਦੀ ਨੌਕਰੀ ਸੀਰੀ ਦੇ ਮੁੰਡੇ ਨੂੰ ਮਿਲ ਜਾਂਦੀ ਹੈ। ਜ਼ਿੰਮੀਦਾਰ ਦਾ ਮੁੰਡਾ ਬੇਰੁਜ਼ਗਾਰ ਘੁੰਮਦਾ ਨਸ਼ਈ ਬਣ ਜਾਂਦਾ ਹੈ। ਸੀਰੀ ਨੂੰ, ਸੀਰ ਛੱਡ ਕੇ ਚਿੱਟੇ ਕੱਪੜੇ ਪਾ ਕੇ ਘੁੰਮਦਿਆਂ ਦੇਖ...ਜ਼ਿੰਮੀਦਾਰ ਤੜਪ ਉਠਦਾ ਹੈ ਕਿ ਸੀਰੀ ਦੇ ਮੁੰਡੇ ਨੂੰ ਰਿਜ਼ਰਵੇਸ਼ਨ ਕਰਕੇ ਨੌਕਰੀ ਮਿਲੀ ਜਦਕਿ ਉਹਦੇ ਮੁੰਡੇ ਨੂੰ ਵੱਧ ਨੰਬਰ ਲਿਜਾਣ 'ਤੇ ਵੀ ਨੌਕਰੀ ਨਹੀਂ ਮਿਲੀ। ਲੇਖਕ ਨਤੀਜਾ ਕੱਢਦਾ ਹੈ ਕਿ ਜੇ ਇਸੇ ਤਰ੍ਹਾਂ ਹੁੰਦਾ ਰਿਹਾ ਇਸਦੇ ਭਿਆਨਕ ਨਤੀਜੇ ਨਿਕਲਣਗੇ।''

''ਲੇਖਕ ਬਿਲਕੁਲ ਸੱਚਾ ਹੈ।'' ਭਿਆਨਕ ਨਤੀਜੇ ਤਾਂ ਨਿਕਲ ਹੀ ਰਹੇ ਹਨ...ਦੇਸ਼ ਵਿਚ ਅਨੇਕਾਂ ਥਾਵਾਂ 'ਤੇ...ਦਿਹਾੜੀ ਦੇ ਪੈਸੇ ਮੰਗਣ 'ਤੇ...ਵਗਾਰ ਤੋਂ ਜਵਾਬ ਦੇਣ 'ਤੇ ਇਨ੍ਹਾਂ ਦੀਆਂ ਝੁੱਗੀਆਂ ਫੂਕ ਦਿੱਤੀਆਂ ਜਾਂਦੀਆਂ ਹਨ...ਜਿਉਂਦੇ ਜਲਾ ਦਿੱਤੇ ਜਾਂਦੇ ਹਨ।''

ਪ੍ਰੋਫੈਸਰ ਦੱਸਦਾ ਹੈ, ''ਸੀਰੀ ਦੇ ਮੁੰਡੇ ਨੂੰ, ਹਜ਼ਾਰਾਂ ਸਾਲਾਂ ਤੋਂ ਛੂਆਛੂਤ, ਵਗਾਰਾਂ, ਪਸ਼ੂਆਂ ਤੋਂ ਵੀ ਨੀਵਾਂ ਜੀਵਨ ਜੀਉਂਦਿਆਂ ਨੂੰ, ਸਮਾਜਿਕ ਘਿਰਣਾ ਦਾ ਸ਼ਿਕਾਰ ਹੁੰਦਿਆਂ ਨੂੰ ਨੌਕਰੀ ਕਾਰਨ ਰੀਣ-ਮਾਤਰ ਸਮਾਜ ਵਿਚ ਥਾਂ ਮਿਲੀ ਹੈ। ਲੇਖਕ ਨੇੜੇ-ਤੇੜੇ ਦੇ ਪਿੰਡਾਂ ਦਾ ਰਹਿਣ ਵਾਲਾ ਹੈ। ਕੀ ਉਸਨੂੰ ਇਨ੍ਹਾਂ ਦੀ ਸਮਾਜਿਕ ਅਵਸਥਾ ਬਾਰੇ ਪਤਾ ਨਹੀਂ? ਜਦ ਤੱਥਾਂ ਨੂੰ ਲੁਕਾ ਕੇ ਜਾਂ ਤੋੜ-ਮਰੋੜ ਕੇ ਆਪਣੇ ਮਤਲਬ ਦੇ ਨਤੀਜੇ ਕੱਢੇ ਜਾਂਦੇ ਹਨ...ਮੈਂ ਬਰਦਾਸ਼ਤ ਨਹੀਂ ਕਰ ਸਕਦਾ। ਜਿਸ ਮਾਤਰਾ ਵਿਚ ਇਹ ਆਪਣੇ ਪੈਰਾਂ 'ਤੇ ਖੜੇ ਹੋ ਰਹੇ ਹਨ...ਉਸੇ ਮਾਤਰਾ ਵਿਚ ਇਹ ਉਪਰਲੀਆਂ ਜਾਤਾਂ ਦੀ ਨਫਰਤ ਦਾ ਅੰਦਰੋਂ ਅੰਦਰੀ ਸ਼ਿਕਾਰ ਹੋ ਰਹੇ ਹਨ।

ਭਾਵੇਂ ਲੋੜ ਪੈਣ 'ਤੇ ਦਿਖਾਵਾ ਕਰਦਿਆਂ ਇਨ੍ਹਾਂ ਨਾਲ ਨੇੜਤਾ ਵੀ ਦਿਖਾਈ ਜਾਂਦੀ ਹੈ। ਕੀ ਲੇਖਕ ਇਨ੍ਹਾਂ ਦੇ ਵਧਦੇ ਪ੍ਰਭਾਵ ਤੋਂ...ਅੰਦਰੇ-ਅੰਦਰ ਈਰਖਾ ਦਾ ਸ਼ਿਕਾਰ ਤਾਂ ਨਹੀਂ?...ਉਹਨੂੰ ਆਪਣੇ ਅੰਦਰ ਝਾਤੀ ਮਾਰ ਕੇ ਦੇਖਣਾ ਚਾਹੀਦਾ ਹੈ। ਲੇਖਕ ਨੇ ਦਲਿਤਾਂ ਵਿਚੋਂ ਬਣੀ ਕਰੀਮੀ ਲੇਅਰ ਦਾ ਵੀ ਕਾਫੀ ਰੋਣਾ ਰੋਇਆ ਹੈ। ਉਹਨੇ ਉਪਰਲੀਆਂ ਜਾਤਾਂ ਵਿਚ ਹਜ਼ਾਰਾਂ ਸਾਲਾਂ ਤੋਂ ਬਣੀ ਕਰੀਮੀ ਲੇਅਰ ਦਾ ਜ਼ਿਕਰ ਨਹੀਂ ਕੀਤਾ। ਬੱਸ ਉਹਨੂੰ ਤਾਂ ਕਿਸਾਨ ਦੀ ਥਾਂ ਉਹਦੇ ਸੀਰੀ ਦੇ ਮੁੰਡੇ ਨੂੰ ਨੌਕਰੀ ਮਿਲਣ ਦਾ ਹੀ ਬਹੁਤ ਦੁੱਖ ਹੈ।''

''ਹੁਣ ਰਹੀ ਵੱਧ ਅੰਕ ਪ੍ਰਾਪਤ ਕਰਨ...ਫਸਟ ਡਿਵੀਜ਼ਨ ਲੈਣ ਦੀ ਗੱਲ। ਕਿੰਨੇ ਹੀ ਪੈਸੇ ਤੇ ਪਹੁੰਚ ਵਾਲੇ ਮਾਪਿਆਂ ਦੇ ਪੁੱਤਰਾਂ ਧੀਆਂ ਦੀਆਂ ਉੱਤਰ-ਪੱਤਰੀਆਂ ਬਾਹਰੋਂ ਹੱਲ ਕਰਵਾ ਕੇ, ਪ੍ਰੀਖਿਆ ਕੇਂਦਰ ਦੇ ਉੱਤਰ-ਪੱਤਰੀਆਂ ਦੇ ਬੰਡਲ ਵਿਚ ਪਾ ਦਿੱਤੀਆਂ ਜਾਂਦੀਆਂ ਹਨ। ਬੋਰਡਾਂ, ਯੂਨੀਵਰਸਿਟੀਆਂ ਵਿਚ ਚਹੇਤੇ ਵਿਦਿਆਰਥੀਆਂ ਦੇ ਅੰਕ ਬਦਲ ਦਿੱਤੇ ਜਾਂਦੇ ਹਨ। ਅਸੀਂ ਅਖ਼ਬਾਰਾਂ ਵਿਚ ਖ਼ਬਰਾਂ ਪੜ੍ਹਦੇ ਰਹਿੰਦੇ ਹਾਂ। ਯੂ.ਪੀ., ਬਿਹਾਰ ਦੇ ਕਿੰਨੇ ਹੀ ਭਈਆਂ ਕੋਲ ਬੀ.ਏ., ਐਮ.ਏ. ਦੀਆਂ ਡਿਗਰੀਆਂ ਹੁੰਦੀਆਂ ਹਨ। ਪਰ ਉਨ੍ਹਾਂ ਨੂੰ ਨੌਕਰੀ ਲਈ ਅਰਜ਼ੀ ਲਿਖਣੀ ਨਹੀਂ ਆਉਂਦੀ ਹੁੰਦੀ। ਉਹ ਡਿਗਰੀਆਂ ਖਰੀਦੀਆਂ ਹੋਈਆਂ ਹੁੰਦੀਆਂ ਹਨ। ਫਿਰ ਮੈਰਿਟ ਕੀ ਹੋਈ? ਰਾਜੇ, ਮਹਾਰਾਜਿਆਂ ਵੇਲੇ, ਉਨ੍ਹਾਂ ਤੋਂ ਮੈਰਿਟ ਕਿਸੇ ਨੇ ਪੁੱਛੀ ਹੈ? ਅੰਗਰੇਜ਼, ਭਾਰਤੀਆਂ ਨਾਲ ਇਕੋ ਜਿਹੀ ਅਸਾਮੀ 'ਤੇ ਕੰਮ ਕਰਦੇ ਹੋਏ, ਵਿਦੇਸ਼ੀ ਅਲਾਉਂਸ ਦੇ ਨਾਂ 'ਤੇ ਦੁਗਣੀ, ਤਿਗਣੀ ਤਨਖਾਹ ਲੈਂਦੇ ਰਹੇ। ਮੈਰਿਟ ਅਸਲ ਵਿਚ ਰਾਜ ਕਰਦੀ ਧਿਰ ਦੀ ਹੁੰਦੀ ਹੈ। ਕਿਉਂਕਿ ਦਲਿਤ ਰਾਜ ਕਰਦੀ ਧਿਰ ਦਾ ਅੰਗ ਨਹੀਂ ਹਨ, ਜਿਹੜੇ ਵੀ ਹਨ...ਉਹ ਚਮਚੇ ਹਨ...ਉਨ੍ਹਾਂ ਹੱਥ ਅਸਲ ਪਾਵਰ ਦੀ ਕੁੰਜੀ ਨਹੀਂ। ਤਾਂ ਹੀ ਤਾਂ ਇਨ੍ਹਾਂ ਨੂੰ ਰੀਣ-ਮਾਤਰ ਨੌਕਰੀਆਂ ਮਿਲਣ 'ਤੇ ਏਨੀ ਤਕਲੀਫ ਹੋ ਰਹੀ ਹੈ।''

ਪ੍ਰੋਫੈਸਰ ਦੀਆਂ ਗੱਲਾਂ, ਢਾਣੀ ਵਿਚ ਬੈਠੇ ਬਜ਼ੁਰਗਾਂ ਨੂੰ ਚੰਗੀਆਂ ਲਗ ਰਹੀਆਂ ਸਨ। ਉਹ ਉਸ ਨਾਲ ਦਿਲ ਖੋਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੇ ਸਨ ਪਰ ਪ੍ਰੋਫੈਸਰ ਵੱਧ ਸਮਾਂ ਕਿਤੇ ਖੜ੍ਹਦਾ ਹੀ ਨਹੀਂ ਸੀ। ਪੈਰ ਚੱਕਰ ਲੱਗਿਆ ਹੋਇਆ ਸੀ।

ਉਨ੍ਹਾਂ ਕੋਲ ਪੜ੍ਹੇ ਕੁਲਵਿੰਦਰ ਨੇ ਦੱਸਿਆ ਕਿ ਪ੍ਰੋ. ਸਾਹਿਬ ਪਹਿਲਾਂ ਕਿੰਨੇ ਸਾਲਾਂ ਤੱਕ ਸਿਲੇਬਸ ਅਨੁਸਾਰ ਪੜ੍ਹਾਉਂਦੇ ਰਹੇ। ਫਿਰ ਉਨ੍ਹਾਂ ਨੂੰ ਪਤਾ ਨਹੀਂ ਕੀ ਹੋਇਆ, ਉਹ ਵਿਦਿਆਰਥੀਆਂ ਨੂੰ ਆਪਣੇ ਨਾਲ ਲਿਆਂਦੀਆਂ ਕਿਤਾਬਾਂ ਵਿਚੋਂ ਸਿਲੇਬਸ ਵਿਚ ਅਣਗੌਲੇ ਕੀਤੇ ਹਾਰੇ ਹੋਏ ਕਬੀਲਿਆਂ ਆਦਿ ਵਾਸੀਆਂ ਤੇ ਜੰਗਲ ਵਾਸੀਆਂ ਦੇ ਜੀਵਨ ਬਾਰੇ ਲਿਖਵਾਉਣ ਲੱਗ ਪੈਂਦੇ। ਪਹਿਲੇ ਸਾਲ ਇਨ੍ਹਾਂ ਦੇ ਪੜ੍ਹਾਏ ਵਿਦਿਆਰਥੀਆਂ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ। ਪੇਪਰ ਇਨ੍ਹਾਂ ਦੇ ਵਿਚਾਰਾਂ ਵਾਲੇ ਪ੍ਰੋਫੈਸਰ ਕੋਲ ਚਲੇ ਗਏ ਹੋਣਗੇ। ਪਰ ਅਗਲੇ ਸਾਲ ਇਨ੍ਹਾਂ ਦੇ ਪੜ੍ਹਾਏ ਸਾਰੇ ਵਿਦਿਆਰਥੀ ਫੇਲ੍ਹ ਹੋ ਗਏ। ਇਨ੍ਹਾਂ ਨੂੰ ਮੈਨੇਜਮੈਂਟ ਕੋਲ ਪੇਸ਼ ਹੋਣ ਲਈ ਸਲਿਪ ਭੇਜੀ ਗਈ। ਇਨ੍ਹਾਂ ਨੇ ਅਸਤੀਫਾ ਲਿਖ ਕੇ ਭੇਜ ਦਿੱਤਾ। ਪ੍ਰਿੰਸੀਪਲ ਇਨ੍ਹਾਂ ਨੂੰ ਬਥੇਰਾ ਸਮਝਾਉਂਦਾ ਰਿਹਾ ਕਿ ਤੁਸੀਂ ਆਪਣੀ ਗੱਲ ਦੱਸਣ ਦੇ ਨਾਲ-ਨਾਲ ਰਵਾਇਤੀ ਗਾਈਡਾਂ ਅਨੁਸਾਰ ਵੀ ਪੜ੍ਹਾ ਦਿਆ ਕਰੋ। ਹੋਰ ਕੁਝ ਨਹੀਂ।

ਕੁੱਲੂ ਨੇ ਦੱਸਿਆ ਕਿ ਹੁਣ ਪ੍ਰੋਫੈਸਰ ਸਾਹਿਬ ਨਿੱਠ ਕੇ ਕੋਈ ਕੰਮ ਨਹੀਂ ਕਰ ਸਕਦੇ। ਇਹ ਕਦੇ ਨੇੜੇ ਤੇੜੇ ਦੇ ਕਾਲਜਾਂ ਵਿਚ ਲੈਕਚਰ ਦੇਣ ਲਈ ਜਾਈ ਜਾਣਗੇ। ਕਦੇ ਇੰਗਲੈਂਡ, ਅਮਰੀਕਾ, ਕੈਨੇਡਾ ਆਦਿ ਦੇਸ਼ਾਂ ਵਿਚ ਚਲੇ ਜਾਣਗੇ। ਇਨ੍ਹਾਂ ਕੋਲੋਂ ਉਥੇ ਪੰਜਾਬੀਆਂ ਰਾਹੀਂ ਚਾਲੂ ਕੀਤੇ ਟੈਲੀਵਿਜਨ ਤੇ ਰੇਡੀਓ ਸਟੇਸ਼ਨਾਂ 'ਤੇ ਭਾਸ਼ਣ ਦਿਵਾਏ ਜਾਂਦੇ ਹਨ ਤੇ ਕਦੇ ਇਹ ਕਿੰਨਾ-ਕਿੰਨਾ ਚਿਰ ਖੇਤ ਵਿਚ ਹੀ ਜਾਂਦੇ ਰਹਿਣਗੇ।

ਖੇਤੀ ਵੀ ਕਾਹਦੀ?...ਜੇ ਟਰੈਕਟਰ ਨਾਲ ਖੇਤ ਵਾਹੁੰਦਿਆਂ ਸਮਾਂ ਬਚ ਗਿਆ ਤਾਂ ਨਾਲ ਦੇ ਗੁਆਂਢੀਆਂ ਦਾ ਖੇਤ ਵਾਹ ਦੇਣਗੇ। ਜੇ ਗੁਆਂਢੀ ਆ ਕੇ ਪੁੱਛਦਾ, ''ਤੁਸੀਂ ਤਾਂ ਪ੍ਰੋਫੈਸਰ ਸਾਹਿਬ ਸਾਡਾ ਖੇਤ ਵੀ ਵਾਹ ਦਿੱਤਾ?'' ਤਾਂ ਹੱਸਦਿਆਂ ਆਖਣਗੇ, ''ਭਾਈ, ਮੇਰੇ ਕੋਲ ਸਮਾਂ ਸੀ...ਮੈਂ ਵਿਹਲੇ ਨੇ ਕੀ ਕਰਨਾ ਸੀ? ਤਾਂ ਕੀ ਹੋਇਆ ਜੇ ਥੁਆਡਾ ਖੇਤ ਵਾਹ ਦਿੱਤਾ।''

ਇਸੇ ਤਰ੍ਹਾਂ ਇਹ ਖੇਤ ਵਿਚ ਚਰ੍ਹੀ, ਬਰਸੀਮ ਜਾਂ ਘਾਹ, ਪੱਠੇ ਵੱਢਣ ਤੋਂ ਕਿਸੇ ਨੂੰ ਨਹੀਂ ਰੋਕਦੇ। ਪਰ ਲੋਕ ਇਨ੍ਹਾਂ ਨਾਲ ਇਸ ਤਰ੍ਹਾਂ ਦਾ ਵਰਤਾ ਨਹੀਂ ਕਰਦੇ।...ਇਕ ਦਿਨ ਮੀਂਹ ਪੈਣ ਵਾਲਾ ਸੀ। ਇਹ ਨੌਕਰ ਨੂੰ ਲੈ ਕੇ, ਪਿੰਡ ਦੇ ਨੇੜੇ ਦੇ ਖੇਤ ਵਿਚੋਂ ਬਰਸੀਮ ਵੱਢ ਲਿਆਏ। ਦੂਸਰੇ ਦਿਨ ਖੇਤ ਦਾ ਮਾਲਕ ਇਨ੍ਹਾਂ ਦੇ ਘਰ ਉਲਾਮਾ ਲੈ ਕੇ ਚਲਿਆ ਗਿਆ, ''ਕੱਲ੍ਹ ਸਾਡੇ ਖੇਤ ਵਿਚੋਂ ਪ੍ਰੋਫੈਸਰ ਬਰਸੀਮ ਵੱਢ ਲਿਆਇਆ।'' ਇਨ੍ਹਾਂ ਦੀ ਪਤਨੀ ਪ੍ਰੀਤਮ ਕੌਰ ਹੱਸ ਕੇ ਕਹਿਣ ਲੱਗੀ, ''ਭਾਈ ਤੁਸੀਂ ਸਾਡੇ ਖੇਤ ਵਿਚੋਂ ਵੱਢ ਲਿਆਓ...ਹੋਰ ਵੀ ਤਾਂ ਵੱਢ ਕੇ ਲਿਆਉਂਦੇ ਈ ਰਹਿੰਦੇ ਐ।''

ਪੱਕੀ ਹੋਈ ਫਸਲ ਵੀ, ਪ੍ਰੀਤਮ ਕੌਰ ਕੁੜੀਆਂ ਨੂੰ ਲਿਜਾ ਕੇ ਕਾਮਿਆਂ ਤੋਂ ਵਢਵਾ ਕੇ ਟਰੈਕਟਰ 'ਤੇ ਘਰ ਢੋ ਲੈਂਦੀ। ਉਹ ਸੋਚਦੀ, ਪ੍ਰੋਫੈਸਰ ਦਾ ਕੀ ਪਤਾ...ਲੋਕਾਂ ਨੂੰ ਈ ਵਢਵਾ ਦਵੇ...ਉਨ੍ਹਾਂ ਕਿਹੜਾ ਕਿਸੇ ਨੂੰ ਰੋਕਣਾ ਐ।

ਪਰ ਪਿੰਡ ਦੇ ਚੜ੍ਹਦੇ ਪਾਸੇ ਜੁੜਦੀ ਢਾਣੀ ਨੂੰ ਪ੍ਰੋਫੈਸਰ ਦੀ ਇਹ ਗੱਲ ਵੀ ਚੰਗੀ ਨਹੀਂ ਸੀ ਲਗਦੀ। ਗਮੰਤਰੀ ਗਿਆਨ ਸਿੰਘ ਚੱਬ ਕੇ ਗੱਲ ਮਾਰਦਾ, ''ਅੱਗੇ ਘਾਹ ਪੱਠੇ ਵੱਢਣ ਬਦਲੇ ਮੁੰਡੇ-ਖੁੰਡਿਆਂ ਦਾ ਦਾਅ ਲਗ ਜਾਂਦਾ ਸੀ...ਪਰ ਹੁਣ ਪ੍ਰੋਫੈਸਰ ਕਿਸੇ ਤੀਵੀਂ ਤੱਲੀ ਨੂੰ ਖੇਤ ਵਿਚੋਂ ਘਾਹ ਪੱਠਾ ਵੱਢਣ ਤੋਂ ਰੋਕਦਾ ਨੀ ਹੈਗਾ। ਜਣਾ-ਖਣਾ ਇਹਦੇ ਖੇਤਾਂ ਵਲ ਤੁਰਿਆ ਰਹਿੰਦਾ ਆ। ਪਤਾ ਨਹੀਂ ਇਹਨੇ ਕਦ ਮਰਨਾ।'' ਸੁਣਨ ਵਾਲੇ 'ਹੀਹੀ ਹੀ' ਦੰਦ ਕੱਢਣ ਲੱਗੇ।

ਗਿਆਨ ਸਿੰਘ ਮਨ ਦਾ ਉਬਾਲ ਲਾਹੁਣ ਲੱਗਿਆ, ''ਭਾਵੇਂ ਇਸ ਤਰ੍ਹਾਂ ਕਰਕੇ ਇਹ ਵੱਡਾ ਦਾਨੀ ਬਣ ਕੇ ਵਿਖਾਉਂਦੈ...ਪਰ ਅੰਦਰੋਂ ਅੰਦਰੀ ਇਹ ਟਰੱਸਟ ਲਈ ਵਿਦੇਸ਼ੋਂ ਆਇਆ ਧੰਨ ਹੜੱਪੀ ਜਾਂਦਾ ਐ। ਇਹ ਕਿਹੜਾ ਉਨ੍ਹਾਂ ਨੂੰ ਕੋਈ ਹਿਸਾਬ ਕਿਤਾਬ ਦਿੰਦਾ।''

ਪਰ ਵਿਦੇਸ਼ ਬੈਠੇ ਟਰੱਸਟੀ ਪ੍ਰੋਫੈਸਰ ਤੋਂ ਖੁਸ਼ ਸਨ ਕਿਉਂਕਿ ਪ੍ਰੋਫੈਸਰ ਤੋਂ ਪਹਿਲਾਂ ਉਹ ਜਿਸਦੇ ਕੋਲ ਵੀ ਟਰੱਸਟ ਦਾ ਕੰਮ ਦਿੰਦੇ, ਉਹ ਪਿੰਡ ਵਿਚ ਆਪਣੀ ਪਾਰਟੀ ਦੇ ਬੰਦਿਆਂ ਨੂੰ ਹੀ ਸਹਾਇਤਾ ਦਿੰਦਾ ਪਰ ਪ੍ਰੋਫੈਸਰ ਦੀ ਉਨ੍ਹਾਂ ਨੂੰ ਕੋਈ ਸ਼ਿਕਾਇਤ ਨਹੀਂ ਸੀ ਮਿਲੀ। ਪਰ ਪਿੰਡ ਵਾਲਿਆਂ ਨੂੰ ਪ੍ਰੋਫੈਸਰ ਨਾਲ ਚਿੜ ਜ਼ਰੂਰ ਸੀ। ਇਕ ਵਾਰੀ ਪਿੰਡ ਵਿਚ ਆਏ ਅਫਸਰਾਂ ਨੂੰ ਪਤਵੰਤੇ ਸੱਜਣ ਪਿੰਡ ਦੀ ਜਾਣਕਾਰੀ ਦੇ ਰਹੇ ਸਨ, ''ਇਸ ਪਿੰਡ ਦੇ ਪੰਜ ਆਜ਼ਾਦੀ ਘੁਲਾਟੀਆਂ ਨੇ ਅੰਗਰੇਜ਼ਾਂ ਦੀ ਜੇਲ੍ਹ ਕੱਟੀ। ਸੰਤਾਲੀ ਵਿਚ ਸੈਂਕੜੇ ਮੁਸਲਮਾਨਾਂ ਨੂੰ ਬਚਾ ਕੇ ਕੈਂਪ ਵਿਚ ਭੇਜਿਆ। ਚੁਰਾਸੀ ਵਿਚ ਇਸ ਪਿੰਡ ਵਿਚੋਂ ਕਿਸੇ ਹਿੰਦੂ ਨੇ ਅਸੁਰੱਖਿਅਤ ਸਮਝ ਕੇ ਹਿਜਰਤ ਨਹੀਂ ਕੀਤੀ। ਇਸ ਪਿੰਡ ਦੇ ਦੋ ਆਈ.ਏ.ਐਸ. ਤੇ ਚਾਰ ਪੀ.ਸੀ.ਐਸ. ਅਫਸਰ ਹੁਣ ਵੀ ਸਰਵਿਸ ਕਰ ਰਹੇ ਹਨ। ਪ੍ਰੋਫੈਸਰ ਤੋਂ ਪਿੰਡ ਦੀ ਝੂਠੀ ਸ਼ਲਾਘਾ ਸੁਣੀ ਨਹੀਂ ਸੀ ਜਾਂਦੀ, ਉਹ ਬੋਲ ਪਿਆ, ''ਪਿੰਡ ਦੇ ਦਬੰਗਾਂ ਨੇ ਵੀਹ ਮੁਸਲਮਾਨਾਂ ਨੂੰ ਕਤਲ ਕੀਤਾ, ਦਸ ਇਸਤਰੀਆਂ ਨਾਲ ਜਬਰ-ਜਨਾਹ ਕੀਤਾ, ਜਿਸਦੀਆਂ ਉਹ ਹੁਣ ਵੀ ਪਰ੍ਹਾ ਵਿਚ ਫੜ੍ਹਾਂ ਮਾਰਦੇ ਹਨ, ਤੜੀਆਂ ਮਾਰਦੇ ਹਨ। ਚੁਰਾਸੀ ਵਿਚ ਚਾਰ ਹਿੰਦੂਆਂ ਦਾ ਕਤਲ ਹੋਇਆ ਤੇ ਇਕ ਵਾਰੀ ਤਾਂ ਪਿੰਡ ਦੇ ਸਾਰੇ ਹਿੰਦੂ ਹਰਿਆਣੇ ਵਿਚ ਆਪਣੀਆਂ ਰਿਸ਼ਤੇਦਾਰੀਆਂ ਵਿਚ ਚਲੇ ਗਏ ਸਨ। ਚਾਰ ਸਮੈਕੀਏ ਜੇਲ੍ਹਾਂ ਵਿਚ ਹਨ, ਪੰਜ 'ਤੇ ਕੇਸ ਚੱਲਦਾ। ਮੰਡੀਰ ਨਸ਼ੇ-ਪੱਤੇ ਕਰਦੀ ਐ। ਹੁਣ ਵੀ ਪਿੰਡੋਂ ਬਾਹਰਲੇ ਡੇਰੇ ਵਿਚ ਦਲਿਤਾਂ ਲਈ ਅਲਗ-ਅਲਗ ਬਰਤਨ ਹਨ।'' ਸਟੇਜ ਸਕੱਤਰ ਨੇ ਫੁਰਤੀ ਨਾਲ ਉਨ੍ਹਾਂ ਅੱਗੋਂ ਮਾਈਕ ਚੁੱਕ ਲਿਆ ਸੀ। ਨਹੀਂ ਤਾਂ ਉਹ ਪਤਾ ਨਹੀਂ ਹੋਰ ਕੀ-ਕੀ ਕਹਿੰਦਾ। ਡਿਪਟੀ ਕਮਿਸ਼ਨਰ ਦੀਪਿੰਦਰ ਸਿੰਘ ਉਨ੍ਹਾਂ ਦਾ ਪੁਰਾਣਾ ਵਾਕਿਫ ਸੀ। ਉਹਨੇ ਪ੍ਰੋਫੈਸਰ ਨੂੰ ਸਟੇਜ 'ਤੇ ਈ ਬਿਠਾ ਲਿਆ ਸੀ। ਸਾਰੇ ਪਿੰਡ ਦੀਆਂ ਤਿਖੀਆਂ ਨਜ਼ਰਾਂ ਉਨ੍ਹਾਂ ਵਲ ਉੱਠ ਰਹੀਆਂ ਸਨ। ਜੇ ਉਹ ਉਸ ਵੇਲੇ ਸਟੇਜ ਤੋਂ ਥੱਲੇ ਉਤਰ ਆਉਂਦੇ...ਪ੍ਰਬੰਧਕ ਉਨ੍ਹਾਂ ਦੀ ਪਤਾ ਨਹੀਂ ਕੀ ਗਤ ਬਣਾਉਂਦੇ।

ਪਿੰਡ ਦੇ ਖ਼ੈਰ ਖੁਆਹ, ਜਿਹੜੇ ਪਿੰਡ ਦੀਆਂ ਮਾੜੀਆਂ ਗੱਲਾਂ ਨੂੰ ਦਬਾ ਕੇ ਰੱਖਣ ਲਈ ਤਰਲੋਮੱਛੀ ਹੋਏ ਰਹਿੰਦੇ...ਉਹ ਪਿੰਡ ਦੇ ਗਰੀਬ-ਗੁਰਬੇ ਦੀਆਂ ਅਜਿਹੀਆਂ ਗੱਲਾਂ ਦੀ ਖਿੱਲੀ ਉਡਾਉਣਾ...ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਸਨ। ਉਨ੍ਹਾਂ ਨੇ ਸਾਬਕਾ ਦਲਿਤ ਪੰਚ ਦੀ ਨੂੰਹ...ਨੂਰੀ ਪੰਚ ਮਸ਼ਹੂਰ ਕੀਤੀ ਹੋਈ ਸੀ। ਪਿੰਡ ਦਾ ਮੁੰਡਾ ਮਾੜਚੂ ਜਿਹਾ...ਨੂੰਹ ਤਕੜੀ, ਸੁਨੱਖੀ ਭਰ ਜੋਬਨ ਮੁਟਿਆਰ ਸੀ। ਦੋ, ਤਿੰਨ ਬੰਦੇ ਉਹਦੇ ਘਰ ਆਉਣ ਲੱਗ ਪਏ ਸਨ। ਪੰਚ ਬਹੁਤ ਔਖਾ ਸੀ। ਉਹਨੇ ਕਈ ਵਾਰੀ ਪੁਲਿਸ ਨੂੰ ਬੁਲਾ ਕੇ ਸ਼ਰੇਆਮ ਬਹੂ ਦੀ ਕੁਟਾਈ ਕਰਵਾਈ ਸੀ।

ਪੰਚ ਦੇ ਮਰਨ ਤੋਂ ਬਾਅਦ ਉਹ ਆਜ਼ਾਦ ਹੋ ਗਈ ਸੀ। ਉਹਦੇ ਘਰ ਆਉਣ ਵਾਲਿਆਂ ਨੇ ਉਹਦੇ ਸੁੱਕੜ ਜਹੇ ਪਤੀ ਨੂੰ ਦਿਨ-ਰਾਤ ਦੀ ਫੈਕਟਰੀ ਵਿਚ ਚੌਂਕੀਦਾਰੀ ਦੁਆ ਕੇ, ਉਹਨੂੰ ਲਾਂਭੇ ਕਰ ਦਿੱਤਾ ਸੀ। ਸੱਥ ਵਿਚ ਗੱਲਾਂ ਹੁੰਦੀਆਂ, ''ਉਹਦੇ ਘਰ ਮੂਹਰੇ ਦੋ ਮੋਟਰ ਸਾਈਕਲ ਖੜੇ ਐ।''

''ਉਹਦੇ ਘਰ ਸਾਨੋ, ਮਾਨੋ, ਟੀਨੂ, ਮੀਨੂ, ਚੀਨੂ ਵੜਦੀਆਂ ਦੇਖੀਆਂ। ਨਾਲ ਪਿੰਡ ਦੇ ਬੰਦਿਆਂ ਦੇ ਨਾਂ ਘਾਰੂ, ਮਾਰੂ, ਦਾਰੂ, ਚਾਰੂ, ਨਾਰੂ...ਜੋੜੇ ਜਾਂਦੇ। ਅਖੇ ਹਰੇਕ ਤੋਂ ਸੌ-ਸੌ ਰੁਪਿਆ ਲਈ ਜਾਂਦੀ। ਆਪਣੇ ਵੱਖਰੇ।''

''ਸਾਲੀ ਨੇ ਗੰਦ ਪਾਇਆ ਹੋਇਆ...ਪੁਲਿਸ ਨੇ ਕੀ ਰੋਕਣਾ...ਪੁਲਸੀਏ ਸਿਵਲ ਡਰੈੱਸ ਵਿਚ ਆਪ ਆਉਂਦੇ ਐ। ਆਪਣੇ ਬੰਦਿਆਂ ਨੂੰ ਲੈ ਕੇ।'' ਜਿੰਨੇ ਮੂੰਹ, ਓਨੀਆਂ ਗੱਲਾਂ।''

ਪਰ ਪ੍ਰੋਫੈਸਰ ਅਜਿਹੀਆਂ ਗੱਲਾਂ ਸੁਣ ਕੇ ਗੁੱਸੇ ਵਿਚ ਆ ਜਾਂਦਾ। ਉਹਨੂੰ ਪਤਾ ਨਹੀਂ ਸੀ ਕਿ ਪਿੰਡ ਵਿਚ ਗਰੀਬ ਦੀ ਸੁਹਣੀ ਤੀਵੀਂ ਸਭ ਦੀ ਭਾਬੀ ਹੁੰਦੀ ਏ...ਤੇ ਅਮੀਰ ਦੀ ਸੁਹਣੀ ਜ਼ੋਰੂ ਸਭ ਦੀ ਬੀਬੀ ਹੁੰਦੀ ਏ। ਸਭ 'ਭੈਣ ਜੀ' ਆਖਦੇ ਹਨ। ਉਹ ਆਖਦਾ,''ਕੱਲੀ ਪੰਚ ਦੀ ਨੂੰਹ, ਨੂਰੀ ਦੀਆਂ ਗੱਲਾਂ ਕਿਉਂ ਕਰਦੇ ਓ? ਜਦਕਿ ਪਿੰਡ ਵਿਚ ਹੋਰ ਵੀ ਅਜਿਹੀਆਂ ਔਰਤਾਂ ਹਨ। ਪਰ ਉਨ੍ਹਾਂ ਦੇ ਉਚੀ ਜਾਤੀ ਵਾਲੇ ਤਾਕਤਵਾਰ ਘਰਦਿਆਂ ਤੋਂ ਡਰਦੇ ਉਨ੍ਹਾਂ ਬਾਰੇ ਮੂੰਹ 'ਨੀਂ ਖੋਲਦੇ। ਉਹ ਔਰਤਾਂ ਹੀ ਕੀ...ਕਿਸੇ ਵੀ ਵਿਅਕਤੀ ਦੇ ਮਨ ਦਾ ਕੀ ਪਤਾ, ਉਹ ਕਦ ਵਿਚਲਿਤ ਹੋ ਜਾਣ। ਸਮੇਤ ਮੇਰੇ ਘਰ ਦੇ ਜੀਆਂ ਦੇ।''

ਉਸ ਦਿਨ, ਉਸ ਦੇ ਚੇਲਿਆਂ ਨੇ, ਮਸਾਂ ਉਸਨੂੰ ਲੋਕਾਂ ਦੇ ਗੁੱਸੇ ਤੋਂ ਬਚਾ ਕੇ ਖੇਤ ਨੂੰ ਤੋਰਿਆ ਸੀ।...ਇਹ ਗੱਲ ਨਹੀਂ ਕਿ ਪ੍ਰੋਫੈਸਰ ਦਾ ਪਿੰਡ ਵਿਚ ਆਪਣਾ ਧੜਾ ਨਹੀਂ ਸੀ ਪਰ ਇਨ੍ਹਾਂ ਗੱਲਾਂ ਤੋਂ ਉਸਦੀ ਪਾਰਟੀ ਦੇ ਬੰਦੇ ਵੀ ਉਸ ਤੋਂ ਨਾਰਾਜ਼ ਹੋ ਗਏ ਸਨ।

ਪ੍ਰੋਫੈਸਰ ਦੇ ਪਰਿਵਾਰ ਨੂੰ ਨੀਵਾਂ ਦਿਖਾਉਣ ਲਈ, ਇਕ ਦਿਨ ਸੱਥ ਵਿਚ ਬੈਠੇ ਲੋਕਾਂ ਨੇ, ਉਹਦੀ ਪਤਨੀ ਪ੍ਰੀਤਮ ਕੌਰ ਨੂੰ ਅੱਗੇ ਹੋ ਕੇ ਰੋਕ ਲਿਆ। ਗਮੰਤਰੀ ਗਿਆਨ ਸਿੰਘ ਪੁੱਛਣ ਲੱਗਿਆ, ''ਪ੍ਰੋਫੈਸਰ ਸਾਹਿਬ ਆਖ ਕੇ ਗਏ ਐ...''ਹੋਰਾਂ ਸਮੇਤ ਮੇਰੀ ਪਤਨੀ ਤੇ ਮੇਰੇ ਘਰ ਦੇ ਜੀਆਂ ਦੇ ਮਨ ਦਾ ਪਤਾ ਨਹੀਂ...ਕਿ ਉਹ ਕਦ ਚਲਾਇਮਾਨ ਹੋ ਜਾਵੇ ਕੀ ਉਨ੍ਹਾਂ ਨੂੰ ਆਪਣੀ ਪਤਨੀ ਦੇ ਬੱਚਿਆਂ 'ਤੇ ਵੀ ਭਰੋਸਾ ਨਹੀਂ?''

ਪ੍ਰਿੰਸੀਪਲ ਪ੍ਰੀਤਮ ਕੌਰ ਬੜੇ ਠਰ੍ਹਮੇ ਨਾਲ ਬੋਲੀ, ''ਅਸਲ ਵਿਚ ਪ੍ਰੋਫੈਸਰ ਸਾਹਿਬ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਗ਼ਜ਼ਲ ਦੇ ਉਸ ਸ਼ਿਅਰ 'ਏਨਾ ਸੱਚ ਨਾ ਬੋਲ ਕਿ ਕੱਲਾ ਰਹਿ ਜਾਵੇਂ' ਦੀ ਸਟੇਜ 'ਤੇ ਪਹੁੰਚ ਚੁੱਕੇ ਹਨ। ਹੁਣ ਉਹ ਪਿਛਾਂਹ ਨਹੀਂ ਪਰਤ ਸਕਦੇ।

''ਤੁਸੀਂ ਸਮਝੇ ਨਹੀਂ। ਉਨ੍ਹਾਂ ਦੀ ਗੱਲ ਦੇ ਸੀਮਤ ਅਰਥ ਨਹੀਂ ਹਨ। ਇਹ ਪਿੰਡ ਹਾਈਵੇ ਰਾਹੀਂ ਹਵਾਈ ਅੱਡੇ ਨਾਲ ਤੇ ਹਵਾਈ ਜਹਾਜ਼ਾਂ ਰਾਹੀਂ ਵਿਦੇਸ਼ਾਂ ਤੱਕ ਫੈਲਿਆ ਹੋਇਆ ਹੈ। ਜਿਹੜੀਆਂ ਗੱਲਾਂ ਤੁਸੀਂ ਘਰਦਿਆਂ ਤੋਂ ਚੋਰੀ ਲੁਕ-ਲੁਕ ਕੇ ਸੱਥ ਵਿਚ ਬਹਿ ਕੇ ਕਰਦੇ ਹੋ, ਇਹ ਗੱਲਾਂ ਝੱਟ ਮੋਬਾਇਲ ਰਾਹੀਂ ਵਿਦੇਸ਼ਾਂ ਵਿਚ ਚਲੀਆਂ ਜਾਂਦੀਆਂ ਹਨ ਤੇ ਸਾਡੇ ਵਿਦੇਸ਼ਾਂ ਵਿਚ ਗਏ ਮੁੰਡੇ, ਕੁੜੀਆਂ ਉਹੀ ਗੱਲਾਂ ਸੰਵ ਨੂੰ ਬੱਚਿਆਂ ਸਾਹਮਣੇ ਆਪਣੇ ਘਰਦਿਆਂ ਨਾਲ ਕਰਦੇ ਹਨ।

''ਤੁਸੀਂ ਪਤਾ ਨਹੀਂ ਕਿਹੜੇ ਜ਼ਮਾਨੇ ਦੇ ਲੋਕ ਹੋ। ਹਸਪਤਾਲ ਦੀ ਕੰਧ 'ਤੇ ਲਿਖੇ, 'ਅਸੁਰੱਖਿਆ...ਏਡਜ਼ ਨੂੰ ਬੁਲਾਵਾ ਦਿੰਦੀ ਹੈ' ਤੇ ਟੈਲੀਵਿਜਨ 'ਤੇ ਨਿਰੋਧ ਦਾ ਇਸ਼ਤਿਹਾਰ ਦੇਖ ਕੇ ਬੱਚੇ ਤੁਹਾਨੂੰ ਇਸਦੇ ਅਰਥ ਪੁੱਛਣਗੇ। ਕੀ ਤੁਸੀਂ ਦੱਸੋਗੇ ਨਹੀਂ? ਤੁਹਾਨੂੰ ਦੱਸਣੇ ਪੈਣਗੇ।''

''ਤੁਸੀਂ ਕੀ ਸਮਝਦੇ ਹੋ। ਹੁਣ ਕਾਲਜ ਦਾ ਮਾਹੌਲ ਬਦਲ ਗਿਆ। ਸਾਡੇ ਕੁੜੀਆਂ ਦੇ ਕਾਲਜ ਵਿਚ...ਸਾਨੂੰ ਕੁੜੀਆਂ ਵਲੋਂ ਵਾਰਨਿੰਗ ਦਿੱਤੀ ਗਈ...'ਜਾਂ ਤਾਂ ਕੋ-ਐਜੂਕੇਸ਼ਨ ਲਾਗੂ ਕਰੋ...ਨਹੀਂ ਤਾਂ ਅਸੀਂ ਅਗਲੇ ਸ਼ੈਸ਼ਨ ਤੋਂ ਇਥੋਂ ਹਟ ਕੇ ਹੋਰ ਕਾਲਜਾਂ ਵਿਚ ਦਾਖਲਾ ਲੈ ਲਵਾਂਗੀਆਂ।'' ਸਾਨੂੰ ਉਨ੍ਹਾਂ ਦੀ ਗੱਲ ਮੰਨਣੀ ਪਈ। ਕੋ-ਐਜੂਕੇਸ਼ਨ ਸ਼ੁਰੂ ਕਰ ਦਿੱਤੀ। ਨਾਲ ਦੇ ਕਾਲਜ ਵਿਚ ਮੁੰਡੇ-ਕੁੜੀਆਂ ਦੇ ਸੈਕਸ਼ਨ ਅਲੱਗ-ਅਲੱਗ ਸਨ। ਮੁੰਡਿਆਂ ਨੇ ਹੜਤਾਲ ਕਰ ਦਿੱਤੀ ਕਿ ਜਦ ਸ਼ਹਿਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ +1 ਤੇ +2 ਦੇ ਮੁੰਡਿਆਂ ਤੇ ਕੁੜੀਆਂ ਦੇ ਸੈਕਸ਼ਨ ਸਾਂਝੇ ਹਨ ਫੇਰ ਕਾਲਜ ਵਿਚ ਕਿਉਂ ਨਹੀਂ? ਉਨ੍ਹਾਂ ਨੂੰ ਕੁੜੀਆਂ ਬਰਾਬਰ-ਬਰਾਬਰ ਵੰਡ ਕੇ ਮੁੰਡਿਆਂ ਦੇ ਹਰ ਸੈਕਸ਼ਨ ਵਿਚ ਦਾਖਲ ਕਰਨੀਆਂ ਪਈਆਂ।

''ਹੁਣ ਮੈਂ ਦੱਸਦੀ ਆਂ ਸਾਡੇ ਘਰ ਦੀ ਗੱਲ। ਪ੍ਰੋਫੈਸਰ ਸਾਹਿਬ ਨੇ ਠੀਕ ਕਿਹਾ। ਮੈਂ ਵੀ ਹੱਡ ਮਾਸ ਦੀ ਬਣੀ ਹੋਈ ਹਾਂ। ਮੇਰਾ ਮਨ ਵੀ ਚਲਾਇਮਾਨ ਹੁੰਦਾ ਹੈ। ਕਿਸੇ ਵੇਲੇ ਕੁਝ ਵੀ ਕਰ ਸਕਦੀ ਹਾਂ। ਮੇਰੀਆਂ ਦੋਵੇਂ ਜਵਾਨ ਬੇਟੀਆਂ, ਘਰ ਬੁਆਏ ਫਰੈਂਡਜ਼ ਨੂੰ ਲੈ ਕੇ ਆਉਂਦੀਆਂ ਰਹਿੰਦੀਆਂ ਹਨ। ਉਹ ਉਨ੍ਹਾਂ ਨਾਲ ਬਾਹਰ-ਘੁੰਮਣ ਫਿਰਨ ਵੀ ਜਾਂਦੀਆਂ ਰਹਿੰਦੀਆਂ ਹਨ। ਜਿਨ੍ਹਾਂ ਨੂੰ ਤੁਸੀਂ ਚੱਕਲੇ ਕਹਿੰਦੇ ਹੋ, ਪ੍ਰੋਫੈਸਰ ਸਾਹਿਬ ਉਨ੍ਹਾਂ ਘਰਾਂ ਵਿਚ ਜਾਂਦੇ ਰਹਿੰਦੇ ਹਨ। ਉਹ ਏਡਜ਼ ਤੋਂ ਬਚਣ ਦੇ ਉਪਾਅ ਦੱਸਦੇ ਰਹਿੰਦੇ ਹਨ।''

''ਹੁਣ ਮੈਂ ਦੱਸਾਂ ਤੁਹਾਡੇ ਘਰਾਂ ਦੀਆਂ ਗੱਲਾਂ।'' ਸਾਰੇ ਛਿਥੇ ਪੈਂਦੇ ਜਾ ਰਹੇ ਸਨ। ਵੱਡੀਆਂ-ਛੋਟੀਆਂ ਭਰਜਾਈਆਂ ਨਾਲ ਈ ਨਹੀਂ...ਨੂੰਹਾਂ ਨਾਲ ਵੀ ਸਬੰਧ ਦੱਸਾਂ, ਕਰਾਂ...ਉਂਗਲ? ਜ਼ਮੀਨ-ਜਾਇਦਾਦ ਨਾ ਦੇਣ ਜਾਂ ਬਲੈਕਮੇਲ ਕੀਤੇ ਜਾਣ ਦੇ ਡਰਾਵੇ ਦੇ ਕੇ ਥੁਆਡੇ ਘਰਾਂ ਵਿਚ ਅਤੇ ਕੱਖਾਂ ਦੀ ਪੰਡ ਬਦਲੇ ਥੁਆਡੇ ਖੇਤਾਂ ਵਿਚ ਮਧੋਲੀਆਂ ਜਾਣ ਵਾਲੀਆਂ ਨਾਲੋਂ ਮਜਬੂਰੀ ਵਿਚ ਪੈਸੇ ਲਈ...ਉਨ੍ਹਾਂ ਨੇ ਹੋਰ ਹੀਲੇ ਬਹਾਨੇ ਲੱਭ ਲਏ ਹਨ।''

ਸੁਣ ਕੇ ਭੈਭੀਤ ਹੁੰਦਿਆਂ ਗਮੰਤਰੀ ਗਿਆਨ ਸਿੰਘ ਹੱਥੋਂ ਪ੍ਰਸ਼ਨਾਂ ਵਾਲੀ ਕਾਪੀ ਛੁਟ ਕੇ ਥੱਲੇ ਡਿਗ ਪਈ। ਉਹ ਕਈ ਕਦਮ ਪਿਛੇ ਹਟ ਗਿਆ ਸੀ। ਹੋਰ ਵੀ ਸਾਰੇ ਪਿਛੇ-ਪਿਛੇ ਨੂੰ ਜਾਣ ਲੱਗ ਪਏ ਸਨ। ਪ੍ਰੀਤਮ ਕੌਰ ਦੀ ਕਾਰ ਕੂਕਦੀ ਪਿੰਡੋਂ ਬਾਹਰ ਨਿਕਲ ਗਈ ਸੀ।

ਪ੍ਰੀਤਮ ਕੌਰ ਦੀਆਂ ਸੱਚੀਆਂ ਗੱਲਾਂ ਸੁਣ ਕੇ ਬਹੁਤਿਆਂ ਨੂੰ ਧੱਕਾ ਲੱਗਿਆ ਸੀ। ਉਸੇ ਦਿਨ ਪਿੰਡ ਵਿਚ ਅਣਹੋਣੀ ਘਟਨਾ ਵਾਪਰ ਗਈ ਸੀ। ਪਿੰਡ ਵਿਚ ਤਿੰਨ ਮੌਤਾਂ ਹੋ ਗਈਆਂ ਹਨ। ਪਿੰਡ ਵਿਚੋਂ ਸਭ ਤੋਂ ਉੱਚੀ ਕੋਠੀ ਆਖਣ ਵਾਲੇ ਜੋਗਿੰਦਰ ਸਿੰਘ ਦੀ ਵੱਧ ਦਾਰੂ ਪੀਣ ਨਾਲ ਫੇਫੜੇ ਗਲਣ ਕਰਕੇ ਹਸਪਤਾਲ ਵਿਚ ਮੌਤ ਹੋ ਗਈ ਸੀ। ਬੀਰ ਸਿੰਘ ਦੇ ਪੁੱਤਰ, ਕੁਲਜਿੰਦਰ ਸਿੰਘ ਤੇ ਗਮੰਤਰੀ ਗਿਆਨ ਸਿੰਘ ਦੇ ਮਨ ਨੂੰ ਗਹਿਰਾ ਸਦਮਾ ਲੱਗਿਆ ਸੀ।

ਕੁਲਜਿੰਦਰ ਸਿੰਘ ਤੇ ਗੁਰਜੀਤ ਕੌਰ ਵਿਦੇਸ਼ ਭੱਜ ਜਾਣਾ ਚਾਹੁੰਦੇ ਸਨ। ਪਰ ਗਮੰਤਰੀ ਗਿਆਨ ਸਿੰਘ ਤੇ ਉਹਦੇ ਦੋਵੇਂ ਮੁੰਡਿਆਂ ਨੇ ਹਵਾਈ ਅੱਡੇ ਤੋਂ ਬਾਹਰ ਉਨ੍ਹਾਂ ਨੂੰ ਘੇਰ ਲਿਆ ਸੀ। ਉਨ੍ਹਾਂ ਨੇ ਕੁਲਜਿੰਦਰ ਸਿੰਘ ਨੂੰ ਤਲਵਾਰਾਂ, ਗੰਡਾਸੀਆਂ ਨਾਲ ਬੇ-ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਗੁਰਜੀਤ ਕੌਰ ਨੇ ਭੱਜ ਕੇ ਜਾਨ ਬਚਾਈ ਸੀ।

ਗਮੰਤਰੀ ਗਿਆਨ ਸਿੰਘ ਦੋਵੇਂ ਪੁੱਤਰਾਂ ਨੂੰ ਲੈ ਕੇ ਪੁਲਿਸ ਕੋਲ ਪੇਸ਼ ਹੋ ਗਿਆ ਸੀ। ਉਹਨੇ ਵੱਡੇ ਭਰਾ ਨੂੰ ਸੁਨੇਹਾ ਭੇਜਿਆ ਸੀ ਕਿ ਘਬਰਾਉਣਾ ਨਹੀਂ। ਭੱਠੇ ਵਾਲਿਆਂ ਨੂੰ ਪੰਜ ਕਿੱਲੇ ਜ਼ਮੀਨ ਦੀ ਇਕ ਫੁੱਟੀ ਡੂੰਘੀ ਮਿੱਟੀ ਵੇਚ ਕੇ ਕੇਸ ਲੜ ਲਵਾਂਗੇ। ਉਹਨੂੰ ਕੀ ਪਤਾ ਸੀ ਕਿ ਦੋਵੇਂ ਨਸ਼ਈ ਮੁੰਡਿਆਂ ਨੇ ਹਿੱਸੇ ਆਉਂਦੀ ਢਾਈ, ਢਾਈ ਕਿੱਲੇ ਜ਼ਮੀਨ ਉਨ੍ਹਾਂ ਦੇ ਵਿਦੇਸ਼ ਗਏ ਚਾਚੇ ਦੇ ਪੁੱਤਰਾਂ ਨੂੰ ਅੰਦਰ-ਖਾਤੇ ਵੇਚ ਦਿੱਤੀ ਸੀ। ਹੁਣ ਉਹ ਉਨ੍ਹਾਂ ਦੀ ਜ਼ਮੀਨ ਨੂੰ ਠੇਕੇ 'ਤੇ ਵਾਹੁੰਦੇ, ਬੀਜਦੇ ਸਨ।

ਤੀਸਰਾ ਪ੍ਰੋਫੈਸਰ ਪਰਮਿੰਦਰ ਸਿੰਘ ਖੇਤ ਵਿਚ ਟਿਊਬਵੈਲ 'ਤੇ ਮ੍ਰਿਤ ਪਾਇਆ ਗਿਆ ਸੀ। ਉਹਦੇ ਗਲੇ 'ਤੇ ਰੱਸੀ ਦੇ ਨਿਸ਼ਾਨ ਸਨ। ਉਹਨੂੰ ਗਲ ਘੋਟ ਕੇ ਮਾਰਿਆ ਗਿਆ ਸੀ। ਪਰ ਸਬੂਤਾਂ ਦੇ ਅਭਾਵ ਵਿਚ ਕਾਤਲ ਪੈਸਾ ਚਾੜ੍ਹ ਕੇ ਪੁਲਿਸ ਇਨਕੁਆਰੀ ਵਿਚੋਂ ਸਾਫ ਛੁੱਟ ਗਏ ਸਨ।

ਪਰ ਪ੍ਰੋਫੈਸਰ ਦੀ ਮੌਤ ਦੀ ਖ਼ਬਰ ਜੰਗਲ ਦੀ ਅੱਗ ਵਾਂਗ ਵਿਦੇਸ਼ਾਂ ਤੱਕ ਫੈਲ ਗਈ ਸੀ। ਉਨ੍ਹਾਂ ਦੇ ਦੋਸਤਾਂ, ਵਿਦਿਆਰਥੀਆਂ ਰਿਸ਼ਤੇਦਾਰਾਂ ਦੇ ਨਾਲ-ਨਾਲ ਵਿਦੇਸ਼ਾਂ ਵਿਚ ਰਹਿੰਦੇ ਬਹੁਤ ਸਾਰੇ ਹਮਦਰਦ ਵੀ ਸੋਗ ਲਈ ਆਏ ਸਨ। ਉਨ੍ਹਾਂ ਨੇ ਟਰੱਸਟ ਨੂੰ ਚਲਾਉਣ ਦੀ ਪ੍ਰੋਫੈਸਰ ਵਾਲੀ ਜ਼ਿੰਮੇਵਾਰੀ ਪ੍ਰੀਤਮ ਕੌਰ ਨੂੰ ਸੌਂਪ ਦਿੱਤੀ ਸੀ।

#

## ਸਫਰ ਜ਼ਿੰਦਗੀ ਦਾ




# ਇਕ ਅਦਭੁਤ ਨਾਵਲਕਾਰ-ਜੈਕ ਲੰਦਨ

(1875-1916)

*1875 ਦੇ ਮੁੱਢ ਜੂਨ ਵਿਚ, ਸੈਨ ਫ਼ਰਾਂਸਿਸਕੋ ਦੇ ਅਖ਼ਬਾਰ ਕਰਾਨੀਕਲ ਵਿਚ ਇਕ ਖ਼ਬਰ ਛਪੀ ਸੀ ਕਿ ਇਕ ਔਰਤ ਨੇ ਆਪਣੀ ਪੁੜਪੁੜੀ ਵਿਚ ਗੋਲੀ ਮਾਰ ਲਈ ਹੈ ਕਿਉਂਕਿ ਉਹਨੇ ਆਪਣੇ ਅਣਜੰਮੇ ਬੱਚੇ ਨੂੰ ਮਾਰਨੋਂ ਇਨਕਾਰ ਕਰ ਦਿੱਤਾ ਸੀ ਤੇ ਉਹਦੇ ਖਾਵੰਦ ਨੇ ਇਸ ਗੱਲੋਂ ਉਹਨੂੰ ਘਰੋਂ ਕੱਢ ਦਿੱਤਾ। ਇਹ ਔਰਤ, ਜੋ ਮਰਨਾ ਚਾਹ ਕੇ ਵੀ ਮਰ ਨਾ ਸਕੀ ਫਲੋਰਾ ਵੈਲਮੈਨ ਸੀ ਤੇ ਉਹਦਾ ਮਰਦ (ਜਿਹਦੇ ਨਾਲ ਕਦੇ ਉਹਦਾ ਵਿਆਹ ਨਾ ਹੋ ਸਕਿਆ) ਆਇਰਿਸ਼ ਪ੍ਰੋਫੈਸਰ ਚੈਨੇ ਸੀ ਤੇ ਗਰਭ ਦਾ ਉਹ ਬੱਚਾ, ਜਿਹਨੂੰ ਫ਼ਲੋਰਾ ਨੇ ਸੜਕਾਂ ਉੱਤੇ ਲਾਵਾਰਸ ਘੁੰਮਦੀ ਨੇ ਜੰਮਿਆ-ਦੁਨੀਆਂ ਦਾ ਬਹੁਤ ਵੱਡਾ ਨਾਵਲਿਸਟ ਜੈਕ ਲੰਦਨ ਸੀ।*

**ਅਮ੍ਰਿਤਾ ਪ੍ਰੀਤਮ**

''ਮੈਨੂੰ ਸੱਚ ਦੇ ਮੂੰਹ 'ਤੇ ਝਾਤੀ ਮਾਰ ਲੈਣ ਦਿਉ! ਮੈਨੂੰ ਦੱਸੋ! ਸੱਚ ਦਾ ਮੂੰਹ ਕਿਹੋ ਜਿਹਾ ਹੁੰਦਾ ਹੈ...'' ਇਹ ਦੁਨੀਆਂ ਦੀ ਅਤਿ ਪਿਆਰੀ ਸਤਰ ਜੈਕ ਲੰਦਨ ਦੀ ਹੈ। ਇਕ ਨਾਵਲਿਸਟ ਦੀ ਨਜ਼ਮ।

ਇਹ ਦੁਨੀਆਂ ਦਾ ਏਡਾ ਬੇਬਾਕ ਬੰਦਾ ਕੌਣ ਸੀ?-ਕਹਿੰਦੇ ਹਨ-1875 ਦੇ ਮੁੱਢ ਜੂਨ ਵਿਚ, ਸੈਨ ਫ਼ਰਾਂਸਿਸਕੋ ਦੇ ਅਖ਼ਬਾਰ ਕਰਾਨੀਕਲ ਵਿਚ ਇਕ ਖ਼ਬਰ ਛਪੀ ਸੀ ਕਿ ਇਕ ਔਰਤ ਨੇ ਆਪਣੀ ਪੁੜਪੁੜੀ ਵਿਚ ਗੋਲੀ ਮਾਰ ਲਈ ਹੈ ਕਿਉਂਕਿ ਉਹਨੇ ਆਪਣੇ ਅਣਜੰਮੇ ਬੱਚੇ ਨੂੰ ਮਾਰਨੋਂ ਇਨਕਾਰ ਕਰ ਦਿੱਤਾ ਸੀ ਤੇ ਉਹਦੇ ਖਾਵੰਦ ਨੇ ਇਸ ਗੱਲੋਂ ਉਹਨੂੰ ਘਰੋਂ ਕੱਢ ਦਿੱਤਾ। ਇਹ ਔਰਤ, ਜੋ ਮਰਨਾ ਚਾਹ ਕੇ ਵੀ ਮਰ ਨਾ ਸਕੀ ਫਲੋਰਾ ਵੈਲਮੈਨ ਸੀ ਤੇ ਉਹਦਾ ਮਰਦ (ਜਿਹਦੇ ਨਾਲ ਕਦੇ ਉਹਦਾ ਵਿਆਹ ਨਾ ਹੋ ਸਕਿਆ) ਆਇਰਿਸ਼ ਪ੍ਰੋਫੈਸਰ ਚੈਨੇ ਸੀ ਤੇ ਗਰਭ ਦਾ ਉਹ ਬੱਚਾ, ਜਿਹਨੂੰ ਫ਼ਲੋਰਾ ਨੇ ਸੜਕਾਂ ਉੱਤੇ ਲਾਵਾਰਸ ਘੁੰਮਦੀ ਨੇ ਜੰਮਿਆ-ਦੁਨੀਆਂ ਦਾ ਬਹੁਤ ਵੱਡਾ ਨਾਵਲਿਸਟ ਜੈਕ ਲੰਦਨ ਸੀ।

ਇਰਵਿੰਗ ਸਟੋਨ ਨੇ ਜੈਕ ਲੰਦਨ ਦੀ ਜੀਵਨੀ ਲਿਖਦਿਆਂ ਇੱਕੋ ਸਾਹ ਵਿਚ ਜੈਕ ਨੂੰ 'ਪਾਇਰੇਟ, ਲਵਰ, ਬਾਸਟਰਡ ਤੇ ਜੀਨੀਅਸ', ਆਖਿਆ ਹੈ।

ਧਰਤੀ ਨੇ ਆਪਣੀ ਛਾਤੀ ਦੇ ਬਟਨ ਖੋਲ੍ਹ ਕੇ ਜੈਕ ਨੂੰ ਆਪਣੀ ਅੰਦਰਲੀ ਸਾਰੀ ਭਿਆਨਕਤਾ ਤੇ ਸਾਰੀ ਖ਼ੂਬਸੂਰਤੀ ਜਿਵੇਂ ਅੱਖੀਂ ਵਿਖਾ ਦਿੱਤੀ। ਦੁਨੀਆਂ ਦੇ ਹਰ ਲੇਖਕ ਨੇ ਕੁਝ ਸੁਣੀ ਕੁਝ ਵੇਖੀ, ਕੁਝ ਕਿਆਸੀ, ਪਰ ਜੈਕ ਲੰਦਨ ਨੇ-ਇੰਜ ਅੱਖੀਂ ਵੇਖੀ ਕਿ ਉਹਨੂੰ ਅੱਖਾਂ ਝਮਕਣ ਦਾ ਵੀ ਵੇਲਾ ਨਹੀਂ ਮਿਲਿਆ।

ਉਹ ਸਮੁੰਦਰੀ ਡਾਕੂ ਵੀ ਬਣਿਆ, ਮਿੱਲਾਂ ਵਿਚ ਕੋਇਲਾ ਝੋਕਣ ਵਾਲਾ ਵੀ, ਤੇ ਬੇਦਰੋ ਦੀਵਾਰ ਘਰ ਦੀਆਂ ਅਵਾਰਾ ਰਾਤਾਂ ਦਾ ਦੋਸ਼ੀ ਹੋ ਕੇ ਜੇਲ੍ਹ ਦਾ ਕੈਦੀ ਵੀ ਬਣਿਆ। ਦੁਨੀਆਂ ਦੀਆਂ ਕਿਤਾਬਾਂ ਨੂੰ, ਇੰਜ ਕੂਲੇ ਹੱਥਾਂ ਨਾਲ ਛੋਹ ਛੋਹ ਵੇਖਦਾ ਰਿਹਾ ਜਿਵੇਂ ਦੁਨੀਆਂ ਦੀ ਹਰ ਵਧੀਆ ਕਿਤਾਬ ਦੀ ਜਿਲਦ ਉਹਦੀ ਮਹਿਬੂਬਾ ਦਾ ਬਦਨ ਹੋਵੇ ਤੇ ਉਹਦੇ ਆਪਣੇ ਹੱਥ, ਇਕ ਜਮਾਂਦਰੂ ਆਸ਼ਕ ਦੇ ਹੱਥ ਹੋਣ...।

ਜੈਕ ਨੂੰ ਫ਼ਰਸ਼ਾਂ ਦੀ ਸਫ਼ਾਈ ਜਾਂ ਭੱਠੀ ਵਿਚ ਕੋਇਲਾ ਝੋਕਣ ਜਿਹੇ ਸਰੀਰਕ ਕੰਮ ਦੀ ਮਿਹਨਤ ਦਾ ਇਕ ਡਾਲਰ ਰੋਜ਼ ਤੋਂ ਵਧ ਨਹੀਂ ਸੀ ਮਿਲ ਸਕਦਾ ਅਤੇ ਇਹ ਪ੍ਰਤੱਖ ਸੀ ਕਿ ਸਰੀਰਕ ਮਿਹਨਤ ਦਾ ਇਵਜ਼ਾਨਾ ਸਾਰੀ ਉਮਰ ਇਸ ਤੋਂ ਵਧ ਨਹੀਂ ਹੋ ਸਕੇਗਾ। ਮੌਤ ਦਾ ਪਰਛਾਵਾਂ, ਹਰ ਥਾਂ ਉਹਦੇ ਨਾਲ ਤੁਰਦਾ ਸੀ, ਜਿਹਨੂੰ ਉਹਨੇ ਆਪਣੀ ਹੋਣੀ ਜਿਹੀ ਮੰਨ ਲਿਆ ਸੀ। ਸਮੁੰਦਰ ਵਿਚ ਡੁੱਬ ਕੇ ਮਰਨ ਦਾ ਖ਼ਿਆਲ ਕਈ ਵਾਰੀ ਉਹਦੀਆਂ ਅੱਖਾਂ ਵਿਚ ਲਿਸ਼ਕਿਆ, ਏਨਾ ਕਿ ਇਕ ਵਾਰ ਉਹ ਬਹੁਤ ਚਿਰ ਸਮੁੰਦਰ ਵਿਚ ਤਰਦਾ ਰਿਹਾ ਤੇ ਪਾਣੀ ਦੀਆਂ ਲਹਿਰਾਂ ਦੀ ਛੋਹ ਨੂੰ ਮਨ ਵਿਚ ਅਲਵਿਦਾ ਕਹਿੰਦਾ ਰਿਹਾ ਪਰ ਠੰਢੇ ਲੂਣੇ ਪਾਣੀਆਂ ਨੇ ਉਹਦੇ ਬਦਨ ਵਿਚ ਫੇਰ ਤਾਕਤ ਭਰੀ ਤੇ ਇਕ ਵਾਰ ਫੇਰ ਉਹਨੇ ਮਰਨ ਦੀ ਘੜੀ ਨੂੰ ਅਗੇਤਰੇ ਪਾ ਦਿੱਤਾ...।

ਉਹਦੇ ਹੱਥਾਂ ਨੇ ਇਕ ਬੇਵਸੀ ਵਿਚ ਕਾਗਜ਼ ਤੇ ਕਲਮ ਫੜੀ, ਸੜਕਾਂ ਦੇ ਤੇ ਸਮੁੰਦਰ ਦੇ ਕਈ ਹਾਦਸੇ, ਕਹਾਣੀਆਂ ਦੀ ਸ਼ਕਲ ਵਿਚ ਲਿਖੇ ਤੇ ਰੋਟੀ ਦੀ ਥਾਂ ਟਿਕਟਾਂ ਖਰੀਦ ਕੇ ਉਹ ਕਹਾਣੀਆਂ ਅਖ਼ਬਾਰਾਂ ਨੂੰ ਪੋਸਟ ਕਰ ਦਿੱਤੀਆਂ। ਜੈਕ ਦੀ ਮਾਂ ਫਲੋਰਾ ਨੇ ਅੱਠਾਂ ਮਹੀਨਿਆਂ ਦੇ ਜੈਕ ਨੂੰ ਝੋਲੀ ਵਿਚ ਪਾ ਕੇ ਜਿਸ ਮਿਹਰਬਾਨ ਮਰਦ ਮਿਸਟਰ ਲੰਦਨ ਨਾਲ ਵਿਆਹ ਕੀਤਾ ਸੀ ਉਸੇ ਦੀਆਂ ਪਹਿਲੇ ਵਿਆਹ ਵਿਚੋਂ ਦੋ ਧੀਆਂ ਸਨ, ਜਿਨ੍ਹਾਂ ਵਿਚੋਂ ਵੱਡੀ ਅਲਿਜ਼ਾ ਜੈਕ ਨੂੰ ਸਾਰੀ ਉਮਰ ਪਿਆਰ ਕਰਦੀ ਰਹੀ, ਜਿੰਨੀ ਕੁ ਰੋਟੀ ਬਚਾ ਸਕਦੀ, ਉਹ ਬਚਾ ਕੇ ਜੈਕ ਨੂੰ ਭੇਜਦੀ ਰਹੀ ਤੇ ਆਪਣੇ ਘਰ ਦੇ ਰੋਜ਼ ਦੇ ਖਰਚ ਵਿਚੋਂ ਕੁਝ ਭਨਘਟ ਬਚਾ ਕੇ, ਜੈਕ ਲਈ ਕਾਗਜ਼ ਤੇ ਸਿਗਰਟ ਖਰੀਦਦੀ ਰਹੀ...।

ਉਨ੍ਹਾਂ ਦਿਨਾਂ ਵਿਚ ਇਕ ਹਜ਼ਾਰ ਲਫ਼ਜ਼ ਦੇ ਦਸ ਡਾਲਰ ਮਿਲਦੇ ਸਨ। ਇਹ ਇਕ ਨਵੰਬਰ ਦੀ ਧੁੰਦਲੀ ਸਵੇਰ ਸੀ ਕਿ ਜੈਕ ਨੂੰ ਇਕ ਖ਼ਤ ਆਇਆ ਜਿਹਦੇ ਵਿਚ ਉਹਦੀ ਪੰਜ ਹਜ਼ਾਰ ਲਫ਼ਜ਼ਾਂ ਦੀ ਇਕ ਕਹਾਣੀ ਦੀ ਮਨਜ਼ੂਰੀ ਸੀ ਤੇ ਨਾਲ ਪੰਜਾਹ ਡਾਲਰ ਦਾ ਚੈੱਕ ਸੀ। ਇਹ ਖ਼ਤ ਖੋਲ੍ਹਦਿਆਂ ਜਿਵੇਂ ਉਹਦੇ ਕੰਬਦੇ ਹੱਥ ਆਪਣੇ ਭਵਿੱਖ ਦਾ ਬੂਹਾ ਖੋਲ੍ਹ ਰਹੇ ਸਨ।

ਤੇ ਦੂਸਰੀ ਕਹਾਣੀ ਦੇ ਚਾਲੀ ਡਾਲਰ ਮਿਲਣ 'ਤੇ ਜੈਕ ਨੇ ਗਿਰਵੀ ਰਖਿਆ ਸਾਈਕਲ ਛੁਡਾਇਆ, ਘੜੀ ਛੁਡਾਈ, ਘਰ ਦਾ ਦੋ ਮਹੀਨੇ ਦਾ ਕਰਾਇਆ ਅਗੇਤਰਾ ਜਮ੍ਹਾਂ ਕਰਵਾਇਆ ਤੇ ਮਾਂ ਦਾ ਚੌਕਾ ਆਟੇ-ਦਾਲ ਨਾਲ ਭਰ ਦਿੱਤਾ। ਉਹ ਚਿਰਾਂ ਤੋਂ ਆਪਣੀ ਇਕ ਅਮੀਰ ਦੋਸਤ ਦੀ ਭੈਣ ਨੂੰ ਮਨ ਦੀ ਤਹਿ ਵਿਚੋਂ ਮੁਹੱਬਤ ਕਰਦਾ ਸੀ ਪਰ ਇਹ ਮੁਹੱਬਤ ਦੂਰਦਰਸ਼ਨ ਦੀ ਪੂਜਾ ਵਰਗੀ ਸੀ, ਜੈਕ ਦੇ ਸਵੈਮਾਨ ਨੇ ਕਦੀ ਹੋਠਾਂ ਉੱਤੇ ਨਹੀਂ ਸੀ ਆਂਦੀ। ਹੁਣ ਉਹਦੀਆਂ ਦੋ ਕਹਾਣੀਆਂ ਛਪ ਰਹੀਆਂ ਸਨ ਤਾਂ ਪਹਿਲੀ ਵਾਰ ਉਹਨੇ ਸੈਂਡਵਿਚ ਖਰੀਦ ਕੇ ਉਸ ਕੁੜੀ ਨੂੰ ਪਿਕਨਿਕ 'ਤੇ ਬੁਲਾਇਆ, ਜਿਥੇ ਉਸ ਕੁੜੀ ਨੇ ਉਹਦੇ ਨਾਲ ਮਨ ਦੀ ਮੰਗਣੀ ਮਨਜ਼ੂਰ ਕਰ ਲਈ ਤੇ ਵਰ੍ਹੇ ਪਿਛੋਂ ਵਿਆਹ ਕਰਨਾ ਮੰਨ ਲਿਆ। ਜਦੋਂ ਜੈਕ ਦੀਆਂ ਹੋਰ ਵੀ ਕਹਾਣੀਆਂ ਛਪ ਜਾਣਗੀਆਂ...ਤੇ ਦੋਹਾਂ ਨੇ ਅਸਮਾਨ ਵਿਚ ਇਕ ਲਿਸ਼ਕਦਾ ਸੁਪਨਾ ਵੇਖਿਆ-ਜਦੋਂ ਜੈਕ ਕਹਾਣੀਆਂ ਤੇ ਨਾਵਲ ਲਿਖ ਰਿਹਾ ਹੋਵੇਗਾ, ਉਹ-ਉਸਦੀ ਬੀਵੀ, ਉਹਦੇ ਲਈ ਪਿਆਨੋ ਵਜਾ ਰਹੀ ਹੋਵੇਗੀ, ਤੇ ਉਨ੍ਹਾਂ ਦੇ ਬੱਚੇ ਘਰ ਵਿਚ ਖੇਡ ਰਹੇ ਹੋਣਗੇ।

ਦੁਨੀਆਂ ਦੇ ਚਾਰ ਵਿਦਵਾਨ ਸਨ, ਜਿਨ੍ਹਾਂ ਨੂੰ ਜੈਕ ਆਪਣੇ ਵੱਡੇ ਵਡੇਰੇ ਮੰਨਦਾ ਸੀ-ਡਾਰਵਿਨ, ਸਪੈਂਸਰ, ਮਾਰਕਸ, ਤੇ ਨੀਟਸ਼ੇ। ਜੈਕ ਨੇ ਮਨ ਦੀ ਸਾਰੀ ਹਿੰਮਤ ਤੇ ਪ੍ਰੇਰਣਾ, ਇਨ੍ਹਾਂ ਚਵ੍ਹਾਂ ਤੋਂ ਲਈ। ''ਸੁਪਰਮੈਨ'' ਦੀ ਫ਼ਿਲਾਸਫ਼ੀ ਜੈਕ ਨੇ ਨੀਟਸ਼ੇ ਤੋਂ ਕਬੂਲੀ ਸੀ। ਭਾਵੇਂ ਇਸ ਤੋਂ ਪਹਿਲਾਂ ਜੈਕ ਨੇ ਸਮਾਜਵਾਦ ਦੇ ਫ਼ਲਸਫ਼ੇ ਨੂੰ ਵੀ ਮਨ ਵਿਚ ਡੂੰਘਾ ਵਸਾਇਆ ਸੀ ਪਰ ਇਹ ਦੋਵੇਂ ਮੁਖ਼ਾਲਫ਼ ਫਲਸਫੇ ਉਹਦੇ ਮਨ ਵਿਚ ਟਕਰਾਂਦੇ ਨਹੀਂ ਸਨ। ਦੋਵੇਂ-ਜਿਵੇਂ ਹਾਣੀ ਹੋ ਕੇ ਤੁਰੇ।

ਜੈਕ ਦੀ ਮੁਹੱਬਤ ਦਾ ਇਕਰਾਰਾਂ ਵਾਲਾ ਵਰ੍ਹਾ ਲੰਘਣ 'ਤੇ ਆ ਗਿਆ ਸੀ ਪਰ ਜੈਕ ਦੀ ਆਮਦਨ ਅਜੇ ਉੱਥੇ ਦੀ ਉੱਥੇ ਸੀ। ਉਹ ਕੁੜੀ ਉਹਦੀ ਗਰੀਬੀ ਵੰਡਣ ਨੂੰ ਤਿਆਰ ਸੀ ਪਰ ਉਹਦੀ ਮਾਂ ਨੂੰ ਇਹ ਗਰੀਬੀ ਮਨਜ਼ੂਰ ਨਹੀਂ ਸੀ, ਇਸ ਲਈ ਉਹ ਰੋ ਰੋ ਕੇ ਜੈਕ ਕੋਲੋਂ ਵਿਦਾ ਹੋ ਗਈ।

ਵੀਹਵੀਂ ਸਦੀ ਦੀ ਜਨਮ ਵਾਲੀ ਰਾਤ, ਜੈਕ ਨੂੰ ਜਾਪਿਆ ਕਿ ਇਹ ਜਿਵੇਂ ਉਹਦੇ ਮੁੜ ਜਨਮ ਦੀ ਰਾਤ ਸੀ-ਇਕ ਪ੍ਰਕਾਸ਼ਕ ਨੇ ਉਹਦੀਆਂ ਕਹਾਣੀਆਂ ਦੀ ਕਿਤਾਬ ਛਾਪਣੀ ਮੰਨ ਲਈ ਸੀ।

ਜੈਕ ਨੇ ਵਿਆਹ ਕੀਤਾ, ਘਰ ਵਸਾਇਆ, ਆਪਣੀਆਂ ਕਹਾਣੀਆਂ ਉੱਤੇ ਆਪਣੀ ਸ਼ਖ਼ਸੀਅਤ ਦੀ ਮੋਹਰ ਲਾਈ, ਰੱਜ ਕੇ ਪੈਸਾ ਕਮਾਇਆ-ਉਜਾੜਿਆ, ਤੇ ਉਹਦੀ ਸ਼ੁਹਰਤ ਇਸ ਤਰ੍ਹਾਂ ਫੈਲੀ ਕਿ ਕਿਸਮਤ ਵੀ ਹੱਸ ਪਈ। ਜਿਸ ਅਖ਼ਬਾਰ ਨੇ, ਜਦੋਂ ਉਹ ਮਾਂ ਦੇ ਗਰਭ ਵਿਚ ਸੀ, ਉਹਦੇ ਮਰਨ ਜੀਊਣ ਦੀ ਖ਼ਬਰ ਛਾਪੀ ਸੀ, ਉਸੇ ਅਖ਼ਬਾਰ ਨੇ ਜੈਕ ਦੀਆਂ ਤਸਵੀਰਾਂ ਨਾਲ ਆਪਣੇ ਸਫ਼ੇ ਭਰ ਦਿੱਤੇ...ਬਗ਼ੈਰ ਟਿਕਟੋਂ ਜਿਨ੍ਹਾਂ ਗੱਡੀਆਂ ਵਿਚੋਂ ਉਤਰਦੇ ਨੂੰ ਗੱਡੀਆਂ ਵਾਲੇ ਲੱਭਦੇ ਫੜਦੇ ਸਨ, ਉਨ੍ਹਾਂ ਹੀ ਗੱਡੀਆਂ ਵਿਚੋਂ ਉੱਤਰਦੇ ਨੂੰ ਫੁੱਲਾਂ ਦੇ ਸੁਆਗਤ ਪੇਸ਼ ਕੀਤੇ ਗਏ।

ਵਕਤ ਆਇਆ, ਜਦ ਜੈਕ ਲੰਦਨ ਨੂੰ ਅਮਰੀਕਾ ਦਾ ਕਾਰਲ ਮਾਰਕਸ ਆਖਿਆ ਜਾਣ ਲੱਗਾ ਤੇ ਜੈਕ ਨੇ ਸੱਤਾਂ ਵਰ੍ਹਿਆਂ ਦੇ ਸਮੁੰਦਰੀ ਸਫ਼ਰ ਰਾਹੀਂ ਪੂਰੀ ਦੁਨੀਆਂ ਵੇਖਣ ਦਾ ਮਨ ਬਣਾਇਆ, ਜਿਹਦੇ ਲਈ ਇਕ ਉਚੇਚੀ ਬੇੜੀ ਬਣਵਾਣੀ ਸ਼ੁਰੂ ਕੀਤੀ। ਸਫ਼ਰ ਕਰਦਿਆਂ ਜੋ ਕੁਝ ਲਿਖਣਾ ਸੀ, ਉਹਦੇ ਲਈ ਪ੍ਰਕਾਸ਼ਕਾਂ ਕੋਲ ਅਗਾਊਂ ਪੈਸਾ ਲਿਆ, ਪਰ ਦਸ ਹਜ਼ਾਰ ਡਾਲਰ ਖ਼ਰਚ ਕੇ ਵੀ-ਜਾਣਿਆ ਕਿ ਅਜੇ ਉਹ ਬੇੜੀ ਅੱਧੀ ਵੀ ਤਿਆਰ ਨਹੀਂ ਸੀ ਹੋਈ। ਹੋਰ ਉਧਾਰ ਲਏ ਗਏ, ਪਹਾੜੀ ਘਰ ਲਈ ਖ਼ਰੀਦੀ ਇਕ ਸੌ ਤੀਹ ਏਕੜ ਜ਼ਮੀਨ ਵੀ ਗਿਰਵੀ ਰੱਖੀ ਗਈ ਪਰ ਪੰਝੀ ਹਜ਼ਾਰ ਡਾਲਰ ਖਰਚਣ ਪਿਛੋਂ, ਜੋ ਬੇੜੀ ਤਿਆਰ ਹੋਈ-ਪਾਣੀ ਵਿਚ ਜਾਂਦਿਆਂ ਹੀ ਇਕ ਹਾਦਸੇ ਨਾਲ ਟੁੱਟ ਕੇ ਜ਼ਮੀਨ ਵਿਚ ਫਸ ਗਈ। ਅਖ਼ਬਾਰਾਂ ਵਿਚ ਇਕ ਖਿੱਲੀ ਮਚ ਗਈ। ਦੋਸਤਾਂ ਦਾ ਕਹਿਣਾ ਸੀ-ਏਸ ਬੇੜੀ ਵਿਚ ਸਫ਼ਰ ਕਰਨਾ ਸਵੈ-ਘਾਤ ਕਰਨ ਵਰਗਾ ਹੈ ਪਰ ਜੈਕ ਨੂੰ ਇਹ ਮੌਤ ਮਰਨਾ ਮਨਜ਼ੂਰ ਸੀ, ਇਸ ਲਈ ਸਫ਼ਰ ਸ਼ੁਰੂ ਹੋਇਆ।

ਏਸ ਸਫ਼ਰ ਦੌਰਾਨ ਲਿਖਿਆ ਨਾਵਲ, ਜੋ ਦੋ ਸਾਲ ਬਾਅਦ ਛਪਿਆ, ਜੈਕ ਲੰਦਨ ਦਾ ਸਭ ਤੋਂ ਵਧੀਆ ਨਾਵਲ ਗਿਣਿਆ ਜਾਂਦਾ ਹੈ-ਮਾਰਤਿਨ ਐਡਿਨ। ਇਕੱਤੀ ਸਾਲ ਦੀ ਉਮਰ ਹੁੰਦਿਆਂ ਤੱਕ ਜੈਕ ਲੰਦਨ ਦੀਆਂ ਵੀਹ ਕਿਤਾਬਾਂ ਛਪ ਚੁੱਕੀਆਂ ਸਨ।

''ਆਇਰਨ ਹੀਲ'' ਜੈਕ ਲੰਦਨ ਦੀ ਉਹ ਕਿਤਾਬ ਸੀ, ਜਿਹਦੇ ਕਾਰਨ ਅਮਰੀਕਾ ਦਾ ਕੈਪੀਟਲਿਸਟ ਪ੍ਰੈਸ ਉਹਦੇ ਖ਼ਿਲਾਫ਼ ਹੋ ਗਿਆ ਸੀ ਅਤੇ ਦਸਾਂ ਵਰ੍ਹਿਆਂ ਪਿਛੋਂ ਇਹ ਕਿਤਾਬ ਜੋ ਦੁਨੀਆਂ ਵਿਚ ਰੈਵੋਲਿਊਸ਼ਨ ਦਾ ਗ੍ਰੇਟ ਕਲਾਸਿਕ ਮੰਨੀ ਗਈ, ਉਸ ਛਪਣ ਵਾਲੀ ਘੜੀ ਸਮਾਜਵਾਦੀਆਂ ਵਲੋਂ ਵੀ ਦੁਪਿਆਰੀ ਗਈ, ਕਿਉਂਕਿ ਜੈਕ ਲੰਦਨ ਨੇ ਜੋ ਆਪਣੀ ਬੇੜੀ ਉੱਤੇ ਖ਼ਰਚ ਕੀਤਾ ਸੀ, ਉਹ ਸਮਾਜਵਾਦੀਆਂ ਦੀ ਨਜ਼ਰ ਵਿਚ ਅਖ਼ਰਦਾ ਸੀ।

ਹਰ ਸਵੇਰ ਇਕ ਹਜ਼ਾਰ ਲਫ਼ਜ਼ ਲਿਖਣ ਦਾ ਸਿਲਸਿਲਾ, ਜੈਕ ਦੀ ਉਮਰ ਜਿੱਡਾ ਲੰਬਾ ਸੀ। ਜ਼ਿੰਦਗੀ ਦਿਆਂ ਹਾਦਸਿਆਂ ਵਿਚੋਂ ਜਿਵੇਂ ਜੈਕ ਗੁਜ਼ਰਦਾ ਰਿਹਾ, ਤਿਵੇਂ ਇਹ ਇਕ ਹਜ਼ਾਰ ਲਫ਼ਜ਼ ਰੋਜ਼ ਲਿਖਣ ਦਾ ਅਟੁੱਟ ਨੇਮ। ਜੈਕ ਦੇ ਲਿਖਣ ਕਮਰੇ ਦੀ ਕੰਧ 'ਤੇ ਇਕ ਛੋਟੀ ਨਜ਼ਮ ਹਮੇਸ਼ਾ ਟੰਗੀ ਰਹਿੰਦੀ ਸੀ, ਜਿਹਦੇ ਵਲ ਜੈਕ ਅਕਸਰ ਵੇਖਦਾ ਹੈ ਤੇ ਲਿਖਣਾ ਅਰੰਭਦਾ ਸੀ।

ਇਹ ਨਜ਼ਮ ਸੀ-

ਹੁਣ, ਮੈਂ ਕਾਰ ਨੂੰ ਹੱਥ ਪਾਣ ਲੱਗਾ ਹਾਂ
ਦੁਆ ਮੰਗਦਾ ਹਾਂ ਖ਼ੁਦਾ! ਕਿ ਕੰਮ ਤੋਂ ਅੱਖ ਨਾ ਚੁਰਾਵਾਂ
ਜੇ ਰਾਤ ਤੋਂ ਪਹਿਲਾਂ, ਮੇਰੀ ਮਰਨ ਘੜੀ ਆਵੇ
ਦੁਆ ਮੰਗਦਾ ਹਾਂ ਖ਼ੁਦਾ! ਕਿ ਕੰਮ ਮੇਰੇ ਨਾਲ ਨਿਭੇ,
ਮੈਂ ਕੰਮ ਕਰੀ ਜਾਵਾਂ...।

ਜੈਕ ਦਾ ਪਹਾੜੀ ਘਰ ਕਿਲੇ ਵਰਗਾ, ਪੱਥਰਾਂ ਦੀਆਂ ਦੀਵਾਰਾਂ ਨਾਲ ਉਸਰ ਰਿਹਾ ਸੀ ਜਿਹਨੂੰ ਨਿੱਤ ਉਸਰਦੇ ਵੇਖਣਾ ਜੈਕ ਦੀ ਜ਼ਿੰਦਗੀ ਦਾ ਇਕ ਹੁਸੀਨ ਸੁਪਨਾ ਸੀ...ਤੇ ਜਿਹਦੇ ਤਰੇਈਆਂ ਕਮਰਿਆਂ ਵਿਚੋਂ ਅੱਧੇ, ਦੁਨੀਆਂ ਭਰ ਦੇ ਕਲਾਕਾਰਾਂ ਲਈ ਮਹਿਮਾਨ ਕਮਰੇ ਬਣ ਰਹੇ ਸਨ।

ਜੈਕ ਵਰਗਾ ਖੁੱਲ੍ਹ-ਦਿਲਾ ਤੇ ਖ਼ੁਸ਼ਮਿਜਾਜ਼ ਸ਼ਾਇਦ ਅਦੀਬਾਂ ਦੀ ਨਸਲ ਵਿਚ ਹੋਰ ਕੋਈ ਨਹੀਂ ਹੋਇਆ। ਪੰਜ ਵਰ੍ਹੇ ਉਹਦਾ ਘਰ, ਹਰ ਮਹਿਮਾਨ ਲਈ ਖੁੱਲ੍ਹਾ ਰਿਹਾ। ਉਹਦਾ ਮੇਜ਼ ਰੋਟੀ ਤੇ ਸ਼ਰਾਬ ਨਾਲ ਭਰਿਆ ਤੇ ਉਹਦੇ ਘੋੜੇ ਮਹਿਮਾਨਾਂ ਦੀ ਤਫ਼ਰੀਹ ਲਈ...ਕਈ ਤਰਕਾਲਾਂ ਉਹ ਚਹੁੰ ਘੋੜਿਆਂ ਦੀ ਬੱਘੀ ਵਿਚ ਦੋਸਤਾਂ ਨੂੰ ਬਿਠਾ ਕੇ, ਪਹਾੜੀ ਘਰ ਤੋਂ ਹੇਠਾਂ ਕਸਬੇ ਵਲ ਉਤਰਦਾ। ਘੋੜਿਆਂ ਦੇ ਗਲਾਂ ਨੂੰ ਬੱਝੀਆਂ ਖ਼ਾਸ ਟੱਲੀਆਂ ਟੁਣਕਦੀਆਂ ਤੇ ਉਹ ਕਸਬੇ ਦੇ ਹਰ ਸ਼ਰਾਬਘਰ ਵਿਚ ਜਾ ਕੇ ਦੋਸਤਾਂ ਨੂੰ ਸ਼ਰਾਬ ਪਿਆਂਦਾ ਤੇ ਹੱਸਦਾ ਹਸਾਂਦਾ। ਸਿਰਫ਼ ਇਹ ਨਹੀਂ-ਉਹਦੇ ਘਰ ਨੂੰ ਉਸਾਰਦੇ ਮਜ਼ਦੂਰ ਜਦੋਂ ਤਰਕਾਲਾਂ ਨੂੰ ਲਾਲ-ਸ਼ਰਾਬ ਪੀਂਦੇ ਤੇ ਗਾਉਂਦੇ, ਜੈਕ ਉਨ੍ਹਾਂ ਵਿਚ ਸ਼ਾਮਿਲ ਹੋ ਕੇ, ਉਨ੍ਹਾਂ ਦੇ ਨਾਲ ਪੀਂਦਾ ਤੇ ਗਾਉਂਦਾ।

ਜੈਕ ਬਾਰੇ ਆਖਿਆ ਜਾਂਦਾ ਹੈ ਕਿ ਜਿਹੋ ਜਿਹੀ ਖ਼ੂਬਸੂਰਤ ਮੁਸਕਰਾਹਟ ਉਹਦੇ ਹੋਠਾਂ ਉੱਤੇ ਸੀ, ਜੇ ਉਹੋ ਜਿਹੀ ਕਿਸੇ ਪਾਦਰੀ ਦੇ ਹੋਠਾਂ ਉੱਤੇ ਹੁੰਦੀ ਤਾਂ ਸਾਰੀ ਦੁਨੀਆਂ ਇਸਾਈ ਹੋ ਜਾਂਦੀ।

ਵਾਹੀ ਤੇ ਬਿਜਾਈ ਵਿਚ ਜਦੋਂ ਜੈਕ ਦੀ ਲਗਨ ਡੂੰਘੀ ਹੋ ਗਈ ਤਾਂ ਉਹਦਾ ਜੋ ਅੰਦਰੂਨੀ ਰਿਸ਼ਤਾ ਸਮੁੰਦਰ ਨਾਲ ਸੀ, ਉਹੀ ਧਰਤੀ ਨਾਲ ਹੋ ਗਿਆ। ਜ਼ਿੰਦਗੀ ਵਿਚ ਵੀ, ਕਿਰਤਾਂ ਵਿਚ ਵੀ 53 ਕਾਮੇ ਉਹਦੇ ਖੇਤਾਂ ਵਿਚ ਕੰਮ ਕਰਦੇ ਸਨ, ਤੇ 35 ਉਹਦੇ ਘਰ ਦੀ ਉਸਾਰੀ ਲਈ, ਜਿਹਦੇ ਲਈ ਉਹਦੇ ਗਵਾਂਢੀ ਜ਼ਿਮੀਂਦਾਰ ਹਸਦੇ ਸਨ-ਇਹ ਅੱਠ ਘੰਟੇ ਦਾ ਸਮਾਜਵਾਦ ਹੈ।''

ਤੇ ਜੈਕ ਦੀ ਆਪਣੀ ਭੈਣ ਅਲਿਜ਼ਾ ਨੂੰ ਤਾਕੀਦ ਸੀ-ਕਿ ਜੋ ਕਾਮਾ ਕੰਮ ਦੀ ਤਲਾਸ਼ ਵਿਚ ਆਵੇ, ਉਹਦੇ ਲਈ ਕੰਮ ਉਚੇਚਾ ਤਿਆਰ ਕਰ ਲਿਆ ਜਾਏ। ਕੋਈ ਭੁੱਖਾ ਨਾ ਜਾਏ। ਉਧਾਰ ਲੈਣ ਵਾਲਿਆਂ ਦਾ ਵੀ ਇਕ ਸਿਲਸਿਲਾ ਬੱਝ ਗਿਆ। ਜੇਲ੍ਹਾਂ ਦੇ ਕੈਦੀ ਹੱਥ ਦੀਆਂ ਉਣੀਆਂ ਦਰੀਆਂ ਉਹਦੇ ਪਤੇ 'ਤੇ ਭੇਜ ਦੇਂਦੇ, ਉਹ ਕੀਮਤਾਂ ਤਾਰ ਦੇਂਦਾ। ਲੇਖਕ ਹਰ ਮਹੀਨੇ ਉਹਦੇ ਕੋਲੋਂ ਬੱਧੀ ਤਨਖ਼ਾਹ ਜਿਹੀ ਲੈਂਦੇ ਕਿ ਉਹ ਨਾਵਲ ਲਿਖ ਰਹੇ ਹਨ, ਤੇ ਕਮਾਈ ਦਾ ਹੋਰ ਕੋਈ ਜ਼ਰੀਆ ਨਹੀਂ...ਸਮਾਜਵਾਦੀ ਆਪਣੀਆਂ ਬੀਵੀਆਂ ਬੱਚੇ ਉਹਦੇ ਕੋਲ ਛੱਡ ਕੇ, ਆਪ ਜੇ ਬੀਮਾਰ ਹੁੰਦੇ ਤਾਂ ਇਲਾਜ ਕਰਵਾਉਣ ਚਲੇ ਜਾਂਦੇ, ਜੇ ਰਾਜ਼ੀ ਹੁੰਦੇ, ਤਾਂ ਕੰਮਾਂ ਨੂੰ। ਜਾਂ ਉਸੇ ਕੋਲੋਂ ਏਕੜ ਜ਼ਮੀਨ ਮੰਗ ਕੇ ਆਪਣੇ ਗੁਜ਼ਾਰੇ ਦਾ ਸਾਧਨ ਬਣਾਂਦੇ। ਤੇ ਇੰਜ ਬੈਲ ਦੇ ਸਿੰਗਾਂ ਵਾਂਗ ਜੈਕ ਲੰਦਨ ਸਾਰੀ ਧਰਤੀ ਦਾ ਭਾਰ ਚੁੱਕ ਕੇ ਖਲੋਤਾ ਰਿਹਾ।


ਪੱਥਰਾਂ ਦੀਆਂ ਦੀਵਾਰਾਂ ਵਾਲੇ ਪਹਾੜੀ ਘਰ ਦੀ ਉਸਾਰੇ ਜਦੋਂ ਖ਼ਤਮ ਹੋਈ, ਲਾਗਤ ਅੱਸੀ ਹਜ਼ਾਰ ਡਾਲਰ ਤਕ ਪਹੁੰਚੀ ਸੀ ਤੇ ਜਿਸ ਸਵੇਰ ਉਸ ਘਰ ਵਿਚ ਜੈਕ ਲੰਦਨ ਨੇ ਰਹਿਣ ਲਈ ਜਾਣਾ ਸੀ, ਉਸ ਰਾਤ, ਅੱਜ ਤਕ ਕੋਈ ਨਹੀਂ ਜਾਣਦਾ ਕਿ ਉਹਨੂੰ ਕਿਸ ਤਰ੍ਹਾਂ ਅੱਗ ਲਗ ਗਈ। ਤੇ ਜੈਕ ਲੰਦਨ ਦੀਆਂ ਅੱਖਾਂ ਅਗੇ ਸਿਰਫ਼ ਅੱਗ ਦੀਆਂ ਲਾਟਾਂ ਬਲਦੀਆਂ ਰਹਿ ਗਈਆਂ।

ਇਸ ਅੱਗ ਬਾਰੇ ਸਿਰਫ਼ ਲੋਕਾਂ ਦੇ ਕਿਆਸ ਹਨ, ਕਈ ਦੁਸ਼ਮਣੀਆਂ ਜਾਂ ਸਾੜੇ ਸੋਚੇ ਜਾ ਸਕਦੇ ਹਨ ਪਰ ਸਭ ਕੁਝ ਸੜ ਜਾਣ ਤੋਂ ਬਾਅਦ ਵੀ ਜੈਕ ਲੰਦਨ ਦਾ ਇਕ ਫਿਕਰਾ ਇਤਿਹਾਸ ਵਿਚ ਇੰਜ ਲਿਖਿਆ ਹੋਇਆ ਹੈ, ਜਿਹਨੂੰ ਕਦੇ ਕੋਈ ਅੱਗ ਨਹੀਂ ਜਲਾ ਸਕਦੀ। ਉਸ ਰਾਤ ਜੈਕ ਦੇ ਲਫ਼ਜ਼ ਸਨ ''ਮੈਂ ਉਹ ਆਦਮੀ ਹੀ ਹੋਣਾ ਚਾਹਵਾਂਗਾ, ਜਿਹਦਾ ਘਰ ਜਲਾਇਆ ਗਿਆ। ਉਹ ਨਹੀਂ-ਜਿਹਨੇ ਜਲਾਇਆ।''

ਜੈਕ ਦਾ ਸੁਪਨਾ ਜਲ ਗਿਆ...ਇਨਸਾਨੀਅਤ ਵਿਚ ਵਿਸ਼ਵਾਸ ਜਲ ਗਿਆ...ਉਹ ਕਦੇ ਕਦੇ ਅਲਿਜ਼ਾ ਨੂੰ ਆਖਦਾ, ''ਇਕਰਾਰ ਕਰ ਅਲਿਜ਼ਾ! ਜੇ ਮੈਂ ਪਾਗਲ ਹੋ ਗਿਆ, ਤੂੰ ਮੈਨੂੰ ਪਾਗਲਖ਼ਾਨੇ ਨਹੀਂ ਛੱਡ ਆਵੇਂਗੀ, ਤੂੰ ਆਪ...ਆਪ ਮੇਰਾ ਧਿਆਨ ਰਖੇਂਗੀ...ਤੇ ਜਦੋਂ ਮੈਂ ਮਰ ਜਾਵਾਂ, ਮੇਰੀ ਰਾਖ ਪਹਾੜੀ ਦੀ ਚੋਟੀ ਤੇ ਦਫ਼ਨਾ ਦੇਈਂ।''

ਤੇ ਅਲਿਜ਼ਾ (ਜੈਕ ਦੇ ਮਤਰੇਏ ਬਾਪ ਦੀ ਪਹਿਲੀ ਬੀਵੀ ਦੀ ਧੀ) ਜਿਹਨੇ ਨਵਾਂ ਵਰ੍ਹਿਆਂ ਦੀ ਨੇ, ਵਰ੍ਹੇ ਕੁ ਦੇ ਜੈਕ ਨੂੰ, ਪੁੱਤਰਾਂ ਵਾਂਗ ਪਾਲਿਆ ਸੀ-ਅੱਖਾਂ ਭਰ ਲੈਂਦੀ। ਇਕਰਾਰ ਕਰਦੀ। ਜੈਕ ਨੇ ਜ਼ਿੰਦਗੀ ਵਿਚ ਦੋ ਵਾਰੀ ਵਿਆਹ ਕੀਤਾ ਸੀ, ਤੇ ਦੋਵੇਂ ਵਾਰੀ ਨਿਰਾਸ਼ ਹੋਇਆ ਸੀ। ਇਕ ਸੁਪਨਾ ਅਖੀਰ ਤਕ ਬਣਿਆ ਰਿਹਾ, ਜੇ ਕਦੇ ਉਹ ਆਪਣੇ ਜਿਹੀ ਗੰਭੀਰ ਔਰਤ ਨੂੰ ਲੱਭ ਸਕੇ ਤੇ ਉਹਨੂੰ ਪਿਆਰ ਕਰ ਸਕੇ। ਤੇ ਜਿਸ ਰਾਤ ਜੈਕ ਨੇ ਜ਼ਹਿਰ ਖਾ ਲਈ, ਉਹਦੀਆਂ ਅੱਖਾਂ ਵਿਚ ਪਤਾ ਨਹੀਂ ਕਿਹੜੇ ਸੁਪਨੇ ਦੀ ਲਾਸ਼ ਸੀ।

ਅਲਿਜ਼ਾ ਨੇ ਉਸ ਪਹਾੜੀ ਦੀ ਚੋਟੀ ਉੱਤੇ ਉਹਦੀ ਰਾਖ ਦਬਾਈ ਜਿਥੇ ਜੈਕ ਨੇ ਕਿਹਾ ਸੀ ਤੇ ਉਥੇ ਛਾਂ ਲਈ ਦੋ ਰੁੱਖ ਬੀਜਦੀ ਨੇ, ਉਸ ਵੱਡੇ ਲਾਲ ਪੱਥਰ ਦਾ ਓਹਲਾ ਵੀ ਕੀਤਾ ਜਿਸ ਪੱਥਰ ਦਾ ਨਾਂ ਕਦੇ ਜੈਕ ਨੇ ਰਖਿਆ ਸੀ- ''ਉਹ, ਜਿਹਨੂੰ ਇਮਾਰਤਸਾਜ਼ਾਂ ਨੇ ਇਮਾਰਤ ਵਿਚ ਲਾਉਣ ਤੋਂ ਰੱਦ ਕਰ ਦਿਤਾ।''



# ਖਤਮ ਹੁੰਦਾ ਜਾ ਰਿਹੈ ਰੀਲ ਤੇ ਰੀਅਲ ਲਾਈਫ 'ਚ ਫਰਕ

**ਇਮਤਿਆਜ਼ ਅਲੀ**

ਬਲੈਕ ਐਂਡ ਵਾਈਟ ਫਿਲਮਾਂ ਤੋਂ ਲੈ ਕੇ ਰੰਗੀਨ ਸਿਨਮਾਂ ਅਤੇ ਫਿਰ ਆਧੁਨਿਕ ਤਕਨੀਕ ਦੇ ਨਾਲ ਵਰਤਮਾਨ ਸਿਨਮੇ ਨੇ ਇਕ ਲੰਬਾ ਸਫਰ ਤੈਅ ਕੀਤਾ ਹੈ। ਸਿਨਮਾ ਬਦਲ ਰਿਹਾ ਹੈ, ਸ਼ਾਇਦ ਸਿਰਫ ਇੰਨਾ ਕਹਿਣਾ ਹੀ ਕਾਫੀ ਨਹੀਂ ਹੋਵੇਗਾ। ਕਹਿਣਾ ਚਾਹੀਦਾ ਹੈ ਕਿ ਸਿਨਮਾ ਯਥਾਰਥ ਦੀ ਤਰ੍ਹਾਂ ਬਦਲ ਰਿਹਾ ਹੈ, ਜ਼ਿੰਦਗੀ ਦੀ ਤਰ੍ਹਾਂ ਬਦਲ ਰਿਹਾ ਹੈ। ਰੀਲ ਲਾਈਫ ਅਤੇ ਰੀਅਲ ਲਾਈਫ ਦਾ ਫਰਕ ਖਤਮ ਹੁੰਦਾ ਜਾ ਰਿਹਾ ਹੈ। ਦੋਵਾਂ ਦੀਆਂ ਦੂਰੀਆਂ ਮਿਟ ਰਹੀਆਂ ਹਨ। ਅਸੀਂ ਜੋ ਜ਼ਿੰਦਗੀ ਜਿਉਂਦੇ ਹਾਂ, ਉਹੀ ਪਰਦੇ 'ਤੇ ਦੇਖਦੇ ਵੀ ਹਾਂ।

ਪਹਿਲਾਂ ਸਿਨਮਾ ਇਕ ਕਿਸਮ ਦੇ ਆਦਰਸ਼ ਨੂੰ ਲੈ ਕੇ ਚਲਦਾ ਸੀ, ਜਿਥੇ ਰਿਸ਼ਤਿਆਂ ਦੀ ਤੈਅ ਪਰਿਭਾਸ਼ਾਵਾਂ ਅਤੇ ਸੀਮਾਵਾਂ ਸੀ। ਪਿਆਰ ਕਰਨ ਵਾਲੀ ਔਰਤ ਨੇ ਸ਼ਰਮਾਉਣਾ ਹੀ ਹੁੰਦਾ ਸੀ, ਜਯ ਅਤੇ ਵੀਰੂ ਵਿਚ ਇਕ ਆਦਰਸ਼ ਦੋਸਤੀ ਹੀ ਹੁੰਦੀ ਸੀ। ਸਭ ਕੁਝ ਸੁੰਦਰ ਅਤੇ ਸਕਾਰਾਤਮਕ ਸੀ। ਇਨਸਾਨੀ ਬੁਰਾਈਆਂ ਨੂੰ ਦਿਖਾਉਣ ਦੇ ਲਈ ਇਕ ਖਲਨਾਇਕ ਨੂੰ ਪਾ ਲਿਆ ਜਾਂਦਾ ਹੈ ਪਰ ਨਾਇਕ ਤਾਂ ਚੰਗਾ ਹੀ ਹੁੰਦਾ ਸੀ। ਪਰ ਇਹ ਜ਼ਿੰਦਗੀ ਦਾ ਸੱਚ ਨਹੀਂ ਹੈ। ਅੱਜ ਨਾਇਕ ਅਤੇ ਖਲਨਾਇਕ ਇਕ ਹੀ ਆਦਮੀ ਦੇ ਅੰਦਰ ਹੈ। ਉਹ ਬਹੁਤ ਚੰਗਾ ਵੀ ਹੈ ਅਤੇ ਬੁਰਾ ਵੀ, ਸੁੰਦਰ ਵੀ ਹੈ ਅਤੇ ਅਸੁੰਦਰ ਵੀ। ਆਦਮੀ ਇਹੋ ਜਿਹਾ ਹੀ ਹੈ, ਆਪਣੀਆਂ ਸਾਰੀਆਂ ਅੱਛਾਈਆਂ ਅਤੇ ਬੁਰਾਈਆਂ, ਬਿਹਤਰੀਆਂ ਅਤੇ ਕਮਜ਼ੋਰੀਆਂ ਦੇ ਨਾਲ ਇਕ ਮਿਲਿਆ-ਜੁਲਿਆ ਇਨਸਾਨ ਅਤੇ ਇਹੀ ਇਨਸਾਨ ਅੱਜ ਪਰਦੇ 'ਤੇ ਵੀ ਨਜ਼ਰ ਆਉਂਦਾ ਹੈ। ਹੁਣ ਪਰਦੇ 'ਤੇ ਜ਼ਿਆਦਾਤਰ ਉਦਾਂ ਦੇ ਹੀ ਚਰਿਤਰ ਦਿਸਦੇ ਹਨ, ਜਿਹੋ-ਜਿਹੇ ਅਸਲ ਜ਼ਿੰਦਗੀ ਵਿਚ ਹਨ।

ਪਰਦੇ 'ਤੇ ਦਿਸਣ ਵਾਲੇ ਰਿਸ਼ਤਿਆਂ ਦਾ ਚਰਿਤਰ ਵੀ ਬਦਲਿਆ ਹੈ। ਪਹਿਲਾਂ ਦੇ ਸਿਨਮੇ ਵਿਚ ਪਤੀ-ਪਤਨੀ ਜਾਂ ਕਿਸੇ ਔਰਤ-ਮਰਦ ਦੇ ਵਿਚ ਇਕ ਆਦਰਸ਼ ਕਿਸਮ ਦਾ ਰਿਸ਼ਤਾ ਹੁੰਦਾ ਸੀ। ਕੋਈ ਦਿੱਕਤ ਵੀ ਤਕਰੀਬਨ ਬਾਹਰੀ ਹੀ ਹੁੰਦੀ ਸੀ। ਉਹ ਆਦਮੀਆਂ ਦੇ ਵਿਅਕਤੀਤਵ ਅਤੇ ਉਨ੍ਹਾਂ ਦੇ ਆਂਤਰਿਕ ਗਠਨ ਦੀ ਸਮੱਸਿਆ ਨਹੀਂ ਸੀ। ਪਰ ਕੀ ਅਸਲ ਜ਼ਿੰਦਗੀ ਵਿਚ ਇਦਾਂ ਹੁੰਦਾ ਹੈ? ਕੋਈ ਵੀ ਰਿਸ਼ਤਾ ਬਹੁਤ ਪਰਫੈਕਟ ਨਹੀਂ ਹੁੰਦਾ। ਫਿਲਮਾਂ ਵਿਚ ਪੁਰਾਣੇ ਆਦਰਸ਼ ਰਿਸ਼ਤਿਆਂ ਦੀ ਜਗ੍ਹਾ ਇਕ ਨਵੇਂ ਰਿਸ਼ਤੇ ਨੇ ਲੈ ਲਈ ਹੈ, ਜੋ ਪਰਫੈਕਟ ਨਹੀਂ ਹੈ। ਉਸ ਵਿਚ ਉਦਾਰਤਾ ਵੀ ਹੈ, ਕਮਜ਼ੋਰੀਆਂ ਵੀ। ਉਹ ਕਦੇ ਚੰਗਾ ਹੈ ਕਦੇ ਬੁਰਾ। ਇਥੇ ਸਭ ਕੁਝ ਬਹੁਤ ਚੰਗਾ ਅਤੇ ਪ੍ਰੇਸ਼ਾਨੀਆਂ ਤੋਂ ਮੁਕਤ ਨਹੀਂ ਹੈ। ਫਿਲਮਾਂ ਸਮਾਜ ਦਾ ਸ਼ੀਸ਼ਾ ਹਨ। ਇਹ ਬਦਲਾਅ ਦਰਸਾਉਂਦਾ ਹੈ ਕਿ ਅਸਲ ਜ਼ਿੰਦਗੀ ਵਿਚ ਵੀ ਅਸੀਂ ਜਟਿਲ ਯਥਾਰਥ ਨੂੰ ਸਮਝਣ ਅਤੇ ਸਵੀਕਾਰ ਕਰਨ ਲੱਗੇ ਹਾਂ ਕਿ ਜ਼ਿੰਦਗੀ ਅਤੇ ਰਿਸ਼ਤੇ ਕੋਈ ਸਿੱਧੀ ਲਕੀਰ ਨਹੀਂ ਹੈ। ਉਸ ਵਿਚ ਪਤਾ ਨਹੀਂ ਕਿੰਨੇ ਅੜਿੱਕੇ-ਤਿਰਛੇ ਮੋੜ ਅਤੇ ਟੋਏ ਹਨ। ਸਿਨਮੇ ਵਿਚ ਆਏ ਬਦਲਾਅ ਨੂੰ ਸਮਝਣ ਦਾ ਇਕ ਹੋਰ ਮਹੱਤਵਪੂਰਣ ਮਾਪਦੰਡ ਹੈ, ਫਿਲਮਾਂ ਵਿਚ ਔਰਤ ਦੀ ਬਦਲਦੀ ਤਸਵੀਰ। ਨਵੇਂ ਸਿਨਮੇ ਦੀ ਔਰਤ ਪੁਰਾਣੀ ਆਦਰਸ਼ ਪਤੀਵਰਤਾ ਔਰਤ ਨਹੀਂ ਹੈ, ਜਿਸਦੇ ਜੀਵਨ ਦਾ ਇਕਮਾਤਰ ਉਦੇਸ਼ ਚੰਗੀ ਮਾਂ, ਚੰਗੀ ਪਤਨੀ ਅਤੇ ਚੰਗੀ ਬਹੂ ਹੋਣਾ ਹੁੰਦਾ ਸੀ। ਉਹ ਸਮਰਪਿਤ ਨਾਰੀ ਸੀ, ਜਿਸਦੇ ਆਪਣੇ ਕੋਈ ਸੁਪਨੇ ਨਹੀਂ ਸਨ, ਕੋਈ ਇੱਛਾ ਨਹੀਂ ਸੀ ਬਲਕਿ ਜਿਸ ਔਰਤ ਦੀ ਆਪਣੀ ਕੋਈ ਇੱਛਾ ਹੁੰਦੀ ਸੀ ਜਾਂ ਜੋ ਦੁਨੀਆਂ ਦੇ ਨਿਯਮਾਂ ਨੂੰ






ਮੰਨਣ ਦੀ ਬਜਾਏ ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਜੀਣਾ ਚਾਹੁੰਦੀ ਸੀ, ਉਹ ਫਿਲਮ ਵਿਚ ਇਕ ਬੁਰੀ ਔਰਤ ਹੁੰਦੀ ਸੀ ਜਿਸਨੂੰ ਫਿਲਮ ਦੇ ਅੰਤ ਵਿਚ ਇਕ ਆਦਰਸ਼ ਨਾਰੀ ਨਾ ਹੋਣ ਦੀ ਸਜ਼ਾ ਵੀ ਮਿਲਦੀ ਸੀ। ਪਰ ਅੱਜ ਇਸ ਤਰ੍ਹਾਂ ਨਹੀਂ ਹੈ। ਅੱਜ ਫਿਲਮ ਵਿਚ ਦਿਖਾਈ ਜਾਣ ਵਾਲੀ ਔਰਤ ਇਸ ਤਰ੍ਹਾਂ ਦੀ ਕਠਪੁਤਲੀ ਨਹੀਂ ਹੈ, ਜਿਸਦੀ ਡੋਰ ਪਤੀ, ਪਰਿਵਾਰ ਜਾਂ ਸਮਾਜ ਦੇ ਨਜ਼ਰ ਨਾ ਆਉਣ ਵਾਲੇ ਨਿਯਮਾਂ ਦੇ ਹੱਥਾਂ ਵਿਚ ਬੰਨ੍ਹੀ ਹੋਈ ਹੈ। ਉਹ ਇਕ ਆਜ਼ਾਦ ਅਤੇ ਆਤਮ ਨਿਰਭਰ ਔਰਤ ਹੈ, ਜਿਸਦੇ ਆਪਣੇ ਸੁਪਨੇ ਹਨ। ਉਹ ਆਪਣਾ ਜੀਵਨ ਆਪਣੇ ਹਿਸਾਬ ਨਾਲ ਜਿਉਂਦੀ ਹੈ। ਉਸਦੀ ਪਹਿਚਾਣ ਸਿਰਫ ਰਿਸ਼ਤੇ ਨਹੀਂ ਹਨ, ਉਸਦੀ ਆਪਣੀ ਇਕ ਪਹਿਚਾਣ ਹੈ। ਉਹ ਘਰੋਂ ਬਾਹਰ ਨਿਕਲਦੀ ਹੈ, ਕੰਮ ਕਰਦੀ ਹੈ। ਆਪਣੇ ਘਰ ਵਿਚ ਆਪਣੇ ਤਰੀਕੇ ਨਾਲ ਜਿਉਂਦੀ ਹੈ। ਉਹ ਇਕ ਸੰਪੂਰਨ ਮਨੁੱਖ ਹੈ। ਸਿਰਫ ਇੰਨਾ ਹੀ ਨਹੀਂ, ਇਕ ਵੱਡਾ ਕ੍ਰਾਂਤੀਕਾਰੀ ਬਦਲਾਅ ਇਹ ਆਇਆ ਹੈ ਕਿ ਉਹ ਔਰਤ ਪਿਆਰ ਵੀ ਕਰਦੀ ਹੈ। ਉਹ ਖੁੱਲ੍ਹ ਕੇ ਆਪਣੇ ਪਿਆਰ ਨੂੰ ਸਵੀਕਾਰ ਕਰਦੀ ਹੈ। ਉਹ ਹੱਥ 'ਤੇ ਹੱਥ ਧਰ ਕੇ ਸਿਰਫ ਮਰਦ ਦੀ ਪਿਆਰ ਤਜਵੀਜ਼ ਦੀ ਉਡੀਕ ਨਹੀਂ ਕਰਦੀ, ਸਗੋਂ ਅਗੇ ਵਧ ਕੇ ਪਹਿਲ ਵੀ ਕਰ ਸਕਦੀ ਹੈ। ਉਹ ਆਪਣੀਆਂ ਭਾਵਨਾਵਾਂ, ਆਪਣੇ ਮਨ ਅਤੇ ਸ਼ਰੀਰ ਦੀਆਂ ਜ਼ਰੂਰਤਾਂ ਨੂੰ ਜ਼ਿਆਦਾ ਖੁੱਲ੍ਹ ਕੇ ਸਵੀਕਾਰ ਕਰਦੀ ਹੈ।

ਉਸਨੂੰ ਇਹ ਕਹਿਣ ਵਿਚ ਸ਼ਰਮ ਜਾਂ ਸੰਕੋਚ ਨਹੀਂ ਹੈ ਕਿ ਉਹ ਵੀ ਪਿਆਰ ਦੇ ਸ਼ਰੀਰਕ ਰੂਪ ਨੂੰ ਉਨਾ ਹੀ ਚਾਹੁੰਦੀ ਹੈ ਜਿੰਨਾ ਕਿ ਇਕ ਮਰਦ। ਪਹਿਲਾਂ ਦੀਆਂ ਔਰਤਾਂ ਨੂੰ ਇਸ ਤਰ੍ਹਾਂ ਦਿਖਾਇਆ ਜਾਂਦਾ ਸੀ ਕਿ ਮੰਨੋ ਉਸਦੇ ਲਈ ਮਰਦ ਦੀ ਖੁਸ਼ੀ ਹੀ ਸਭ ਕੁਝ ਹੈ। ਉਸਦੀ ਆਪਣੀ ਕੋਈ ਇੱਛਾ ਜਾਂ ਜ਼ਰੂਰਤ ਨਹੀਂ ਹੈ। ਇਹ ਕਹਿਣਾ ਥੋੜ੍ਹਾ ਜਿਹਾ ਤਿੱਖਾ ਲੱਗ ਸਕਦਾ ਹੈ ਪਰ ਉਹ ਛਵੀ ਕੁਝ ਹੋਰ ਨਹੀਂ ਸਿਰਫ ਇਕ ਕਿਸਮ ਦਾ ਨਕਲੀਪਨ ਹੀ ਸੀ। ਪਿਆਰ ਤੇ ਸੈਕਸ ਦੇ ਮਾਮਲੇ ਵਿਚ ਪੂਰੇ ਸਮਾਜ ਵਿਚ ਇਕ ਫਰੇਬ ਫੈਲਿਆ ਹੋਇਆ ਹੈ। ਪਰ ਨਵੇਂ ਸਿਨਮੇ ਨੇ ਉਸ ਫਰੇਬ ਅਤੇ ਰੂੜ੍ਹੀਵਾਦੀ ਵਿਚਾਰਾਂ ਨੂੰ ਕਾਫੀ ਹਦ ਤਕ ਤੋੜਿਆ ਹੈ। ਅੱਜ ਕੋਈ ਔਰਤ ਪਰਦੇ 'ਤੇ ਇਹ ਕਹੇ ਕਿ ਮੈਂ ਤੁਹਾਡੇ ਪੈਰ ਦੀ ਧੂੜ ਹਾਂ ਅਤੇ ਤੁਹਾਡੇ ਚਰਨਾਂ ਦੀ ਦਾਸੀ ਹਾਂ, ਤਾਂ ਕੋਈ ਇਸ ਡਾਇਲਾਗ 'ਤੇ ਭਾਵੁਕ ਨਹੀਂ ਹੋਵੇਗਾ। ਲੋਕਾਂ ਨੂੰ ਇਸ ਬੇਵਕੂਫੀ 'ਤੇ ਹਾਸਾ ਆਵੇਗਾ। ਔਰਤ ਵੀ ਜਾਣਦੀ ਹੈ ਕਿ ਉਹ ਕਿਸੇ ਦੇ ਚਰਨਾਂ ਦੀ ਦਾਸੀ ਨਹੀਂ ਹੈ। ਸਮਾਜ ਵਿਚ ਵੀ ਇਹ ਰੂੜੀਆਂ ਟੁੱਟੀਆਂ ਹਨ। ਸਿਨਮਾ ਹਾਲ ਵਿਚ ਬੈਠੇ ਦਰਸ਼ਕ ਇਹੋ ਜਿਹੀਆਂ ਫਿਲਮਾਂ ਦੇਖ ਰਹੇ ਹਨ ਅਤੇ ਉਨ੍ਹਾਂ ਨੂੰ ਪਸੰਦ ਕਰਦੇ ਹਨ। ਸਿਨਮਾ ਨੇ ਨਵੀਂ ਔਰਤ ਦੀ ਛਵੀ ਬਣਾਈ ਹੈ ਅਤੇ ਸਮਾਜ ਨੇ ਉਸਨੂੰ ਸਵੀਕਾਰਿਆ ਹੈ। ਸਾਡਾ ਸਮਾਜ ਜ਼ਿੰਦਗੀ ਦੀ ਪ੍ਰੇਮ ਅਤੇ ਸੈਕਸ ਨਾਲ ਜੁੜੀ ਹਰ ਸੁਭਾਵਿਕ ਚੀਜ਼ ਨੂੰ ਸ਼ਰਮ ਅਤੇ ਅਪਰਾਧ ਬੋਧ ਦੇ ਨਾਲ ਜੋੜ ਦਿੰਦਾ ਹੈ। ਉਨ੍ਹਾਂ ਦੀਆਂ ਭਾਵਨਾਵਾਂ ਨੂੰ ਕੰਟਰੋਲ ਕਰਨ ਦਾ ਇਹ ਸਮਾਜ ਦਾ ਆਪਣਾ ਤਰੀਕਾ ਹੈ। ਉਹ ਸਾਨੂੰ ਪਿਆਰ ਨੂੰ ਸਵੀਕਾਰਨਾ ਨਹੀਂ, ਉਸ 'ਤੇ ਸ਼ਰਮ ਕਰਨਾ ਸਿਖਾਉਂਦਾ ਹੈ। ਪਰ ਫਿਲਮਾਂ ਇਸ ਰੂੜੀ ਨੂੰ ਤੋੜ ਰਹੀਆਂ ਹਨ। ਉਹ ਦੱਸਦੀਆਂ ਹਨ ਕਿ ਪਿਆਰ ਨੂੰ ਦੱਸਣ 'ਚ ਕੋਈ ਬੁਰਾਈ ਨਹੀਂ ਹੈ। ਇਹ ਇੱਛਾ ਉਨੀ ਹੀ ਸੁਭਾਵਿਕ ਹੈ, ਜਿਵੇਂ ਕਿ ਸਾਡਾ ਸਾਹ ਲੈਣਾ।


ਇਹ ਇਕ ਜ਼ਿਆਦਾ ਸਵਸਥ ਅਤੇ ਲੋਕਤਾਂਤਰਿਕ ਸਿਨਮਾ ਹੈ ਪਰ ਇਸ ਸਿਨਮੇ ਦੀਆਂ ਵੀ ਆਪਣੀਆਂ ਕੁਝ ਸੀਮਾਵਾਂ ਹਨ। ਮੁੰਬਈ ਵਿਚ ਕਾਫੀ ਖੁੱਲ੍ਹਾਪਨ ਆਇਆ ਹੈ, ਜ਼ਿੰਦਗੀ ਤੇਜ਼ੀ ਨਾਲ ਬਦਲ ਰਹੀ ਹੈ। ਅਸੀਂ ਅਲੱਗ ਤਰ੍ਹਾਂ ਦੀਆਂ ਫਿਲਮਾਂ ਬਣਾ ਰਹੇ ਹਾਂ। ਪਰ ਇਹ ਬਹੁਤ ਬਦਕਿਸਮਤ ਹੈ ਕਿ ਸਾਡੀਆਂ ਫਿਲਮਾਂ ਦਾ ਦਰਸ਼ਕ ਉਹੀ ਹੈ, ਜੋ ਪਾਪਕਾਰਨ, ਪੈਪਸੀ ਖਰੀਦ ਸਕਦਾ ਹੈ ਅਤੇ ਮਲਟੀਪਲੈਕਸ ਵਿਚ ਜਾ ਸਕਦਾ ਹੈ। ਇਹ ਵਰਗ ਸਾਡੀ ਕੁੱਲ ਜਨਸੰਖਿਆ ਦਾ ਇਕ ਛੋਟਾ ਹਿੱਸਾ ਹੀ ਹੈ ਪਰ ਇਕ ਵੱਡਾ ਵਰਗ, ਜੋ ਇਹ ਨਹੀਂ ਕਰ ਸਕਦਾ, ਉਹ ਸਾਡਾ ਦਰਸ਼ਕ ਨਹੀਂ ਹੈ ਅਤੇ ਨਾ ਹੀ ਸਾਡੀਆਂ ਫਿਲਮਾਂ ਉਸ ਬਾਰੇ ਵਿਚ ਕੋਈ ਗੱਲ ਕਰਦੀਆਂ ਹਨ। ਲੋਕਤਾਂਤਰਿਕ ਪਿਆਰ ਅਤੇ ਰਿਸ਼ਤਿਆਂ ਦਾ ਸਵਾਲ ਉਨ੍ਹਾਂ ਦੀ ਜ਼ਿੰਦਗੀ ਦਾ ਸਵਾਲ ਨਹੀਂ ਹੈ। ਅਸੀਂ ਖੁਦ ਵੀ ਆਪਣੀ ਮੱਧਵਰਗੀ ਦੁਨੀਆਂ ਦੇ ਅੰਦਰ ਹੀ ਕੈਦ ਹੁੰਦੇ ਹਾਂ।

ਜਦੋਂ ਗੋਲੀਆਂ ਚੱਲਣ, ਟ੍ਰੇਨ ਰੋਕੇ ਜਾਣ ਜਾਂ ਲੋਕਾਂ ਦੇ ਮਰਨ ਦੀਆਂ ਖ਼ਬਰਾਂ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੀਆਂ ਹਨ, ਉਦੋਂ ਸਾਨੂੰ ਸਮਝ ਵਿਚ ਆਉਂਦਾ ਹੈ ਕਿ ਇਸ ਧਰਤੀ 'ਤੇ ਉਹ ਵੀ ਅਸਿਤੱਤਵ ਰੱਖਦੇ ਹਨ, ਜਿਸਦਾ ਸਾਡੇ ਮੱਧਵਰਗੀ ਸੁੱਖ ਸੰਸਾਰ ਨਾਲ ਕੋਈ ਵਾਸਤਾ ਨਹੀਂ ਹੈ। ਇਹ ਬਹੁਤ ਦੁਖਦ ਹੈ ਅਤੇ ਇਹ ਬਦਲਣਾ ਚਾਹੀਦਾ ਹੈ।

'ਰਾਕਟ ਸਿੰਘ', 'ਵੇਕ ਅਪ ਸਿਡ', 'ਰੰਗ ਦੇ ਬਸੰਤੀ' ਅਤੇ 'ਸਵਦੇਸ' ਜਿਹੀਆਂ ਫਿਲਮਾਂ ਬਣਨ, ਇਹ ਅੱਜ ਦੇ ਵਕਤ ਵਿਚ ਹੀ ਸੰਭਵ ਹੋ ਸਕਿਆ ਹੈ। ਇਹ ਫਿਲਮਾਂ ਕਾਫੀ ਹੱਦ ਤਕ ਜ਼ਿੰਦਗੀ 'ਤੇ ਅਸਰ ਪਾ ਰਹੀਆਂ ਹਨ। ਇਸ ਤਰ੍ਹਾਂ ਲਗਦਾ ਨਹੀਂ ਕਿ ਫਿਲਮ ਦਾ ਮਕਸਦ ਕੋਈ ਪਾਠ ਪੜ੍ਹਾਉਣਾ ਹੈ, ਤੇ ਉਹ ਪੜ੍ਹਾ ਰਹੀਆਂ ਹਨ। ਅੰਦਰ ਕਿਤੇ ਉਹ ਸਾਡੀ ਸਮਝ ਅਤੇ ਸੰਵੇਦਨਾਵਾਂ ਨੂੰ ਬਦਲ ਰਹੀ ਹੈ।

## ਬੱਚਨ ਪਿਓ-ਪੁੱਤ ਦੀ ਅਧੂਰੀ ਰਹਿ ਗਈ ਕਲਾਈਵ ਰੋਡ ਵਾਲਾ ਮਕਾਨ ਖਰੀਦਣ ਦੀ ਇੱਛਾ





ਇਲਾਹਾਬਾਦ ਦੇ ਸਿਵਲ ਲਾਈਨਜ਼ ਦੇ 17 ਕਲਾਈਵ ਰੋਡ ਵਾਲੇ ਸ਼ਾਨਦਾਰ ਮਕਾਨ ਵਿਚ ਡਾ. ਹਰੀਵੰਸ਼ ਰਾਏ ਬੱਚਨ ਬਤੌਰ ਕਿਰਾਏਦਾਰ ਲੰਬੇ ਸਮੇਂ ਤਕ ਰਹੇ ਅਤੇ ਇਸ ਨੂੰ ਆਪਣਾ ਸਥਾਈ ਆਸ਼ਿਆਨਾ ਬਣਾਉਣ ਦੀ ਉਨ੍ਹਾਂ ਦੀ ਦਿਲੀ ਖਾਹਿਸ਼ ਸੀ ਪਰ ਉਸ ਮਕਾਨ ਨੂੰ ਖਰੀਦਣ ਦੀ ਉਨ੍ਹਾਂ ਦੀ ਖਾਹਿਸ਼ ਕਦੇ ਵੀ ਪੂਰੀ ਨਹੀਂ ਹੋ ਸਕੀ। ਹਰੀਵੰਸ਼ ਰਾਏ ਬੱਚਨ ਦੇ ਚੇਲੇ ਅਤੇ ਉਨ੍ਹਾਂ ਨੂੰ ਨੇੜਿਓਂ ਜਾਨਣ ਵਾਲੇ ਅਜੀਤ ਕੁਮਾਰ ਨੇ ਦੱਸਿਆ ਕਿ ਬੱਚਨ ਦੀ ਇੱਛਾ ਦੇ ਚੱਲਦਿਆਂ ਅਮਿਤਾਭ ਵੀ ਇਲਾਹਾਬਾਦ ਵਿਚ ਸਿਵਲ ਲਾਈਨਜ਼ ਦੇ ਤਾਰਾ ਕਲਾਈਵ ਰੋਡ ਵਾਲੇ ਮਕਾਨ ਨੂੰ ਖਰੀਦਣਾ ਚਾਹੁੰਦੇ ਸਨ ਅਤੇ ਕਿਤੇ ਨਾ ਕਿਤੇ ਇਸ ਮਕਾਨ ਨੂੰ ਅਜਾਇਬਘਰ 'ਚ ਤਬਦੀਲ ਕਰਾਉਣ ਦੀ ਇੱਛਾ ਰੱਖਦੇ ਸਨ। ਇਸ ਮਕਾਨ ਵਿਚ ਬੱਚਨ ਜੀ ਨੇ ਇਲਾਹਾਬਾਦ ਪਰਵਾਸ ਦੌਰਾਨ ਆਪਣਾ ਸਮਾਂ ਗੁਜ਼ਾਰਿਆ ਸੀ ਅਤੇ ਇਸ ਦੇ ਨਾਲ ਉਨ੍ਹਾਂ ਦੀਆਂ ਸਾਰੀਆਂ ਮਿੱਠੀਆਂ ਯਾਦਾਂ ਜੁੜੀਆਂ ਸਨ। ਸ਼ਾਇਦ ਇਸੇ ਕਾਰਨ ਉਹ ਇਸ ਨੂੰ ਖਰੀਦਣਾ ਚਾਹੁੰਦੇ ਸਨ।

ਇਸ ਮਕਾਨ ਦਾ ਨਿਰਮਾਣ ਇਲਾਹਾਬਾਦ ਅਜਾਇਬਘਰ ਵਿਚ ਕੰਮ ਕਰਨ ਵਾਲੇ ਬ੍ਰਿਜ ਮੋਹਨ ਵਿਆਸ ਨੇ ਕਰਵਾਇਆ ਸੀ ਜਿਸ ਨੂੰ ਬਾਅਦ ਵਿਚ ਸ਼ੰਕਰ ਤਿਵਾੜੀ ਨੇ ਖਰੀਦ ਲਿਆ ਅਤੇ ਇਸ ਸਮੇਂ ਇਸ ਦਾ ਮਾਲਕਾਨਾ ਹੱਕ ਉਨ੍ਹਾਂ ਦੇ ਪਰਿਵਾਰ ਵਾਲਿਆਂ ਕੋਲ ਹੈ। ਬੱਚਨ ਨੇ ਆਪਣੀ ਆਤਮਕਥਾ ਦੇ ਚੌਥੇ ਭਾਗ 'ਦਸ਼ਦ੍ਵਾਰ ਸੇ ਸੋਪਾਨ ਤਕ' ਵਿਚ ਲਿਖਿਆ ਹੈ ਕਿ ਦਸ਼ਦ੍ਵਾਰ ਅਤੇ ਸੋਪਾਨ ਦੋ ਘਰਾਂ ਦੇ ਨਾਂ ਹਨ। ਇਲਾਹਾਬਾਦ ਵਾਲੇ ਕਲਾਈਵ ਰੋਡ ਵਾਲੇ ਮਕਾਨ ਨੂੰ ਦਸ਼ਦ੍ਵਾਰ ਦਾ ਨਾਂ ਦਿਤਾ ਕਿਉਂਕਿ ਇਹ ਮਕਾਨ ਰੋਸ਼ਨੀ ਵਾਲਾ ਅਤੇ ਹਵਾਦਾਰ ਸੀ। ਇਸ ਵਿਚ ਦਸ-ਦਸ ਖੁਲ੍ਹੀਆਂ ਜਗ੍ਹਾ ਸਨ ਜਿਨ੍ਹਾਂ 'ਚੋਂ ਰੋਸ਼ਨੀ ਅਤੇ ਹਵਾ ਅੰਦਰ ਆਉਂਦੀ ਸੀ। ਉਨ੍ਹਾਂ ਅੱਗੇ ਲਿਖਿਆ ਹੈ ਕਿ ਦਿੱਲੀ ਦੇ ਗੁਲਮੋਹਰ ਪਾਰਕ ਦੇ ਮਕਾਨ ਦਾ ਨਾਂ ਉਨ੍ਹਾਂ ਨੇ ਸੋਪਾਨ ਰੱਖ ਦਿਤਾ ਹੈ। ਕੁਮਾਰ ਨੇ ਦੱਸਿਆ ਕਿ ਜਨਤਾ ਸਰਕਾਰ ਦੇ ਕਾਰਜਕਾਲ 'ਚ ਜਦੋਂ ਬੱਚਨ ਮੁੰਬਈ ਚਲੇ ਗਏ ਅਤੇ ਉਥੋਂ ਦੀ ਆਬੋ-ਹਵਾ ਉਨ੍ਹਾਂ ਨੂੰ ਰਾਸ ਨਹੀਂ ਆ ਰਹੀ ਸੀ ਇਸੇ ਦੌਰਾਨ ਉਨ੍ਹਾਂ ਨੇ ਕਲਾਈਵ ਰੋਡ ਵਾਲੇ ਮਕਾਨ ਨੂੰ ਖਰੀਦਣ ਦੀ ਇੱਛਾ ਜ਼ਾਹਿਰ ਕੀਤੀ ਸੀ ਪਰ ਸੌਦਾ ਨਹੀਂ ਹੋ ਸਕਿਆ ਸੀ।

## ਹਿੰਦੁਸਤਾਨ 'ਚ ਬ੍ਰਿਟਿਸ਼ ਹਕੂਮਤ ਦੇ ਇਤਿਹਾਸ ਦੀ ਕਹਾਣੀ ਹੈ 'ਵੀਰ'

ਮੌਜੂਦਾ ਪੀਰੀਅਡ 'ਚ ਫ਼ਿਲਮ ਬਣਾਉਣਾ ਕਿਸੇ ਵੀ ਨਿਰਮਾਤਾ ਲਈ ਬੜਾ ਔਖਾ ਕੰਮ ਹੈ। ਬਣ ਵੀ ਜਾਵੇ ਤਾਂ ਉਸ ਨੂੰ ਵੇਚਣਾ ਅਤੇ ਉਸ ਪੈਸੇ ਦੀ ਵਸੂਲੀ ਸਭ ਤੋਂ ਵੱਡਾ ਸਵਾਲ ਹੈ। ਸਲਮਾਨ ਨੇ 1870 ਤੋਂ 1990 ਦੇ ਕਾਲਖੰਡ 'ਤੇ ਆਧਾਰਤ 'ਵੀਰ' ਵਰਗੀ ਵੱਡੇ ਬਜਟ ਦੀ ਫ਼ਿਲਮ ਬਣਵਾ ਕੇ ਇਕ ਵਾਰ ਫਿਰ ਸਿੱਧ ਕਰ ਦਿੱਤਾ ਹੈ ਕਿ ਉਹ ਕਾਮਯਾਬੀ ਦੇ ਫਾਰਮੂਲਿਆਂ 'ਚ ਉਲਝਣ ਦੀ ਬਜਾਏ ਦਿਲ ਦੀ ਆਵਾਜ਼ ਨੂੰ ਜ਼ਿਆਦਾ ਅਹਿਮੀਅਤ ਦਿੰਦੇ ਹਨ। ਕਰੀਬ 20 ਸਾਲ ਪਹਿਲਾਂ ਸਲਮਾਨ ਨੇ ਇਕ ਸੁਪਨਾ ਦੇਖਿਆ ਸੀ, ਜੋ ਹੁਣ ਜਾ ਕੇ ਪਰਦੇ 'ਤੇ ਸਾਕਾਰ ਹੋਣ ਜਾ ਰਿਹਾ ਹੈ। ਇਸ ਫ਼ਿਲਮ ਲਈ 100 ਤੋਂ ਜ਼ਿਆਦਾ ਫਾਈਟਰਸ, 10,000 ਤੋਂ ਜ਼ਿਆਦਾ ਘੋੜੇ ਅਤੇ 100 ਤੋਂ ਜ਼ਿਆਦਾ ਹਾਥੀ ਅਤੇ ਉਠਾਂ ਦਾ ਇਸਤੇਮਾਲ ਕੀਤਾ ਗਿਆ ਹੈ। ਇੰਨੇ ਵੱਡੇ ਪੱਧਰ 'ਤੇ ਪਿਕਚਰਾਈਜ਼ ਕਰਨ 'ਚ ਖੂਬ ਪੈਸਾ ਖਰਚ ਕੀਤਾ ਗਿਆ ਹੈ। ਇਸ 'ਚ ਟ੍ਰੇਨ ਰਾਬਰੀ ਅਤੇ ਰਣ ਭੂਮੀ 'ਚ ਫਿਲਮਾਏ ਗਏ ਐਕਸ਼ਨ ਦ੍ਰਿਸ਼ ਵੀ ਦਰਸ਼ਕਾਂ ਨੂੰ ਰੋਮਾਂਚਿਤ ਜ਼ਰੂਰ ਕਰਨਗੇ। 'ਵੀਰ' ਇਸ ਸਾਲ ਦੀ ਸਭ ਤੋਂ ਵੱਡੀ ਮੈਗਾ ਬਜਟ ਫ਼ਿਲਮ ਹੈ। ਇਹ ਫ਼ਿਲਮ ਹਿੰਦੋਸਤਾਨੀ ਇਤਿਹਾਸ ਦੇ ਉਸ ਦੌਰ ਦੀ ਕਹਾਣੀ ਹੈ, ਜਦੋਂ ਬ੍ਰਿਟਿਸ਼ ਹਕੂਮਤ ਦੇ ਅੱਗੇ ਇਕ-ਇਕ ਕਰਕੇ ਸਾਰੀਆਂ ਰਿਆਸਤਾਂ ਗੋਡੇ ਟੇਕ ਰਹੀਆਂ ਸਨ। ਗੁਲਾਮੀ ਦੇ ਦੌਰ 'ਚ ਹਿੰਦੁਸਤਾਨ ਦੇ ਇਕ ਛੋਟੇ ਜਿਹੇ ਹਿੱਸੇ 'ਚ ਪਿੰਡਾਰੀ ਰਾਜਾ ਆਜ਼ਾਦੀ ਦੀ ਸ਼ਮ੍ਹਾ ਜਲਾਈ ਬੈਠਾ ਸੀ। ਇਨ੍ਹਾਂ ਲੋਕਾਂ ਨੇ ਅੰਗਰੇਜ਼ਾਂ ਦੀ ਗੁਲਾਮੀ ਸਵੀਕਾਰਨ ਦੀ ਬਜਾਏ ਅੰਗਰੇਜ਼ੀ ਹਕੂਮਤ ਵਿਰੁਧ ਤਲਵਾਰ ਉਠਾਉਣ ਦਾ ਫੈਸਲਾ ਕੀਤਾ। ਪਿੰਡਾਰੀ ਲੜਾਕੂਆਂ 'ਚ ਸਭ ਤੋਂ ਜ਼ਿਆਦਾ ਤਾਕਤਵਰ, ਮਜ਼ਬੂਤ ਅਤੇ ਬਹਾਦਰ ਹੁੰਦਾ ਹੈ ਵੀਰ 'ਸਲਮਾਨ ਖਾਨ।'

ਵੀਰ ਪਿਆਰ 'ਚ ਭਾਵੁਕ ਪਰ ਲੜਾਈ ਦੇ ਮੈਦਾਨ 'ਚ ਸ਼ੇਰ ਵਾਂਗ ਦਹਾੜਨ ਵਾਲਾ ਨੌਜਵਾਨ ਹੈ। ਵੀਰ ਦੇ ਪਿਤਾ ਅਤੇ ਪਿੰਡਾਰੀਆਂ ਦੇ ਗੌਰਵਸ਼ਾਲੀ ਮੁਖੀਆ ਪ੍ਰਿਥਵੀ ਸਿੰਘ ਭਾਵ ਮਿਥੁਨ ਚੱਕਰਵਰਤੀ ਨੂੰ ਵੀ ਆਪਣੇ ਅਪਮਾਨ ਦਾ ਬਦਲਾ ਲੈਣਾ ਹੈ, ਜਿਸ ਨੂੰ ਆਪਣੀ ਜ਼ਮੀਨ ਤੋਂ ਜਬਰਨ ਦੌੜਨਾ ਪਿਆ ਸੀ। ਵੀਰ ਆਪਣਾ ਫਰਜ਼ ਨਿਭਾਉਂਦੇ ਹੋਏ ਪੂਰੀ ਤਾਕਤ ਨਾਲ ਅੰਗਰੇਜ਼ੀ ਸ਼ਾਸਕਾਂ ਨੂੰ ਚੁਣੌਤੀ ਦਿੰਦਾ ਹੈ ਪਰ ਵੀਰ ਦੀ ਲੜਾਈ ਸਿਰਫ ਅੰਗਰੇਜ਼ਾਂ ਦੇ ਨਾਲ ਨਹੀਂ ਹੈ, ਉਸ ਨੂੰ ਮਾਧਵਗੜ੍ਹ ਦੇ ਮੱਕਾਰ ਰਾਜੇ (ਜੈਕੀ ਸ਼ਰਾਫ) ਨਾਲ ਵੀ ਲੜਨਾ ਹੈ। ਦਰਅਸਲ ਅੰਗਰੇਜ਼ਾਂ ਨੂੰ ਖੁਸ਼ ਕਰਨ ਲਈ ਮਾਧਵਗੜ੍ਹ ਦਾ ਰਾਜਾ ਪਿੰਡਾਰੀਆਂ ਦੇ ਨਾਲ ਧੋਖਾ ਕਰਦਾ ਹੈ ਪਰ ਉਸ ਨੂੰ ਨਹੀਂ ਪਤਾ ਕਿ ਉਸ ਦੀ ਬੇਟੀ ਯਸ਼ੋਧਰਾ (ਜ਼ਰੀਨ ਖ਼ਾਨ) ਵੀਰ ਨਾਲ ਹੀ ਪਿਆਰ ਕਰਦੀ ਹੈ।

ਗੁਲਾਮੀ ਖਿਲਾਫ਼ ਵੀਰ ਦੀ ਇਸ ਜੰਗ 'ਚ ਇਕ ਪਾਸੇ ਪਿੰਡਾਰੀਆਂ ਦੀ ਆਨ, ਬਾਨ ਅਤੇ ਸ਼ਾਨ ਦਾ ਸਵਾਲ ਹੈ ਤਾਂ ਦੂਜੇ ਪਾਸੇ ਉਨ੍ਹਾਂ ਦਾ ਪਿਆਰ ਹੈ। ਉਸ ਲੜਾਈ 'ਚ ਵੀਰ ਦਾ ਛੋਟਾ ਭਰਾ ਪੁਣਯਾ (ਸੋਹੇਲ ਖਾਨ) ਵੀ ਪਰਛਾਵੇਂ ਵਾਂਗ ਵੀਰ ਦੇ ਨਾਲ-ਨਾਲ ਰਹਿੰਦਾ ਹੈ। ਉਹ ਵੀ ਦਿਲਫੈਂਕ ਜ਼ਰੂਰ ਹੈ ਪਰ ਲੜਾਈ ਦੇ ਮੈਦਾਨ 'ਚ ਕਿਸੇ ਸ਼ੇਰ ਤੋਂ ਘੱਟ ਨਹੀਂ। ਇਸ ਲੜਾਈ ਦੇ ਮੈਦਾਨ 'ਚ ਕਿਸ ਦੀ ਜਿੱਤ ਹੁੰਦੀ ਹੈ, ਇਹ ਇਸ ਫਿਲਮ 'ਚ ਦਿਖਾਇਆ ਗਿਆ ਹੈ।



ਇਰੋਸ ਇੰਟਰਨੈਸ਼ਨਲ ਦੇ ਬੈਨਰ ਹੇਠ ਇਸ ਫ਼ਿਲਮ ਦਾ ਨਿਰਮਾਣ ਵਿਜੇ ਗਲਾਨੀ ਨੇ ਕੀਤਾ ਹੈ। ਇਸ ਫ਼ਿਲਮ ਦੇ ਹੋਰ ਕਲਾਕਾਰਾਂ 'ਚ ਲੀਸਾ ਲੇਜਾਰਸ, ਨੀਨਾ ਗੁਪਤਾ, ਗੀਤਾ ਸੋਟੋ, ਆਇਰਨ ਵੇਦ, ਭਰਤ ਦਾਭੋਲਕਰ, ਬੰਟੀ ਆਨੰਦ, ਸ਼ਾਹਬਾਜ਼ ਖ਼ਾਨ, ਪੁਰੂ ਰਾਜਕੁਮਾਰ, ਟਿਮ ਲਾਰੈਂਸ, ਵਿਲੀਅਮ ਫਬ, ਰਾਜੇਸ਼ ਵਿਵੇਕ, ਅਸ਼ੋਕ ਸਮਰਥ, ਯੋਗੇਸ਼ ਸੂਰੀ ਅਤੇ ਵਿਨੋ ਆਪਣੇ ਮੁੱਖ ਹਨ। ਕਹਾਣੀ ਸਲਮਾਨ ਖਾਨ, ਸਕ੍ਰਿਪਟ, ਸੰਵਾਦ ਸ਼ਕਤੀਮਾਨ ਤਲਵਲਕਰ ਅਤੇ ਸ਼ੈਲੇਸ਼ ਵਰਮਾ ਨੇ ਲਿਖੇ ਹਨ। ਗੀਤਕਾਰ ਗੁਲਜ਼ਾਰ ਅਤੇ ਸੰਗੀਤ ਸਾਜਿਦ-ਵਾਜਿਦ ਦਾ ਹੈ।

# ਪੰਜਾਬ ਟਾਈਮਜ਼

# 2000–2010







## ਬੇਲਾਗ, ਬੇਬਾਕ ਪੱਤਰਕਾਰੀ ਦੇ ਰਾਹ 'ਤੇ ਨਿਰੰਤਰ ਪ੍ਰਕਾਸ਼ਨ ਦੇ ਦਸ ਸਾਲ ਸਹੀ ਸੇਧ ਸਾਬਤ ਤੇ ਮਜ਼ਬੂਤ ਕਦਮ







ਸ਼ਿਕਾਗੋ> ਇੰਡੀਆਨਾ> ਮਿਸ਼ੀਗਨ> ਵਿਸਕਾਨਸਿਨ> ਕੈਲੀਫੋਰਨੀਆ> ਓਹਾਇਓ> ਵਰਜੀਨੀਆ> ਟੈਕਸਸ> ਮਿਸੀਸਿਪੀ> ਕਾਲਾਰਾਡੋ> ਵਾਸ਼ਿੰਗਟਨ> ਓਰੇਗਾਨ> ਨੇਵਾਡਾ> ਜਾਰਜੀਆ> ਆਇਓਵਾ> ਮਿਜ਼ੂਰੀ> ਨਿਊ ਯਾਰਕ> ਨਿਊ ਜਰਸੀ> ਮੈਰੀਲੈਂਡ







## ਸਟਾਫ ਅਤੇ ਸਲਾਹਕਾਰ ਕਮੇਟੀ ਅਦਾਰਾ ਪੰਜਾਬ ਟਾਈਮਜ਼ ਵਲੋਂ ਸਰਪ੍ਰਸਤਾਂ, ਵਿਗਿਆਪਕਾਂ, ਲੇਖਕਾਂ ਅਤੇ ਪਾਠਕਾਂ ਦਾ ਨਿਰੰਤਰ ਤੇ ਨਿੱਘੇ ਸਹਿਯੋਗ ਲਈ ਭਰਪੂਰ ਧੰਨਵਾਦ।













